# ਗੰਜ ਨਾਮਹ

## ਕ੍ਰਿਤ:- ਭਾਈ ਨੰਦ ਲਾਲ ਜੀ



ਟੀਕਾਕਾਰ:-

**ਗਿਆਨੀ ਗੁਰਵਿੰਦਰ ਸਿੰਘ ਨੰਗਲੀ**

(ਵਿਦਿਆਰਥੀ ਦਮਦਮੀ ਟਕਸਾਲ)

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

# ਗੰਜ ਨਾਮਹ

ਰਚਨਾ - ਭਾਈ ਨੰਦ ਲਾਲ ਜੀ

# ਬਾਲ ਬੋਧਨੀ ਸੰਪ੍ਰਦਾਈ ਸਟੀਕ

**ਸੋਧਕ**

ਮੌਲਵੀ ਅਤੀਕ਼ ਅਹਮਦ ਸਾਹਿਬ ਜੀ

ਟੀਕਾਕਾਰ

**ਗਿਆਨੀ ਗੁਰਵਿੰਦਰ ਸਿੰਘ (ਨੰਗਲੀ)**

(ਵਿਦਿਆਰਥੀ = ਦਮਦਮੀ ਟਕਸਾਲ)

Sri Satguru Jagjit Singh Ji eLibrary NamdhariElibrary@gmail.com

# Ganj Namah

*by :*
**Gyani Gurwinder Singh Nangli Wale**
(Student Of Damdami Taksal)
*Address:*
Village Nangli, P.O. Udo Nangal,
Tehsil Baba Bakala,
Distt. Sri Amritsar Sahib.
Tele. : +91 99146-47591, 98786-89104
Email : gyani_gurwinder_singh@yahoo.com

© Author

**ISBN :**

ਪਹਿਲੀ ਵਾਰ : ਜੁਲਾਈ 2012

ਮੁੱਲ : 150/- ਰੁਪਏ

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਟੈਲੀਫ਼ੋਨ : (0183) 2547974, 2557973
ਫ਼ੈਕਸ : (0183) 5017488
Email : csjssales@hotmail.com
csjspurchase@yahoo.com
csjsexport@gmail.com
Visit our website : www.csjs.com

Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : (0183) 2705003

Sri Satguru Jagjit Singh Ji eLibrary NamdhariElibrary@gmail.com

# ਸਮਰਪਿਤ

ਪਿਆਰ ਅਤੇ ਸ਼ਰਧਾ ਸਹਿਤ
ਦਸਾਂ ਪਾਤਿਸ਼ਾਹੀਆਂ ਦੇ ਆਤਮਿਕ ਸਰੂਪ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ
ਅਤੇ ਪਰਮਪੂਜਨੀਕ, ਵਿੱਦਿਆ ਦੇ ਦਾਤੇ, ਵਿੱਦਿਆ ਦੇ ਮਾਰਤੰਡ, ਬ੍ਰਹਮਲੀਨ,
ਬ੍ਰਹਮਸ੍ਰੋਤ੍ਰੀ, ਬ੍ਰਹਮਨੇਸ਼ਟੀ, ਪੂਰਨ ਬ੍ਰਹਮਗਿਆਨੀ, ਪੰਥ ਰਤਨ,
ਦਮਦਮੀ ਟਕਸਾਲ ਦੇ ਬਾਰਵੇਂ ਮੁਖੀ, ਸਚਖੰਡਵਾਸੀ ਸ੍ਰੀਮਾਨ
ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ
ਅਤੇ
ਪਰਮਪੂਜਨੀਕ, ਨਾਮ ਬਾਣੀ ਦੇ ਰਸੀਏ, ਸੇਵਾ ਦੇ ਪੁੰਜ, ਦੇਗ ਲੰਗਰ ਦੇ ਧਨੀ,
ਸ਼ਸਤ੍ਰਧਾਰੀ ਪਰਉਪਕਾਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ,
ਸਚਖੰਡਵਾਸੀ ਜਥੇਦਾਰ ਸਿੰਘ ਸਾਹਿਬ ਬਾਬਾ ਬਿਸ਼ਨ ਸਿੰਘ ਜੀ ਨੂੰ
ਅਤੇ
ਦਾਸ ਆਪਣੇ ਵਿੱਦਿਆ ਗੁਰੂ ਦਮਦਮੀ ਟਕਸਾਲ ਦੇ ਮੌਜੂਦਾ ਸੋਲਵੇਂ ਮੁਖੀ
ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ
ਦੁਆਰਾ ਉਸਾਰੀ ਜਾ ਰਹੀ ਸੰਨ 1984 ਦੇ ਸਰਬੱਤ ਸ਼ਹੀਦਾਂ ਸਿੰਘਾਂ ਦੀ ਯਾਦਗਾਰ
ਨੂੰ ਸਨਿਮਰ ਭੇਟਾ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

੧ੳ ਵਾਹਿਗੁਰੂ ਜੀ ਕੀ ਫ਼ਤਹ


# ਗਿ: ਸੁਖਵਿੰਦਰ ਸਿੰਘ

ਹੈੱਡ ਗ੍ਰੰਥੀ

ਫੋਨ : 01887-232032 (ਦਫ਼ਤਰ)

: 01887-230137 (ਘਰ)

94634-98620





ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਸ੍ਰੀ ਅਨੰਦਪੁਰ ਸਾਹਿਬ (ਰੋਪੜ)

TAKHAT SRI KESGARH SAHIB

SRI ANANDPUR SAHIB (ROPAR)


ਨੰ: 205 ਮਿਤੀ: 25/06/2012

## ਅਸੀਸ

ਵਿਸ਼ਵ ਸੱਭਿਅਤਾ, ਸੱਭਿਆਚਾਰ ਅਤੇ ਧਰਮਾਂ ਦੇ ਇਤਿਹਾਸ ਨੂੰ ਵਾਚਿਆਂ ਇਹ ਪ੍ਰਗਟ ਹੁੰਦਾ ਹੈ ਕਿ ਆਪਣੇ ਧਰਮ ਦੀ ਖਾਤਰ ਤਾਂ ਬਹੁਤ ਸਾਰੇ ਸਿੱਦਕਵਾਨਾਂ ਨੇ ਮਹਾਨ ਕਾਰਨਾਮੇ ਕੀਤੇ ਹੋਣਗੇ ਪਰੰਤੂ ਧਾਰਮਿਕ ਵਿਸ਼ਵਾਸ਼ ਦੀ ਸੁਤੰਤਰਤਾ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜੋ ਮਹਾਨ ਫਲਸਫਾ ਸਮੁੱਚੀ ਮਨੁੱਖਤਾ ਦੇ ਰਹਿਬਰ ਅਤੇ ਨਿਰਮਲ ਮਾਰਗ ਦੇ ਬਾਨੀ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਦੇ ਸਨਮੁੱਖ ਰੱਖਿਆ, ਉਸ ਦੀ ਸ਼ਾਨ ਬੇ-ਮਿਸਾਲ ਹੈ। ਸਿੱਖ ਧਰਮ ਦਾ ਆਰੰਭ ਹੀ ਧਰਮ ਦੀ ਸੁਤੰਤਰਤਾ ਦੇ ਅਸੂਲਾਂ ਦੀ ਸਥਾਪਨਾ ਲਈ ਹੋਇਆ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਉਤਰਾ-ਅਧਿਕਾਰੀ ਬਾਕੀ ਗੁਰੂ ਸਾਹਿਬਾਨਾਂ ਨੇ ਉਦਾਰਤਾ ਅਤੇ ਸਹਿਨਸ਼ੀਲਤਾ ਦਾ ਅਜਿਹਾ ਵਾਤਾਵਰਣ ਕਾਇਮ ਕੀਤਾ ਜਿਸ ਵਿੱਚ ਸਾਰੇ ਧਰਮਾਂ ਨੂੰ ਸਤਿਕਾਰ ਮਿਲਿਆ, ਜਿਸ ਸਦਕਾ ਇਨਸਾਨੀ ਜ਼ਮੀਰ ਦੀ ਪ੍ਰਕਾਸ਼ਮਈ ਸੂਖਮਤਾ ਵਿਕਸਤ ਹੋ ਸਕੀ। ਸਿੱਖੀ ਅੰਦਰ ਪ੍ਰਚੱਲਤ ਸਿਧਾਂਤਾਂ ਦੀ ਪ੍ਰਪੱਕਤਾ ਵਾਸਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਸ਼ਿੱਦਤ ਅਤੇ ਸਿਦਕ ਨਾਲ ਗੁਰੂ ਨਾਨਕ ਰੂਪੀ ਬਗੀਚੇ ਨੂੰ ਸਿੰਜਿਆ, ਪਲਿਆ ਅਤੇ ਸੰਪੂਰਨਤਾ ਬਖਸ਼ੀ, ਇਸ ਦੀ ਮਿਸਾਲ ਸੰਸਾਰ ਦੇ ਇਤਰਾਸ ਵਿੱਚ ਕਿਧਰੇ ਨਹੀਂ ਮਿਲਦੀ। ਦੁਨਿਆਵੀ ਪੱਖ ਦੇ ਹਰ ਪਹਿਲੂ ਤੋਂ ਸੰਪੂਰਨ ਸ਼ਖਸ਼ੀਅਤ ਧੰਨ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਆਪ ਮਹਾਨ ਮਨੋ ਵਿਗਿਆਨਕ, ਮਹਾਨ ਜਰਨੈਲ, ਮਹਾਨ ਰਾਹ ਦਸੇਰੇ, ਮਹਾਨ ਵਿਦਵਾਨ ਅਤੇ ਮਹਾਨ ਲਿਖਾਰੀ ਸਨ, ਉਥੇ ਹੀ ਵਿਦਵਾਨਾਂ, ਕਵੀਆਂ ਅਤੇ ਲਿਖਾਰੀਆਂ ਦੇ ਮਹਾਨ ਪ੍ਰਸੰਸਕ ਤੇ ਕਦਰਦਾਨ ਵੀ ਸਨ। 52 ਕਵੀ ਸਤਿਗੁਰੂ ਜੀ ਦੇ ਦਰਬਾਰੀ ਕਵੀ ਸਨ ਜਿਨਾਂ ਵਿੱਚੋਂ ਭਾਈ ਸਾਹਿਬ ਭਾਈ ਨੰਦਲਾਲ ਜੀ ਹਜ਼ੂਰੀ ਕਵੀ ਗੁਰੂ ਜੀ ਦੇ ਸਭ ਤੋਂ ਕਰੀਬ ਸਨ, ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਅਮਲੀ ਤੌਰ ਤੇ ਕਮਾਇਆ ਅਤੇ ਗੁਰੂ ਜੀ ਦੀ ਸਮੀਪਤਾ ਪ੍ਰਾਪਤ ਕਰਕੇ ਉਨ੍ਹਾਂ ਦੀ ਵਿਸ਼ੇਸ਼ ਕ੍ਰਿਪਾ ਦੇ ਪਾਤਰ ਬਣੇ। ਭਾਈ ਸਾਹਿਬ ਜੀ ਨੇ ਅਨੇਕ ਭਾਸ਼ਾਵਾਂ ਵਿੱਚ ਬੇਅੰਤ ਕਾਵਿ ਰਚਨਾ ਕੀਤੀ ਜਿਸ ਵਿੱਚੋਂ ਹਥਲੀ ਪੁਸਤਕ "ਗੰਜ ਨਾਮਹ" ਫਾਰਸੀ ਭਾਸ਼ਾ ਵਿੱਚ ਭਾਈ ਨੰਦਲਾਲ ਜੀ ਦੀ ਅਜ਼ੀਮ ਅਤੇ ਸ਼ਾਹਕਾਰ ਕਾਵਿ ਰਚਨਾ ਹੈ। ਫਾਰਸੀ ਦੀ ਇਸ ਰਚਨਾ ਦਾ ਪੰਜਾਬੀ ਤਰਜ਼ਮਾ ਗਿਆਨੀ ਗੁਰਵਿੰਦਰ ਸਿੰਘ ਜੀ (ਨੰਗਲੀ) ਨੇ ਜਿਸ ਮਿਹਨਤ ਲਗਨ ਤੇ ਪ੍ਰੇਮ ਨਾਲ ਕੀਤਾ ਹੈ, ਕਾਬਲੇ ਤਾਰੀਫ ਹੈ। ਆਪਣੇ ਸਤਿਕਾਰਯੋਗ ਉਸਤਾਦ ਮੌਲਵੀ ਅਤੀਕ ਅਹਿਮਦ ਸਾਹਿਬ ਪਾਸੋਂ ਫਾਰਸੀ ਦੀ ਤਾਲੀਮ ਅਤੇ ਬਾਰੀਕੀਆਂ ਸਿੱਖਣ ਵਾਸਤੇ ਬਹੁਤ ਲੰਮਾ ਸਮਾਂ ਲਗਾਇਆ ਅਤੇ ਹਥਲੀ ਪੁਸਤਕ ਨੂੰ ਰੂਪ ਮਾਨ ਕਰਨ ਵਿੱਚ ਕਾਮਯਾਬ ਹੋਏ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਅਧਿਆਤਮਕ ਖੋਜੀ, ਵਿਦਵਾਨ ਅਤੇ ਵਿਦਿਆਰਥੀ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣਗੇ ਅਤੇ ਜੀਵਨ ਦੀਆਂ ਰਾਹਾਂ ਨੂੰ ਰੌਸ਼ਨਾਉਣ ਲਈ ਰੌਸ਼ਨੀ ਪ੍ਰਾਪਤ ਕਰਨਗੇ। ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿੱਚ ਅਰਦਾਸ ਹੈ ਕਿ ਪਾਤਸ਼ਾਹ ਜੀ ਗਿਆਨੀ ਗੁਰਵਿੰਦਰ ਸਿੰਘ ਜੀ ਦੀ ਕਲਮ ਨੂੰ ਇਸੇ ਤਰ੍ਹਾਂ ਹੋਰ ਵਧੇਰੇ ਬਲ ਬਖਸ਼ਣ ਤਾਂ ਕਿ ਉਹ ਇਸ ਤਰ੍ਹਾਂ ਦੇ ਸਾਰਥਕ ਉਦਮ ਕਰਦੇ ਹੋਏ ਪੰਥਕ ਸੇਵਾ ਵਾਸਤੇ ਤਾ-ਉਮਰ ਯਤਨਸ਼ੀਲ ਰਹਿਣ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪੰਥ ਦਾ ਦਾਸ,

ਹੈੱਡਗ੍ਰੰਥੀ,

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,

ਸ੍ਰੀ ਅਨੰਦਪੁਰ ਸਾਹਿਬ।

Maulana
**Habib-Ur-Rehman Sa-ani Ludhianavi**
• SHAHI IMAM, PUNJAB
• NATIONAL PRESIDENT: MAJLIS AHRAR ISLAM HIND (PARTY)

امیر احرار (مولانا)
حبیب الرحمن ثانی لدھیانوی
شاہی امام پنجاب
قومی صدر مجلس احرار اسلام ہند

Ref. No: S.I.P./112/2012 Dated: 17/6/2012

## ਤਅਰੀਫ਼ ਨਾਮਾ

ਅੱਲਾ ਤਾਲਾ ਦੇ ਨਾਮ ਤੇ ਸ਼ੁਰੂ ਕਰਦਾਂ ਜੋ ਸੋ ਬੜਾ ਮਿਹਰਬਾਨ ਹੈ!

ਜੰਗ ਨਾਮਾ ਗ੍ਰੰਥ

ਜੋ ਕਿ ਭਾਈ ਨੰਦ ਲਾਲ ਜੀ ਦੀ ਤਸਨੀਫ਼ ਹੈ, ਜਿਸ ਵਿਚ ਦਸਾਂ ਪਾਤਸ਼ਾਹੀਆਂ ਦੇ ਨਾਮਾਂ ਦੇ ਅੱਖਰਾਂ ਦੇ ਅਰਥ ਬਹੁਤ ਹੀ ਇਸਲਾਮੀ ਤਰੀਕੇ ਨਾਲ ਕੀਤੇ ਗਏ ਹਨ, ਭਾਈ ਨੰਦ ਲਾਲ ਜੀ ਖ਼ੁਦ ਪਰਸ ਵਿਚ ਬਹੁਤ ਵੱਡੇ ਫ਼ਾਰਸੀ ਅਤੇ ਅਰਬੀ ਦੇ ਵਿਦਵਾਨ ਸਨ!

ਜੰਗ ਨਾਮਾ ਪੰਜਾਬੀ ਵਿਚ ਹੋਣ ਕਰਕੇ ਫ਼ਾਰਸੀ ਦੇ ਮੁਕਾਬਲੇ ਨਾਲ ਇਸ ਵਿਚ ਬਹੁਤ ਸਾਰੀਆਂ ਵਿਸ਼ੇਸ਼ਤਾਈਆਂ ਹਨ!

ਇਸ ਕਰਕੇ ਗਿਆਨੀ ਗੁਰਬਚਨ ਸਿੰਘ ਜੀ ਨੇ ਆਪਣਾ ਮਜ਼ਾਹਿਬ ਪ੍ਰਤਿਆਨਾ ਦੇ ਉਸਤਾਦ ਅੰਦਾਜ਼ੀ ਅੜੀਕ ਅਹਿਸਾਸ ਦੇ ਤੌਰ ਵਿਚ ਸੁੱਚੇ ਸਭੇਂ ਤਰ ਇਹ ਗ੍ਰੰਥ ਪੜ੍ਹਿਆਂ ਅਤੇ ਇਲਾਹੀ ਆਸ਼ਕ ਫ਼ਾਰਸੀ ਦੇ ਨਾਲ ਪੰਜਾਬੀ ਵਿਚ ਸੋਧ ਕੀਤੀ ਹੈ। ਹੁਣ ਇਹ ਗ੍ਰੰਥ ਫ਼ਾਰਸੀ ਦੇ ਮੁਕਾਬਲੇ ਨਾਲ ਦਿਲਚਸਪ ਸਾਬਤ ਹੈ,

Rehmani Ludhianvi
ਮੌਲਾਨਾ ਹਬੀਬ ਉਰ ਰਹਿਮਾਨ ਸਾਨੀ
17/6 ਸ਼ਾਹੀ ਇਮਾਮ, ਪੰਜਾਬ

SUPREME HOUSE MUSLIMS OF PUNJAB · JAMA MASJID LUDHIANA

NATIONAL. H.Off: 140, SHAHPUR ROAD, FIELD GANJ CHOWK, JAMA MASJID, LUDHIANA-8 (Pb) INDIA
Ph: 0161-2722282, Fax: 0161-2761615, Mob: 098158-70100, Website: www.alahrarnews.com, e-mail: shahiimampunjab@gmail.com

# ਤਤਕਰਾ


ਜਾਣ-ਪਛਾਣ .................... 7
ਜੀਵਨ ਭਾਈ ਨੰਦ ਲਾਲ ਜੀ .................... 23
ਗ੍ਰੰਥ ਪੜ੍ਹਨ ਤੋਂ ਪਹਿਲਾਂ ਕੁਝ ਜ਼ਰੂਰੀ ਜਾਣਕਾਰੀ .................... 34
ਸੰਪ੍ਰਦਾਇ ਭੇਦ .................... 37
ਅਨੁਬੰਧ .................... 41
1. ਮੰਗਲਾ ਚਰਨ .................... 43
2. ਗੁਰੂ ਮਹਿਮਾ .................... 43
3. ਸਲਤ੍ਨਤੇ ਅੱਵਲ .................... 51
4. ਸਲਤ੍ਨਤੇ ਦੋਇਮ .................... 80
5. ਸਲਤ੍ਨਤੇ ਸੋਇਮ .................... 93
6. ਸਲਤ੍ਨਤੇ ਚਹਾਰਮ .................... 103
7. ਸਲਤ੍ਨਤੇ ਪੰਜਮ .................... 112
8. ਸਲਤ੍ਨਤੇ ਸ਼ਸ਼ਮ .................... 120
9. ਸਲਤ੍ਨਤੇ ਹਫ਼ਤਮ .................... 128
10. ਸਲਤ੍ਨਤੇ ਹਸ਼ਤਮ .................... 137
11. ਸਲਤ੍ਨਤੇ ਨਹੁਮ .................... 145
12. ਸਲਤ੍ਨਤੇ ਦਹੁਮ .................... 155

**ਵਿਸ਼ੇਸ਼**

1. ਜੀਵਨ ਬਿਉਰਾ ਪਹਿਲੀ ਪਾਤਿਸ਼ਾਹੀ .................... 50
2. ਜੀਵਨ ਬਿਉਰਾ ਦੂਜੀ ਪਾਤਿਸ਼ਾਹੀ .................... 79
3. ਜੀਵਨ ਬਿਉਰਾ ਤੀਜੀ ਪਾਤਿਸ਼ਾਹੀ .................... 92
4. ਜੀਵਨ ਬਿਉਰਾ ਚੌਥੀ ਪਾਤਿਸ਼ਾਹੀ .................... 102
5. ਜੀਵਨ ਬਿਉਰਾ ਪੰਜਵੀਂ ਪਾਤਿਸ਼ਾਹੀ .................... 111
6. ਜੀਵਨ ਬਿਉਰਾ ਛੇਵੀਂ ਪਾਤਿਸ਼ਾਹੀ .................... 119
7. ਜੀਵਨ ਬਿਉਰਾ ਸਤਵੀਂ ਪਾਤਿਸ਼ਾਹੀ .................... 127
8. ਜੀਵਨ ਬਿਉਰਾ ਅੱਠਵੀਂ ਪਾਤਿਸ਼ਾਹੀ .................... 136
9. ਜੀਵਨ ਬਿਉਰਾ ਨੌਵੀਂ ਪਾਤਿਸ਼ਾਹੀ .................... 144
10. ਜੀਵਨ ਬਿਉਰਾ ਦਸਵੀਂ ਪਾਤਿਸ਼ਾਹੀ .................... 154

**ਸਾਖੀਆਂ**

1. ਸਾਖੀ :- ਭਾਈ ਨੰਦ ਲਾਲ ਜੀ ਕੀ .................... 46
2. ਸਾਖੀ :- ਭੂਮੀਏ ਚੋਰ ਦੀ .................... 62
3. ਸਾਖੀ :- ਅਸਹ਼ਾਬ ਕਹਿਫ਼ .................... 85
4. ਸਾਖੀ :- ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿਤ ਕ੍ਰਿਆ ਦੀ .................... 88
5. ਸਾਖੀ :- ਤੇਈਏ ਤਾਪ ਦੀ .................... 93

ਧੰਨਵਾਦ ਅਤੇ ਸਨਿਮ੍ਰ ਬੇਨਤੀ .................... 186
ਦਾਸ ਵੱਲੋਂ ਸਮੁੱਚੇ ਪੰਥ ਦੇ ਨਾਂ ਇੱਕ ਜ਼ਰੂਰੀ ਬੇਨਤੀ .................... 188


Sri Satguru Jagjit Singh Ji eLibrary NamdhariElibrary@gmail.com

# ਜਾਣ-ਪਛਾਣ

ਦਾਸ ਇਸ ਗ੍ਰੰਥ ਦੀ ਪਾਠਕ ਜਨਾਂ ਨੂੰ ਜਾਣ ਪਛਾਣ ਕਰੁਵਾਉਣ ਤੋਂ ਪਹਿਲਾਂ; ਉਸ ਪੁਰਾਤਨ ਸੰਪ੍ਰਦਾਇ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜੋ ਸੰਪ੍ਰਦਾਇ ਦਸਮੇਸ਼ ਪਿਤਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਰ ਕਮਲਾਂ ਦੇ ਨਾਲ ਚਲਾਈ ਹੈ ਅਤੇ ਜਿਸ ਸੰਪ੍ਰਦਾਇ ਵਿੱਚੋਂ ਦਾਸ ਨੇ ਬ੍ਰਹਮ ਵਿੱਦਿਆ ਹਾਸਿਲ ਕੀਤੀ ਹੈ। ਉਸ ਪਵਿੱਤਰ ਸੰਪ੍ਰਦਾਇ ਦਾ ਨਾਮ ਹੈ ਦਮਦਮੀ ਟਕਸਾਲ। ਦਾਸ ਇਸ ਗ੍ਰੰਥ ਦੀ ਜਾਣਕਾਰੀ ਤੋਂ ਪਹਿਲਾਂ ਦਮਦਮੀ ਟਕਸਾਲ ਅਤੇ ਜਿਨ੍ਹਾਂ ਉਸਤਾਦਾਂ ਤੋਂ ਦਾਸ ਨੇ ਬ੍ਰਹਮ ਵਿੱਦਿਆ ਹਾਸਿਲ ਕੀਤੀ ਹੈ। ਉਨ੍ਹਾਂ ਦੇ ਚਰਨਾਂ ਉੱਪਰ ਨਮਸ਼ਕਾਰ ਕਰਦਾ ਹੈ। ਕਿਉਂਕਿ ਗੁਰਬਾਣੀ ਦਾ ਮਹਾਂਵਾਕ ਹੈ।

**ਯਥਾ= ਜੋ ਗੁਰੁ ਗੋਪੇ ਆਪਣਾ ਸੋ ਭਲਾ ਨਾਹੀ ਪੰਚਹੁ ;**
**ਓਨਿ ਲਾਹਾ ਮੂਲੁ ਸਭੁ ਗਵਾਇਆ ॥** (ਅੰਗ ੩੦੪)

**ਤਥਾ= ਗੁਰ ਗੋਬਿੰਦ ਦੋਊ ਖੜੇ ; ਕਾਂ ਕੇ ਲਾਗੋ ਪਾਂਇ ॥**
**ਬਲਿਹਾਰੀ ਗੁਰ ਆਪਣੇ ; ਜਿਨ ਗੋਬਿੰਦ ਦੀਓ ਮਿਲਾਇ ॥**

ਦਮਦਮੀ ਟਕਸਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਰ ਕਮਲਾਂ ਤੋਂ ਵਰੋਸਾਈ ਹੋਈ ਹੈ ਅਤੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ, ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ ਹਨ। ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਸਦਕਾ ਬੇਅੰਤ ਸਿੰਘਾਂ ਨੂੰ ਗੁਰਬਾਣੀ ਦੀ ਸ਼ੁੱਧ ਸੰਥਿਆ ਕਰਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਾਰ ਸਰੂਪ ਆਪਣੇ ਕਰ ਕਮਲਾਂ ਦੇ ਨਾਲ ਲਿਖੇ। ਅਤੇ ਬੇਅੰਤ ਹੋਰ ਗੁਰਬਾਣੀ ਦੀਆਂ ਪੋਥੀਆਂ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ; ਬਾਬਾ ਜੀ ਨੇ ਆਪਣੇ ਕਰ ਕਮਲਾਂ ਦੇ ਨਾਲ ਲਿਖਿਆ ਅਤੇ ਅਖ਼ੀਰੀ ਸਮੇਂ ਤੱਕ ਗੁਰਬਾਣੀ ਦਾ ਪ੍ਰਚਾਰ ਔਰ ਪ੍ਰਸਾਰ ਕੀਤਾ। ਏਸੇ ਹੀ ਪਰੰਪਰਾ ਨੂੰ ਦਮਦਮੀ ਟਕਸਾਲ ਦੇ ਸਾਰੇ ਮਹਾਂਪੁਰਖਾਂ ਨੇ ਕ਼ਾਇਮ ਰੱਖਿਆ ਅਤੇ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਸੰਤ ਗਿਆਨੀ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਵੀ ਗੁਰਸਿੱਖੀ ਅਤੇ ਕਲਗੀਧਰ ਦੁਆਰਾ ਪੜ੍ਹਾਏ ਗਏ ਗੁਰਬਾਣੀ ਦੇ ਸ਼ੁੱਧ ਅਰਥਾਂ ਦਾ ਬਹੁਤ ਪ੍ਰਚਾਰ ਕੀਤਾ ਅਤੇ ਬੇਅੰਤ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕਰਕੇ ਨਿਹਾਲ ਕ੍ਰਿਤਾਰਥ ਕੀਤਾ। ਏਸੇ ਹੀ ਲੜੀ ਨੂੰ



Sri Satguru Jagjit Singh Ji eLibrary NamdhariElibrary@gmail.com

ਬਰਕਰਾਰ ਰੱਖਦਿਆਂ ਹੋਇਆਂ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵੀ ਪੂਰੇ ਹਿੰਦੋਸਤਾਨ ਵਿੱਚ ਵਿਚਰ ਕਰਕੇ ਗੁਰਸਿੱਖੀ ਅਤੇ ਗੁਰਬਾਣੀ ਦੇ ਸ਼ੁੱਧ ਅਰਥਾਂ ਦਾ ਪ੍ਰਚਾਰ ਔਰ ਪ੍ਰਸਾਰ ਕੀਤਾ। ਮਹਾਂਪੁਰਖਾਂ ਨੇ ਬੇਅੰਤ ਗੁਰਸਿੱਖਾਂ ਨੂੰ ਬ੍ਰਹਮ ਵਿੱਦਿਆ ਦੀ ਦਾਤ ਬਖ਼ਸ਼ ਕਰਕੇ ਨਿਹਾਲ ਕ੍ਰਿਤਾਰਥ ਕੀਤਾ। ਕਈਆਂ ਸਿੰਘਾਂ ਦੀ ਝੋਲੀ ਵਿੱਚ ਕਥਾ ਕੀਰਤਨ ਦੀ ਦਾਤ ਪਾਈ। ਅਤੇ ਮਹਾਂਪੁਰਖਾਂ ਦੇ ਪ੍ਰਮੁੱਖ ਵਿਦਿਆਰਥੀਆਂ ਵਿੱਚੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਅਤੇ ਗਿਆਨੀ ਮੋਹਨ ਸਿੰਘ ਜੀ ਭਿੰਡਰਾਂ, ਗਿਆਨੀ ਇੰਦਰਜੀਤ ਸਿੰਘ ਜੀ ਰਕਬਾ, ਗਿਆਨੀ ਪ੍ਰੀਤਮ ਸਿੰਘ ਜੀ ਇੰਗਲੈਂਡ, ਗਿਆਨੀ ਸੁਰਜੀਤ ਸਿੰਘ ਜੀ ਸੋਧੀ, ਗਿਆਨੀ ਜੋਗਿੰਦਰ ਸਿੰਘ ਜੀ ਇਤਿਆਦਿਕ ਹਨ। ਅਤੇ ਮਹਾਂਪੁਰਖਾਂ ਨੇ ਗੁਰਦੁਆਰਾ ਪੰਜੋਖੜਾ ਸਾਹਿਬ ਆਦਿਕ ਗੁਰਧਾਮਾਂ ਦੀ ਕਾਰ ਸੇਵਾ ਕਰਾਈ। ਦਮਦਮੀ ਟਕਸਾਲ ਦੀ ਮਰਿਆਦਾ ਨੂੰ ਬਰਕਰਾਰ ਰੱਖਦਿਆਂ ਹੋਇਆਂ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਵੀ ਬਹੁਤ ਗੁਰਬਾਣੀ ਦਾ ਪ੍ਰਚਾਰ ਕੀਤਾ ਅਤੇ ਬੇਅੰਤ ਸਿੰਘਾਂ ਨੂੰ ਗੁਰਬਾਣੀ ਦੇ ਲੜ ਲਾਇਆ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਆਦਿਕ ਦੀ ਕਾਰ ਸੇਵਾ ਵੀ ਕਰਾਈ। ਮਹਾਪੁਰਖਾਂ ਦੇ ਪ੍ਰਮੁਖ ਵਿਦਿਆਰਥੀਆਂ ਵਿੱਚੋਂ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ (ਮੰਜੀ ਸਾਹਿਬ), ਭਗਤ ਸੁੱਚਾ ਸਿੰਘ ਜੀ (ਜੋ ਅੱਜਕਲ੍ਹ ਗੁਰਦੁਆਰਾ ਗੁਰਦੱਰਸ਼ਨ ਪ੍ਰਕਾਸ਼ ਵਿਖੇ ਸਿੰਘਾਂ ਨੂੰ ਸੰਥਿਆ ਕਰਵਾ ਰਹੇ ਹਨ) ਗਿਆਨੀ ਠਾਕੁਰ ਸਿੰਘ ਜੀ ਪਟਿਆਲਾ ਇਤਿਆਦਿਕ ਹਨ। ਦਮਦਮੀ ਟਕਸਾਲ ਦੇ ਚੌਦਵੇਂ ਮੁਖੀ, ਸੰਤ ਗਿਆਨੀ ਜਰਨੈਲ ਸਿੰਘ ਜੀ ਨੇ ਵੀ ਬਹੁਤ ਗੁਰਬਾਣੀ ਦਾ ਪ੍ਰਚਾਰ ਕੀਤਾ ਅਤੇ ਬੇਅੰਤ ਸਿੰਘਾਂ ਸਿੰਘਣੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ। ਮਹਾਪੁਰਖਾਂ ਦੇ ਪ੍ਰਮੁੱਖ ਵਿਦਿਆਰਥੀਆਂ ਵਿੱਚੋਂ ਸ੍ਰੀਮਾਨ ਸੰਤ ਮੇਜਰ ਸਿੰਘ ਜੀ ਵਾਂ ਵਾਲੇ, ਭਾਈ ਜਰਨੈਲ ਸਿੰਘ ਜੀ (ਜਾਰਜਪੁਰ) ਇਤਿਆਦਿਕ ਹਨ। ਕਰਣੀ ਕਮਾਈ ਵਿੱਚ ਪ੍ਰਪੱਕ, ਨਾਮ ਬਾਣੀ ਦੇ ਪੁੰਜ ਬਾਬਾ ਠਾਕੁਰ ਸਿੰਘ ਜੀ ਨੇ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਵਿਚਰ ਕਰਕੇ ਬਹੁਤ ਗੁਰਸਿੱਖੀ ਦਾ ਪ੍ਰਚਾਰ ਕੀਤਾ ਅਤੇ ਅਨੇਕਾਂ ਸਿੰਘਾਂ ਨੂੰ ਆਪਣੀ ਰਹਨੁਮਾਈ ਵਿੱਚ ਰੱਖ ਕਰਕੇ, ਅਨੇਕਾਂ ਸਿੰਘਾਂ ਤੇ ਕਿਰਪਾ ਕਰਕੇ, ਬ੍ਰਹਮ ਵਿੱਦਿਆ ਦੀ ਦਾਤ ਬਖ਼ਸ਼ੀ। ਅਤੇ ਸੰਨ 1984 ਤੋਂ ਬਾਅਦ ਪੰਥ ਦੇ ਆਗੂ ਬਣ ਕਰਕੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਕਰਵਾਈ। ਮਹਾਂਪੁਰਖਾਂ ਦੀ ਕਿਰਪਾ ਦੇ ਪਾਤਰ (ਅਥਵਾ) ਮਹਾਂਪੁਰਖਾਂ ਦੇ ਸਮੇਂ ਦੇ



Sri Satguru Jagjit Singh Ji eLibrary NamdhariElibrary@gmail.com

ਪ੍ਰਮੁੱਖ ਵਿਦਿਆਰਥੀਆਂ ਵਿੱਚੋਂ ਗਿਆਨੀ ਪਰਵਿੰਦਰਪਾਲ ਸਿੰਘ ਜੀ ਬੁੱਟਰ, ਗਿਆਨੀ ਜੱਸਾ ਸਿੰਘ ਜੀ, ਅਤੇ ਗਿਆਨੀ ਗੁਰਦੇਵ ਸਿੰਘ ਜੀ ਤਰਸਿੱਕਾ, ਗਿਆਨੀ ਜਤਿੰਦਰ ਸਿੰਘ ਜੀ, ਗਿਆਨੀ ਗੁਰਮੀਤ ਸਿੰਘ ਜੀ ਜਹਾਂਗੀਰ, ਗਿਆਨੀ ਜਸਵੰਤ ਸਿੰਘ ਜੀ (ਡਾਕਟਰ) ਇਤਿਆਦਿਕ ਹਨ। ਦਮਦਮੀ ਟਕਸਾਲ ਦੀ ਮਰਿਆਦਾ; ਗੁਰਬਾਣੀ ਦੇ ਸ਼ੁੱਧ ਅਰਥ, ਸਿੰਘਾਂ ਨੂੰ ਪੜ੍ਹਾ ਕਰਕੇ, ਗੁਰਸਿੱਖੀ ਦਾ ਪ੍ਰਚਾਰ ਕਰਨਾ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਕਰਨੀ, ਇਸ ਮਰਿਆਦਾ ਨੂੰ ਨਿਭਾਉਣ ਵਿੱਚ ਦਮਦਮੀ ਟਕਸਾਲ ਦੇ ਮੌਜੂਦਾ ਸੋਲਵੇਂ ਮੁਖੀ, ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਵੀ ਕੋਈ ਕਸਰ ਨਹੀਂ ਛੱਡੀ ਸਗੋਂ ਇਸ ਮਰਿਆਦਾ ਨੂੰ ਪੂਰੀ ਪ੍ਰਪੱਕਤਾ ਦੇ ਨਾਲ ਨਿਭਾਇਆ ਅਤੇ ਅੱਗੇ ਨਿਭਾ ਰਹੇ ਹਨ।

ਮਹਾਂਪੁਰਖਾਂ ਨੇ ਦਮਦਮੀ ਟਕਸਾਲ ਦੀ ਪ੍ਰਮੁੱਖ ਮਰਿਆਦਾ ਨੂੰ ਨਿਭਾਉਂਦਿਆਂ ਹੋਇਆਂ ਗੁਰੂ ਕਿਆਂ ਪੱਚੀ (25) **ਸਿੰਘਾਂ** ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਅਤੇ ਗੁਰਬਾਣੀ ਦੇ ਰਹੱਸਮਈ ਭੇਦਾਂ ਨੂੰ ਖੋਲ੍ਹ ਕਰਕੇ; ਵੀਚਾਰ ਭਰਪੂਰ ਸੰਥਿਆ ਕਰਵਾਈ। ਜਿਸ "ਵੀਚਾਰ ਸੰਥਿਆ" ਨੂੰ ਸਾਰੇ ਸਿੰਘਾਂ ਨੇ ਬਹੁਤ ਮਿਹਨਤ ਅਤੇ ਲਗਨ ਦੇ ਨਾਲ ਮਹਾਪੁਰਖਾਂ ਤੋਂ ਵਿਚਾਰਿਆ। ਮਹਾਂਪੁਰਖਾਂ ਦੇ ਪ੍ਰਮੁੱਖ ਵਿਦਿਆਰਥੀਆਂ ਵਿੱਚੋਂ (1) **ਗਿਆਨੀ ਜੀਵਾ ਸਿੰਘ ਜੀ** (ਜੋ ਅੱਜਕਲ੍ਹ ਗੁਰਦੁਆਰਾ ਸਰਮਸਤਪੁਰ ਸਿੰਘਾਂ ਨੂੰ ਸਮੁੱਚੀ ਬ੍ਰਹਮ ਵਿੱਦਿਆ ਪੜ੍ਹਾ ਰਹੇ ਹਨ) (2) **ਗਿਆਨੀ ਗੁਰਸੇਵਕ ਸਿੰਘ ਜੀ** (ਜੋ ਅੱਜਕਲ੍ਹ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸਿੰਘਾਂ ਨੂੰ ਇਤਿਹਾਸ ਦੀ ਸੰਥਿਆ ਕਥਾ ਅਤੇ ਹੋਰ ਵੇਦਾਂਤ ਦੇ ਵੱਡਮੁੱਲੇ ਗ੍ਰੰਥ ਪੜ੍ਹਾ ਰਹੇ ਹਨ) (3) **ਗਿਆਨੀ ਧਰਮ ਸਿੰਘ ਜੀ** (ਜੋ ਅੱਜਕਲ੍ਹ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸਿੰਘਾਂ ਨੂੰ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਵੀਚਾਰ ਸੰਥਿਆ" ਪੜ੍ਹਾ ਰਹੇ ਹਨ। (4) **ਗਿਆਨੀ ਗੁਰਵਿੰਦਰ ਸਿੰਘ ਜੀ ਹਰਿਆਣਾ** (ਜੋ ਅੱਜਕਲ੍ਹ ਬੰਬੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਹੋਏ; ਸਿੱਖ ਸੰਗਤਾਂ ਨੂੰ ਕਥਾ ਰਾਹੀਂ ਨਿਹਾਲ ਕਰ ਰਹੇ ਹਨ (5) **ਗਿਆਨੀ ਮਹਿਤਾਬ ਸਿੰਘ ਜੀ** (ਜੋ ਅੱਜਕਲ੍ਹ ਆਪਣੇ ਨਗਰ ਭੰਬੋਈ ਵਿੱਚ ਸਿੰਘਾਂ ਨੂੰ ਵਿੱਦਿਆ ਪੜ੍ਹਾਉਣ ਦੀ ਸੇਵਾ ਕਰ ਰਹੇ ਹਨ ਅਤੇ ਕੈਸਟਾਂ, ਸੀਡੀਆਂ ਰਾਹੀਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਹਨ) (6) **ਗਿਆਨੀ ਦਲੇਰ ਸਿੰਘ ਜੀ** (ਜੋ



Sri Satguru Jagjit Singh Ji eLibrary NamdhariElibrary@gmail.com

ਅੱਜਕਲ੍ਹ ਕਥਾ ਰਾਹੀਂ ਸਿੱਖ ਸੰਗਤਾਂ ਨੂੰ ਘੋਲੀਏ ਨਗਰ ਵਿੱਚ ਨਿਹਾਲ ਕਰ ਰਹੇ ਹਨ ਅਤੇ ਬੇਅੰਤ ਸਿੰਘਾਂ ਨੂੰ ਬ੍ਰਹਮ ਵਿੱਦਿਆ ਪੜ੍ਹਾਉਣ ਦੀ ਸੇਵਾ ਕਰਿ ਰਹੇ ਹਨ)।

(7) **ਗਿਆਨੀ ਰਣਜੀਤ ਸਿੰਘ ਜੀ (ਕਾਲਵਾਂ)** (ਜੋ ਅੱਜ ਕੱਲ੍ਹ ਕਨੇਡਾ ਅਮਰੀਕਾ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਹਨ)। ਇਸੇ ਹੀ ਤਰ੍ਹਾਂ ਸਾਰੇ ਹੀ ਵਿਦਿਆਰਥੀ ਸਿੰਘ ਮਹਾਂਪੁਰਖਾਂ ਦੀ ਪ੍ਰੇਰਨਾ ਸਦਕਾ, ਵੱਖ-ਵੱਖ ਥਾਵਾਂ ਤੇ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਦਾਸ ਦੀ ਝੋਲੀ ਵਿੱਚ ਵੀ (ਇਸੇ ਸੰਥਿਆ ਦੇ ਸਮੇਂ) ਮਹਾਂਪੁਰਖਾਂ ਨੇ ਬ੍ਰਹਮ ਵਿੱਦਿਆ ਦੀ ਅਮੋਲਕ ਦਾਤ ਪਾਈ। ਜਿਸ ਕਰਕੇ ਦਾਸ ਮਹਾਂਪੁਰਖਾਂ ਦਾ ਰੋਮ ਰੋਮ ਕਰਕੇ ਪੂਰੀ ਜ਼ਿੰਦਗੀ ਰਿਣੀ ਰਹੇਗਾ। ਅਤੇ ਦਮਦਮੀ ਟਕਸਾਲ ਦੀ ਦੂਸਰੀ ਮਰਯਾਦਾ ਗੁਰਧਾਮਾਂ ਦੀ ਸੇਵਾ ਸੰਭਾਲ ਨੂੰ ਨਿਭਾਉਂਦਿਆਂ ਹੋਇਆਂ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਸੰਨ 1984 ਦੇ ਸਰਬੱਤ ਸ਼ਹੀਦਾਂ ਸਿੰਘਾਂ ਦੀ ਯਾਦਗਾਰ ਉਸਾਰ ਰਹੇ ਹਨ। ਇਸ ਤਰ੍ਹਾਂ ਦਮਦਮੀ ਟਕਸਾਲ ਦੀਆਂ ਪ੍ਰਮੁੱਖ ਜੋ ਦੋ ਮਰਿਆਦਾ ਹਨ ਉਨ੍ਹਾਂ ਨੂੰ ਪੂਰੀ ਲਗਨ ਅਤੇ ਉਤਸ਼ਾਹ ਨਾਲ ਮਹਾਂਪੁਰਖ ਨਿਭਾ ਰਹੇ ਹਨ।

ਦਾਸ ਅਕਾਲ ਪੁਰਖ ਦੇ ਚਰਨਾਂ ਵਿੱਚ ਸਦਾ ਹੀ ਅਰਦਾਸ ਕਰਦਾ ਹੈ ਕਿ ਦਾਸ ਦਾ ਮਨ ਮਹਾਂਪੁਰਖਾਂ ਦੇ ਚਰਨਾਂ ਉੱਪਰ ਸਦਾ ਝੁਕਿਆ ਰਹੇ ਅਤੇ ਮਹਾਪੁਰਖਾਂ ਦਾਸ ਦੇ ਉੱਪਰ ਏਸੇ ਤਰੀਕੇ ਦੇ ਨਾਲ ਕ੍ਰਿਪਾ ਦ੍ਰਿਸਟੀ ਬਣਾਈ ਰੱਖਣ।

ਸਾਰਕੁਤਾਵਲੀ ਗ੍ਰੰਥ ਵਿੱਚ ਲਿਖਿਆ ਹੈ:-

**ਯਥਾ= ਏਕਾਖਰ ਦਾਤਾ ਜੁ ਗੁਰ; ਜੌ ਸੇਵਤ ਨਹਿ ਤਾਸ॥**
**ਪਾਇ ਜਨਮ ਸੌ ਸ੍ਵਾਨ ਕੋ ; ਬਹੁਰ ਸ੍ਵਪਚ ਘਰ ਵਾਸ॥**

ਕਿ ਜਿਸ ਕੋਲੋਂ ਇੱਕ ਅੱਖਰ ਵੀ ਸਿੱਖਿਆ ਹੋਵੇ। ਜੇਕਰ ਉਸ ਦਾ ਨਿਰਾਦਰ ਕਰੀਏ ਤਾਂ 100 ਜਨਮ ਕੁੱਤੇ ਦਾ ਅਤੇ ਫੇਰ ਚੰਡਾਲਾਂ ਦੇ ਘਰ ਜਨਮ ਹੁੰਦਾ ਹੈ। ਇਸ ਲਈ ਦਾਸ ਉਨ੍ਹਾਂ ਮਹਾਂਪੁਰਖਾਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹੈ। ਜਿਨ੍ਹਾਂ ਤੋਂ ਦਾਸ ਨੇ ਮੁੱਢਲੀ ਅਤੇ ਸਿਧਾਂਤਕ ਬ੍ਰਹਮ ਵਿੱਦਿਆ ਪ੍ਰਾਪਤ ਕੀਤੀ। ਸਭ ਤੋਂ ਪਹਿਲਾਂ ਦਾਸ ਉਨ੍ਹਾਂ ਮਹਾਂਪੁਰਖਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜੋ ਦਾਸ ਦੇ ਨਗਰ ਦੇ ਹੀ ਵਸਨੀਕ ਹਨ ਅਤੇ ਦਾਸ ਦੇ ਨਗਰ ਵਿੱਚ ਹੀ ਜੰਮੇ ਪਲੇ ਖੇਡੇ ਅਤੇ ਨੰਗਲੀ ਨਗਰ ਵਿੱਚ ਹੀ ਰਹਿ ਕਰਕੇ ਹੁਣ ਤੱਕ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਮਹਾਂਪੁਰਖਾਂ ਦਾ ਨਾਮ ਹੈ:-



Sri Satguru Jagjit Singh Ji eLibrary NamdhariElibrary@gmail.com

(1) **ਸ੍ਰੀ ਮਾਨ ਬਾਬਾ ਅਮਰ ਸਿੰਘ ਜੀ:-** ਇਨ੍ਹਾਂ ਮਹਾਂਪੁਰਖਾਂ ਦਾ ਜਨਮ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਮੁਖ ਸਿੰਘ ਜੀ ਦੇ ਵਰ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਅਰਦਾਸ ਨਾਲ ਹੋਇਆ। ਇਸ ਵਾਸਤੇ ਇਨ੍ਹਾਂ ਮਹਾਂਪੁਰਖਾਂ, ਹੁਣ ਤੱਕ ਸਾਰੀ ਜ਼ਿੰਦਗੀ ਤਰਨਾ ਦਲ ਮਿਸਲ ਸ਼ਹੀਦਾਂ ਅਤੇ ਦਮਦਮੀ ਟਕਸਾਲ ਨਾਲ ਜੁੜ ਕਰਕੇ ਬਤੀਤ ਕੀਤੀ ਹੈ। ਇਨ੍ਹਾਂ ਮਹਾਂਪੁਰਖਾਂ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਵੀਚਾਰ ਸੰਥਿਆ" ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਵੀਚਾਰ ਸੰਥਿਆ" ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਤੋਂ ਪ੍ਰਾਪਤ ਕੀਤੀ ਹੈ। ਅਤੇ ਮਹਾਂਪੁਰਖਾਂ ਦੇ ਪਾਸੋਂ ਬੇਅੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਥਾ ਸ੍ਰਵਨ ਕੀਤੀ ਅਤੇ ਇਨ੍ਹਾਂ ਮਹਾਂਪੁਰਖਾਂ ਨੇ ਹੀ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ, ਸੰਗਤ ਵਿਚੋਂ ਮੋਹਰੇ ਹੋ ਕਰਕੇ, ਨੰਗਲੀ ਮਹਿਤਾ ਨਗਰ ਵਿੱਚ ਲਿਆਂਦਾ ਅਤੇ ਆਪ ਸਾਰੀ ਅਗਵਾਈ ਕਰਕੇ, ਬਹੁਤ ਸੁਚੱਜੇ ਢੰਗ ਨਾਲ ਸੰਗਤਾਂ ਦੀ ਸੇਵਾ ਕੀਤੀ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਜਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਸਰੀਰ ਤਿਆਗ ਕਰਕੇ ਸੱਚਖੰਡ ਨੂੰ ਪਧਾਰ ਗਏ ਤਾਂ ਜਿਸ ਅਸਥਾਨ ਤੇ ਮਹਾਂਪੁਰਖਾਂ ਨੇ ਸਰੀਰ ਤਿਆਗਿਆ ਸੀ ਉਹ ਅਸਥਾਨ ਬਾਬਾ ਭਾਨ ਸਿੰਘ ਜੀ ਦਾ ਘਰ ਸੀ। ਬਾਬਾ ਭਾਨ ਸਿੰਘ ਜੀ ਦੀ ਸਪੁੱਤਰੀ ਦੇ ਕਹਿਣ ਮੁਤਾਬਿਕ, ਇਨ੍ਹਾਂ ਮਹਾਂਪੁਰਖਾਂ ਨੇ ਹੀ ਬਾਬਾ ਭਾਨ ਸਿੰਘ ਜੀ ਤੋਂ ਉਨ੍ਹਾਂ ਦੇ ਘਰ ਦੀ ਮੰਗ ਕੀਤੀ ਅਤੇ ਬਾਬਾ ਭਾਨ ਸਿੰਘ ਜੀ ਨੂੰ ਪ੍ਰੇਮ ਪੂਰਵਕ ਮਨਾ ਕਰਕੇ, ਮਹਾਂਪੁਰਖਾਂ ਦੀ ਯਾਦਗਾਰ ਉਸਾਰਨ ਵਾਸਤੇ, ਉਸ ਘਰ ਦੇ ਉੱਪਰ ਇੱਕ ਛੋਟਾ ਜਿਹਾ ਨਿਸ਼ਾਨ ਸਾਹਿਬ ਝੁਲਾ ਦਿੱਤਾ ਅਤੇ ਇਸੇ ਹੀ ਤਰ੍ਹਾਂ ਸਾਰੀ ਉਮਰ ਹੁਣ ਤੱਕ ਸੱਚ ਅਤੇ ਸੁੱਚਮਤਾ ਦੇ ਉੱਪਰ ਪਹਿਰਾ ਦਿੰਦਿਆਂ ਹੋਇਆਂ ਬਤੀਤ ਕੀਤੀ ਹੈ ਅਤੇ ਬਤੀਤ ਕਰ ਰਹੇ ਹਨ। ਅਤੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕ੍ਰਿਤਾਰਥ ਕਰ ਰਹੇ ਹਨ। ਦਾਸ ਨੇ ਇਨ੍ਹਾਂ ਮਹਾਂਪੁਰਖਾਂ ਦੀ 2003 ਵਿੱਚ ਸ਼ਰਨ ਗ੍ਰਹਿਣ ਕੀਤੀ ਅਤੇ ਗੁਰਮਤ ਦੀ ਮੁੱਢਲੀ ਸਿੱਖਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦਮਦਮੀ ਟਕਸਾਲ ਦੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਹਾਸਿਲ ਕੀਤੀ।

(2) **ਸ੍ਰੀ ਮਾਨ ਗਿਆਨੀ ਦਰਸ਼ਨ ਸਿੰਘ ਜੀ:-** ਇਨ੍ਹਾਂ ਮਹਾਂਪੁਰਖਾਂ ਦਾ ਜੀਵਨ ਬਹੁਤ ਹੀ ਸਦਾਚਾਰ ਵਾਲਾ ਹੈ ਅਤੇ ਇਨ੍ਹਾਂ ਮਹਾਂਪੁਰਖਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਹਜ਼ੂਰੀ ਵਿੱਚ ਰਹਿ ਕਰਕੇ ਸੰਤਾਂ ਦੇ ਪਾਸੋਂ ਸ੍ਰੀ


Sri Satguru Jagjit Singh Ji eLibrary NamdhariElibrary@gmail.com

ਗੁਰੂ ਗ੍ਰੰਥ ਸਾਹਿਬ ਦੀ "ਸੰਥਿਆ ਕਥਾ" ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਸੰਥਿਆ ਕਥਾ" ਅਤੇ ਸ੍ਰੀ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰਪ੍ਰਤਾਪ ਸੂਰਜ ਔਰ ਹੋਰ ਅਨ ਮਤਾਂ ਦੇ ਗ੍ਰੰਥ ਪੜ੍ਹੇ ਦਾਸ ਨੇ ਇਨ੍ਹਾਂ ਮਹਾਂਪੁਰਖਾਂ ਦੇ ਪਾਸੋਂ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਦੁਬਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਵੀਚਾਰ ਸੰਥਿਆ" ਪ੍ਰਾਪਤ ਕੀਤੀ। ਅਤੇ ਏਸੇ ਸਮੇਂ ਹੀ ਦਾਸ ਨੇ ਗਿਆਨੀ ਜਤਿੰਦਰ ਸਿੰਘ ਜੀ (ਮਾਸਟਰ) ਤੋਂ ਵੀ ਗੁਰਮਤਿ ਵਿੱਦਿਆ ਹਾਸਿਲ ਕੀਤੀ। ਅਤੇ ਏਸੇ ਹੀ ਸਮੇਂ ਦਾਸ ਦਾ ਮਿਲਾਪ ਗਿਆਨੀ ਮਹਿਤਾਬ ਸਿੰਘ ਜੀ ਭੰਬੋਈ ਵਾਲਿਆਂ ਨਾਲ ਹੋਇਆ ਅਤੇ ਦਾਸ ਨੇ ਉਨ੍ਹਾਂ ਦੇ ਪਾਸੋਂ ਵੀ ਗੁਰਮਤਿ ਦੀ ਵਿੱਦਿਆ ਹਾਸਿਲ ਕੀਤੀ। ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਾਲ ਹੀ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਹਿਣਾਏ ਗਏ ਬਾਣੇ ਦੀ ਪ੍ਰਾਪਤੀ ਕੀਤੀ।

(3) **ਸ੍ਰੀ ਮਾਨ ਗਿਆਨੀ ਜੋਗਿੰਦਰ ਸਿੰਘ ਜੀ:-** ਇਨ੍ਹਾਂ ਮਹਾਂਪੁਰਖਾਂ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਥਾ ਸ੍ਰਵਨ ਕੀਤੀ। ਅਤੇ ਮਹਾਂਪੁਰਖਾਂ ਦੇ ਪਾਸੋਂ ਸ੍ਰੀ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ ਔਰ ਵੇਦਾਂਤ ਦੇ ਅਨ ਮਤਾਂ ਦੇ ਗ੍ਰੰਥ ਪੜ੍ਹੇ। ਦਾਸ ਨੇ ਇਨ੍ਹਾਂ ਮਹਾਂਪੁਰਖਾਂ ਤੋਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਸਾਰਕੁਤਾਵਲੀ, ਭਾਵਰਸਾਮ੍ਰਿਤ, ਵਿਚਾਰਮਾਲਾ, ਚਾਣਕਾ ਰਾਜਨੀਤੀ, ਅਧਿਆਤਮ ਪ੍ਰਕਾਸ਼ ਗ੍ਰੰਥਾਂ ਦੀ ਵਿੱਦਿਆ ਪ੍ਰਾਪਤ ਕੀਤੀ।

(4) **ਸ੍ਰੀ ਮਾਨ ਗਿਆਨੀ ਹਰਦੀਪ ਸਿੰਘ ਜੀ:-** (ਸਾਬਕਾ ਹੈੱਡ ਗ੍ਰੰਥੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ) ਇਨ੍ਹਾਂ ਮਹਾਂਪੁਰਖਾਂ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਇਤਿਹਾਸ ਤੇ ਹੋਰ ਮੱਤਾਂ ਦੇ ਗ੍ਰੰਥ ਪੜ੍ਹੇ ਅਤੇ ਮਾਤਾ ਸਾਹਿਬ ਦੇਵਾਂ ਦੇ ਅਸਥਾਨ ਤੋਂ ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਾਪਤ ਕੀਤੀ। ਦਾਸ ਨੇ ਇਨ੍ਹਾਂ ਮਹਾਂਪੁਰਖਾਂ ਦੇ ਪਾਸ ਰਹਿ ਕਰਕੇ ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਏਥੇ ਹੀ ਸ੍ਰੀ ਮਾਨ ਗਿਆਨੀ ਰਤਨ ਸਿੰਘ ਜੀ (ਮੁੱਢਲੇ ਉਸਤਾਦ, ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਤਖ਼ਤ ਸਚਖੰਡ ਹਜ਼ੂਰ ਸਾਹਿਬ ਜੀ) ਦੇ ਪਾਸੋਂ ਦਾਸ ਨੇ ਸ੍ਰੀ ਜ਼ਫ਼ਰਨਾਮਾ ਦੀ ਸੰਥਿਆ ਅਤੇ ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਭਰਪੂਰ



Sri Satguru Jagjit Singh Ji eLibrary NamdhariElibrary@gmail.com

ਜਾਣਕਾਰੀ ਪ੍ਰਾਪਤ ਕੀਤੀ।

(5) **ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ**:- ਦਮਦਮੀ ਟਕਸਾਲ ਦੇ ਮੌਜੂਦਾ ਸੋਲਵੇਂ ਮੁਖੀ, ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਜੋ ਅੱਜਕਲ੍ਹ ਦਮਦਮੀ ਟਕਸਾਲ ਦੀ ਸੇਵਾ ਪੂਰੇ ਪ੍ਰੇਮ ਔਰ ਸ਼ਰਧਾ ਦੇ ਨਾਲ ਨਿਭਾ ਰਹੇ ਹਨ। ਮਹਾਂਪੁਰਖਾਂ ਨੇ ਜਦ 25 ਸਿੰਘਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ। ਉਸ ਵਕਤ ਦਾਸ ਨੇ ਵੀ ਮਹਾਂਪੁਰਖਾਂ ਦੇ ਪਾਸੋਂ, ਪੂਰੀ ਤਸੱਲੀ ਬਖ਼ਸ਼, ਵੀਚਾਰ ਭਰਪੂਰ, ਗੁਰਬਾਣੀ ਦੇ ਗੂੜੇ ਰਹੱਸ ਮਹਾਂਪੁਰਖਾਂ ਤੋਂ ਸਮਝ ਕਰਕੇ ਗੁਰਬਾਣੀ ਦੀ "ਵੀਚਾਰ ਸੰਥਿਆ" ਪ੍ਰਾਪਤ ਕੀਤੀ।

(6) **ਸ੍ਰੀ ਮਾਨ ਗਿਆਨੀ ਸੁਰਜੀਤ ਸਿੰਘ ਜੀ ਸੋਧੀ**:- ਇਨ੍ਹਾਂ ਮਹਾਂਪੁਰਖਾਂ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਸ੍ਰੀ ਗੁਰ ਨਾਨਕ ਪ੍ਰਕਾਸ; ਸ੍ਰੀ ਗੁਰਪ੍ਰਤਾਪ ਸੂਰਜ, ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਸੰਥਿਆ ਪ੍ਰਾਪਤ ਕੀਤੀ। ਇਨ੍ਹਾਂ ਦਾ ਜੀਵਨ ਬਹੁਤ ਸਦਾਚਾਰ ਵਾਲਾ ਹੈ। ਅਤੇ ਸੁਭਾਵ ਬਹੁਤ ਹੀ ਮਿੱਠਾ ਅਤੇ ਨਿੱਘਾ ਹੈ। ਦਾਸ ਨੇ ਇਨ੍ਹਾਂ ਮਹਾਂਪੁਰਖਾਂ ਦੇ ਪਾਸੋਂ; ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਦੁਬਾਰਾ ਸ੍ਰੀ ਗੁਰ ਨਾਨਕ ਪ੍ਰਕਾਸ ਦੀ ਸੰਥਿਆ ਪ੍ਰਾਪਤ ਕੀਤੀ।

(7) **ਸ੍ਰੀ ਮਾਨ ਸੰਤ ਤੇਜਾ ਸਿੰਘ ਜੀ** (M.A.):- ਇਹ ਮਹਾਂਪੁਰਖ ਗੁਰਦੁਆਰਾ ਗੁਰੂਸਰ ਖੁੱਡੇ ਦੇ ਮੁੱਖੀ ਹਨ ਇਸ ਅਸਥਾਨ ਦੇ ਕਿਸੇ ਸਮੇਂ ਮਹੰਤ ਗਣੇਸ਼ਾ ਜੀ ਵੀ ਮੁਖੀ ਰਹੇ ਜਿਨ੍ਹਾਂ ਨੇ ਅਧਿਆਤਮਕ ਪ੍ਰਕਾਸ਼ ਵਰਗੇ ਵੇਦਾਂਤ ਦੇ ਗ੍ਰੰਥਾਂ ਦੇ ਟੀਕੇ ਕੀਤੇ। ਆਪਣੇ ਪੂਰਬ ਜਨਾਂ ਵਾਂਗ ਸੰਤ ਤੇਜਾ ਸਿੰਘ ਜੀ ਵੀ ਗੁਰੂ ਸਰ ਦੀ ਸੇਵਾ ਬਹੁਤ ਪ੍ਰੇਮ ਦੇ ਨਾਲ ਨਿਭਾ ਰਹੇ ਹਨ। ਅਤੇ ਨਿਰਮਲ ਮਹਾਂਮੰਡਲ (ਹਰਿਦੁਆਰ) ਵਿੱਚ ਜਰਨਲ ਸਕੱਤਰ ਦੀ ਡਿਊਟੀ ਬਹੁਤ ਪ੍ਰੇਮ ਦੇ ਨਾਲ ਨਿਭਾ ਰਹੇ ਹਨ। ਇਨ੍ਹਾਂ ਮਹਾਂਪੁਰਖਾਂ ਨੇ ਬ੍ਰਹਮ ਵਿੱਦਿਆ ਆਪਣਿਆਂ ਪੂਰਬਜਨਾਂ ਤੋਂ ਹਾਸਿਲ ਕੀਤੀ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ, ਸਾਰੁਕਤਾਵਲੀ, ਭਾਵਰਸਾਮ੍ਰਿਤ, ਵਿਚਾਰ ਮਾਲਾ, ਚਣਾਕਾ ਰਾਜਨੀਤੀ, ਅਧਿਆਤਮ ਪ੍ਰਕਾਸ਼, ਵੈਰਾਗ ਸ਼ੱਤਕ, ਪ੍ਰਬੋਧ ਚੰਦਰਨਾਟਕ, ਵਿਚਾਰ ਚੰਦ੍ਰੋਦੈ, ਵਿਚਾਰ ਸਾਗਰ, ਪੰਚਦਸ਼ੀ, ਭਗਵਤ ਗੀਤਾ, ਤੁਲਸੀ ਰਮਾਇਣ, ਮਹਾਂਭਾਰਤ ਇਤਿਆਦਿਕ ਗ੍ਰੰਥਾਂ ਦੀ ਸੰਥਿਆ ਆਪਣੇ ਵਿੱਦਿਆ ਗੁਰੂ ਸੰਤ ਲਾਲ ਸਿੰਘ ਜੀ, (ਮੁਖੀ ਗੁਰਦੁਆਰਾ ਗੁਰੂਸਰ ਖੁੱਡਾ)



Sri Satguru Jagjit Singh Ji eLibrary NamdhariElibrary@gmail.com

ਤੋਂ ਪ੍ਰਾਪਤ ਕੀਤੀ। ਸੰਤ ਤੇਜਾ ਸਿੰਘ ਜੀ ਸਕੂਲੀ ਵਿੱਦਿਆ ਡਬਲ ਐਮ.ਏ. ਤੱਕ ਪੜ੍ਹੇ ਹਨ ਅਤੇ ਅਗੂੜ ਸਮਾਧੀ ਦੇ ਬਹੁਤ ਵੱਡੇ ਧਨੀ ਹਨ। ਇਨ੍ਹਾਂ ਮਹਾਂਪੁਰਖਾਂ ਦੇ ਪਾਸੋਂ ਦਾਸ ਨੇ ਵਿਚਾਰਮਾਲਾ, ਅਧਿਆਤਮ ਪ੍ਰਕਾਸ਼, ਵੈਰਾਗ ਸ਼ੱਤਕ ਅਤੇ ਪ੍ਰਬੋਧ ਚੰਦਰਨਾਟਕ ਤੇ ਵਿਚਾਰ ਸਾਗਰ ਦੀ ਵਿੱਦਿਆ ਹਾਸਿਲ ਕੀਤੀ।

(8) **ਸ੍ਰੀ ਮਾਨ ਅਚਾਰੀਆ ਪੁਸਪਾਰਾਜ ਜੀ:-** ਅਚਾਰੀਆ ਜੀ ਬਹੁਤ ਹੀ ਸ਼ੁਭ ਗੁਣਾਂ ਦੇ ਧਾਰਨੀ ਹਨ ਅਤੇ ਇਨ੍ਹਾਂ ਦਾ ਧਰਮ ਨਿਰਪੱਖ ਸੁਭਾਵ ਹੈ। ਅਤੇ ਇਨ੍ਹਾਂ ਨੇ ਵਿੱਦਿਆ ਦੇ ਖੇਤਰ ਵਿੱਚ ਸੰਸਕ੍ਰਿਤ ਦੀ ਪੀ.ਐਚ.ਡੀ. ਕੀਤੀ ਹੋਈ ਹੈ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਹਨ। ਅਤੇ 4 ਵੇਦ, ਛੇ ਸਾਸਤ੍ਰ, 27 ਸਿਮ੍ਰਤੀਆਂ, ਉਪਨਿਸ਼ਦਾਂ ਆਦਿਕ ਪੜ੍ਹੇ ਹੋਏ ਹਨ। ਦਾਸ ਨੇ ਇਨ੍ਹਾਂ ਦੇ ਪਾਸੋਂ ਸੰਸਕ੍ਰਿਤ ਦੇ ਬਾਰੇ, ਸੰਸਕ੍ਰਿਤ ਦੀ ਕੁਝ ਮੁੱਢਲੀ ਸਿੱਖਿਆ ਹਾਸਿਲ ਕੀਤੀ। ਦਾਸ ਦੇ ਨਾਲ ਇਹ ਬਹੁਤ ਪਿਆਰ ਕਰਦੇ ਹਨ। ਇਹ ਇਨ੍ਹਾਂ ਦੀ ਦਾਸ ਉੱਪਰ ਅਕਾਰਣ ਹੀ ਕਿਰਪਾ ਹੈ।

(9) **ਸ੍ਰੀ ਮਾਨ ਮੌਲਵੀ ਅਤੀਕ਼ ਅਹਮਦ ਸਾਹਿਬ ਜੀ :-** ਮੌਲਵੀ ਸਾਹਿਬ ਜੀ ਧਰਮ ਨਿਰਪੱਖ ਅਤੇ ਅੱਲਾ ਦਾ ਖ਼ੌਫ ਸਦਾ ਹੀ ਆਪਣੇ ਮਨ ਵਿੱਚ ਧਾਰਨ ਵਾਲੇ ਹਨ। ਇਨ੍ਹਾਂ ਦਾ ਜੀਵਨ ਆਪਣੇ ਆਪ ਵਿੱਚ ਹੀ ਇੱਕ ਮਿਸਾਲ ਹੈ। ਆਪ ਜੀ ਯੂ.ਪੀ. ਦੇ ਵਸਨੀਕ ਹਨ ਅਤੇ ਸਗਲੀ ਕ਼ਾਇਨਾਤ ਨੂੰ ਅੱਲਾ ਦਾ ਹੀ ਰੂਪ ਸਮਝਦੇ ਹਨ। ਇਨ੍ਹਾਂ ਦੇ ਬਾਰੇ ਸੁਣਿਆ ਜਾਂਦਾ ਹੈ ਕਿ ਪੂਰੇ ਹਿੰਦੋਸਤਾਨ ਵਿੱਚੋਂ ਆਪ ਜੀ ਅ਼ਰਬੀ ਫ਼ਾਰਸੀ ਦੇ ਅੱਵਲ ਦਰਜ਼ੇ ਦੇ ਵਿਦਵਾਨ ਹਨ ਜੋ ਕਿ ਇਨ੍ਹਾਂ ਦੀ ਮੁਹਾਰਤ ਦਾਸ ਨੇ, ਇਨ੍ਹਾਂ ਦੇ ਪਾਸੋਂ ਵਿੱਦਿਆ ਪੜ੍ਹਦਿਆਂ ਅੱਖੀਂ ਦੇਖੀ ਹੈ। ਇਨ੍ਹਾਂ ਨੇ ਵਿੱਦਿਆ ਦੇ ਖੇਤਰ ਵਿੱਚ ਅ਼ਰਬੀ ਫ਼ਾਰਸੀ ਦੀ ਪੀ.ਐਚ.ਡੀ. ਕੀਤੀ ਹੋਈ ਹੈ। ਭਾਈ ਨੰਦਲਾਲ ਜੀ ਦੀ ਸਾਰੀ ਰਚਨਾ ਅਰਥਾਂ ਸਹਿਤ ਪੜ੍ਹੀ ਅਤੇ ਸ੍ਰੀ ਜ਼ਫ਼ਰਨਾਮਾ ਅਤੇ ਸਰਬਲੋਹ ਗ੍ਰੰਥ ਵਿੱਚ ਅੰਕਿਤ ਫ਼ਾਰਸੀ ਅ਼ਰਬੀ ਦੀ ਗੁਰਬਾਣੀ ਅਰਥਾਂ ਸਹਿਤ ਪੜ੍ਹੀ। ਇਹ ਜੋ ਆਪ ਜੀ ਦੇ ਪਾਸ ਹੱਥਲੀ ਪੁਸਤਕ ਹੈ ਇਸ ਦੀ ਸੰਥਿਆ ਵੀ ਦਾਸ ਨੇ ਮੌਲਵੀ ਅਤ਼ੀਕ਼ ਅਹਮਦ ਸਾਹਿਬ ਜੀ ਦੇ ਪਾਸੋਂ ਹੀ ਕੀਤੀ ਹੈ।

(10) **ਸ੍ਰੀ ਮਾਨ ਸੁਆਮੀ ਨਿਰਮਲ ਚੇਤਨ ਜੀ :-** ਇਨ੍ਹਾਂ ਮਹਾਂਪੁਰਖਾਂ ਦਾ ਜਨਮ ਸ੍ਰੀ ਅੰਮ੍ਰਿਤਸਰ ਦੀ ਧਰਤੀ ਉੱਪਰ ਹੋਇਆ ਅਤੇ ਬਚਪਨ ਤੋਂ ਇਨ੍ਹਾਂ ਦਾ ਸੁਭਾਵ ਸੰਤ ਸੇਵੀ ਸੀ। ਆਪ ਜੀ ਨੇ ਬ੍ਰਹਮ ਵਿੱਦਿਆ, ਵੇਦਾਂਤ ਕੇਸਰੀ ਸੁਆਮੀ ਨਿਰਮਲ ਜੀ ਤੋਂ ਹਾਸਿਲ ਕੀਤੀ ਅਤੇ ਅੱਜਕਲ੍ਹ ਆਪ ਜੀ ਸੁਆਮੀ ਨਿਰਮਲ ਜੀ ਦੀ ਗੱਦੀ-ਨਸ਼ੀਨ ਹੋ ਕਰਕੇ ਵੇਦਾਂਤ ਆਸ਼ਰਮ ਸ੍ਰੀ ਅੰਮ੍ਰਿਤਸਰ ਵਿਖੇ ਸੇਵਾ ਨਿਭਾ ਰਹੇ ਹਨ। ਇਨ੍ਹਾਂ ਮਹਾਂਪੁਰਖਾਂ ਦੇ ਪਾਸੋਂ ਦਾਸ ਨੇ ਵਿਚਾਰ ਚੰਦ੍ਰੋਦੈ ਅਤੇ ਵਿਚਾਰ ਸਾਗਰ


Sri Satguru Jagjit Singh Ji eLibrary NamdhariElibrary@gmail.com

ਦੀ ਵਿੱਦਿਆ ਪ੍ਰਾਪਤ ਕੀਤੀ ਹੈ।

ਇਨ੍ਹਾਂ ਉਪਰੋਕਤ ਕਹੇ ਸਾਰੇ ਮਹਾਂਪੁਰਖਾਂ ਨੇ ਦਾਸ ਦੀ ਝੋਲੀ ਵਿੱਚ ਬ੍ਰਹਮ ਵਿੱਦਿਆ ਦੇ ਕਿਣਕੇ ਪਾ ਕਰਕੇ, ਦਾਸ ਨੂੰ ਨਿਹਾਲ ਕ੍ਰਿਤਾਰਥ ਕੀਤਾ ਹੈ। ਦਾਸ ਇਨ੍ਹਾਂ ਮਹਾਂਪੁਰਖਾਂ ਦਾ ਰੋਮ-ਰੋਮ ਕਰਕੇ ਸਦਾ ਰਿਣੀ ਹੈ। ਅਤੇ ਸਾਰੀ ਉਮਰ ਦਾਸ ਇਨ੍ਹਾਂ ਮਹਾਂਪੁਰਖਾਂ ਦਾ ਕਰਜ਼ਦਾਰ ਰਹੇਗਾ। ਦਾਸ ਸਦਾ ਹੀ ਅਕਾਲ ਪੁਰਖ ਦੇ ਚਰਨਾਂ ਵਿੱਚ ਇਹ ਅਰਦਾਸ ਕਰੇਗਾ ਕਿ ਹੇ ਅਕਾਲ ਪੁਰਖ! ਆਪ ਜੀ ਸਦਾ ਹੀ ਇਨ੍ਹਾਂ ਮਹਾਂਪੁਰਖਾਂ ਦੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖੋ ਅਤੇ ਇਨ੍ਹਾਂ ਸਾਰਿਆਂ ਮਹਾਂਪੁਰਖਾਂ ਨੂੰ ਲੰਮੀ ਆਯੂ ਪ੍ਰਦਾਨ ਕਰੋ ਤਾਂ ਕਿ ਇਹ ਮਹਾਂਪੁਰਖ ਹੋਰ ਬਹੁਤ ਸਾਰੇ ਵਿਦਿਆਰਥੀਆਂ ਨੂੰ ਬ੍ਰਹਮ ਵਿੱਦਿਆ ਪ੍ਰਦਾਨ ਕਰ ਸਕਣ।

ਯਥਾ = **ਰਾਖਹੁ ਪ੍ਰਭ ਗੁਰ ਜਨ ਬਿਦਿਆ ਕੈ; ਜਿਨਿ ਬਿਦਿਆ ਦਾਨ ਦੀਓ ਹਰਖਾਇ ॥**

(ਸ੍ਰੀ ਗੁਰ ਕਥਾ ਰਚਨਾ ਭਾਈ ਜੈਤਾ ਜੀ)

**ਅਰਥਾਤ** = ਹੇ ਅਕਾਲ ਪੁਰਖ ਜੀ ਆਪ ਜੀ ਇਨ੍ਹਾਂ ਵਿੱਦਿਆ ਗੁਰੂਆਂ ਨੂੰ ਆਪਣੀ ਛਤਰ ਛਾਇਆ ਵਿੱਚ ਰੱਖੋ ਤਾਂ ਕਿ ਇਹ ਹੋਰ ਬ੍ਰਹਮ ਵਿੱਦਿਆ ਦਾ ਪ੍ਰਚਾਰ ਅਤੇ ਪ੍ਰਸਾਰ ਕੈ = ਕਰ ਸਕਣ। ਅਤੇ ਜਿਨ੍ਹਾਂ ਨੇ ਦਾਸ ਨੂੰ ਖੁਸ਼ ਹੋ ਕਰਕੇ ਵਿੱਦਿਆ ਦਾ ਵਡਮੁੱਲਾ ਦਾਨ ਦਿੱਤਾ। ਉਨ੍ਹਾਂ ਮਹਾਂਪੁਰਖਾਂ ਨੂੰ ਹੇ ਅਕਾਲ ਪੁਰਖ ਜੀ! ਆਪ ਜੀ ਸਦਾ ਆਪਣੀ ਛਤਰ ਛਾਇਆ ਵਿੱਚ ਰੱਖੋ।

ਅਤੇ ਦਮਦਮੀ ਟਕਸਾਲ ਅਤੇ ਦਮਦਮੀ ਟਕਸਾਲ ਦੇ ਸਾਰੇ ਮੁਖੀਆਂ ਅਤੇ ਦਾਸ ਆਪਣੇ ਸਾਰੇ ਵਿੱਦਿਆ ਗੁਰੂਆਂ ਦੇ ਚਰਨਾਂ ਵਿੱਚ ਬੇਨਤੀ ਕਰਦਾ ਹੈ ਕਿ ਦਾਸ ਦੇ ਪਾਸੋਂ ਕਿਤੇ ਜਾਣੇ ਅਨਜਾਣੇ ਵਿੱਚ ਆਪ ਗੁਰੂ ਜਨਾਂ ਦੀ ਨਿਰਾਦਰੀ ਵਾਲੇ ਬਚਨ ਮਨ ਬਾਣੀ ਕਰਕੇ ਕਹੇ ਗਏ ਹੋਣ। ਤਾਂ ਆਪ ਜੀ ਨੇ ਮੁਆਫ਼ ਕਰਨੇ। ਕਿਉਂਕਿ ਪੁੱਤਰ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕੁਮਾਪੇ ਨਹੀਂ ਹੁੰਦੇ। ਇਸ ਵਾਸਤੇ ਆਪ ਸਭ ਗੁਰੂ ਜਨਾਂ ਨੂੰ ਬੇਨਤੀ ਹੈ ਕਿ ਆਪ ਮੇਰੀ ਇਸ ਬੇਨਤੀ ਨੂੰ ਸਿਰ ਮੱਥੇ ਪ੍ਰਵਾਨ ਕਰਨਾ।

**ਸਾਡੇ "ਚ" ਸ਼ਦੀਦ ਅਹਿਸਾਸ ਕਿਉਂ ਪੈਦਾ ਹੋਇਆ; ਆਖ਼ਿਰ ਸਾਨੂੰ ਇਸ ਗ੍ਰੰਥ ਦੀ ਜ਼ਰੂਰਤ ਕਿਉਂ ਮਹਿਸੂਸ ਹੋਈ :-**

ਦਾਸ ਨੇ ਜਦ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਸੰਥਿਆ ਕਰਕੇ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਏ ਪੜ੍ਹੇ। ਤਾਂ ਦਾਸ ਦੇ ਮਨ ਵਿੱਚ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਪੜ੍ਹਨ ਦਾ ਸ਼ੌਂਕ ਜਾਗਿਆ। ਤਾਂ ਦਾਸ ਨੇ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫ਼ਰਮ ਪਾਸੋਂ ਦੀਵਾਨ ਗੋਯਾ ਭਾਈ ਨੰਦਲਾਲ ਜੀ



Sri Satguru Jagjit Singh Ji eLibrary NamdhariElibrary@gmail.com

(ਟੀਕਾਕਾਰ ਪੰਡਿਤ ਨਰੈਣ ਸਿੰਘ) ਪੁਸਤਕ ਖ਼ਰੀਦੀ ਅਤੇ ਪੜ੍ਹੀ। ਇਹ ਪੁਸਤਕ. ਪੜ੍ਹਣ ਤੇ, ਦਾਸ ਨੂੰ ਫ਼ਾਰਸੀ ਭਾਸ਼ਾ ਹੋਣ ਕਰਕੇ ਉਚਾਰਨ ਪੱਖ ਅਤੇ ਅਰਥਾਂ ਦੇ ਪੱਖ ਤੋਂ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਇਸ ਪੁਸਤਕ ਵਿੱਚ ਉਚਾਰਨ ਬਾਰੇ ਕੁਝ ਖ਼ਾਸ ਲਿਖਿਆ ਹੋਇਆ ਨਹੀਂ ਸੀ। ਅਤੇ ਕਈ ਥਾਵਾਂ ਤੇ ਬਹੁਤ ਸਾਰੇ ਪਦ ਅਰਥ ਲਿਖੇ ਹੋਏ ਨਹੀਂ ਸਨ। ਫੇਰ ਦਾਸ ਨੇ ਦੀਵਾਨ ਗੋਇਆ (ਟੀਕਾਕਾਰ ਪ੍ਰਿੰਸੀਪਲ ਗੰਗਾ ਜੀ) ਵਾਲੀ ਪੋਥੀ ਲਿਆ ਕੇ ਪੜ੍ਹੀ ਤਾਂ ਇਸ ਪੁਸਤਕ ਵਿੱਚ ਪਦ ਅਰਥ ਤੇ ਬਹੁਤ ਘੱਟ ਦਿੱਤੇ ਹੋਏ ਸਨ ਅਤੇ ਭਾਵੀ ਅਰਥਾਂ ਤੇ ਜ਼ਿਆਦਾ ਜ਼ੋਰ ਦਿੱਤਾ ਹੋਇਆ ਸੀ। ਦਾਸ ਨੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਵਾਲਾ ਟੀਕਾ ਪੜ੍ਹਿਆ ਪਰ ਕੋਈ ਮਸਲਾ ਹੱਲ ਨਾ ਹੋਇਆ। ਸਗੋਂ ਤਿੰਨਾਂ ਪੋਥੀਆਂ ਦੇ ਮੂਲ ਪਾਠਾਂ ਵਿੱਚ ਫ਼ਰਕ ਹੋਣ ਕਰਕੇ ਅਰਥਾਂ ਦੇ ਵਖਰੇਵੇਂ ਕਰਕੇ ਮਸਲਾ ਹੋਰ ਗੁੰਜਲਦਾਰ ਹੋ ਗਿਆ। ਕਿਉਂਕਿ ਇਹ ਤਿੰਨੇ ਪੁਸਤਕਾਂ ਵਿਦਿਵਾਨਾਂ ਵਾਸਤੇ ਬਣੀਆਂ ਹੋਈਆਂ ਹਨ। ਨਾ ਕਿ ਵਿਦਿਆਰਥੀਆਂ ਦੇ ਵਾਸਤੇ। ਇਸ ਲਈ ਦਾਸ ਦੀ ਬੁੱਧੀ ਇਨ੍ਹਾਂ ਪੁਸਤਕਾਂ ਦੇ ਗੂੜ੍ਹੇ ਰਹੱਸ ਨੂੰ ਸਮਝ ਨ ਸਕੀ। ਤਾਂ ਦਾਸ ਨੇ ਇਸ ਪੁਸਤਕ ਨੂੰ ਛੱਡ ਕਰਕੇ ਭਾਈ ਨੰਦਲਾਲ ਜੀ ਦੀ ਦੂਸਰੀ ਰਚਨਾ ਗੰਜ ਨਾਮਹ ਪੜ੍ਹਣੀ ਸ਼ੁਰੂ ਕਰ ਦਿੱਤੀ। ਜਦ ਦਾਸ ਨੇ ਭਾਈ ਨੰਦ ਲਾਲ ਜੀ ਰਚਿਤ ਗੰਜ ਨਾਮਹ (ਭਾਈ ਵੀਰ ਸਿੰਘ ਜੀ ਵਾਲਾ) ਪੜ੍ਹਿਆ ਤਾਂ ਦਾਸ ਨੇ ਦੇਖਿਆ ਕਿ ਭਾਈ ਸਾਹਿਬ ਜੀ ਨੇ ਇਹ ਗ੍ਰੰਥ ਵੀ ਵਿਦਵਾਨ ਵਾਸਤੇ ਹੀ ਬਣਾਇਆ ਹੈ। ਫ਼ਾਰਸੀ ਤੋਂ ਜਾਣੂ ਵਿਦਵਾਨਾਂ ਹੀ ਇਸ ਗ੍ਰੰਥ ਦੇ ਗੂੜ੍ਹੇ ਰਹੱਸ ਨੂੰ ਸਮਝ ਸਕਦਾ ਹੈ। ਫ਼ਾਰਸੀ ਤੋਂ ਅਨਜਾਣ ਮੇਰੇ ਵਰਗੇ ਭੁਲੱਕੜ ਦਾ, ਇਸ ਗ੍ਰੰਥ ਦੇ ਰਹੱਸ ਨੂੰ ਸਮਝਣਾ, ਕੋਈ ਅਸਾਨ ਗੱਲ ਨਹੀਂ ਹੈ ਬਲਕਿ ਮੁਸ਼ਕਿਲ ਹੈ ਤਾਂ ਦਾਸ ਨੇ ਮਨ ਵਿੱਚ ਧਾਰ ਲਿਆ ਕਿ ਭਾਈ ਨੰਦਲਾਲ ਜੀ ਰਚਿਤ ਗ੍ਰੰਥਾਂ ਦੀ ਸੰਥਿਆ ਕਥਾ; ਜ਼ਰੂਰ ਦਾਸ ਨੂੰ ਕਿਸੇ ਫ਼ਾਰਸੀ ਪੜ੍ਹੇ ਚੰਗੇ ਵਿਦਵਾਨ ਤੋਂ ਕਰਨੀ ਚਾਹੀਦੀ ਹੈ ਤਾਂ ਦਾਸ ਨੇ ਫ਼ਾਰਸੀ ਪੜ੍ਹੇ ਚੰਗੇ ਵਿਦਵਾਨ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਲੱਭਦਿਆਂ-ਲੱਭਦਿਆਂ ਦਾਸ ਦਾ ਮਿਲਾਪ ਸ੍ਰੀ ਮਾਨ ਮੌਲਵੀ ਅਤ਼ੀਕ਼ ਅਹਮਦ ਸਾਹਿਬ ਜੀ ਦੇ ਨਾਲ ਹੋ ਗਿਆ। ਮੌਲਵੀ ਸਾਹਿਬ ਜੀ ਫ਼ਾਰਸੀ ਅ਼ਰਬੀ ਦੇ ਕਮਾਲ ਦੇ ਵਿਦਵਾਨ ਹਨ। ਤਾਂ ਮੌਲਵੀ ਸਾਹਿਬ ਜੀ ਨੇ ਦਾਸ ਨੂੰ ਪਹਿਲਾਂ ਮੂਲ ਪਾਠ ਪੜ੍ਹਾ ਕਰਕੇ, ਇੱਕ ਦੂਸਰੇ ਛਾਪੇ ਨਾਲ, ਸਾਰੇ ਛਾਪੇ ਮੇਲ ਕਰਕੇ ਮੂਲ ਪਾਠ ਦੀ ਸੁਧਾਈ ਕਰਵਾਈ ਅਤੇ ਫੇਰ ਮੂਲ ਪਾਠ ਦਾ ਸ਼ੁੱਧ ਉਚਾਰਨ ਕਰਵਾਇਆ ਅਤੇ ਉਪਰੰਤ ਪਦ ਅਰਥ, ਅਰਥ, ਭਾਵ ਅਰਥ ਬਹੁਤ ਸੁਚੱਜੇ ਢੰਗ ਨਾਲ ਸਮਝਾਏ। ਦਾਸ ਨੇ ਉਹ ਸਾਰੇ ਪਦ ਅਰਥ, ਅਰਥ ਭਾਵ



Sri Satguru Jagjit Singh Ji eLibrary NamdhariElibrary@gmail.com

ਅਰਥ ਕਾਪੀ ਉੱਪਰ ਲਿਖ ਲਏ ਅਤੇ ਔਖੇ ਉਚਾਰਨ ਵੀ ਨਾਲ ਹੀ ਲਿਖ ਕਰਕੇ ਸੰਭਾਲ ਲਏ। ਸਾਰੀ ਸੰਥਿਆ ਮੁਕੰਮਲ ਹੋਣ ਤੋਂ ਉਪਰੰਤ ਦਾਸ ਨੇ ਮੁੱਢ ਤੋਂ ਸਾਰੇ ਗ੍ਰੰਥ ਪੜ੍ਹਨੇ ਸ਼ੁਰੂ ਕਰ ਦਿੱਤੇ ਅਤੇ ਨਾਲ-ਨਾਲ ਫ਼ਾਰਸੀ ਦੇ ਕੋਸ਼ਾਂ ਦੀ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ ਅਤੇ ਗੁਰਮਤ ਦੇ ਅਨਕੂਲ; ਅਰਥ ਹੋਰ ਵੀ ਸੁਖੈਨ ਢੰਗ ਦੇ ਨਾਲ ਲਿਖਣੇ ਸ਼ੁਰੂ ਕਰ ਦਿੱਤੇ। ਜਦ ਕਿਤੇ-ਕਿਤੇ ਬਹੁਤੀ ਮੁਸ਼ਕਿਲ ਆਉਂਦੀ ਤਾਂ ਮੌਲਵੀ ਸਾਹਿਬ ਜੀ ਨੂੰ ਮਿਲ ਕਰਕੇ ਉਸ ਮੁਸ਼ਕਿਲ ਭਰੇ ਮਸਲੇ ਉੱਪਰ ਵੀਚਾਰ ਕਰਕੇ ਮਸਲੇ ਨੂੰ ਸੁਲਝਾਅ ਲਿਆ ਜਾਂਦਾ। ਇਸ ਤਰ੍ਹਾਂ ਕਰਕੇ ਗੰਜ ਨਾਮਹ ਗ੍ਰੰਥ; ਉਚਾਰਨਾ ਅਤੇ ਪਦ ਅਰਥਾਂ, ਅਰਥਾਂ, ਭਾਵ ਅਰਥਾਂ ਸਮੇਤ, ਇੱਕ ਨਵੀਨ ਟੀਕੇ ਦੇ ਰੂਪ ਵਿੱਚ ਤਿਆਰ ਹੋ ਗਿਆ।

ਇੱਕ ਦਿਨ ਦਾਸ ਦੇ ਮਨ ਵਿੱਚ ਵਿਚਾਰ ਆਇਆ ਕਿ ਜੋ ਗੁਣ ਪਾਸ ਹੋਵੇ ਉਹ ਜ਼ਰੂਰ ਵੰਡਣਾ ਚਾਹੀਦਾ ਹੈ। ਇਹ ਅਮੋਲਕ ਬਚਨ ਆਪਾਂ ਸਦਾ ਹੀ ਆਪਣੇ ਬਜ਼ੁਰਗਾਂ ਤੋਂ ਸੁਣਦੇ ਅਤੇ ਗ੍ਰੰਥਾਂ ਵਿੱਚੋਂ ਪੜ੍ਹਦੇ ਆ ਰਹੇ ਹਾਂ। ਤਾਂ ਇਸ ਬਚਨ ਨੂੰ ਅਮਲੀ ਬਣਾਉਣਾ ਚਾਹੀਦਾ ਹੈ। ਫੇਰ ਇਸ ਬਚਨ ਬਾਰੇ ਦਾਸ ਨੇ ਹੋਰ ਵੀ ਸਿੰਘਾਂ ਨਾਲ ਵੀਚਾਰ ਕੀਤੀ ਤਾਂ ਦਾਸ ਨੂੰ ਸਿੰਘਾਂ ਵੱਲੋਂ ਭਰਿਆ ਹੁੰਗਾਰਾ ਮਿਲਿਆ ਤਾਂ ਦਾਸ ਦੇ ਮਨ ਵਿੱਚ ਗੰਜ ਨਾਮਹ ਗ੍ਰੰਥ ਦਾ ਨਵੀਨ ਟੀਕਾ ਛਪਵਾਉਣ ਦਾ ਇਰਾਦਾ ਪੱਕਾ ਹੋ ਗਿਆ। ਫੇਰ ਗ੍ਰੰਥ ਛਪਵਾਉਣ ਵਾਸਤੇ ਆਰਥਿਕ ਪੱਖ ਤੋਂ ਬਹੁਤ ਮੁਸ਼ਕਿਲ ਆਉਂਦੀ ਜਾਪੀ। ਪਰ ਭਾਈ ਚਤਰ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਦੀ ਫ਼ਰਮ ਨੇ, ਇਸ ਗ੍ਰੰਥ ਨੂੰ ਛਪਾਉਣ ਦੀ ਸੇਵਾ, ਜਦ ਖਿੜੇ ਮੱਥੇ ਸਵੀਕਾਰ ਕਰ ਲਈ, ਤਦ ਸਾਰੀਆਂ ਹੀ ਮੁਸ਼ਕਿਲਾਂ ਦੂਰ ਹੋ ਗਈਆਂ।

ਦਾਸ ਨੇ ਇਸ ਸਟੀਕ ਦਾ ਨਾਮ ਬਾਲ ਬੋਧਨੀ ਸਟੀਕ ਤਾਂ ਰੱਖਿਆ ਹੈ। ਕਿਉਂਕਿ ਬਾਲ ਬੋਧਨੀ ਦਾ ਅਰਥ ਹੁੰਦਾ ਹੈ ਕਿ ਇਹ ਗ੍ਰੰਥ ਬਾਲ=ਵਿਦਿਆਰਥੀਆਂ ਨੂੰ ਬੋਧਨੀ=ਗਿਆਨ ਕਰਵਾਉਣ ਵਾਲਾ ਹੈ (ਅਥਵਾ) = ਵਿਦਿਆਰਥੀਆਂ ਨੂੰ ਗੰਜ ਨਾਮਹ ਗ੍ਰੰਥ ਦਾ ਰਹੱਸਮਈ ਗਿਆਨ ਕਰਵਾਉਣ ਵਾਸਤੇ ਇਹ ਗ੍ਰੰਥ ਤਿਆਰ ਕੀਤਾ ਗਿਆ ਹੈ। ਇਹ ਗ੍ਰੰਥ ਵਿਦਵਾਨਾਂ ਦੇ ਵਾਸਤੇ ਨਹੀਂ ਲਿਖਿਆ ਗਿਆ ਬਲਕਿ ਵਿਦਿਆਰਥੀਆਂ ਦੇ ਵਾਸਤੇ ਲਿਖਿਆ ਗਿਆ ਹੈ। ਅਸਾਂ ਇਸ ਗ੍ਰੰਥ ਵਿੱਚ ਇਹ ਨਿਯਮ ਰੱਖਿਆ ਹੈ। ਸਭ ਤੋਂ ਪਹਿਲਾਂ ਮੂਲ ਪਾਠ ਮੋਟੇ ਅੱਖਰਾਂ ਵਿੱਚ ਲਿਖਿਆ ਗਿਆ ਫੇਰ ਉਚਾਰਨ ਨਾਲ-ਨਾਲ ਦਿੱਤੇ ਗਏ ਹਨ ਅਤੇ ਉਚਾਰਨ ਤੋਂ ਉਪਰੰਤ ਪਦ ਅਰਥ ਲਿਖੇ ਗਏ ਹਨ ਫੇਰ ਅੱਖਰੀ ਅਰਥ ਦਿੱਤੇ ਗਏ ਹਨ ਅਤੇ ਅਰਥਾਤ,



Sri Satguru Jagjit Singh Ji eLibrary NamdhariElibrary@gmail.com

ਅਥਵਾ, ਭਾਵ ਲਿਖ ਕਰਕੇ ਅੱਖਰੀ ਅਰਥਾਂ ਨੂੰ ਸਮਝਾਉਣ ਵਾਸਤੇ ਇੱਕ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਅਤੇ ਫ਼ਾਰਸੀ ਭਾਸ਼ਾ ਬਾਰੇ ਕੁਝ ਜ਼ਰੂਰੀ ਜਾਣਕਾਰੀਆਂ ਮੁੱਢ ਵਿੱਚ ਲਿਖ ਦਿੱਤੀਆਂ ਗਈਆਂ ਹਨ। ਜਿਸ ਵਕਤ, ਇਹ ਗ੍ਰੰਥ ਛਪਾਈ ਵਾਸਤੇ ਤਿਆਰ ਹੋ ਗਿਆ ਤਾਂ ਦਾਸ ਦੇ ਮਨ ਵਿੱਚ ਆਈ ਕਿ ਇਸ ਗ੍ਰੰਥ ਦੀ ਫ਼ਾਰਸੀ ਪੜ੍ਹੇ ਚੰਗੇ ਸਿੱਖ ਵਿਦਵਾਨ ਦੇ ਪਾਸੋਂ ਵੀ ਸੋਧ ਕਰਵਾਉਣੀ ਚਾਹੀਦੀ ਹੈ। ਤਾਂ ਦਾਸ ਦਾ ਡਾ.ਐਸ.ਜੀ. ਸਿੰਘ ਨਾਲ ਮਿਲਾਪ ਹੋਇਆ। ਜਦ ਉਨ੍ਹਾਂ ਨੇ ਇਸ ਹਥਲੀ ਪੁਸਤਕ ਨੂੰ ਦੇਖਿਆ ਤਾਂ ਉਹ ਕਹਿਣ ਲੱਗੇ ਕਿ ਗੁਰਮੁਖੀ ਅੱਖਰਾਂ ਵਿੱਚ ਐੜੇ, ਈੜੀ, ਤੱਤੇ ਹਾਹੇ, ਕੱਕੇ ਦੇ ਪੈਰ ਵਿੱਚ ਬਿੰਦੀ ਦਾ ਪ੍ਰਯੋਗ ਨਹੀਂ ਹੁੰਦਾ। ਆਪ ਜੀ ਨੇ ਇਨ੍ਹਾਂ ਅੱਖਰਾਂ ਦੇ ਪੈਰ ਵਿੱਚ ਬਿੰਦੀ ਕਿਉਂ ਲਗਾਈ ਹੈ। ਤਾਂ ਦਾਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਫ਼ਾਰਸੀ, ਅ਼ਰਬੀ ਵਿੱਚ ਅਲਿਫ਼ ਅਤੇ ਐ਼ਨ ਦੋ ਅੱਖਰ ਹੁੰਦੇ ਹਨ। ਅਲਿਫ਼ ਦਾ ਉਚਾਰਨ ਨਰਮ ਤੇ ਹਲਕੇ ਲਹਿਜ਼ੇ ਨਾਲ ਕੀਤਾ ਜਾਂਦਾ ਹੈ। ਐ਼ਨ ਦਾ ਉਚਾਰਨ ਸ਼ਿੱਦਤ ਅਤੇ ਜ਼ੋਰ ਨਾਲ ਖਿੱਚ ਕਰਕੇ ਕੀਤਾ ਜਾਂਦਾ ਹੈ। ਫੇਰ ਅਲਿਫ਼ ਨਾਲ ਜਿੱਥੇ ਲਫ਼ਜ਼ ਲਿਖੀਏ ਉੱਥੇ ਅਰਥ ਹੋਰ ਹੁੰਦਾ ਹੈ। ਅਤੇ ਜਿੱਥੇ ਐ਼ਨ ਨਾਲ ਲਫ਼ਜ਼ ਲਿਖੀਏ ਉੱਥੇ ਅਰਥ ਹੋਰ ਹੁੰਦਾ ਹੈ। ਜਿਵੇਂ: ਜੇਕਰ ਅਲਿਫ਼ ਦੇ ਨਾਲ ਅਲਮ ਲਿਖੀਏ ਤਾਂ ਅਰਥ="ਦੁੱਖ" ਹੁੰਦਾ ਹੈ। ਜੇਕਰ ਐ਼ਨ ਦੇ ਨਾਲ ਅ਼ਲਮ ਲਿਖੀਏ ਤਾਂ ਅਰਥ="ਝੰਡਾ" ਹੁੰਦਾ ਹੈ। ਫੇਰ ਦਾਸ ਨੇ ਉਨ੍ਹਾਂ ਨੂੰ ਕਿਹਾ ਕਿ ਗੁਰਮੁਖੀ ਵਿੱਚ ਤੇ ਇੱਕ ਹੀ ਐੜਾ ਹੁੰਦਾ ਹੈ। ਤਾਂ ਪਾਠਕ ਜਨਾਂ ਨੂੰ ਅਲਿਫ਼ ਨਾਲ ਲਿਖੇ ਗਏ ਲਫ਼ਜ਼ ਅਤੇ ਐ਼ਨ ਨਾਲ ਲਿਖੇ ਲਫ਼ਜ਼ ਦੇ ਫ਼ਰਕ ਬਾਰੇ ਕਿਵੇਂ ਗਿਆਨ ਹੋਵੇਗਾ। ਇਸ ਲਈ ਦਾਸ ਨੇ ਜਿੱਥੇ ਲਫ਼ਜ਼ ਵਿੱਚ ਐ਼ਨ ਦਾ ਪ੍ਰਯੋਗ ਹੁੰਦਾ ਹੈ ਉੱਥੇ ਐੜੇ ਤੇ ਈੜੀ ਦੇ ਹੇਠਾਂ ਬਿੰਦੀ ਲਗਾ ਦਿੱਤੀ ਹੈ। ਅਤੇ ਜਿੱਥੇ ਲਫ਼ਜ਼ ਵਿੱਚ ਅਲਿਫ਼ ਦਾ ਪ੍ਰਯੋਗ ਹੁੰਦਾ ਹੈ ਉੱਥੇ ਐੜਾ ਤੇ ਈੜੀ ਦੇ ਹੇਠਾਂ ਬਿੰਦੀ ਨਹੀਂ ਲਗਾਈ। ਏਸੇ ਤਰ੍ਹਾਂ ਦਾਸ ਨੇ ਉਨ੍ਹਾਂ ਨੂੰ "ਤੇ" ਅਤੇ "ਤ਼ੋਇ"; "ਹੇ" ਅਤੇ "ਹ਼ੇ"; "ਕਾਫ਼" ਅਤੇ "ਕ਼ਾਫ਼" ; (ਭਾਵ) ਤੱਤੇ, ਹਾਹੇ, ਕੱਕੇ ਦੇ ਪੈਰਾਂ ਵਿੱਚ ਕੀਤੀ ਗਈ ਬਿੰਦੀ ਦੇ ਪ੍ਰਯੋਗ ਬਾਰੇ ਦੱਸਿਆ। ਤਾਂ ਡਾਕਟਰ ਸਾਹਿਬ ਇਸ ਨਿਯਮ ਬਾਰੇ ਸੁਣ ਕਰਕੇ ਬਹੁਤ ਖ਼ੁਸ਼ ਹੋਏ ਅਤੇ ਦਾਸ ਨੂੰ ਇਸ ਨਵੀਨ ਖੋਜ ਉੱਪਰ ਉਨ੍ਹਾਂ ਨੇ ਬਹੁਤ ਵਧਾਈ ਦਿੱਤੀ ਅਤੇ ਇਸ ਸ਼ਲਾਘਾਯੋਗ ਨਿਯਮ ਦੀ ਸ਼ਲਾਘਾ ਕਰਦੇ ਹੋਏ ਉਹ ਕਹਿਣ ਲੱਗੇ ਕਿ ਪਾਠਕ ਜਨਾਂ ਦੇ ਵਾਸਤੇ ਗੁਰਮੁਖੀ ਲਿੱਪੀ ਵਿੱਚ ਫ਼ਾਰਸੀ ਅ਼ਰਬੀ ਦੇ ਲਫ਼ਜ਼ ਦਾ ਸ਼ੁੱਧ ਉਚਾਰਨ ਕਰਨ ਵਾਸਤੇ ਇਹ ਨਿਯਮ ਬਹੁਤ ਹੀ ਲਾਭਕਾਰੀ ਸਿੱਧ ਹੋਵੇਗਾ।



Sri Satguru Jagjit Singh Ji eLibrary NamdhariElibrary@gmail.com

ਸੋ ਦਾਸ ਕੋਈ ਵਿਦਵਾਨ (ਜਾਂ) ਲੇਖਕ ਨਹੀਂ ਹੈ। ਪਰ ਭਾਈ ਗੁਰਦਾਸ ਜੀ ਦਾ ਕਥਨ ਹੈ।

**ਯਥਾ =** **ਪੇਖਤ ਪੇਖਤ, ਜੈਸੇ ਰਤਨ ਪਾਰੁਖੁ ਹੋਤ;**
**ਸੁਨਤ ਸੁਨਤ, ਜੈਸੇ ਪੰਡਿਤ ਪ੍ਰਬੀਨ ਹੈ ॥**
**ਸੁੰਘਤ ਸੁੰਘਤ ਸੌਧਾ, ਜੈਸੇ ਤਉ ਸੁਬਾਸੀ ਹੋਤ;**
**ਗਾਵਤ ਗਾਵਤ, ਜੈਸੇ ਗਾਇਨ ਗੁਨੀਨ ਹੈ ॥**
**ਲਿਖਤ ਲਿਖਤ ਲੇਖ, ਜੈਸੇ ਤਉ ਲੇਖਕ ਹੋਤ;**
**ਚਾਖਤ ਚਾਖਤ, ਜੈਸੇ ਭੋਗੀ ਰਸ ਭੀਨ ਹੈ ॥**
**ਚਲਤ ਚਲਤ, ਜੈਸੇ ਪਹੁੰਚੈ ਠਿਕਾਨੋ ਜਾਇ;**
**ਖੋਜਤ ਖੋਜਤ, ਗੁਰ ਸਬਦੁ ਲਿਵਲੀਨ ਹੈ।**

(ਕਬਿੱਤ ਸਵੱਈਏ ਭਾਈ ਗੁਰਦਾਸ ਜੀ)

**ਗ੍ਰੰਥ ਬਾਰੇ ਜਾਣ ਪਛਾਣ:-**

ਗੰਜ ਨਾਮਹ ਭਾਈ ਨੰਦ ਲਾਲ ਜੀ ਦੀ ਰਚਨਾ ਹੈ। ਸੁਣਿਆ ਜਾਂਦਾ ਹੈ ਕਿ ਭਾਈ ਸਾਹਿਬ ਜੀ ਦੀਆਂ ਸਾਰੀਆਂ ਰਚਨਾਵਾਂ ਪਹਿਲਾਂ ਫ਼ਾਰਸੀ ਲਿੱਪੀ ਵਿੱਚ ਸਨ। ਅਤੇ ਇਨ੍ਹਾਂ ਦਾ ਪੰਜਾਬੀ ਵਿੱਚ ਅਨੁਵਾਦ (ਪ੍ਰਫੁੱਲਤ ਰੂਪ ਵਿੱਚ) 20ਵੀਂ ਸਦੀ ਵਿੱਚ ਹੋਇਆ। ਭਾਈ ਨੰਦ ਲਾਲ ਜੀ ਦੀਆਂ ਹੋਰ ਵੀ ਰਚਨਾਵਾਂ ਹਨ ਜੋ ਗੁਰੂ ਪ੍ਰਤੀ ਪ੍ਰੇਮ ਨਾਲ ਭਿੱਜੀਆਂ ਹੋਈਆਂ ਹਨ। ਇਹ ਗੰਜ ਨਾਮਹ ਰਚਨਾ ਵੀ ਗੁਰੂ ਨਾਨਕ ਦੇਵ ਜੀ ਤੋਂ ਲੈ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਪ੍ਰੇਮ ਦੇ ਨਾਲ ਭਿੱਜੀ ਹੋਈ ਹੈ। ਇਸ ਰਚਨਾ ਵਿੱਚ ਭਾਈ ਨੰਦ ਲਾਲ ਜੀ ਨੇ ਤਰਤੀਬ ਦੇ ਅਨੁਸਾਰ ਦਸਾਂ ਪਾਤਿਸ਼ਾਹੀਆਂ ਦੀ, ਪ੍ਰੇਮ ਨਾਲ ਭਿੱਜ ਕਰਕੇ, ਮਹਿਮਾ ਕੀਤੀ ਹੈ। ਦਸਾਂ ਪਾਤਿਸ਼ਾਹੀਆਂ ਦੀ ਮਹਿਮਾ ਆਪ ਜੀ ਨੇ ਜੋਤ ਬਿਗਾਸ ਗ੍ਰੰਥ ਵਿੱਚ ਵੀ ਕੀਤੀ ਹੈ ਪਰੰਤੂ ਇਸ ਗ੍ਰੰਥ ਵਿੱਚ ਆਪ ਜੀ ਨੇ ਖ਼ਾਸ ਕਰਕੇ ਦਸਾਂ ਪਾਤਿਸ਼ਾਹੀਆਂ ਦੀ ਮਹਿਮਾ ਕਰਦਿਆਂ ਹੋਇਆਂ ਦਸਾਂ ਪਾਤਿਸ਼ਾਹੀਆਂ ਦੇ ਪਵਿੱਤਰ ਨਾਵਾਂ ਦੇ ਪਵਿੱਤਰ ਅੱਖਰਾਂ ਦੇ ਅਰਥ ਬਹੁਤ ਹੀ ਸਚੱਜੇ ਢੰਗ ਦੇ ਨਾਲ ਕੀਤੇ ਹਨ।

ਜਿਵੇਂ ਕਿ:-

**(1) ਦੋ ਨੂਨਿ ਨਾਮਿ-ਪਾਕਸ਼, ਨਈਮ ਵ ਨਸੀਰ;**
**ਵ ਅਲਫ਼ੇ ਮਿਆਨਾ ਅਹਦ, ਵ ਕਾਫ਼ੇ ਆਖ਼ਿਰੀਨ ਕਬੀਰ ॥**



Sri Satguru Jagjit Singh Ji eLibrary NamdhariElibrary@gmail.com

(2) ਅੱਵਲੀਨ ਅਲਿਫ਼ੇ ਨਾਮੇ ਪਾਕਸ਼, ਅਹਾਤਾ-ਗੀਰੇ ਫ਼ੈਜ਼ੋ ਫ਼ਜ਼ਲਾ;
ਬਦ ਅੰਦਰ ਵ ਕਸੀਰ, ਵ ਹਰ ਅਮੀਰ ਵ ਫ਼ਕੀਰ॥
ਵ ਸ਼ਮੀਮੇ ਨੂਨੇ, ਹਕ਼ੀਕ਼ਤ ਮਸ਼ਹੂਨਸ਼;
ਨਵਾਜ਼ਿੰਦਹਏ ਹਰ ਨਕ਼ੀਰੋ ਕ਼ਿਤ਼ਮੀਰ, ਅਦਨਾ ਵ ਕਬੀਰ॥
ਕਾਫ਼ੇ ਫ਼ਾਰਸੀਅਸ਼, ਕਾਮਰਾਨੇ ਈਵਾਨੇ ਅਜ਼ਲ ;
ਵ ਗੀਹਾਨੇ ਖ਼ਦੀਵੇ ਲਮ-ਯਜ਼ਲ॥
ਦਾਲੇ ਆਖ਼ਿਰਸ਼, ਦਵਾਏ ਦਰਦੋ ਅਲਮ ;
ਵ ਬਰਤਰ, ਅਜ਼ ਬੇਸ਼ੋ ਕਮ॥

ਸਿੱਖ ਪੰਥ ਵਿੱਚ ਦਸਾਂ ਪਾਤਿਸ਼ਾਹੀਆਂ ਦੀ ਮਹਿਮਾ ਦੇ ਬਹੁਤ ਗ੍ਰੰਥ ਹਨ ਪਰ ਸ਼ਾਇਦ ਹੀ ਸਿੱਖ ਪੰਥ ਵਿੱਚ ਐਸਾ ਕੋਈ ਗ੍ਰੰਥ ਹੋਵੇ ਜਿਸ ਵਿੱਚ ਇਸ ਤਰ੍ਹਾਂ ਦਸਾਂ ਪਾਤਿਸ਼ਾਹੀਆਂ ਦੇ ਨਾਵਾਂ ਦੇ ਅੱਖਰਾਂ ਦੇ ਵੱਖ-ਵੱਖ ਅਰਥ ਕੀਤੇ ਹੋਣ। ਇਸ ਗ੍ਰੰਥ ਵਿੱਚ ਭਾਈ ਨੰਦ ਲਾਲ ਜੀ ਨੇ ਬਹੁਤ ਹੀ ਪ੍ਰੇਮ ਦੇ ਨਾਲ ਭਿੱਜ ਕਰਕੇ ਦਸਾਂ ਪਾਤਿਸ਼ਾਹੀਆਂ ਦੀ ਮਹਿਮਾ ਕੀਤੀ ਹੈ ਭਾਵੇਂ ਭਾਈ ਨੰਦ ਲਾਲ ਜੀ ਦੀਆਂ ਸਾਰੀਆਂ ਰਚਨਾਵਾਂ ਪ੍ਰੇਮ ਦੇ ਨਾਲ ਭਿੱਜੀਆਂ ਹੋਈਆਂ ਹਨ ਪਰ ਇਹ ਰਚਨਾ ਬਹੁਤ ਹੀ ਗੂੜ੍ਹੇ ਰਹੱਸਮਈ ਪ੍ਰੇਮ ਦੇ ਨਾਲ ਭਿੱਜੀ ਹੋਈ ਹੈ।

ਭਾਈ ਨੰਦ ਲਾਲ ਜੀ ਨੇ ਇਸ ਗ੍ਰੰਥ ਵਿੱਚ ਜਿੱਥੇ ਦਸਾਂ ਪਾਤਿਸ਼ਾਹੀਆਂ ਦੀ ਭਰਪੂਰ ਉਸਤਤ ਕੀਤੀ ਹੈ ਉੱਥੇ ਹੀ ਇਸ ਗ੍ਰੰਥ ਵਿੱਚ ਗੁਰੂ ਨਾਨਕ ਦੇਵ ਜੀ ਦਾ ਅਕਾਲ ਪੁਰਖ ਦੇ ਨਾਲ ਸੰਬਾਦ ਅਤੇ ਆਖ਼ੀਰ ਤੇ ਗੁਰੂ ਗੋਬਿੰਦ ਸਿੰਘ ਜੀ ਮਹਿਮਾ, ਬਹੁਤ ਹੀ ਵਧੀਕ ਅਤੇ ਚੰਗੇ ਢੰਗ ਦੇ ਨਾਲ ਚਿੱਤ੍ਰੀ ਹੈ। ਇਹ ਇਸ ਗ੍ਰੰਥ ਦੀਆਂ ਦੋ ਖ਼ਾਸਤਾਈਆਂ ਹਨ। ਜੋ ਹਰੇਕ ਦੇ ਦਿਲ ਨੂੰ ਆਪਣੇ ਵੱਲ ਖਿੱਚਦੀਆਂ ਹਨ ਨਮੂਨੇ ਮਾਤਰ ਕੁਝ ਸ਼ੇਅਰ ਏਥੇ ਲਿਖ ਦਿੰਦੇ ਹਾਂ।

ਯਥਾ= ਮੁਰਸ਼ਿ ਦੁਲ ਆਲਮੀਂ ; ਸ਼ੁਦਸ਼ ਚੋ ਖ਼ਿਤ਼ਾਬ॥
ਅਜ਼ ਅਨਾਯਾਤੇ ; ਹਜ਼ਰਤੇ ਵੱਹਾਬ॥੨੨॥
ਗੁਫ਼ਤ, ਮਨ ਬੰਦਾ; ਓ ਗ਼ੁਲਾਮੇ ਤੁਅਮ॥
ਖ਼ਾਕੇ ਅਕ਼ਦਾਮੇ ; ਖ਼ਾਸੋ ਆਮੇ ਤੁਅਮ॥੨੩॥

ਤਥਾ= ਨਾਸਿਰੋ ਮਨਸੂਰ ; ਗੁਰ ਗੋਬਿੰਦ ਸਿੰਘ॥
ਏਜ਼ਦੀ ਮਨਜ਼ੂਰ ; ਗੁਰ ਗੋਬਿੰਦ ਸਿੰਘ॥੧੦੫॥



Sri Satguru Jagjit Singh Ji eLibrary NamdhariElibrary@gmail.com

**ਹੱਕ਼ ਰਾ ਗੰਜੂਰ ; ਗੁਰ ਗੋਬਿੰਦ ਸਿੰਘ ॥**

**ਜੁਮਲਹ ਫ਼ੈਜ਼ੇ ਨੂਰ ; ਗੁਰ ਗੋਬਿੰਦ ਸਿੰਘ ॥੧੦੬॥**

ਇਸ ਗ੍ਰੰਥ ਦੀ ਉਥਾਨਕਾ ਬਾਰੇ ਬਹੁਤਾ ਕੁਝ ਤੇ ਪ੍ਰਾਪਤ ਨਹੀਂ ਹੁੰਦਾ ਪਰ ਜਿਵੇਂ ਮੈਂ ਪੁਰਾਣੇ ਬਜ਼ੁਰਗ ਵਿਦਿਵਾਨਾਂ ਤੋਂ ਸੁਣਿਆ ਹੈ ਉਹ ਮੈਂ ਏਥੇ ਜ਼ਿਕਰ ਕਰਨਾ ਮੁਨਾਸਿਬ ਸਮਝਦਾ ਹਾਂ ॥

**ਉਥਾਨਕਾ :-** ਜਿਸ ਵਕ਼ਤ ਭਾਈ ਨੰਦ ਲਾਲ ਜੀ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸ਼ਰਨ ਵਿੱਚ ਆਏ। ਅਤੇ ਆਪ ਜੀ ਲੰਗਰ ਦੀ ਸੇਵਾ ਕਰਨ ਲੱਗ ਪਏ। ਲੰਗਰ ਦੀ ਸੇਵਾ ਕਰਦਿਆਂ-ਕਰਦਿਆਂ ਆਪ ਜੀ ਨਾਲ ਸਿਮਰਨ ਵਿੱਚ ਜੁੱਟੇ ਰਹਿੰਦੇ ਅਤੇ ਫ਼ਾਰਸੀ ਭਾਸ਼ਾ ਵਿੱਚ ਦਸਾਂ ਪਾਤਿਸ਼ਾਹੀਆਂ ਦੀ ਮਹਿਮਾ ਦੇ ਸ਼ੇਅਰ ਬਣਾ ਕਰਕੇ ਗਾਉਂਦੇ ਰਹਿੰਦੇ। ਸਿੱਖਾਂ ਨੇ ਜਦ ਭਾਈ ਸਾਹਿਬ ਜੀ ਦੀ ਐਸੀ ਫ਼ਾਰਸੀ ਭਾਸ਼ਾ ਵਿੱਚ ਸ਼ੇਅਰ ਬਣਾ ਕਰਕੇ ਗਾਉਣ ਦੀ ਲਿਆਕ਼ਤ (ਵਿੱਦਿਆ) ਦੇਖੀ। ਤਾਂ ਗੁਰਸਿੱਖਾਂ ਨੇ ਇਹ ਸਾਰੀ ਵਾਰਤਾ ਦਸਵੇਂ ਪਾਤਸ਼ਾਹ ਨੂੰ ਦੱਸੀ ਤਾਂ ਜਾਣੀ-ਜਾਣ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਆਪਣੇ ਹਜ਼ੂਰੀ ਕਵੀਆਂ ਵਿੱਚ ਇੱਕ ਖ਼ਾਸ ਜਗ੍ਹਾ ਦੇ ਦਿੱਤੀ ਅਤੇ ਆਪ ਜੀ ਸਤਿਗੁਰਾਂ ਦੀ ਹਜ਼ੂਰੀ ਬੈਠ ਕਰਕੇ, ਉਸ ਦਿਨ ਤੋਂ, ਸਤਿਗੁਰਾਂ ਦਾ ਜਸ ਕਰਨ ਲੱਗੇ। ਇੱਕ ਦਿਨ ਗੁਰਸਿੱਖਾਂ ਨੇ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ ਆਪ ਫ਼ਾਰਸੀ ਦੇ ਚੰਗੇ ਵਿਦਵਾਨ ਹੋ। ਅਤੇ ਜਿਵੇਂ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦੇ ਅਰਥ ਕੀਤੇ ਹਨ।

**ਯਥਾ = ਅਨਿਕ ਰਹਿਤ ਪ੍ਰਮਾਤਮ ਜੋਈ ॥ ਨਾਨਕ ਨਾਮ ਕਹਾਵੈ ਸੋਈ ॥**

ਇੰਝ ਹੀ ਆਪ ਜੀ ਵੀ ਕਿਰਪਾ ਕਰਕੇ ਦਸਾਂ ਪਾਤਿਸ਼ਾਹੀਆਂ ਦੇ ; ਨਾਵਾਂ ਦੇ ਅੱਖਰਾਂ ਦੇ ਅਰਥ ਫ਼ਾਰਸੀ ਭਾਸ਼ਾ ਵਿੱਚ ਸ਼ੇਅਰ ਰਚ ਕਰਕੇ ਸੁਣਾਉ। ਤਾਂ ਭਾਈ ਸਾਹਿਬ ਜੀ ਗੁਰਸਿੱਖਾਂ ਦੀ ਬੇਨਤੀ ਨੂੰ ਸਿਰ ਮੱਥੇ ਮੰਨ ਕਰਕੇ, ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਬੈਠ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵਿਖੇ, ਬਹੁਤ ਹੀ ਪ੍ਰੇਮ ਵਿੱਚ ਭਿੱਜ ਕਰਕੇ, ਦਸਾਂ ਪਾਤਿਸ਼ਾਹੀਆਂ ਦੇ ਨਾਵਾਂ ਦੇ ਅਰਥ, ਫ਼ਾਰਸੀ ਭਾਸ਼ਾ ਵਿੱਚ ਸ਼ੇਅਰ ਰਚ ਕਰਕੇ ਕੀਤੇ। ਉਹ ਸਾਰੇ ਹੀ ਅਰਥ, ਮੂਲ ਫ਼ਾਰਸੀ ਦੇ ਸ਼ੇਅਰਾਂ ਸਮੇਤ, ਗੁਰਸਿੱਖਾਂ ਨੇ ਭਾਈ ਸਾਹਿਬ ਤੋਂ ਸੁਣ ਕਰਕੇ ਲਿਖ ਲਏ। ਅਤੇ ਇਹ ਅਰਥ ਇੱਕ ਗ੍ਰੰਥ ਦਾ ਰੂਪ ਧਾਰਨ ਕਰ ਗਏ। ਤਾਂ ਭਾਈ ਸਾਹਿਬ ਜੀ ਨੇ ਇਸ ਗ੍ਰੰਥ ਦਾ ਨਾਮ "ਗੰਜ ਨਾਮਹ" ਰੱਖਿਆ।

ਸੋ ਇਸ ਤਰ੍ਹਾਂ ਦਾਸ ਨੇ ਇਸ ਗ੍ਰੰਥ ਦੀ ਉਥਾਨਕਾ ਗੁਰਸਿੱਖਾਂ ਤੋਂ ਸੁਣੀ ਜੋ


Sri Satguru Jagjit Singh Ji eLibrary NamdhariElibrary@gmail.com

ਆਪ ਜੀ ਸਾਹਮਣੇ ਲਿਖ ਦਿੱਤੀ ਹੈ। ਦਾਸ ਕੋਈ ਵੱਡਾ ਵਿਦਵਾਨ ਨਹੀਂ ਹੈ ਦਾਸ ਨੇ ਜਿਵੇਂ ਗੁਰਸਿੱਖਾਂ ਤੋਂ ਸੁਣਿਆ, ਉਸਤਾਦਾਂ ਤੋਂ ਪੜ੍ਹਿਆ ਉਂਝ ਹੀ ਲਿਖ ਦਿੱਤਾ ਹੈ। ਇਸ ਗ੍ਰੰਥ ਨੂੰ ਛਪਵਾਉਣ ਵਿੱਚ ਬਹੁਤ ਸਾਰੇ, ਗਿਆਨੀ ਪੁਰਸ਼ਾਂ, ਵਿਦਵਾਨਾਂ ਨੇ ਸਹਿਯੋਗ ਦਿੱਤਾ ਹੈ। ਦਾਸ ਉਨ੍ਹਾਂ ਗਿਆਨੀ ਪੁਰਖਾਂ ਦਾ ਰੋਮ-ਰੋਮ ਕਰਕੇ ਅਭਾਰੀ ਹੈ। ਵਿਸ਼ੇਸ਼ ਕਰਕੇ ਦਾਸ ਸ੍ਰੀ ਮਾਨ ਮੌਲਵੀ ਅਤੀਕ਼ ਅਹਮਦ ਸਾਹਿਬ ਜੀ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਪਹਿਲਾਂ ਦਾਸ ਨੂੰ ਇਹ ਗ੍ਰੰਥ ਬਹੁਤ ਹੀ ਮਿਹਨਤ ਦੇ ਨਾਲ ਪੜ੍ਹਾਇਆ ਅਤੇ ਫੇਰ ਇਸ ਗ੍ਰੰਥ ਦੀ ਆਪ ਸੋਧ ਕੀਤੀ ਅਤੇ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ ਅੰਬਾਲਾ, ਗਿਆਨੀ ਭੁਪਿੰਦਰ ਪਾਲ ਸਿੰਘ ਜੀ (ਬੰਗਾ) ਗਿਆਨੀ ਮਹਿਤਾਬ ਸਿੰਘ ਜੀ ਭੰਬੋਈ, ਮਾਸਟਰ ਜਸਵੰਤ ਸਿੰਘ ਜੀ ਮਹਿਤਾ ਨੇ ਵੀ ਸਮੇਂ-ਸਮੇਂ ਤੇ, ਇਸ ਗ੍ਰੰਥ ਦੇ ਸਬੰਧ ਵਿੱਚ, ਲੋੜੀਂਦੀ ਜਾਣਕਾਰੀ ਦਿੱਤੀ। ਦਾਸ ਤਿਨ੍ਹਾਂ ਦਾ ਵੀ ਸਨਿਮਰ ਧੰਨਵਾਦ ਕਰਦਾ ਹੈ। ਅਤੇ ਗਿਆਨੀ ਰਣਜੀਤ ਸਿੰਘ ਜੀ, ਗਿਆਨੀ ਬੀਰਬਲ ਸਿੰਘ ਜੀ (ਹੈੱਡ ਗ੍ਰੰਥੀ ਗੁਰਦੁਆਰਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ) ਗਿਆਨੀ ਜਰਨੈਲ ਸਿੰਘ ਜੀ, ਗਿਆਨੀ ਸੰਦੀਪ ਸਿੰਘ ਜੀ (ਨੰਗਲੀ) ਨੇ ਵੀ, ਇਸ ਗ੍ਰੰਥ ਦੀ ਪਰੂਫ਼ ਰੀਡਿੰਗ ਬਹੁਤ ਅਣਥੱਕ ਮਿਹਨਤ ਦੇ ਨਾਲ ਕੀਤੀ ਅਤੇ ਕੁਝ ਜਰੂਰੀ ਜਾਣਕਾਰੀ ਦਾਸ ਨੂੰ ਇਸ ਗ੍ਰੰਥ ਦੇ ਸਬੰਧ ਵਿੱਚ ਦਿੱਤੀ। ਦਾਸ ਇਨ੍ਹਾਂ ਦਾ ਵੀ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹੈ ਅਤੇ ਇੱਕ ਵੇਰ ਫੇਰ ਦਾਸ ਉਨ੍ਹਾਂ ਵਿੱਦਿਆ ਗੁਰੂਆਂ, ਦਮਦਮੀ ਟਕਸਾਲ ਅਤੇ ਦਮਦਮੀ ਟਕਸਾਲ ਦੇ ਸਮੂਹ ਮੁਖੀਆਂ ਦਾ ਧੰਨਵਾਦ ਕਰਦਾ ਹਾਂ। ਜਿੱਥੋਂ ਦਾਸ ਨੂੰ ਬ੍ਰਹਮ ਵਿੱਦਿਆ ਪ੍ਰਾਪਤ ਹੋਈ ਅਤੇ ਗੁਰਸਿੱਖੀ ਦਾ ਪ੍ਰਚਾਰ ਕਰਨ ਦੀ ਅਤੇ ਗੁਰਬਾਣੀ ਦਾ ਸ਼ੁੱਧ ਪਾਠ ਪੜ੍ਹਣ ਪੜ੍ਹਾਉਣ ਅਤੇ ਇਸ ਗ੍ਰੰਥ ਨੂੰ ਛਪਾਉਣ ਦੀ ਪ੍ਰੇਰਨਾ ਪ੍ਰਾਪਤ ਹੋਈ।

ਗੁਰੂ ਪੰਥ ਦਾ ਦਾਸ
**ਗੁਰਵਿੰਦਰ ਸਿੰਘ (ਨੰਗਲੀ)**
(ਵਿਦਿਆਰਥੀ ਦਮਦਮੀ ਟਕਸਾਲ)


Sri Satguru Jagjit Singh Ji eLibrary NamdhariElibrary@gmail.com

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ॥

# ਜੀਵਨ ਭਾਈ ਨੰਦ ਲਾਲ ਜੀ

## ਜਨਮ

ਸ਼ਹਿਰ ਗ਼ਜ਼ਨੀ ਦੇ ਨਾਮ ਤੋਂ ਸਾਰੇ ਪਾਠਕ ਜਾਣੂੰ ਹੋਣਗੇ, ਇਹ ਉਹ ਸ਼ਹਿਰ ਹੈ ਜਿਥੋਂ ਦੇ ਮਹਿਮੂਦ ਨਾਮ ਦੇ ਬਾਦਸ਼ਾਹ ਨੇ 17 ਵਾਰੀ ਹਿੰਦੁਸਤਾਨ ਤੇ ਚੜ੍ਹਾਈ ਕਰਕੇ ਲੁਟ ਮਾਰ ਮਚਾਈ ਤੇ ਭਾਰਤ ਦੀਆਂ ਨਵਯੁਵਕ ਕੁਮਾਰੀਆਂ ਤੇ ਬੱਚੇ ਇਤਨੀ ਵੱਡੀ ਗਿਣਤੀ ਵਿੱਚ ਫੜਕੇ ਲੈ ਗਿਆ ਕਿ ਗ਼ਜ਼ਨੀ ਦੇ ਬਜ਼ਾਰਾਂ ਵਿੱਚ ਭੇਡਾਂ ਤੇ ਬੱਕਰੀਆਂ ਵਾਂਗੂੰ ਦੋ ਦੋ ਟਕੇ ਦੇ ਇਹ ਵਿਕੇ। ਪਰੰਤੂ ਸੰਮਤ 1700 ਬਿਕ੍ਰਮੀ ਵਿੱਚ, ਜਦ ਦਾ ਕਿ ਅਸੀਂ ਜ਼ਿਕਰ ਕਰਨਾ ਚਾਹੁੰਦੇ ਹਾਂ, ਇਥੋਂ ਦਾ ਹਾਕਿਮ ਮੁਅੱਯੂ-ਦੀਨ ਸੀ, ਅਰ ਸਮਾਂ ਕੁਛ ਅਮਨ ਦਾ ਸੀ। ਇਸ ਦਾ ਦੀਵਾਨ ਛੱਜੂਰਾਮ ਨਾਮ ਦਾ ਇਕ ਖੱਤ੍ਰੀ ਸੀ ਜੋ ਖਾਨਦਾਨ ਦੇ ਲਿਹਾਜ਼ ਨਾਲ ਦੁਰੜ ਖੱਤ੍ਰੀਆਂ ਵਿਚੋਂ ਤੇ ਧਾਰਮਿਕ ਪਹਿਲੂ ਤੇ ਬੈਰਾਗੀਆਂ ਦੀ ਸੰਪ੍ਰਦਾ ਦੇ ਬਾਨੀ ਰਾਮਾਨੰਦ ਜੀ ਦਾ ਪੈਰੋਕਾਰ ਸੀ। ਆਪ ਦੀ ਆਯੂ 50 ਬਰਸ ਦੇ ਲਗਭਗ ਪੁਜ ਗਈ, ਪਰੰਤੂ ਇਹਨਾਂ ਦਿਨਾਂ ਤਕ ਆਪ ਦੀ ਸੰਤਾਨ ਕੋਈ ਨਹੀਂ ਸੀ। ਜੋ ਬਾਲ ਬੱਚਾ ਹੁੰਦਾ, ਸਾਲ ਦੇ ਸਾਲ ਵਿਚ ਹੀ ਚੜ੍ਹਾਈ ਕਰ ਜਾਂਦਾ, ਜਿਸ ਤੋਂ ਇਕ ਤਾਂ 50 ਬਰਸ ਦੀ ਆਯੂ ਹੋ ਜਾਣ ਤੋਂ :-

**"ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ" ॥** (ਸਲੋਕ ਫਰੀਦ-9)

ਅੱਗਾ ਯਾਦ ਆ ਗਿਆ ਤੇ ਦੂਜਾ ਸੰਤਾਨ ਦੇ ਹੋ-ਹੋ ਕੇ ਮਰ ਜਾਣ ਦੇ ਦੁਖ ਨੇ ਇਹਨਾਂ ਦੀ ਤਬੀਅਤ ਵਿਚ ਪਰਿਵਰਤਨ ਲੈ ਆਂਦਾ ਤੇ ਇਹਨਾਂ ਦੇ ਖਿਆਲ ਕੁਝ ਭਗਤੀ ਭਾਵ ਵਲ ਝੁਕ ਗਏ। ਸੋ ਇਹਨਾਂ ਹੀ ਦਿਨਾਂ ਵਿਚ ਜਦ ਆਪ ਦੀ ਆਯੂ 51 ਸਾਲਾਂ ਦੀ ਹੋਈ ਤਾਂ ਆਪ ਦੇ ਗ੍ਰਿਹ ਵਿਖੇ ਸੰਨ 1633 ਵਿੱਚ ਲੜਕਾ ਉਤਪੰਨ ਹੋਇਆ, ਜਿਸ ਦਾ ਨਾਮ 'ਨੰਦ ਲਾਲ' ਰਖਿਆ।

## ਵਿਦਯਾ

ਸ਼ਹਿਰ ਗ਼ਜ਼ਨੀ ਪਠਾਣੀ ਇਲਾਕੇ ਦਾ ਸ਼ਹਿਰ ਹੈ, ਤੇ ਇਥੋਂ ਦੀ ਵਸੋਂ ਤੇ ਹਾਕਿਮ ਵੀ ਪਠਾਣ ਹੀ ਸਨ, ਜਿਸ ਤੋਂ ਇਸ ਦੇਸ਼ ਦੀ ਭਾਸ਼ਾ ਤੇ ਰਾਜ ਦਰਬਾਰ ਦੀ ਜ਼ਬਾਨ ਵੀ ਫ਼ਾਰਸੀ ਹੀ ਸੀ। ਇਸ ਲਈ ਦੀਵਾਨ ਛੱਜੂ ਰਾਮ ਜੀ ਨੇ ਆਪਣੇ ਸਪੁਤ੍ਰ ਨੰਦ ਲਾਲ ਨੂੰ, ਜਦ ਇਨ੍ਹਾਂ ਨੇ ਹੋਸ਼ ਸੰਭਾਲੀ, ਤਾਂ ਇਕ ਮੌਲਵੀ ਪਾਸ ਪੜ੍ਹਨੇ ਪਾਇਆ, ਜਿੱਥੇ ਇਨ੍ਹਾਂ ਫ਼ਾਰਸੀ ਤੇ ਅ਼ਰਬੀ ਦੀ ਖ਼ਾਸੀ ਲਿਆਕਤ (ਵਿਦਿਆ)



Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰ ਲਈ ਜਿਹਾ ਕਿ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ :-

*ਨੰਦ ਲਾਲ ਨਿਤ ਮਕਤਬ ਜਾਇ॥*
*ਇ਼ਲਮ ਫ਼ਾਰਸੀ ਪਢਹਿ ਬਨਾਇ॥*
*ਤੀਛਨ ਬੁਧਿ ਪੁਨਹਿ ਅਭਯਾਸੇ॥*
*ਨਿਤ ਪ੍ਰਤਿ ਬਿਦਯਾ ਬਹੁਤ ਪ੍ਰਕਾਸ਼ੇ।੧੫॥*
*ਬ੍ਰਿੰਦ ਕਿਤਾਬਨ ਕੋ ਪਢ ਗਇਓ॥*
*ਇ਼ਲਮ ਬਿਖੇ ਕਾਮਿਲ ਬਹੁ ਭਇਓ॥*

(ਰੁਤ ੩, ਅੰਸੂ ੨੪)

ਤੇ ਮੁਸਲਮਾਨੀ ਮਤ ਦੀ ਕਾਫ਼ੀ ਵਾਕਫ਼ੀਅਤ ਹੋ ਗਈ, ਇਹ ਸੱਚ ਹੈ ਕਿ ਪੁਤ੍ਰ ਕਪੁਤ੍ਰ ਪੰਘੂੜਿਓਂ ਹੀ ਸਿਞਾਪ ਜਾਂਦੇ ਹਨ, ਨੰਦ ਲਾਲ ਦੇ ਥੋੜੀ ਆਯੂ ਵਿਚ ਹੀ ਅ਼ਰਬੀ ਤੇ ਫ਼ਾਰਸੀ ਦੇ ਪੰਡਤ ਹੋ ਜਾਣ ਤੇ ਛੱਜੂ ਰਾਮ ਆਪਣਿਆਂ ਕਪੜਿਆਂ ਵਿੱਚ ਨਹੀਂ ਸਮਾਂਵਦਾ ਸੀ, ਤੇ ਬੱਚੇ ਦੇ ਅਤਿ ਹੋਣਹਾਰ ਹੋ ਜਾਣ ਕਰਕੇ ਅਤਿ ਪ੍ਰਸੰਨ ਸੀ।

## ਕੰਠੀ ਪਾਉਣਾ

ਦੀਵਾਨ ਛੱਜੂ ਰਾਮ ਜੀ ਬੈਰਾਗੀਆਂ ਦੇ ਚੇਲੇ ਸਨ, ਜਦ ਨੰਦ ਲਾਲ ਦੀ ਆਯੂ ੧੨ ਵਰ੍ਹਿਆਂ ਦੀ ਹੋਈ ਤਦ ਦੀਵਾਨ ਜੀ ਨੇ ਕੰਠੀ (ਜੋ ਬੈਰਾਗੀ ਮਤ ਦਾ ਚਿੰਨ੍ਹ ਹੈ) ਪਾਉਣ ਲਈ ਆਪਣੇ ਗੁਰੂ ਨੂੰ ਬੈਰਾਗੀ ਸਾਧੂਆਂ ਦੀ ਜਮਾਤ ਸਮੇਤ ਮੰਗਾਇਆ। ਗ੍ਰਿਹ ਵਿਖੇ ਕਿਸੇ ਗੱਲ ਦੀ ਕਮੀ ਨਹੀਂ ਸੀ, ਤੇ ਫਿਰ ਲੜਕਾ ਵੀ ਇਕੋ ਇਕ ਹੀ ਸੀ, ਜਿਸ ਤੋਂ ਆਪ ਨੇ ਇਸ ਰਸਮ ਨੂੰ ਬੜੀ ਹੀ ਧੂਮ-ਧਾਮ ਨਾਲ ਪੂਰਾ ਕਰਨ ਲਈ ਲੱਗਦੇ ਵਾਹ ਕੋਈ ਕਸਰ ਬਾਕੀ ਨਾ ਰੱਖੀ। ਗ਼ਰੀਬਾਂ ਨੂੰ ਅੰਨ ਬਸਤ੍ਰ ਦਿੱਤਾ ਗਿਆ, ਬੈਰਾਗੀ ਸੰਤਾਂ ਦੀ ਸੇਵਾ ਬੜੇ ਹੀ ਚਾਉ ਤੇ ਪ੍ਰੇਮ ਨਾਲ ਕੀਤੀ ਗਈ। ਨੀਅਤ ਦਿਨ ਤੇ ਜਦ ਨੰਦ ਲਾਲ ਜੀ ਦੇ ਗਲ ਵਿੱਚ ਕੰਠੀ ਪਾਉਣ ਲੱਗੇ ਤਦ ਬਾਲਿਕ ਨੇ ਪੁੱਛਿਆ :-

'ਇਹ ਕੰਠੀ ਮੇਰੇ ਗਲ ਵਿੱਚ ਕਿਉਂ ਪਾਉਂਦੇ ਹੋ ?'

ਗੁਰੂ-ਬੇਟਾ ! ਇਹ ਬੈਰਾਗੀ ਮਤ ਦਾ ਚਿੰਨ੍ਹ ਹੈ, ਤੇ ਇਸ ਸੰਪ੍ਰਦਾ ਦੇ ਹਰ ਇੱਕ ਮਨੁੱਖ ਨੂੰ ਇਹ ਧਾਰਨ ਕਰਨੀ ਚਾਹੀਦੀ ਹੈ, ਇਸ ਦਾ ਭਾਵ ਇਹ ਹੈ ਕਿ ਅੱਜ ਤੋਂ ਤੁਸਾਂ ਸਾਨੂੰ ਗੁਰੂ ਧਾਰਨ ਕਰ ਲਿਆ ਹੈ।

ਨੰਦ ਲਾਲ-ਜੇ ਕੰਠੀ ਪਾਉਣ ਦਾ ਮਤਲਬ ਗੁਰੂ ਧਾਰਨ ਕਰਨ ਦਾ ਹੈ, ਤਾਂ ਮੈਂ ਅਜੇ ਤੱਕ ਕੋਈ ਗੁਰੂ ਨਹੀਂ ਧਾਰਿਆ, ਤੇ ਨਾ ਹੀ ਤੁਸਾਂ ਹੁਣ ਤਕ ਮੈਨੂੰ ਕੋਈ ਅਜੇਹੀ ਸਿਖਯਾ ਦਿੱਤੀ ਹੈ ਜਿਸ ਤੋਂ ਮੈਂ ਤੁਹਾਨੂੰ ਗੁਰੂ ਮੰਨ ਸਕਾਂ, ਇਸ ਲਈ



Sri Satguru Jagjit Singh Ji eLibrary NamdhariElibrary@gmail.com

ਕ੍ਰਿਪਾ ਕਰਕੇ ਹਾਲੀ ਮੈਨੂੰ ਕੰਠੀ ਪਾਉਣ ਤੋਂ ਮਾਫ਼ ਕਰੋ, ਜਦ ਮੈਂ ਗੁਰੂ ਧਾਰਨ ਕਰ ਲਵਾਂਗਾ ਤਦ ਕੰਠੀ ਪਾ ਲਵਾਂਗਾ। ਅਤੇ ਕਹਿਣ ਲੱਗੇ :-

*ਨੰਦ ਲਾਲ ਕਰ ਜੋਰਿ ਬਖਾਨਾ ॥*
*ਇਸ ਕੰਠੀ ਤੇ ਅਨਦ ਨ ਜਾਨਾ ।੬ ॥*
*ਬਾਣੀ ਸੁੰਦਰ ਕੰਠੀ ਜੋਇ ॥*
*ਮੋਰ ਗਰੇ ਪਹਿਰਾਵੋ ਸੋਇ ॥*
*ਗੁਰ ਪਰਮੇਸੁਰ ਜਸ ਜਿਸੁ ਮਾਂਹੀ ॥*
*ਬਰਨਨ ਕਰਤੇ ਤ੍ਰਿਪਤੌਂ ਨਾਂਹੀ ।੭ ॥*
*ਸਦਾ ਕੰਠ ਮੈਂ ਸੁੰਦਰ ਸੋਹੈ ॥*
*ਪਠਨ ਸੁਨਨਿ ਤੇ ਜਨ ਮਨ ਮੋਹੈ ॥*

(ਸੂਰਜ ਪ੍ਰਕਾਸ਼, ਰੁਤ ੩-੨੪)

ਜਿਸ ਤੋਂ ਨੰਦ ਲਾਲ ਜੀ ਦੇ ਮਾਤਾ ਪਿਤਾ ਤੇ ਹੋਰ ਸਾਰੇ ਸਾਕ ਸਬੰਧੀ ਅਸਚਰਜ ਰਹਿ ਗਏ। ਦੀਵਾਨ ਜੀ ਗੁਰੂ ਦੇ ਮੂੰਹ ਵੱਲ ਤੇ ਗੁਰੂ ਦੀਵਾਨ ਦੇ ਮੂੰਹ ਵੱਲ ਲੱਗੇ ਬਿਟ ਬਿਟ ਵੇਖਣ, ਪਰੰਤੂ ਕਿਸੇ ਨੂੰ ਕੋਈ ਗੱਲ ਨਾ ਆਹੁੜੇ, ਜਿਸ ਤੇ ਪਿਤਾ ਨੇ ਪੁੱਤਰ ਨੂੰ ਕਿਹਾ :-

ਬੇਟਾ! ਅਸੀਂ ਸ੍ਰੀ ਰਾਮਾਨੰਦ ਜੀ ਦੇ ਘਰ ਦੇ ਸੇਵਕ ਹਾਂ, ਸਾਨੂੰ ਹੁਕਮ ਹੈ ਕਿ ਇਹ ਕੰਠੀ ਜ਼ਰੂਰ ਗਲ ਵਿਚ ਪਾਈ ਜਾਏ, ਇਸ ਲਈ ਗੁਰੂ ਜੀ ਦਾ ਹੁਕਮ ਮੰਨ ਕੇ ਕੰਠੀ ਗਲ ਵਿਚ ਪੁਆ ਲਓ।

ਨੰਦ ਲਾਲ-ਪਿਤਾ ਜੀ! ਮੈਂ ਆਪ ਦੀ ਆਗਯਾ ਹਰ ਵਕਤ ਪਾਲਣ ਨੂੰ ਤਿਆਰ ਹਾਂ, ਗੁਰੂ ਜੀ ਨੇ ਜੋ ਕੁਝ ਕੰਠੀ ਪਾਣ ਦੇ ਗੁਣ ਦੱਸੇ ਹਨ, ਉਹ ਇਹ ਹਨ ਕਿ ਕੰਠੀ ਪਾਣਾਂ ਗੁਰੂ ਧਾਰਨ ਕਰਨ ਦਾ ਚਿੰਨ੍ਹ ਹੈ, ਸੋ ਜਦ ਮੈਂ ਅਜੇ ਕੋਈ ਗੁਰੂ ਧਾਰਨ ਹੀ ਨਹੀਂ ਕੀਤਾ ਤਾਂ ਕੰਠੀ ਪਾਉਣ ਦੇ ਕੀ ਅਰਥ ? ਜਦ ਕੋਈ ਮੈਨੂੰ ਐਸਾ ਸੱਜਣ ਪੁਰਸ਼ ਮਿਲ ਗਿਆ ਕਿ ਜਿਸ ਨੇ ਮੇਰੇ ਦਿਲ ਦੇ ਸੰਸੇ ਨਵਿਰਤ ਕਰ ਦਿੱਤੇ ਤੇ ਮੈਨੂੰ ਪਰਮਾਤਮਾ ਨੂੰ ਮਿਲਾ ਦਿੱਤਾ, ਤਦ ਮੈਂ ਇੱਕ ਨਹੀਂ ਸੌ ਕੰਠੀ ਵੀ, ਜਦ ਉਸ ਨੇ ਕਹੀ, ਪਾਉਣ ਨੂੰ ਤਿਆਰ ਹੋ ਜਾਵਾਂਗਾ। ਬਾਕੀ ਰਹੀ ਰਿਵਾਜ ਦੀ ਗੱਲ, ਸੋ ਇਹ ਠੀਕ ਨਹੀਂ, ਕਿਉਂਕਿ :-

**ਲੀਕ ਲੀਕ ਗਾਡੀ ਚਲੇ, ਲੀਕੇ ਚਲੇ ਕਪੂਤ ॥**
**ਤੀਨੋਂ ਲੀਕੇ ਨਾ ਚਲੇਂ, ਸੂਰਾ, ਸਿੰਘ, ਸਪੂਤ ॥**

ਸੋ ਆਪ ਹੁਣ ਇਸ ਗੱਲ ਤੇ ਬਹੁਤੀ ਵਾਰ ਜ਼ੋਰ ਨਾ ਦਿਓ।

ਜਦ ਪਿਤਾ ਨੇ ਬੇਟੇ ਵੱਲੋਂ ਅਜੇਹੀਆਂ ਗੱਲਾਂ ਸੁਣੀਆਂ ਤਾਂ ਨਿਰਾਸਤਾ ਜਿਹੀ


Sri Satguru Jagjit Singh Ji eLibrary NamdhariElibrary@gmail.com

ਵਿੱਚ ਪੈ ਗਿਆ। ਨੰਦ ਲਾਲ ਜੀ ਦੇ ਨਾਲ ਪੜ੍ਹਨ ਵਾਲੇ ਬਾਲਾਂ ਤੇ ਉਸ ਦੇ ਉਸਤਾਦ ਮੌਲਵੀ ਜੀ ਤੋਂ ਵੀ ਇਸਨੂੰ ਅਜੇਹਾ ਕਰਨ ਲਈ ਅਖਵਾਇਆ, ਪ੍ਰੰਤੂ ਜਦ ਕਿਸੇ ਦੀ ਵੀ ਪੇਸ਼ ਨਾ ਗਈ ਤਾਂ ਅੰਤ ਨੂੰ ਇਹ ਆਖ ਕੇ ਕਿ ਅੱਛਾ ਵਿਆਹ ਦੇ ਸਮੇਂ ਕੰਠੀ ਪਾ ਲਈ ਜਾਵੇਗੀ, ਦੀਵਾਨ ਜੀ ਦੇ ਗੁਰੂ ਤੇ ਉਨ੍ਹਾਂ ਦੇ ਸਾਥੀ ਬੈਰਾਗੀ ਸੰਤ ਵਿਦਾ ਕਰ ਦਿੱਤੇ ਗਏ।

## ਮਾਤਾ ਪਿਤਾ ਦਾ ਚਲਾਣਾ

ਜਦ ਨੰਦ ਲਾਲ ਜੀ ਦੀ ਆਯੂ 17 ਸਾਲ ਦੀ ਹੋਈ ਤਾਂ ਆਪ ਜੀ ਦੀ ਮਾਤਾ ਚਲਾਣਾ ਕਰ ਗਈ, ਤੇ ਅਜੇ ਮਾਤਾ ਦੇ ਗੁਜ਼ਰ ਜਾਣ ਦੇ ਸਦਮੇਂ ਨੂੰ ਦੋ ਵਰ੍ਹੇ ਵੀ ਨਹੀਂ ਬੀਤੇ ਸਨ ਕਿ ਆਪ ਦੇ ਪਿਤਾ ਦੀਵਾਨ ਛੱਜੂਰਾਮ ਜੀ ਵੀ ਚਲਾਣਾ ਕਰ ਗਏ, ਜਿਸ ਤੋਂ ਆਪ ਦੇ ਨਰਮ ਦਿਲ ਉੱਤੇ ਹੋਰ ਵੀ ਸੱਟ ਵੱਜੀ। ਪ੍ਰੰਤੂ ਸਿਰ ਉੱਤੇ ਨਾਨਕਿਆਂ ਦੇ ਹੱਥ ਰੱਖਣ ਤੇ ਨਵਾਬ ਦੇ ਦਿਲਾਸ ਨਾਲ ਆਪ ਦਾ ਦਿਲ ਪਰਚ ਗਿਆ। ਅਤੇ ਜਦ ਪਿਤਾ ਦੇ ਦਾਹ ਕਰਮ ਤੋਂ ਵਿਹਲੇ ਹੋਏ ਤਦ ਨਵਾਬ ਪਾਸ ਪਿਤਾ ਦੀ ਜਗ੍ਹਾ ਕੰਮ ਕਰਨ ਲਈ ਦਰਖ਼ਾਸਤ ਦਿੱਤੀ, ਪ੍ਰੰਤੂ ਨਵਾਬ ਜੀ ਨੇ ਇਹ ਕਹਿ ਕੇ ਕਿ ਤੁਹਾਡੇ ਪਿਤਾ ਪੁਰਾਣੇ ਨੌਕਰ ਤੇ ਬੜੇ ਤਜ਼ਰਬੇਕਾਰ ਸਨ, ਜਿਸ ਤੋਂ ਉਹ ਇਸ ਕੰਮ ਨੂੰ ਨਜਿੱਠਣ ਲਈ ਸਮਰਥ ਸੀ, ਪ੍ਰੰਤੂ ਤੁਸੀਂ ਅਜੇ ਨੌਜਵਾਨ ਹੋ, ਇਸ ਲਈ ਪਹਿਲਾਂ ਕਿਸੇ ਹੋਰ ਨਿੱਕੀ ਅਸਾਮੀ ਤੇ ਕੰਮ ਕਰੋ, ਜਦ ਆਪ ਨੂੰ ਤਜ਼ਰਬਾ ਹੋ ਜਾਵੇਗਾ, ਤਦ ਆਪ ਨੂੰ ਦੀਵਾਨ ਦੀ ਜਗ੍ਹਾ ਉੱਤੇ ਕੰਮ ਕਰਨ ਲਈ ਨੀਯਤ ਕਰ ਦਿੱਤਾ ਜਾਏਗਾ। ਨਵਾਬ ਦੇ ਇਸ ਉੱਤਰ ਪਰ ਆਪ ਨਿਰਾਸ ਹੋ ਗਏ, ਅਰ ਉਸ ਦੇਸ਼ ਨੂੰ ਛੱਡਕੇ ਹਿੰਦੁਸਤਾਨ ਵੱਲ ਆਉਣ ਦੀ ਨੀਯਤ ਧਾਰ ਲਈ। ਸੋ ਆਪ ਨੇ ਚੁਪ ਚਾਪ ਜਿਤਨਾ ਬਾਹਰ ਲੈਣਾ ਦੇਣਾ ਸੀ ਇਕੱਠਾ ਕਰ ਲਿਆ, ਤੇ ਹੋਰ ਜਾਇਦਾਦ ਵੇਚ ਵੱਟ ਕੇ ਆਪਣੇ ਪਿਤਾ ਦੇ ਇੱਕ ਮਿੱਤ੍ਰ ਨਾਲ, ਜੋ ਕਾਫ਼ਲਾ ਬਣਾ ਕੇ ਹਿੰਦ ਵਿੱਚ ਆਉਣ ਵਾਲਾ ਸੀ, ਤਿਆਰ ਹੋ ਗਏ, ਤੇ ਆਪਣਾ ਮਾਲ ਅਸਬਾਬ ਜੋ ਕੁਝ ਲਿਆ ਸਕੇ ਖੱਚਰਾਂ ਉੱਤੇ ਲੱਦਕੇ ਕੂਚ ਕਰ ਦਿੱਤਾ। ਇਸ ਤਰ੍ਹਾਂ ਚਲਦੇ ਚਲਦੇ ਆਪ ਜਦ ਮੁਲਤਾਨ ਪੁੱਜੇ ਤਾਂ ਇਥੇ ਨਿਵਾਸ ਕਰਨ ਦਾ ਖਿਆਲ ਪੈਦਾ ਹੋ ਗਿਆ, ਜਿਸ ਤੋਂ ਕਾਫ਼ਲੇ ਵਾਲਿਆਂ ਤੋਂ ਛੁੱਟੀ ਲੈ ਇੱਥੇ ਹੀ ਮਕਾਨ ਕਿਰਾਏ ਤੇ ਲੈ ਲਿਆ। ਪ੍ਰੰਤੂ ਸ਼ਹਿਰ ਦੀ ਵੱਸੋਂ ਸੰਘਣੀ ਹੋਣ ਕਰਕੇ ਇਹਨਾਂ ਦਾ ਦਿਲ ਸ਼ਹਿਰ ਵਿੱਚ ਨਾ ਲੱਗਾ। ਇੱਕ ਦਿਨ ਦਿੱਲੀ ਦਰਵਾਜ਼ੇ ਵੱਲੋਂ ਹੋ ਕੇ ਆਪ ਜਦ ਬਾਹਰ ਸੈਰ ਕਰਨ ਨੂੰ ਜਾ ਰਹੇ ਸਨ, ਤਾਂ ਇਧਰ ਖੁੱਲ੍ਹੀ ਥਾਉਂ ਤੇ ਖਤ੍ਰੀਆਂ ਦੇ ਘਰ ਵੇਖਕੇ ਇਹ ਜਗ੍ਹਾ ਮੁੱਲ ਲੈ ਲਈ ਤੇ ਮਕਾਨ ਆਦਿ ਤਿਆਰ ਕਰਵਾ ਲਏ। ਇਸੇ ਤਰ੍ਹਾਂ ਨਾਲ ਇਥੇ ਹੋਰ ਕਈ ਆਦਮੀਆਂ ਨੇ ਆ ਆ ਕੇ ਜਗ੍ਹਾ ਲੈ ਕੇ ਮਕਾਨ ਬਨਾਉਣੇ ਸ਼ੁਰੂ



Sri Satguru Jagjit Singh Ji eLibrary NamdhariElibrary@gmail.com

ਕਰ ਦਿੱਤੇ, ਜਿਸ ਤੋਂ ਇਹ ਜ਼ਗ੍ਹਾ ਵੀ ਸ਼ਹਿਰ ਦੀ ਸ਼ਕਲ ਵਿੱਚ ਆ ਗਈ, ਜਿਸਦਾ ਨਾਮ ਅੱਜ ਕਲ੍ਹ 'ਆਗ਼ਾਪੁਰ' ਕਰਕੇ ਪ੍ਰਗਟ ਹੈ। 'ਪ੍ਰੇਮ ਫੁਲਵਾੜੀ' ਦੇ ਕਰਤਾ ਜੀ ਦਾ ਕਥਨ ਹੈ ਕਿ ਨੰਦ ਲਾਲ ਜੀ ਨੇ ਇਸ ਜਗ੍ਹਾ ਦਾ ਨਾਮ ਆਪਣੇ ਆਗਮਨ ਦੇ ਕਾਰਨ 'ਆਗਮਨ ਪੁਰਾ' ਰੱਖਿਆ, ਇਹ ਨਾਮ ਪਿੱਛੋਂ ਵਿਗੜਦਾ ਵਿਗੜਦਾ 'ਆਗਮਨ ਪੁਰ' ਦੀ ਥਾਂਵੇਂ ਲੋਕਾਂ ਦੀ ਜ਼ਬਾਨ ਉੱਤੇ 'ਆਗ਼ਾਪੁਰਾ' ਚੜ੍ਹ ਗਿਆ, ਜਿਸ ਤੋਂ ਇਹ ਨਾਮ ਹੀ ਪ੍ਰਚੱਲਤ ਹੋ ਗਿਆ। ਅਸੀਂ ਨਹੀਂ ਕਹਿ ਸਕਦੇ ਜੋ 'ਪ੍ਰੇਮ ਫੁਲਵਾੜੀ' ਦੇ ਕਰਤਾ ਜੀ ਨੇ ਇਸ ਮਹੱਲੇ ਦੇ ਨਾਮ ਦਾ ਇਹ ਕਾਰਨ ਕਿਸੇ ਇਤਿਹਾਸਕ ਪ੍ਰਮਾਣ ਤੋਂ ਦਿੱਤਾ ਹੈ, ਜਾਂ ਆਪਣੀ ਸਮਝ ਤੋਂ ਉਹ ਇਸ ਨਤੀਜੇ ਤੇ ਪੁੱਜੇ ਹਨ? ਜੇ ਤਾਂ ਆਪ ਦਾ ਇਹ ਕਥਨ ਕਿਸੇ ਇਤਿਹਾਸਕ ਖੋਜ ਤੇ ਨਿਰਭਰ ਹੈ, ਜਿਸ ਦਾ ਜ਼ਿਕਰ ਆਪ ਨੇ ਕਿਧਰੇ ਨਹੀਂ ਕੀਤਾ, ਤਦ ਤਾਂ ਇਹ ਖੋਜ ਆਪ ਦੀ ਬੜੀ ਅਮੋਲਕ ਹੈ, ਪ੍ਰੰਤੂ ਜੇ ਉਨ੍ਹਾਂ ਨੇ ਆਪਣਾ ਹੀ ਕਿਆਸ ਪ੍ਰਗਟ ਕੀਤਾ ਹੈ ਤਾਂ ਹੋ ਸਕਦਾ ਹੈ ਕਿ ਭਾਈ ਨੰਦ ਲਾਲ ਜੀ ਦੇ ਇਸ ਪਿੰਡ ਦਾ ਨਾਮ 'ਆਗ਼ਾ ਪੁਰ' ਹੋਣ ਦਾ ਇਹ ਕਾਰਨ ਵੀ ਹੋਵੇ ਕਿ ਇਸ ਪਾਸੇ ਦੇ ਹਿੰਦੂ ਕਾਬਲ ਦੀ ਧਰਤੀ ਦੇ ਆਦਮੀਆਂ ਨੂੰ 'ਆਗ਼ਾ' 'ਆਗ਼ਾ' ਕਰਕੇ ਪੁਕਾਰਦੇ ਹਨ, ਚੂੰਕਿ ਭਾਈ ਨੰਦ ਲਾਲ ਜੀ ਵੀ ਕਾਬਲ ਦੀ ਧਰਤੀ ਦੇ ਰਹਿਣ ਵਾਲੇ ਸਨ, ਇਸ ਲਈ ਸੰਭਵ ਹੈ ਕਿ ਇਨ੍ਹਾਂ ਨੂੰ ਵੀ ਲੋਕ ਪਹਿਲੀਆਂ ਵਿੱਚ 'ਆਗ਼ਾ' ਸੱਦਦੇ ਹੋਣ ਤੇ ਇਸੇ ਤੋਂ ਇਨ੍ਹਾਂ ਦੇ ਮਹੱਲੇ ਦਾ ਨਾਮ 'ਆਗ਼ਾ ਪੁਰਾ' ਪੈ ਗਿਆ ਹੋਵੇ। ਬ-ਹਰ ਹਾਲ ਇਹ ਮਹੱਲਾ ਆਪ ਦੇ ਵੱਸਣ ਕਰਕੇ ਵੱਸਿਆ ਤੇ ਹੁਣ ਤਕ ਉਨ੍ਹਾਂ ਦੀ ਯਾਦਗਾਰ ਹੈ।

## ਵਿਆਹ

ਨੰਦ ਲਾਲ ਜੀ ਨੂੰ ਜਦ ਇਥੇ ਰਹਿੰਦਿਆਂ ਕੁਝ ਸਮਾਂ ਗੁਜ਼ਰ ਗਿਆ ਤਾਂ ਇਨ੍ਹਾਂ ਦੇ ਮਹੱਲੇ ਵਿਚੋਂ ਇਕ ਖਤ੍ਰੀ ਨੇ ਇਹਨਾਂ ਨੂੰ ਗੁਣਵਾਨ, ਧਨਵਾਨ, ਵਿਦਯਾਵਾਨ, ਸੁੰਦਰ ਜੁਵਾਨ ਤੇ ਸ਼ੀਲ ਸੁਭਾਉ ਦਾ ਵੇਖ ਕੇ ਆਪਣੀ ਲੜਕੀ ਦਾ ਨਾਤਾ ਇਨ੍ਹਾਂ ਨਾਲ ਕਰ ਦਿਤਾ, ਜਿਸ ਤੋਂ ਹੁਣ ਆਪ ਦਾ ਦਿਲ ਏਥੇ ਚੰਗੀ ਤਰ੍ਹਾਂ ਲਗ ਗਿਆ, ਤੇ ਆਪ ਦੀ ਸੁਪਤਨੀ ਦੇ ਸੁਘੜ ਤੇ ਸੁਚੱਜੇ ਹੋਣ ਦੇ ਕਾਰਨ ਨੰਦ ਲਾਲ ਜੀ ਆਪਣੇ ਆਪ ਨੂੰ ਬੜਾ ਹੀ ਸੁਭਾਗਾ ਸਮਝਣ ਲੱਗੇ। ਇਨ੍ਹਾਂ ਦੀ ਸੁਪਤਨੀ ਇੱਕ ਸਿੱਖ ਘਰਾਣੇ ਦੀ ਲੜਕੀ ਸੀ। ਨੰਦ ਲਾਲ ਜੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਸੰਗ ਤੇ ਇਨ੍ਹਾਂ ਦੀ ਪਵਿਤ੍ਰ ਬਾਣੀ ਆਪਣੀ ਇਸਤ੍ਰੀ ਪਾਸੋਂ ਸੁਣ ਕੇ ਇਸ 'ਵਿਛੁੜੇ ਮੇਲਣ ਵਾਲੇ' ਤੇ 'ਦਰਗਾਹ ਦੇ ਬਸੀਠ' ਗੁਰੂ ਵਲ ਝੁਕ ਪਏ*।

*ਭਾਈ ਰਾਮ ਕਿਸ਼ਨ ਸਿੰਘ ਜੀ ਲਿਖਦੇ ਹਨ ਕਿ ਭਾਈ ਨੰਦ ਲਾਲ ਜੀ ਨੇ ਮੁਲਤਾਨ ਵਿਚ ਇਕ ਉਦਾਸੀ ਸੰਤਾਂ ਦੇ ਡੇਰੇ ਦੇ ਮਹੰਤ ਪਾਸੋਂ ਸਿੱਖ ਮਤ ਦੀ ਸਿੱਖਿਆ ਪੜ੍ਹੀ, ਇਉਂ ਗੁਰੂ ਘਰ ਵੱਲ ਝੁਕਾਉ ਹੋਇਆ।



Sri Satguru Jagjit Singh Ji eLibrary NamdhariElibrary@gmail.com

## ਨੌਕਰ ਹੋ ਗਏ

ਜਿਸ ਸਮੇਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਨ੍ਹਾਂ ਦਿਨਾਂ ਵਿਚ ਮੁਲਤਾਨ ਕਾਬਲ ਦਾ ਇਕ ਸੂਬਾ ਸਮਝਿਆ ਜਾਂਦਾ ਸੀ। ਜਦ ਇਥੋਂ ਦੇ ਹਾਕਮ ਨੇ ਆਪ ਦੇ ਗ਼ਜ਼ਨੀ ਤੋਂ ਆਉਣ ਦਾ ਸਮਾਚਾਰ ਸੁਣਿਆ ਤਾਂ ਮਿਲਣ ਲਈ ਸੱਦਾ ਭੇਜਿਆ ਤੇ ਮਿਲਣ ਪਰ ਇਨ੍ਹਾਂ ਦੀ ਵਿਦਵਤਾ, ਬੁੱਧੀਮਤਾ ਤੇ ਸਿਆਣਪ ਉੱਤੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਆਪਣਾ ਮੀਰ ਮੁਨਸ਼ੀ (ਦੀਵਾਨ) ਨੀਯਤ ਕਰ ਲਿਆ।

## ਸੰਤਾਨ

ਜਦ ਆਪ ਦੀ ਉਮਰ ੪੫ ਸਾਲ ਦੇ ਲਗਭਗ ਪੁੱਜੀ ਤਾਂ ਆਪ ਦੇ ਘਰ ਇੱਕ ਲੜਕਾ ਉਤਪੰਨ ਹੋਇਆ, ਜਿਸ ਦਾ ਨਾਮ 'ਲਖਪਤਰਾਇ' ਰੱਖਿਆ ਤੇ ਇਸ ਤੋਂ ਦੋ ਵਰ੍ਹੇ ਪਿਛੋਂ ਇੱਕ ਹੋਰ ਲੜਕਾ ਹੋਇਆ ਜਿਸ ਦਾ ਨਾਮ 'ਲੀਲਾ ਰਾਮ' ਰੱਖਿਆ।

## ਉਦਾਸੀਨਤਾ

ਇਨ੍ਹਾਂ ਨੌਕਰੀ ਦੇ ਦਿਨਾਂ ਵਿੱਚ ਆਪ ਨੇ ਜਿਸ ਨੇਕ-ਨਿਯਤੀ, ਦਿਆਨਤਦਾਰੀ ਤੇ ਈਮਾਨਦਾਰੀ ਨਾਲ ਕੰਮ ਕੀਤਾ ਉਸ ਦਾ ਸਿੱਟਾ ਇਹ ਨਿਕਲਿਆ ਕਿ ਸਾਰੇ ਹੀ ਅਫ਼ਸਰ ਆਪ ਪੁਰ ਬੜੇ ਹੀ ਪ੍ਰਸੰਨ ਹੋ ਗਏ। ਪਰੰਤੂ ਇਨ੍ਹਾਂ ਦੇ ਏਹ ਗੁਣ ਤੇ ਕੀਰਤੀ, ਇਨ੍ਹਾਂ ਦੇ ਬਾਕੀ ਸਾਥੀ ਮੁਲਾਜ਼ਿਮ ਨਾਂ ਸਹਾਰ ਸਕੇ, ਤੇ ਇਨ੍ਹਾਂ ਨੂੰ ਅਫ਼ਸਰਾਂ ਦੇ ਬਹੁਤਾ ਮੂੰਹ ਚਿਤ ਲਗਾ ਵੇਖ ਅਕਾਰਨ ਵੈਰ ਕਰਨ ਲੱਗ ਗਏ, ਜਿਸ ਤੋਂ ਆਪ ਨੇ ਇਸ ਮਾਮਲੇ ਨੂੰ ਡੂੰਘੀ ਵਿਚਾਰ ਨਾਲ ਵਿਚਾਰਕੇ ਨੌਕਰੀ ਛੱਡ ਦਿੱਤੀ ਤੇ ਆਪ ਮੁਲਤਾਨ ਸ਼ਹਿਰ ਤੋਂ ਉਦਾਸ ਹੋ ਗਏ। ੫੦ ਸਾਲ ਦੀ ਉਮਰ ਵਿੱਚ ਜਦ ਇਨ੍ਹਾਂ ਦਾ ਵੱਡਾ ਲੜਕਾ ਪੰਜ ਤੇ ਨਿੱਕਾ ਲੜਕਾ ਤਿੰਨ ਸਾਲ ਦਾ ਸੀ, ਇਨ੍ਹਾਂ ਨੂੰ ਘਰ ਹੀ ਛਡ ਕਰਕੇ ਮੁਲਤਾਨੋਂ ਟੁਰ ਪਏ ਅਤੇ ਕਈ ਥਾਵਾਂ ਦੀ ਯਾਤਰਾ ਕਰਦੇ ਆਗਰੇ ਪੁੱਜੇ।

## ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਹੋ ਗਏ

ਆਗਰੇ ਉਨ੍ਹਾਂ ਦਿਨਾਂ ਵਿੱਚ ਔਰੰਗਜ਼ੇਬ ਦਾ ਵੱਡਾ ਲੜਕਾ 'ਬਹਾਦਰ ਸ਼ਾਹ' ਹਕੂਮਤ ਕਰਦਾ ਸੀ। ਇਸ ਦੀ ਕਚਹਿਰੀ ਵਿੱਚ ਇੱਕ ਦਿਨ ਜਾ ਨਿਕਲੇ ਤੇ ਸ੍ਵੈ-ਰਚਿਤ ਇੱਕ ਫ਼ਾਰਸੀ ਕਸੀਦਾ ਦਰਬਾਰ ਵਿੱਚ ਸੁਣਾਇਆ, ਜਿਸ ਨੂੰ ਸੁਣ ਕੇ ਬਹਾਦਰ ਸ਼ਾਹ ਚੱਕ੍ਰਿਤ ਰਹਿ ਗਿਆ, ਤੇ ਅਗਲੇ ਦਿਨ ਮਿਲਣ ਲਈ ਕਿਹਾ। ਜਦ ਦੂਜੇ ਦਿਨ ਮਿਲਣ ਤੇ ਗੱਲਬਾਤ ਹੋਈ ਤਦ ਇਨ੍ਹਾਂ ਨੇ ਆਪਣਾ ਗ਼ਜ਼ਨੀ ਤੋਂ ਲੈ ਕੇ



Sri Satguru Jagjit Singh Ji eLibrary NamdhariElibrary@gmail.com

ਹੁਣ ਤੱਕ ਦਾ ਸਾਰਾ ਪ੍ਰਸੰਗ ਸੁਣਾਇਆ। ਬਹਾਦਰ ਸ਼ਾਹ ਨੇ ਮੀਰ ਮੁਨਸ਼ੀ ਦਾ ਪਦ ਗ੍ਰਹਿਣ ਕਰਨ ਲਈ ਪ੍ਰੇਰਨਾ ਕੀਤੀ, ਜਿਸ ਨੂੰ ਆਪ ਨੇ ਸ੍ਵੀਕਾਰ ਕਰ ਲਿਆ। ਜਿਵੇਂ ਲਾਲ ਆਪਣੀ ਸੁੰਦਰਤਾ ਤੇ ਚਮਕ ਦਮਕ ਨਾਲ ਕੌਡੀਆਂ ਵਿੱਚ ਪਿਆ ਅੱਡਰਾ ਭਾਸਦਾ ਹੈ, ਇਸੇ ਤਰ੍ਹਾਂ ਨੰਦ ਲਾਲ ਜੀ ਆਪਣੀ ਸਿਆਣਪ ਤੇ ਚਤੁਰਤਾ ਨਾਲ ਸਾਰੇ ਮੁਨਸ਼ੀਆਂ ਤੋਂ ਵੱਖਰੇ ਭਾਸ਼ਣ ਲੱਗੇ ਤੇ ਇਨ੍ਹਾਂ ਨੂੰ ਚੋਟੀ ਦਾ ਆਦਮੀ ਸਮਝਿਆ ਜਾਣ ਲੱਗਾ। ਕੁਝ ਸਮਾਂ ਬੀਤਣ ਮਗਰੋਂ ਔਰੰਗਜ਼ੇਬ ਦੌਰਾ ਕਰਦਾ ਹੋਯਾ ਆਗਰੇ ਪੁੱਜਾ। ਇੱਥੇ ਬਾਦਿਸ਼ਾਹ ਨੂੰ ਬਾਦਿਸ਼ਾਹੀ ਦਰਬਾਰਾਂ ਤੇ ਮਜ਼ਬੀ ਜਲਸੇ ਕਰਨ ਦਾ ਬਹੁਤ ਮੌਕਾ ਮਿਲਿਆ। ਕੁਰਾਨ ਦੀ ਇੱਕ ਆਇਤ ਦਾ ਭਾਵ, ਜਿਸ ਦਾ ਮਤਲਬ ਇਸ ਦੀ ਸਮਝ ਵਿੱਚ ਨਹੀਂ ਆਉਂਦਾ ਸੀ, ਇਸ ਨੇ ਮੁਲਾਣਿਆਂ ਕੋਲੋਂ ਪੁੱਛਿਆ, ਪਰੰਤੂ ਕੋਈ ਉਸ ਦਾ ਠੋਸ ਉੱਤਰ ਨਾ ਦੇ ਸਕਿਆ। ਫੇਰ ਉਸ ਨੇ ਬਹਾਦਰ ਸ਼ਾਹ ਕੋਲੋਂ ਇਸ ਆਇਤ ਦਾ ਮਤਲਬ ਪੁੱਛਿਆ, ਪਰ ਇਹ ਵੀ ਉਸ ਵੇਲੇ ਕੋਈ ਤਸੱਲੀ-ਬਖਸ਼ ਉੱਤਰ ਨਾ ਦੇ ਸਕਿਆ। ਫੇਰ ਬਾਦਸ਼ਾਹ ਨੇ ਇੱਕ ਸਪਤਾਹ ਸੋਚਣ ਲਈ ਬਹਾਦਰ ਸ਼ਾਹ ਨੂੰ ਮੋਹਲਤ ਦਿੱਤੀ। ਦੋ ਤਿੰਨ ਦਿਨ ਮਗਰੋਂ ਨੰਦ ਲਾਲ ਤੇ ਬਹਾਦਰ ਸ਼ਾਹ ਦੀ ਮੁਲਾਕਾਤ ਹੋਈ, ਤਦ ਨੰਦ ਲਾਲ ਨੇ ਬਹਾਦਰ ਸ਼ਾਹ ਦੇ ਚਿਹਰੇ ਤੇ ਉਦਾਸੀ ਵੇਖ ਕਾਰਨ ਪੁੱਛਿਆ, ਜਿਸ ਤੇ ਉਸ ਨੇ ਔਰੰਗਜ਼ੇਬ ਦੇ ਪ੍ਰਸ਼ਨ ਦਾ ਹਾਲ ਦੱਸਿਆ। ਨੰਦ ਲਾਲ ਜੀ ਨੇ, ਜੋ ਫ਼ਾਰਸੀ ਤੇ ਅ਼ਰਬੀ ਦੇ ਬੜੇ ਡੂੰਘੇ ਵਿਦਵਾਨ ਸਨ, ਇਸ ਆਇਤ ਦੇ ਅਰਥ ਇਸ ਖ਼ੂਬੀ ਨਾਲ ਸਮਝਾਏ ਕਿ ਬਹਾਦਰ ਸ਼ਾਹ ਦੰਗ ਰਹਿ ਗਿਆ ਤੇ ਜਦ ਉਸ ਨੇ ਆਪਣੇ ਪਿਤਾ ਔਰੰਗਜ਼ੇਬ ਨੂੰ ਜਾ ਕੇ ਇਸ ਆਇਤ ਦੀ ਵਿਆਖਿਆ ਸੁਣਾਈ; ਤਾਂ ਉਸ ਦੀ ਤਸੱਲੀ ਹੋ ਗਈ। ਤਾਂ ਔਰੰਗਜ਼ੇਬ, ਬਹਾਦਰ ਸ਼ਾਹ ਨੂੰ ਕਹਿਣ ਲੱਗਾ। ਬਹਾਦਰ ਸ਼ਾਹ! ਤੂੰ ਮੇਰਾ ਪੁੱਤਰ ਹੈਂ ਮੈਨੂੰ ਪਤਾ ਹੈ ਕਿ ਤੇਰੀ ਬੁੱਧੀ ਕਿੰਨੀ ਕੁ ਹੈ। ਇਹ ਅਰਥ ਤੇਰੇ ਕੀਤੇ ਹੋਏ ਨਹੀਂ ਹਨ। ਅੰਤ ਵਿੱਚ ਉਸ ਦੇ ਪੁੱਛਣ ਤੇ ਬਹਾਦਰ ਸ਼ਾਹ ਨੇ ਨੰਦ ਲਾਲ ਦਾ ਨਾਮ ਲਿਆ, ਜਿਸ ਤੋਂ ਉਸ ਨੇ ਦਰਬਾਰ ਵਿੱਚ ਇਨ੍ਹਾਂ ਨੂੰ ਹਾਜ਼ਿਰ ਹੋਣ ਦਾ ਹੁਕਮ ਦਿੱਤਾ।

## ਔਰੰਗਜ਼ੇਬ ਕੋਲ ਪੁੱਜਣਾ

ਜਦ ਨੰਦ ਲਾਲ ਜੀ ਦਰਬਾਰ ਵਿੱਚ ਗਏ ਤਾਂ ਫਿਰ ਉਸੇ ਆਇਤ ਦੇ ਅਰਥ ਉਸ ਨੇ ਪੁੱਛੇ, ਜਦ ਇਨ੍ਹਾਂ ਨੇ ਅਰਥ ਕੀਤੇ ਤਾਂ ਔਰੰਗਜ਼ੇਬ ਇਨ੍ਹਾਂ ਦੇ ਖਿਆਲ ਦੀ ਉੱਚਤਾ ਤੇ ਵਿਦਯਾ ਦਾ ਬਲ ਵੇਖ 'ਮਰਹਬਾ' 'ਮਰਹਬਾ' ਕਰ ਉੱਠਿਆ, ਤੇ ਬਹਾਦਰ ਸ਼ਾਹ ਨੂੰ ਅੱਡ ਬੁਲਾ ਕੇ ਹੁਕਮ ਦਿੱਤਾ ਕਿ ਅਜੇਹਾ ਵਿਦਯਾਵਾਨ 'ਹਿੰਦੂ' ਨਹੀਂ



Sri Satguru Jagjit Singh Ji eLibrary NamdhariElibrary@gmail.com

ਰਹਿਣਾ ਚਾਹੀਦਾ। ਜਿਸ ਤਰ੍ਹਾਂ ਹੋ ਸਕੇ.ਇਸ ਨੂੰ ਮੁਸਲਮਾਨ ਕਰ ਲਿਆ ਜਾਵੇ।

## ਆਗਰੇ ਦਾ ਛੱਡਣਾ

ਜਦ ਇਹ ਗੱਲ ਬਹਾਦਰ ਸ਼ਾਹ ਦੇ ਰਾਹੀਂ ਨੰਦ ਲਾਲ ਜੀ ਦੇ ਕੰਨਾਂ ਵਿੱਚ ਪੁੱਜੀ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਬਹੁਤ ਬੁਰਾ ਸਮਝਿਆ। ਗ਼ਿਆਸੂ-ਦੀਨ ਕਚਹਿਰੀ ਦਾ ਦਰੋਗਾ, ਜੋ ਇਨ੍ਹਾਂ ਦਾ ਬੜਾ ਮੇਲੀ ਸੀ ਤੇ ਇਨ੍ਹਾਂ ਤੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਸੁਣ ਸੁਣ ਕੇ ਇਨ੍ਹਾਂ ਨੂੰ ਪੀਰ ਮੰਨ ਬੈਠਾ ਸੀ, ਇਹ ਸੁਣਕੇ ਫ਼ਿਕਰ ਵਿੱਚ ਪੈ ਗਿਆ, ਤੇ ਜਦ ਉਸ ਨੂੰ ਪਤਾ ਲੱਗਾ ਕਿ ਆਪ ਨੌਕਰੀ, ਧਨ, ਦੌਲਤ ਅਤੇ ਇੱਜ਼ਤ ਸਭ ਕੁਝ ਆਪਣੀ ਸਿੱਖੀ ਤੋਂ ਵਾਰਨ ਨੂੰ ਤਿਆਰ ਹਨ, ਤਾਂ ਉਸ ਦੇ ਦਿਲ ਨੂੰ ਹੋਰ ਵੀ ਚੋਭ ਵੱਜੀ। ਅਤੇ ਭਾਈ ਨੰਦਲਾਲ ਜੀ ਨੂੰ ਮੁਸਲਮਾਨ ਬਣਨ ਦਾ ਹੁਕਮ ਦਿੱਤਾ ਤਾਂ ਭਾਈ ਜੀ ਨੇ ਇੱਕ ਹਫ਼ਤੇ ਦੀ ਮੁਹਲਤ ਮੰਗੀ। ਫੇਰ ਭਾਈ ਨੰਦਲਾਲ ਜੀ ਨੇ ਬਹਾਦਰ ਸ਼ਾਹ ਨੂੰ ਆ ਕੇ ਕਿਹਾ ਕਿ ਤੁਹਾਡੇ ਪਿਤਾ ਜੀ ਨੇ ਮੈਨੂੰ ਮੁਸਲਮਾਨ ਬਣਨ ਦਾ ਹੁਕਮ ਦਿੱਤਾ ਹੈ ਪਰ ਮੈਂ ਆਪਣਾ ਧਰਮ ਛੱਡਣਾ ਨਹੀਂ ਚਾਹੁੰਦਾ। ਹੁਣ ਤੁਸੀਂ ਦੱਸੋ ਕਿ ਮੇਰਾ ਧਰਮ ਕਿਵੇਂ ਬਚੇਗਾ। ਬਹਾਦਰਸ਼ਾਹ ਭਾਈ ਨੰਦਲਾਲ ਜੀ ਤੇ ਸ਼ਰਧਾ ਰੱਖਦਾ ਸੀ ਕਿਉਂਕਿ ਭਾਈ ਨੰਦਲਾਲ ਜੀ ਬਹਾਦਰ ਸ਼ਾਹ ਦੇ ਉਸਤਾਦ ਅਤੇ ਮਿੱਤਰ ਸਨ। ਅਤੇ ਬਹਾਦਰ ਸ਼ਾਹ ਸੋਚ ਵਿਚਾਰ ਕਰਕੇ ਕਹਿਣ ਲੱਗਾ :- ਕਿ ਆਪ ਜੀ ਜੇਕਰ ਕਰਕੇ ਆਪਣਾ ਧਰਮ ਬਰਕਰਾਰ ਰੱਖਣਾ ਚਾਹੁੰਦੇ ਹੋ ਤਾਂ ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਚਲੇ ਜਾਓ ਕਿਉਂ ਕਿ ਮੇਰੇ ਪਿਤਾ ਜੀ ਦਾ ਗੁਰੂ ਗੋਬਿੰਦ ਸਿੰਘ ਜੀ ਉੱਪਰ ਕੋਈ ਜ਼ੋਰ ਨਹੀਂ ਚੱਲਣਾ। ਇਸ ਤਰ੍ਹਾਂ ਵੀਚਾਰ ਕਰਕੇ ਭਾਈ ਜੀ ਗ਼ਿਆਸੂ-ਦੀਨ ਸਮੇਤ ਰਾਤ ਨੂੰ ਆਗਰੇ ਤੋਂ ਚੱਲਣ ਨੂੰ ਤਿਆਰ ਹੋ ਗਏ। ਬਹਾਦਰ ਸ਼ਾਹ, ਜੋ ਪਿਤਾ ਦੇ ਹੁਕਮ ਹੱਥੋਂ ਮਜ਼ਬੂਰ ਸੀ, ਬੜਾ ਦੁਖੀ ਹੋਇਆ ਤੇ ਉਸ ਨੇ ਖ਼ਾਹਿਸ਼ ਜ਼ਾਹਰ ਕੀਤੀ ਕਿ ਰਸਤੇ ਦੇ ਖਰਚ ਵਾਸਤੇ ਨੰਦ ਲਾਲ ਜੀ ਕੁਛ ਮਾਯਾ ਲੈ ਲੈਣ, ਪਰ ਇਨ੍ਹਾਂ ਨੇ ਨਾਂਹ ਹੀ ਕੀਤੀ ਤੇ ਬਾਕੀ ਆਯੂ ਪਰਮਾਰਥ ਵੱਲ ਲਗਾਉਣ ਲਈ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਣ ਦੀ ਨੀਯਤ ਧਾਰ ਆਗਰੇ ਤੋਂ ਚੱਲ ਪਏ। ਜਦ ਰੋਪੜ ਅੱਪੜੇ ਤਾਂ ਆਪ ਦੇ ਦਿਲ ਵਿੱਚ ਖਿਆਲ ਆਇਆ ਕਿ ਸੰਸਾਰਿਕ ਧਨ ਸਾਡੇ ਪਾਸ ਨਹੀਂ, ਗੁਰੂ ਜੀ ਦੇ ਪਾਸ ਅਨੰਦਪੁਰ ਪੁੱਜਕੇ ਭੇਟਾ ਕੀ ਰਖਾਂਗੇ ?



Sri Satguru Jagjit Singh Ji eLibrary NamdhariElibrary@gmail.com

## ਅਨੰਦਪੁਰ ਸਾਹਿਬ ਪੁੱਜਣਾ

ਬਹੁਤ ਸੋਚ ਵਿਚਾਰ ਪਿੱਛੋਂ ਇਹੋ ਯੋਗ ਜਾਪਿਆ ਕਿ ਦਿਲ ਦੀ ਸ਼ਰਧਾ ਤੇ ਪ੍ਰੇਮ ਨੂੰ ਅੱਖਰਾਂ ਦਾ ਸਰੀਰ ਧਾਰਨ ਕਰਾ ਕੇ, ਕਵਿਤਾ ਦਾ ਜਾਮਾ ਪਹਿਨਾ ਕਰਕੇ ਗੁਰੂ ਜੀ ਦੇ ਚਰਨਾਂ ਵਿੱਚ ਪੇਸ਼ ਕੀਤਾ ਜਾਏ ਅਤੇ ਸ੍ਰੀ ਅਨੰਦਪੁਰ ਸਾਹਿਬ ਪੁੱਜਣ ਤੱਕ ਭਾਈ ਸਾਹਿਬ ਜੀ ਨੇ ੫੧੦ ਸ਼ੇਅਰ ਲਿਖੇ ਅਤੇ ਭਾਈ ਸਾਹਿਬ ਨੇ ਇਸ ਸੰਗ੍ਰਹਿ ਦਾ ਨਾਮ ਬੰਦਗੀ ਨਾਮਾ ਰੱਖ ਕਰਕੇ ਹਜ਼ੂਰ ਦੇ ਅੱਗੇ ਸੰਨ ੧੬੯੨ ਵਿੱਚ ਪੇਸ਼ ਕੀਤਾ, ਪਰੰਤੂ ਗੁਰਦੇਵ ਨੇ ਸੰਗਤ ਵਿੱਚ ਸਾਰੇ ਸ਼ੇਅਰ ਤੇ ਇਹਨਾਂ ਦੀ ਵਿਆਖਿਆ ਸੁਣਨ ਉਪਰੰਤ; ਇਸ ਗ੍ਰੰਥ ਦਾ ਨਾਮ ਜ਼ਿੰਦਗੀ ਨਾਮਹ ਰੱਖਿਆ, ੪੯੮ ਨੰਬਰ ਸ਼ੇਅਰ

**ਆਬਿ ਹੈਵਾਂ ਪੁਰ ਸ਼ੁਦਾ, ਚੂੰ ਜਾਮਿ-ਊ ॥**
**ਬੰਦਗੀ ਨਾਮਾ ਸ਼ੁਦਾ ; ਜ਼ਾਂ ਨਾਮਿ-ਊ ॥** ੪੯੮॥

ਵਿੱਚ ਆਏ ਸ਼ਬਦ ਬੰਦਗੀ ਨਾਮਾ ਨੂੰ, ਆਪਣੇ ਕਰ-ਕੰਵਲਾਂ ਨਾਲ ਬਦਲ ਕਰਕੇ ਜ਼ਿੰਦਗੀ ਨਾਮਾ ਕਰ ਦਿੱਤਾ॥ ਜਿਹਾ ਕੁ ਭਾਈ ਸੰਤੋਖ ਸਿੰਘ ਜੀ ਵੀ ਸੂਰਜ ਪ੍ਰਕਾਸ਼ ਵਿੱਚ ਲਿਖਦੇ ਹਨ ਕਿ :-

*ਨੰਦ ਲਾਲ ਨੇ ਭੇਟ ਚੜ੍ਹਾਈ ॥*
*ਬੀਚ ਫ਼ਾਰਸੀ ਬੈਂਤ ਸੁਨਾਈ ॥*
*ਸਤਿਗੁਰ ਸਿਫ਼ਤ ਬ੍ਰਹਮ ਕੋ ਗਜਾਨ ॥*
*ਜੁਗਤਿ ਉਕਤਿ ਬਹੁ ਰੀਤਿ ਬਖਾਨ ॥੨॥*
*ਮੁਸਕਾਵਤ ਦਸਮੇਂ ਪਾਤਿਸ਼ਾਹੂ ॥*
*ਕ੍ਰਿਪਾ ਕਰਤ ਬੂਝਤ ਭੇ ਤਾਹੂ ॥*
*ਆਨਯੋਂ ਕਹਾਂ ਸੁਨਾਵਹੁ ਪਯਾਰੇ ॥*
*ਕਯਾ ਇਸ ਪੋਥੀ ਬੀਚ ਉਚਾਰੇ ॥੩॥*
*ਕਿਤਿਕ ਬੈਤ ਨੰਦ ਲਾਲ ਸੁਨਾਈ ॥*
*ਕਰੇ ਮਾਯਨੇ ਨੀਕ ਬਨਾਈ ॥*
*ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ ॥*
*ਬਹੁ ਪ੍ਰਸੰਨ ਹ੍ਵੈ ਕਰਤ ਬਖਾਨ ॥੪॥*
*ਰਚਯੋ ਬੰਦਗੀ ਨਾਮਾ ਜੋਇ ॥*
*ਅਹੈਂ ਜ਼ਿੰਦਗੀ ਨਾਮਾ ਸੋਇ ॥*


Sri Satguru Jagjit Singh Ji eLibrary NamdhariElibrary@gmail.com

**ਕਰਯੋ ਸਰਾਹਨ ਨੀਕੇ ਬਨਜੋ ॥**
**ਪਠਤਿ ਸੁਨਤਿ ਹਿਤ ਦਾਯਕ ਭਨਯੋ ॥੫॥**

ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿੱਚੋਂ ਪ੍ਰਮੁੱਖ ਹੋਏ ਹਨ ਅਤੇ ਆਪ ਜੀ ਦੇ ਰਚੇ ਹੋਏ ਗ੍ਰੰਥਾਂ ਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਾਂਗ ਸਿੱਖ ਪੰਥ ਵਿੱਚ ਖ਼ਾਸ ਜਗ੍ਹਾ ਦਿੱਤੀ ਜਾਂਦੀ ਹੈ। ਭਾਈ ਸਾਹਿਬ ਜੀ ਦੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿੱਚ ਨਾਮ ਸਿਮਰਨ ਤੇ ਗੁਰੂ ਸੇਵਾ ਵਿਚ ਬਤੀਤ ਹੋਣ ਲੱਗ ਪਏ। ਅਨੰਦਪੁਰ ਸਾਹਿਬ ਵਿੱਚ ਕਈ ਸਿੱਖਾਂ ਨੇ ਆਏ ਗਏ ਅਭਿਆਗਤਾਂ ਲਈ ਡੇਰਿਆਂ ਵਿੱਚ ਲੰਗਰ ਖੋਲ੍ਹੇ ਹੋਏ ਸਨ ਤੇ ਇਸ ਤਰ੍ਹਾਂ ਭਾਈ ਨੰਦ ਲਾਲ ਜੀ ਦੇ ਡੇਰੇ **ਗੁਰਦੁਆਰਾ ਸ਼ਹੀਦੀ ਬਾਗ਼** ਵਿੱਚ ਵੀ ਲੰਗਰ ਚਲਦਾ ਸੀ। ਇੱਕ ਦਿਨ ਚੋਜੀ ਸਤਿਗੁਰੂ ਪਹਿਰ ਕੁ ਦਿਨ ਚੜ੍ਹੇ ਭੇਸ ਬਦਲ ਕੇ ਜਿੱਥੇ ਜਿੱਥੇ ਲੰਗਰ ਚਲਦਾ ਸੀ ਉੱਥੇ ਉੱਥੇ ਗਏ। ਪਰੰਤੂ ਕਿਸੇ ਨੇ ਕਿਹਾ ਅਜੇ ਦਾਲ ਨਹੀਂ ਬਣੀ ਅਤੇ ਕਿਸੇ ਨੇ ਕਿਹਾ ਅਜੇ ਆਟਾ ਨਹੀਂ ਗੁੱਧਾ ਹੋਇਆ ਕਿਸੇ ਨੇ ਕਿਹਾ ਅਜੇ ਲੰਗਰ ਦਾ ਸਮਾਂ ਨਹੀਂ ਹੋਇਆ ਪਰੰਤੂ ਜਦ ਗੁਰੂ ਜੀ ਭਾਈ ਨੰਦਲਾਲ ਜੀ ਦੇ ਡੇਰੇ ਪਹੁੰਚੇ ਤਾਂ ਆਪ ਜੀ ਨੇ ਗੁੱਧਾ ਹੋਇਆ ਆਟਾ ਤੇ ਅੱਧ ਰਿੱਝੀ ਦਾਲ ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੀ ਤੇ ਕਹਿਣ ਲੱਗੇ ਐਸ ਵਕਤ ਤੇ ਏਹੀ ਕੁਝ ਹੀ ਹਾਜ਼ਿਰ ਹੈ। ਜਿਸ ਤੋਂ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਭਾਈ ਨੰਦਲਾਲ ਜੀ ਦੇ ਲੰਗਰ ਨੂੰ ਸਰਬੋਤਮ ਲੰਗਰ ਕਿਹਾ। ਇਹ ਲੰਗਰ ਹੁਣ ਵੀ ਗੁਰਦੁਆਰਾ ਸ਼ਹੀਦੀ ਬਾਗ਼ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ੁਸ਼ੋਭਿਤ ਹੈ ਅਤੇ ਇਸ ਅਸਥਾਨ ਦੀ ਸੇਵਾ ਹੁਣ ਵਰਤਮਾਨ ਸਮੇਂ ਵਿੱਚ **ਮਹਾਨ ਵੈਰਾਗੀ ਔਰ ਤਿਆਗੀ ਕਰਣੀ ਕਮਾਈ ਵਿੱਚ ਪ੍ਰਪੱਕ ਸੰਤ ਗੁਰਦੇਵ ਸਿੰਘ ਜੀ**, ਬਹੁਤ ਹੀ ਲਗਨ ਨਾਲ ਕਰਵਾ ਰਹੇ ਹਨ। ਅਤੇ ਮਹਾਂ ਪੁਰਖਾਂ ਦੇ ਸਹਿਯੋਗੀ ਹੋ ਕੇ ਕਰਕੇ; ਭਾਈ ਲੱਖਾ ਸਿੰਘ ਜੀ ਗੁਰਦੁਆਰਾ ਸ਼ਹੀਦੀ ਬਾਗ਼ ਦੀ ਪੂਰੀ ਪੂਰੀ ਜ਼ੁੰਮੇਵਾਰੀ ਦੀ ਸੇਵਾ ਨਿਭਾ ਰਹੇ ਹਨ ਅਤੇ ਲੰਗਰ ਦੀ ਸੇਵਾ ਭਾਈ ਸਰਵਨ ਸਿੰਘ ਜੀ ਬਹੁਤ ਪ੍ਰੇਮ ਪਿਆਰ ਦੇ ਨਾਲ ਲੰਮੇ ਸਮੇਂ ਤੋਂ ਨਿਭਾ ਰਹੇ ਹਨ ਅਤੇ ਗੁਰਦੁਆਰਾ ਸ਼ਹੀਦੀ ਬਾਗ਼ ਦੇ ਹੈੱਡ ਗ੍ਰੰਥੀ ਦੀ ਸੇਵਾ ਗਿਆਨੀ ਬੀਰਬਲ ਸਿੰਘ ਜੀ ਅਤੇ ਮੀਤ ਹੈੱਡ ਗ੍ਰੰਥੀ ਦੀ ਸੇਵਾ ਗਿਆਨੀ ਸ਼ੇਰ ਸਿੰਘ ਜੀ (ਅੱਲੋਵਾਲ) ਸੰਪੂਰਨ ਦ੍ਰਿੜ ਨਿਸ਼ਚੇ ਨਾਲ ਨਿਭਾ ਰਹੇ ਹਨ। ਦਾਸ ਨੂੰ ਇਸ ਸਥਾਨ ਤੇ ਰਹਿਣ ਦਾ ਕੁਝ ਸਮਾਂ ਸੁਭਾਗ ਪ੍ਰਾਪਤ ਹੋਇਆ ਤਾਂ ਦਾਸ ਨੇ ਦੇਖਿਆ ਕਿ ਹੁਣ ਵੀ ਭਾਈ ਨੰਦਲਾਲ ਜੀ ਦੇ ਲੰਗਰ ਵਿੱਚੋਂ ਉਹੀ ਸੁਵਾਦ, ਰਸ ਆਂਵਦਾ ਹੈ ਜੋ ਭਾਈ ਸਾਹਿਬ ਜੀ ਦੇ ਵੇਲੇ ਲੰਗਰ ਖਾਣ ਤੇ ਸੁਵਾਦ ਆਂਵਦਾ ਸੀ ਕਿਉਂਕਿ ਕਲਗੀਧਰ ਜੀ ਨੇ


Sri Satguru Jagjit Singh Ji eLibrary NamdhariElibrary@gmail.com

ਭਾਈ ਸਾਹਿਬ ਜੀ ਨੂੰ ਵਰ ਦਿੱਤਾ ਸੀ. ਕਿ ਆਪ ਦਾ ਲੰਗਰ ਸਦਾ ਹੀ ਚੱਲਦਾ ਰਹੇਗਾ ਅਤੇ ਇਸ ਵਿੱਚੋਂ ਸਦਾ ਹੀ ਸਰਬੋਤਮ ਰਸ, ਗੁਰਸਿੱਖਾਂ ਨੂੰ ਆਂਵਦਾ ਰਹੇਗਾ।

ਜਿਸ ਵਕਤ ਜੰਗਾਂ ਦਾ ਸਮਾਂ ਆਇਆ ਤਾਂ ਆਪ ਜੀ ਨੇ ਵੀ, ਗੁਰੂ ਜੀ ਨੂੰ ਜੰਗ ਵਿੱਚ ਜੂਝਣ ਵਾਸਤੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਆਪ ਜੀ ਦੀ ਕਲਮ ਹੀ ਤਲਵਾਰ ਹੈ ਅਤੇ ਜਦ ਸਤਿਗੁਰਾਂ ਨੇ ਅਨੰਦਪੁਰ ਸਾਹਿਬ ਛੱਡਿਆ ਤਦ ਆਪ ਜੀ ਨੂੰ ਗੁਰੂ ਜੀ ਨੇ ਮੁਲਤਾਨ ਜਾ ਕੇ ਪਾਠਸ਼ਾਲਾ ਖੋਲ੍ਹਣ ਦਾ ਹੁਕਮ ਦਿੱਤਾ।

## ਸਚਖੰਡ ਨੂੰ ਪਿਆਨਾ

ਭਾਈ ਸਾਹਿਬ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕਰਕੇ ਮੁਲਤਾਨ ਸ਼ਹਿਰ ਵਿੱਚ ਗੁਰਮਤ ਦੀ ਪਾਠਸ਼ਾਲਾ ਖੋਲ੍ਹ ਕੇ ਗੁਰਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਖ਼ੀਰ ਨੂੰ ਆਪ ਜੀ 72 ਸਾਲ ਦੀ ਆਯੂ ਵਿੱਚ ਸੰਨ ੧੭੦੫ ਵਿੱਚ ਗੁਰੂ ਪੁਰੀ ਪਧਾਰ ਗਏ।

**ਨੋਟ** = ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਤੋਂ 33 ਸਾਲ ਵੱਡੇ ਸਨ।

## ਪ੍ਰਸੰਸਾ

ਭਾਈ ਸਾਹਿਬ ਅ਼ਰਬੀ, ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਦੀਨ ਇਸਲਾਮ, ਸੂਫ਼ੀ ਮੱਤ ਤੇ ਹਿੰਦੂ ਧਰਮ ਦੀ ਆਪ ਜੀ ਨੂੰ ਜ਼ਬਰਦਸਤ ਵਾਕਿਫ਼ੀ ਸੀ। ਆਪ ਜੀ ਦੀ ਫ਼ਾਰਸੀ ਕਵਿਤਾ ਬੜੀ ਰਸੀਲੀ ਤੇ ਮਨਮੋਹਣੀ ਹੈ। ਆਪ ਸਬਰ ਸੰਤੋਖ ਦਯਾ ਦੇ ਗੁਣਾਂ ਨਾਲ ਭਰਪੂਰ ਤੇ ਨਾਮ ਦੇ ਰਸੀਏ ਸਨ। ਅਤੇ ਆਪ ਭਾਈ ਗੁਰਦਾਸ ਵਾਂਗ ਅਨਿੰਨ ਸਿੱਖ, ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਭਗਤ, ਸਤਿਗੁਰੂ ਦੀ ਮਿਹਰ ਨਾਲ ਅਖੰਡ ਲਿਵ ਵਿੱਚ ਪ੍ਰਪੱਕ ਸਨ।

ਆਪ ਜੀ ਦੀਆਂ ਰਚਿਤ ਹੇਠ ਲਿਖੀਆਂ ਅੱਠ ਪੁਸਤਕਾਂ ਹਨ।

1. ਦੀਵਾਨੇ ਗੋਯਾ
2. ਜ਼ਿੰਦਗੀ ਨਾਮਹ
3. ਜੋਤ ਵਿਗਾਸ (ਫ਼ਾਰਸੀ ਤੇ ਪੰਜਾਬੀ)
4. ਗੰਜ ਨਾਮਹ
5. ਤੌਸੀਫ਼ੋ ਸਨਹ
6. ਖ਼ਾਤਮਾਹ
7. ਦਸਤੂਰੁਲ ਇਨਸ਼ਾ
8. ਅਰਜ਼ੁਲ ਅਲਫ਼ਾਜ਼



Sri Satguru Jagjit Singh Ji eLibrary NamdhariElibrary@gmail.com

# ਗ੍ਰੰਥ ਪੜ੍ਹਨ ਤੋਂ ਪਹਿਲਾਂ ਕੁਝ ਜ਼ਰੂਰੀ ਜਾਣਕਾਰੀ

1. ਫ਼ਾਰਸੀ ਅੱਖਰਾਂ ਵਿੱਚ ਸ਼ (ਸ਼ੀਨ) ਖ਼ (ਖ਼ੇ) ਜ਼ (ਜ਼ਾਲ, ਜ਼, ਜ਼ੇ, ਜ਼ੋਇ, ਜ਼ਾਇ) ਗ਼ (ਗ਼ੈਨ) ਫ਼ (ਫ਼ੇ) ਅਤੇ ਅ਼ (ਅ਼ੈਨ) ਹ਼ (ਹ਼ੇ) ਕ਼ (ਕ਼ਾਫ਼) ਤ਼ (ਤ਼ੋਇ) ਦੇ ਹੇਠਾਂ ਬਿੰਦੀ ਦਾ ਪ੍ਰਯੋਗ ਹੁੰਦਾ ਹੈ। ਸ਼, ਖ਼, ਗ਼, ਫ਼ ਦੀ ਬਿੰਦੀ ਨਰਮ ਅਤੇ ਹਲਕੇ ਲਹਿਜ਼ੇ ਨਾਲ ਬੋਲੀ ਜਾਂਦੀ ਹੈ। ਅਤੇ ਜ਼ ਦੀ ਬਿੰਦੀ ਹੇਠਲੀ ਦੰਦਾਂ ਦੀ ਪੀੜ੍ਹੀ ਦੇ ਨਾਲ ਜ਼ਬਾਨ ਲਾ ਕੇ ਬੋਲੀ ਜਾਂਦੀ ਹੈ। ਕ਼ੱਕ਼ੇ ਦੀ ਬਿੰਦੀ ਗਲ਼ੇ ਤੋਂ ਬੋਲੀ ਜਾਂਦੀ ਹੈ ਅ਼ੈੜੇ (ਅ਼), ਈ਼ੜੀ (ਈ਼) ਅਤੇ ਹ਼ਾਹੇ (ਹ਼) ਤ਼ੱਤ਼ੇ (ਤ਼) ਦੀ ਬਿੰਦੀ ਗਲ਼ੇ ਤੋਂ ਗੂੜ੍ਹੀ ਕਰਕੇ ਬੋਲੀ ਜਾਂਦੀ ਹੈ ਸਾਡੇ ਬਹੁਤ ਹੀ ਸਤਿਕਾਰ ਯੋਗ ਉਸਤਾਦ ਮੌਲਵੀ ਅਤ਼ੀਕ਼ ਅਹਮਦ ਸਾਹਿਬ ਜੀ ਪੜ੍ਹਾਉਂਦੇ ਸਮੇਂ ਕਿਹਾ ਕਰਦੇ ਸਨ ਕਿ ਜਿਸ ਤਰੀਕੇ ਦੇ ਨਾਲ ਦੁੱਧ ਜਾਗ ਲਾਉਣ ਤੇ ਦਹੀ ਬਣ ਕੇ ਗਾੜ੍ਹਾ ਹੋ ਜਾਂਦਾ ਹੈ ਏਸੇ ਹੀ ਤਰੀਕੇ ਦੇ਼ ਨਾਲ ਅ਼, ਈ਼, ਹ਼, ਕ਼, ਤ਼ ਦੀ ਬਿੰਦੀ ਅੱਖਰਾਂ ਨੂੰ ਗੂੜ੍ਹਾ ਕਰ਼ ਦੇਂਦੀ ਹੈ। ਸੌਖੇ ਢੰਗ ਨਾਲ, ਅ਼, ਈ਼, ਹ਼, ਤ਼ ਦੀ ਬਿੰਦੀ ਬੋਲਣ ਵਾਸਤੇ ਇਨ੍ਹਾਂ ਲਫ਼ਜ਼ਾਂ ਤ਼ੇ ਅੱਧਕ ਲਾ ਕਰਕੇ ਵੀ ਬੋਲ ਦਈਦਾ ਹੈ। ਜਿਵੇਂ ਅ਼ਜ਼ ਨੂੰ ਅੱਜ਼; ਇ਼ਲਮ ਨੂੰ ਇੱਲਮ; ਹ਼ਿਲਮ ਨੂੰ ਹਿੱਲਮ ਬੋਲ ਦਿੱਤਾ ਜਾਂਦਾ ਹੈ। ਸੋ ਇਸ ਤਰ੍ਹਾਂ ਸਾਫ਼ ਜ਼ਾਹਿਰ ਹੈ ਕਿ ਅ਼, ਈ਼, ਹ਼, ਕ਼, ਤ਼ ਦੀ ਬਿੰਦੀ ਲ਼ਫਜ਼ ਨੂੰ ਸ਼ਿੱਦਤ ਅਤੇ ਜ਼ੋਰ ਨਾਲ ਖਿੱਚ ਕਰਕੇ ਬੋਲੀ ਜਾਵੇਗੀ।

2. ਫ਼ਾਰਸੀ ਅਤੇ ਉਰਦੂ ਵਿੱਚ ਕਈ ਵਾਰ ਕੰਨੇ ਦੀ ਜਗ੍ਹਾ ਤੇ ਅ਼ ਲਿਖ ਦਿੱਤਾ ਜਾਂਦਾ ਹੈ ਜਿਵੇਂ- ਅਅ਼ਜ਼ਮ = ਆ਼ਜ਼ਮ ਏਸੇ ਤਰ੍ਹਾਂ ਜਿਵੇਂ - ਮਅ਼ਮੂਰ = ਮਾਮੂਰ ਜਿਵੇਂ ਰੁਬਅ਼ ਨੂੰ ਰੁਬਾ, ਤਿੱਸਅ਼ ਨੂੰ ਤਿੱਸਾ। ਕਈ ਵਿਦਵਾਨ ਰੁਬਅ਼ ਤਿਸਅ਼ ਆਦਿਕ ਦੇ ਐੜੇ ਨੂੰ ਰੁੱਬਅ਼ ਤਿੱਸਅ਼ ਇੰਝ ਲ਼ਫਜ਼ ਨੂੰ ਕੱਸ ਕਰਕੇ ਵੀ ਬੋਲ ਦਿੰਦੇ ਹਨ।

3. ਫ਼ਾਰਸੀ ਅ਼ਰਬੀ ਭਾਸ਼ਾ ਵਿੱਚ ਜਿਹੜੀਆਂ ਬਿੰਦੀਆਂ ਅੱਖਰਾਂ ਦੇ ਉੱਪਰ ਲੱਗੀਆਂ ਹੁੰਦੀਆਂ ਹਨ ਜਿਵੇਂ : ਅਜ਼ਾਂ, ਅਜ਼ੀਂ, ਨਾਜ਼ਨੀਂ ਇਨ੍ਹਾਂ ਬਿੰਦੀਆਂ ਨੂੰ ਵੀ ਬੋਲਣ ਦਾ ਤਰੀਕਾ ਵੱਖਰਾ-ਵੱਖਰਾ ਹੀ ਹੁੰਦਾ ਹੈ ਜਿੱਥੇ ਬਿੰਦੀ ਵਿੱਚੋਂ ਨੰਨਾ ਨਿਕਲਦਾ ਹੋਵੇ ਉੱਥੇ ਬਿੰਦੀ ਨੂੰ ਲੰਮਕਾ ਕੇ ਬੋਲਿਆ ਜਾਵੇਗਾ। (ਭਾਵ) ਬਿੰਦੀ ਵਿੱਚੋਂ ਅੱਧਾ ਨੰਨਾ ਬੋਲਿਆ ਜਾਵੇਗਾ। ਜਿੱਥੇ ਬਿੰਦੀ ਵਿੱਚੋਂ ਈਂ (ਜਾਂ) ਆਂ ਨਿਕਲਦਾ ਹੋਵੇ ਉੱਥੇ ਲ਼ਫਜ਼ ਨੂੰ ਇਕੱਠਾ ਬੋਲਿਆ ਜਾਵੇਗਾ। ਜਿਵੇਂ (1) ਅਜ਼ੀਂ = (ਅਜ਼+ਈਂ) (2) ਅਜ਼ਾਂ = (ਅਜ਼+ਆਂ) (3) ਨਾਜ਼ਨੀਂ = ਨਾਜ਼ਨੀਨ।



Sri Satguru Jagjit Singh Ji eLibrary NamdhariElibrary@gmail.com

ਜੇਕਰ ਜਿੱਥੇ ਬਿੰਦੀ ਤੋਂ ਈਂ (ਜ਼ਾਂ) ਆਂ ਨਿਕਲਦਾ ਹੋਵੇ ਉਸ ਅੱਖਰ ਨੂੰ ਲੰਮਕਾਅ ਕੇ ਬੋਲ ਦਈਏ ਤਾਂ ਅਰਥ ਦਾ ਅਨਰਥ ਹੋ ਜਾਂਦਾ ਹੈ ਜਿਵੇਂ = ਅਜ਼ਾਂ ਇਸ ਲਫ਼ਜ਼ ਨੂੰ ਜੇਕਰ ਇਕੱਠਾ ਬੋਲੀਏ ਤਾਂ ਅਰਥ = (ਅਜ਼ + ਆਂ) "ਉਸ ਤੋਂ" ਬਣਦਾ ਹੈ ਅਤੇ ਜੇਕਰ ਲੰਮਕਾ ਕੇ ਬੋਲ ਦਈਏ ਤਾਂ ਅਰਥ = ਅਜ਼ਾਨ = "ਬਾਂਗ" ਬਣ ਜਾਵੇਗਾ ਜੋ ਮੁਸਲਮ ਭਾਈਚਾਰਾ ਨਿਮਾਜ਼ ਪੜ੍ਹਨ ਵੇਲੇ ਦਿੰਦਾ ਹੈ। ਏਸ ਤਰ੍ਹਾਂ ਬਹੁਤ ਸਾਰੇ ਅੱਖਰਾਂ ਨਾਲ ਬਹੁਤ ਸਾਰੇ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ।

4. ਫ਼ਾਰਸੀ, ਅ਼ਰਬੀ ਵਿਚ ਕਈ ਅੱਖਰਾਂ ਨੂੰ ਗੁਪਤ ਕਰਕੇ ਬੋਲਿਆ ਜਾਂਦਾ ਹੈ ਜਿਵੇਂ ਅੰਗਰੇਜ ਕਈ ਅੱਖਰਾਂ ਨੂੰ ਸਾਈਲੈਂਟ ਕਰਕੇ ਬੋਲਦੇ ਹਨ ਇਸ ਤਰ੍ਹਾਂ ਫ਼ਾਰਸੀ ਅ਼ਰਬੀ ਵਿੱਚ ਵੀ ਕਈ ਅੱਖਰ ਸਾਈਲੈਂਟ ਹੁੰਦੇ ਹਨ (1) ਜਿਵੇਂ = ਦਰਆਮਦ ਲਿਖਤੀ ਵਿੱਚ ਆਵੇਗਾ ਪਰ ਬੋਲਿਆ ਦਰਾਮਦ ਜਾਵੇਗਾ (2) ਬਰਆਮਦ = ਬਰਾਮਦ (3) ਜ਼ਬਰਅਸਤ = ਜ਼ਬਰਸਤ (4) ਖ਼੍ਵਾਹਰੀ = ਖ਼ਾਹਰੀ ਬੋਲਿਆ ਜਾਵੇਗਾ। ਇਵੇਂ ਹੋਰ ਵੀ ਕਈ ਲਫ਼ਜ਼ ਹਨ ਜੋ ਸਾਈਲੈਂਟ ਹੁੰਦੇ ਹਨ।

5. ਫ਼ਾਰਸੀ, ਅ਼ਰਬੀ ਵਿਚ ਕਈ ਅੱਖਰ ਵਾਧੂ ਵੀ ਹੁੰਦੇ ਹਨ ਜੋ ਬੋਲੇ ਤੇ ਜਾਂਦੇ ਹਨ ਪਰ ਉਨ੍ਹਾਂ ਦਾ ਅਰਥ ਕੋਈ ਵੀ ਨਹੀਂ ਹੁੰਦਾ। ਵਿਦਵਾਨਾਂ ਨੇ ਉਨ੍ਹਾਂ ਅੱਖਰਾਂ ਨੂੰ ਕ੍ਰਿਆ ਵਿਸ਼ੇਸ਼ਨ ਦਾ ਨਾਮ ਦਿੱਤਾ ਹੈ (ਭਾਵ) ਜੋ ਕ੍ਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਦੇ ਹਨ ਉਨ੍ਹਾਂ ਅੱਖਰਾਂ ਦੀ ਗਿਣਤੀ ਇਸ ਪ੍ਰਕਾਰ ਹੈ (1) ਬਰ (2) ਅਲ (3) ਉਲ (4) ਮੇ (5) ਬ (6) ਮਰ (7) ਤਵਾਨ ਇਤਿਆਦਿਕ।

6. ਫ਼ਾਰਸੀ ਅ਼ਰਬੀ ਦੇ ਲਫ਼ਜ਼ਾਂ ਵਿੱਚ ਹੁਣ ਨਵੇਂ ਫ਼ਾਰਸੀ ਦੇ ਵਿਦਵਾਨਾਂ ਨੇ ਕਈ ਤਬਦੀਲੀਆਂ ਕਰ ਦਿੱਤੀਆਂ ਹਨ ਜਿਵੇਂ (1) ਪੁਰਾਣਾ ਲਫ਼ਜ਼ ਗੇਤੀ ਸੀ ਹੁਣ ਨਵੇਂ ਵਿਦਵਾਨਾਂ ਨੇ ਲਫ਼ਜ਼ ਗੀਤੀ ਕਰ ਦਿੱਤਾ ਹੈ (2) ਦੋਸਤ ਤੋਂ ਦੂਸਤ (3) ਰੋਜ਼ ਤੋਂ ਰੂਜ਼ ਇਸ ਤਰ੍ਹਾਂ ਬਹੁਤ ਸਾਰੇ ਲਫ਼ਜ਼ਾਂ ਵਿੱਚ ਤਬਦੀਲੀਆਂ ਹੋਈਆਂ ਹਨ।

7. ਫ਼ਾਰਸੀ ਵਿਚ ਪਿਛਲੇ ਅੱਖਰ ਨੂੰ ਲੱਗੀ ਹੋਈ ਸਿਹਾਰੀ ਵੀ ਬੋਲੀ ਜਾਂਦੀ ਹੈ ਜਿਵੇਂ= ਨਾਮਿ - ਊ (2) ਖ਼ਾਕਿ - ਪਾਏ (3) ਅਫ਼ਰੋਜ਼ਿ-ਇ਼ਲਮੇ ਆਦਿਕ। "ਨਾਮਿ" ਦੇ ਮੰਮੇ ਅੱਖਰ ਵਾਲੀ ਸਿਹਾਰੀ ਅਤੇ "ਖ਼ਾਕਿ" ਦੇ ਕੱਕੇ ਅੱਖਰ ਵਾਲੀ ਸਿਹਾਰੀ ਅਤੇ "ਅਫ਼ਰੋਜ਼ਿ" ਦੇ ਜ਼ੱਜ਼ੇ ਅੱਖ਼ਰ ਵਾਲੀ ਸਿਹਾਰੀ ਬੋਲੀ



Sri Satguru Jagjit Singh Ji eLibrary NamdhariElibrary@gmail.com

ਜਾਵੇਗੀ ਇਵੇਂ ਹੀ ਹੋਰ ਵੀ ਕਈ ਲਫ਼ਜ਼ ਹਨ। ਕਈ ਵਿਦਵਾਨ ਸਿਹਾਰੀ ਨੂੰ ਲਾਂਵ ਦੇ ਨਾਲ ਵੀ ਲਿਖ ਦਿੰਦੇ ਹਨ ਤਾਂ ਕਿ ਫ਼ਾਰਸੀ ਤੋਂ ਅਨਜਾਣ ਵਿਦਵਾਨ ਵੀ ਉਸ ਸਿਹਾਰੀ ਦਾ ਉਚਾਰਨ ਕਰ ਲੈਣ। ਜਿਵੇਂ ਨਾਮਿ ਨੂੰ ਨਾਮੇ (2) ਖ਼ਾਕਿ ਨੂੰ ਖ਼ਾਕੇ ਇਤਿਆਦਿਕ। ਇਸ ਸਿਹਾਰੀ ਦੇ ਬੋਲਣ ਦਾ ਅਰਥ ਇਹ ਹੁੰਦਾ ਹੈ ਕਿ ਇਨ੍ਹਾਂ ਦੋਨਾਂ ਲਫ਼ਜ਼ਾਂ ਦਾ ਆਪਸੀ ਸਬੰਧ ਹੈ ਜਿਵੇਂ:- ਨਾਮਿ-ਊ (ਭਾਵ) ਨਾਮ ਤੇ ਊ ਦਾ ਆਪਸੀ ਸਬੰਧ ਹੈ।

8. ਫ਼ਾਰਸੀ ਵਿੱਚ "ਹਾਹਾ" ਮੁਕਤਾ ਹੀ ਬੋਲਿਆ ਜਾਂਦਾ ਹੈ। ਜਿਵੇਂ ਗੁਰਮੁਖੀ ਵਿੱਚ ਲਿਖਿਆ "ਰਹ" ਹੁੰਦਾ ਹੈ ਪਰ ਬੋਲ ਰਹਿ ਦਿੰਦੇ ਹਨ। ਪਰ ਫ਼ਾਰਸੀ ਵਿਚ ਐਸਾ ਕੋਈ ਵੀ ਨਿਯਮ ਨਹੀਂ ਹੈ ਜੋ ਲਿਖਿਆ ਹੈ ਓਹੀ ਪੜ੍ਹਿਆ ਜਾਂਦਾ ਹੈ।

9. ਫ਼ਾਰਸੀ ਅ਼ਰਬੀ ਵਿੱਚ ਇੱਕ ਸਿਹਾਰੀ, ਅਰਥ ਵਿੱਚ ਬਹੁਤ ਫ਼ਰਕ ਪਾ ਦਿੰਦੀ ਹੈ। ਜਿਵੇਂ ਦਾਨਸ਼ ਦਾ ਅਰਥ = (ਦਾਨ + ਅਸ਼) ਉਹ ਸਿਆਣਾ ਹੁੰਦਾ ਹੈ ਅਤੇ ਦਾਨਿਸ਼ ਦਾ ਅਰਥ ਬੁੱਧੀ ਹੁੰਦਾ ਹੈ। (2) ਤਾਬਸ਼ ਦਾ ਅਰਥ = (ਤਾਬ + ਅਸ਼) ਉਸ ਦੀ ਚਮਕ ਅਤੇ ਤਾਬਿਸ਼ ਦਾ ਅਰਥ = (ਸਿਰਫ਼) ਚਮਕ ਹੁੰਦਾ ਹੈ। ਇੰਝ ਹੋਰ ਵੀ ਬਹੁਤ ਲਫ਼ਜ਼ ਹਨ।

10. ਫ਼ਾਰਸੀ ਅ਼ਰਬੀ ਵਿੱਚ ਪੈਰ ਦੀ ਬਿੰਦੀ ਵੀ ਅਰਥ ਵਿੱਚ ਬਹੁਤ ਫ਼ਰਕ ਪਾ ਦਿੰਦੀ ਹੈ ਜਿਵੇਂ = ਖ਼ਸਮ ਦਾ ਅਰਥ "ਵੈਰੀ" ਅਤੇ ਖ਼ਸ਼ਮ ਦਾ ਅਰਥ "ਗੁੱਸਾ" ਹੁੰਦਾ ਹੈ (2) ਦਸ਼ਤ ਦਾ ਅਰਥ "ਜੰਗਲ" ਅਤੇ ਦਸਤ ਦਾ ਅਰਥ "ਹੱਥ" ਹੁੰਦਾ "ਹੈ" (3) ਹਸਤ ਦਾ ਅਰਥ "ਹੈ" ਹੁੰਦਾ ਹੈ ਅਤੇ ਹਸ਼ਤ ਦਾ ਅਰਥ "ਅੱਠ" ਹੁੰਦਾ ਹੈ।

11. ਫ਼ਾਰਸੀ ਅ਼ਰਬੀ ਵਿੱਚ ਕਈ ਥਾਵਾਂ ਤੇ ਜਿੱਥੇ ਦੋ ਰਾਰੇ ਲਿਖਣੇ ਹੋਣ ਉੱਥੇ ਰਾਰੇ ਦੇ ਉੱਪਰ ਰਾਰਾ ਲਿਖ ਦਿੱਤਾ ਜਾਂਦਾ ਹੈ। (ਭਾਵ) ਫ਼ਾਰਸੀ, ਅ਼ਰਬੀ, ਉਰਦੂ ਵਿੱਚ ਉੱਥੇ ਤਸ਼ਦੀਦ ( ّ ) ਲਗਾ ਦਿੱਤੀ ਜਾਂਦੀ ਹੈ। ਪਰ ਗੁਰਮੁਖੀ ਵਿੱਚ, ਫ਼ਾਰਸੀ ਅ਼ਰਬੀ ਦੇ ਲਫ਼ਜ਼ਾਂ ਵਿੱਚ; ਦੋ ਰਾਰੇ ਨਹੀਂ ਲਿਖੇ ਜਾਂਦੇ। ਬਲਕਿ ਇੱਕ ਉੱਪਰ ਲਿਖੇ ਜਾਣ ਵਾਲੇ ਰਾਰੇ ਦੀ ਜਗ੍ਹਾ ਤੇ ਅੱਧਕ ਲਗਾ ਦਿੱਤੀ ਜਾਂਦੀ ਹੈ ਜਿਵੇਂ ਮੁਕਰਰਮ ਨੂੰ ਮੁਕੱਰਮ ਅਤੇ ਫ਼ਰਰੇ ਨੂੰ ਫ਼ੱਰੇ ਲਿਖ ਦਿੱਤਾ ਜਾਂਦਾ ਹੈ। ਭਾਵੇਂ ਰਾਰਾ ਸਾਫ਼ ਨਹੀਂ ਲਿਖਿਆ ਜਾਂਦਾ ਅੱਧਕ ਰੂਪ ਵਿੱਚ ਹੀ ਲਿਖਿਆ ਜਾਂਦਾ ਹੈ। ਤਾਂ ਵੀ ਉਚਾਰਨ ਵਿੱਚ ਮੁਕੱਰਮ ਨੂੰ ਮਕਰਰਮ ਅਤੇ ਫ਼ੱਰੇ ਨੂੰ ਫ਼ਰਰੇ ਹੀ ਬੋਲਿਆ ਜਾਵੇਗਾ।



Sri Satguru Jagjit Singh Ji eLibrary NamdhariElibrary@gmail.com

**ਫ਼ਾਰਸੀ ਭਾਸ਼ਾ ਅਨੁਸਾਰ ਅਤੇ ਸੰਪ੍ਰਦਾਇ ਅਨੁਸਾਰ ਕੁਝ ਉਚਾਰਨ ਭੇਦ :-**

1. **ਦਿਹਦ** = ਫ਼ਾਰਸੀ ਭਾਸ਼ਾ ਅਨੁਸਾਰ ਦਿਹਦ ਪੋਲਾ ਬੋਲਦੇ ਹਨ ਅਰਥ = "ਉਹ ਦਿੰਦਾ ਹੈ" ਜਾਂ "ਉਹ ਦੇਵੇਗਾ"। ਜੇਕਰ ਦਿਹੱਦ ਬੋਲੀਏ ਤਾਂ ਬਹੁਵਚਨ ਬਣ ਜਾਂਦਾ ਹੈ ਤਾਂ ਅਰਥ = "ਉਹ ਦਿੰਦੇ ਹਨ" ਜਾਂ "ਉਹ ਦੇਣਗੇ" ਬਣਦਾ ਹੈ।
2. **ਦਿਹੰਦ (ਅਥਵਾ) ਦਿਹੱਦ** = "ਉਹ ਦਿੰਦੇ ਹਨ" ਜਾਂ "ਉਹ ਦੇਣਗੇ"।
3. **ਦਿਹ** = "ਤੂੰ ਦਿੰਦਾ ਹੈਂ" ਜਾਂ "ਤੂੰ ਦੇਵੇਂਗਾ"
4. **ਦਿਹੇਦ** = "ਤੁਸੀਂ ਦਿੰਦੇ ਹੋ" ਜਾਂ "ਤੁਸੀਂ ਦੇਵੋਗੇ"
5. **ਦਿਹਮ** = ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਬੋਲਦੇ ਹਨ ਅਰਥ = (ਦਿਹ + ਅਮ) "ਮੈਂ ਦਿੰਦਾ ਹਾਂ" ਜਾਂ "ਮੈਂ ਦੇਵਾਂਗਾ"
6. **ਦਿਹੇਮ** = "ਤੁਸੀਂ ਦਿੰਦੇ ਹੋ" ਜਾਂ "ਤੁਸੀਂ ਦੇਵੋਗੇ"

   **ਨੋਟ** = ਸੰਪ੍ਰਦਾਇ ਅਨੁਸਾਰ ਦਿਹੱਦ ਅਤੇ ਦਿਹੱਮ ਹੀ ਉਚਾਰਨ ਕੀਤੇ ਜਾਂਦੇ ਹਨ।
7. **ਕੁਨਦ** = ਫ਼ਾਰਸੀ ਭਾਸ਼ਾ ਅਨੁਸਾਰ ਕੁਨਦ ਪੋਲਾ ਬੋਲਦੇ ਹਨ। ਅਰਥ = "ਉਹ ਕਰਦਾ ਹੈ" ਜਾਂ "ਉਹ ਕਰਨਗੇ" ਜੇਕਰ ਕੁਨੱਦ ਬੋਲੀਏ ਤਾਂ ਬਹੁਵਚਨ ਬਣ ਜਾਂਦਾ ਹੈ। ਤਾਂ ਅਰਥ = "ਉਹ ਕਰਦੇ ਹਨ" ਜਾਂ "ਉਹ ਕਰਨਗੇ" ਬਣਦਾ ਹੈ।
8. **ਕੁਨੰਦ (ਅਥਵਾ) ਕੁਨੱਦ** = "ਉਹ ਕਰਦੇ ਹਨ" ਜਾਂ "ਉਹ ਕਰਨਗੇ"।
9. **ਕੁਨ** = "ਤੂੰ ਕਰ" ਜਾਂ "ਤੂੰ ਕਰੇਂਗਾ"
10. **ਕੁਨੇਦ** = "ਤੁਸੀਂ ਕਰੋ" ਜਾਂ "ਤੁਸੀਂ ਕਰੋਗੇ"
11. **ਕੁਨਮ** = ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਹੀ ਬੋਲਦੇ ਹਨ ਅਰਥ = (ਕੁਨ + ਅਮ) "ਮੈਂ ਕਰਦਾ ਹਾਂ" ਜਾਂ "ਮੈਂ ਕਰਾਂਗਾ"।
12. **ਕੁਨੇਮ** = "ਅਸੀਂ ਕਰਦੇ ਹਾਂ" ਜਾਂ "ਅਸੀਂ ਕਰਾਂਗੇ"

    **ਨੋਟ** = ਸੰਪ੍ਰਦਾਇ ਅਨੁਸਾਰ ਕੁਨੱਦ ਅਤੇ ਕੁਨੱਮ ਹੀ ਉਚਾਰਨ ਕੀਤੇ ਜਾਂਦੇ ਹਨ।
13. **ਸ਼ਵਦ** = ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਬੋਲਦੇ ਅਰਥ = "ਉਹ ਹੁੰਦਾ ਹੈ" ਜਾਂ "ਉਹ ਹੋਵੇਗਾ"। ਜੇਕਰ ਸ਼ਵੱਦ ਉਚਾਰਨ ਕਰੀਏ ਤਾਂ ਬਹੁਵਚਨ ਬਣ ਜਾਂਦਾ ਹੈ ਤਾਂ ਅਰਥ = "ਉਹ ਹੁੰਦੇ ਹਨ" ਬਣਦਾ ਹੈ।
14. **ਸ਼ਵੰਦ (ਅਥਵਾ) ਸ਼ਵੱਦ** = "ਉਹ ਹੁੰਦੇ ਹਨ" ਜਾਂ "ਉਹ ਹੋਣਗੇ"।



Sri Satguru Jagjit Singh Ji eLibrary NamdhariElibrary@gmail.com

15.**ਸ਼ਵੀ** =“ਤੂੰ ਹੋ” ਜਾਂ “ਤੂੰ ਹੋਵੇਂਗਾ”।

16.**ਸ਼ਵੇਦ** =“ਤੁਸੀਂ ਹੋਵੋ” ਜਾਂ “ਤੁਸੀਂ ਹੋਵੋਗੇ”।

17.**ਸ਼ਵਮ** =ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਬੋਲਦੇ ਹਨ ਅਰਥ =(ਸ਼ਵ + ਅਮ) “ਮੈਂ ਹੁੰਦਾ ਹਾਂ” ਜਾਂ “ਮੈਂ ਹੋਵਾਂਗਾ”।

18.**ਸ਼ਵੇਮ** =“ਅਸੀਂ ਹੁੰਦੇ ਹਾਂ” ਜਾਂ “ਅਸੀਂ ਹੋਵਾਂਗੇ”।।

**ਨੋਟ** =ਸੰਪ੍ਰਦਾਇ ਅਨੁਸਾਰ ਸ਼ਵੱਦ ਅਤੇ ਸ਼ਵੱਮ ਹੀ ਉਚਾਰਨ ਕੀਤੇ ਜਾਂਦੇ ਹਨ।

19.**ਬਵਦ** =ਫ਼ਾਰਸੀ ਭਾਸ਼ਾ ਦੇ ਵਿਦਵਾਨ ਮੂਲ ਲਫ਼ਜ਼ ਬੂਅਦ ਮੰਨ ਕਰਕੇ ਬਵਦ ਪੋਲਾ ਉਚਾਰਨ ਕਰਦੇ ਹਨ ਅਰਥ =“ਉਹ ਹੁੰਦਾ ਹੈ” (ਜਾਂ) “ਉਹ ਹੋਵੇਗਾ”। ਜੇਕਰ ਬਵੱਦ ਉਚਾਰਨ ਕਰੀਏ ਤਾਂ ਬਹੁਵਚਨ ਬਣ ਜਾਂਦਾ ਹੈ ਤਾਂ ਅਰਥ =“ਉਹ ਹੁੰਦੇ ਹਨ” (ਜਾਂ) “ਉਹ ਹੋਣਗੇ” ਬਣ ਜਾਂਦਾ ਹੈ।

20.**ਬਵੰਦ (ਅਥਵਾ) ਬਵੱਦ** = ਫ਼ਾਰਸੀ ਭਾਸ਼ਾ ਦਾ ਮੂਲ ਲਫ਼ਜ਼ ਬੂਅੰਦ ਹੈ ਅਰਥ = “ਉਹ ਹੁੰਦੇ ਹਨ” (ਜਾਂ) “ਉਹ ਹੋਣਗੇ”।

21.**ਬੁਈਂ** =“ਤੂੰ ਹੁੰਦਾ ਹੈਂ” (ਜਾਂ) “ਤੂੰ ਹੋਵੇਂਗਾ”।

22.**ਬਵੇਦ** =ਫ਼ਾਰਸੀ ਭਾਸ਼ਾ ਦਾ ਮੂਲ ਲਫ਼ਜ਼ ਬੂਐਦ ਹੈ ਅਰਥ =“ਤੁਸੀਂ ਹੁੰਦੀ ਹੋ” (ਜਾਂ) “ਤੁਸੀਂ ਹੋਵੋਗੇ”।

23.**ਬਵਮ** =ਫ਼ਾਰਸੀ ਭਾਸ਼ਾ ਦਾ ਮੂਲ ਲਫ਼ਜ਼ ਬੂਅਮ ਹੈ ਅਰਥ =“ਮੈਂ ਹੁੰਦਾ ਹਾਂ” (ਜਾਂ) “ਮੈਂ ਹੋਵਾਂਗਾ”।

24.**ਬਵੇਮ** =ਫ਼ਾਰਸੀ ਭਾਸ਼ਾ ਦਾ ਮੂਲ ਲਫ਼ਜ਼ ਬੂਐਮ ਹੈ ਅਰਥ =“ਅਸੀਂ ਹੁੰਦੇ ਹਾਂ” (ਜਾਂ) “ਅਸੀਂ ਹੋਵਾਂਗੇ”।

**ਨੋਟ :** ਸੰਪ੍ਰਦਾਇ ਵਿਦਵਾਨ ਬਵੱਦ ਅਤੇ ਬਵੱਮ ਹੀ ਉਚਾਰਨ ਕਰਦੇ ਹਨ।

25.**ਰਸਦ** =ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਹੀ ਬੋਲਦੇ ਹਨ ਅਰਥ “ਉਹ ਪਹੁੰਚਦਾ ਹੈ” “ਉਹ ਪਹੁੰਚੇਗਾ”। ਜੇਕਰ ਰਸੱਦ ਉਚਾਰਨ ਤਾਂ ਬਹੁਤ ਬਹੁਵਚਨ ਬਣ ਜਾਂਦਾ ਹੈ। ਤਾਂ ਅਰਥ =“ਉਹ ਪਹੁੰਚਦੇ ਹਨ” (ਜਾਂ) “ਉਹ ਪਹੁੰਚਣਗੇ” ਬਣਦਾ ਹੈ।

26.**ਰਸੰਦ (ਅਥਵਾ) ਰਸੱਦ** =“ਉਹ ਪਹੁੰਚਦੇ ਹਨ” (ਜਾਂ) “ਉਹ ਪਹੁੰਚਣਗੇ”।

27.**ਰਸੀ** =“ਤੂੰ ਪਹੁੰਚਦਾ ਹੈਂ” (ਜਾਂ) ਤੂੰ ਪਹੁੰਚੇਗਾ”।

28.**ਰਸੇਦ** =“ਤੁਸੀਂ ਪਹੁੰਚਦੇ ਹੋ” (ਜਾਂ) ਤੁਸੀਂ ਪਹੁੰਚੋਗੇ”।

29.**ਰਸਮ** =ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਹੀ ਬੋਲਦੇ ਹਨ ਅਰਥ = “ਮੈਂ ਪਹੁੰਚਦਾ



Sri Satguru Jagjit Singh Ji eLibrary NamdhariElibrary@gmail.com

ਹਾਂ". (ਜਾਂ) "ਮੈਂ ਪਹੁੰਚਾਂਗਾ"।

30.**ਰਸੀਮ** ="ਅਸੀਂ ਪਹੁੰਚਦੇ ਹਾਂ" (ਜਾਂ) "ਅਸੀਂ ਪਹੁੰਚਾਂਗੇ"।

**ਨੋਟ :** ਸੰਪ੍ਰਦਾਇ ਵਿਦਵਾਨ ਰਸੱਦ ਅਤੇ ਰਸੱਮ ਹੀ ਉਚਾਰਨ ਕਰਦੇ ਹਨ।

31.**ਸ਼ਿਕਨ** =ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਹੀ ਬੋਲਦੇ ਹਨ ਅਰਥ = "ਤੋੜਨ ਵਾਲਾ" (ਜਾਂ) "ਤੋੜ" (ਜਾਂ) "ਉਹ ਤੋੜੇਗਾ"।

32.**ਸ਼ਿਕਨੰਦ** = "ਤੋੜਨ ਵਾਲੇ" (ਜਾਂ) "ਤੋੜੋ" (ਜਾਂ) "ਉਹ ਤੋੜਨਗੇ"।

33.**ਸ਼ਿਕਨੀ** = "ਤੂੰ ਤੋੜ" (ਜਾਂ) "ਤੂੰ ਤੋੜੇਂਗਾ"।

34.**ਸਿਕਨੇਦ** = "ਤੁਸੀਂ ਤੋੜੋ" (ਜਾਂ) "ਤੁਸੀਂ ਤੋੜੋਗੇ"।

35.**ਸ਼ਿਕਨਮ** = "ਮੈਂ ਤੋੜਦਾ ਹਾਂ" (ਜਾਂ) "ਮੈਂ ਤੋੜਾਂਗਾ"।

36.**ਸ਼ਿਕਨੇਮ** = "ਅਸੀਂ ਤੋੜਦੇ ਹਾਂ" (ਜਾਂ) "ਅਸੀਂ ਤੋੜਾਂਗੇ"।

**ਨੋਟ :** ਸੰਪ੍ਰਦਾਇ ਵਿਦਵਾਨ ਸ਼ਿਕੱਨ ਅਤੇ ਸ਼ਿਕੱਨਮ ਹੀ ਉਚਾਰਨ ਕਰਦੇ ਹਨ।

37.**ਊ** =(ਇੱਕ ਵਚਨ) "ਉਹ"।

38.**ਆਂਹਾਂ** =(ਬਹੁ ਵਚਨ) = "ਉਹ ਸਾਰੇ"।

39.**ਤੁ (ਜਾਂ) ਤੁਈਂ** = (ਇਕ ਵਚਨ) "ਤੂੰ"।

40.**ਸ਼ੁਮਾ** =(ਬਹੁ ਵਚਨ) = "ਤੁਸੀਂ ਸਾਰੇ"।

41.(1) **ਮਨ** = (ਇੱਕ ਵਚਨ) "ਮੈਂ"।

(2) **ਮਨਮ** = (ਇੱਕ ਵਚਨ) ਫ਼ਾਰਸੀ ਭਾਸ਼ਾ ਅਨੁਸਾਰ ਪੋਲਾ ਹੀ ਬੋਲਦੇ ਹਨ ਅਰਥ = (ਮਨ + ਅਮ) "ਮੈਂ ਹਾਂ" ਬਣਦਾ ਹੈ।

42.**ਮਨੇਮ** =(ਬਹੁ ਵਚਨ) = "ਅਸੀਂ ਹਾਂ"।

**ਨੋਟ :** ਸੰਪ੍ਰਦਾਇ ਅਨੁਸਾਰ ਮਨੱਮ ਹੀ ਉਚਾਰਨ ਕੀਤਾ ਜਾਂਦਾ ਹੈ।

43.**ਆਰਦ** ="ਲਿਆਉਂਦਾ ਹੈ" ਜਾਂ "ਲਿਆਵੇਗਾ" (ਨੋਟ = ਕਈ ਵਾਰ "ਕਰਦਾ ਹੈ" ਜਾਂ "ਕਰੇਗਾ" ਅਰਥ ਵੀ ਪ੍ਰਕਰਣ ਅਨੁਸਾਰ ਬਣਦੇ ਹਨ।)

44.**ਆਰੰਦ** ="ਲਿਆਉਂਦੇ ਹਨ" ਜਾਂ "ਲਿਆਉਣਗੇ" (ਨੋਟ = ਕਈ ਵਾਰ "ਕਰਦੇ ਹਨ" ਜਾਂ "ਕਰਨਗੇ" ਜਾਂ "ਕਰ ਲੈਂਦੇ ਹਨ" ਅਰਥ ਵੀ ਪ੍ਰਕਰਣ ਅਨੁਸਾਰ ਬਣਦੇ ਹਨ।)

45.**ਆਰੀ** ="ਤੂੰ ਲਿਆ" ਜਾਂ "ਤੂੰ ਲਿਆਵੀਂ"।

46.**ਆਰੇਦ** = ਤੁਸੀਂ ਲਿਆਉ" ਜਾਂ "ਤੁਸੀਂ ਲਿਆਇਓ"।

47.**ਆਰਮ** ="ਮੈਂ ਲਿਆਉਂਦਾ ਹਾਂ" ਜਾਂ "ਮੈਂ ਲਿਆਵਾਂਗਾ"।

48.**ਆਰੇਮ** ="ਅਸੀਂ ਲਿਆਉਂਦੇ ਹਾਂ" ਜਾਂ "ਅਸੀਂ ਲਿਆਵਾਂਗੇ"।



Sri Satguru Jagjit Singh Ji eLibrary NamdhariElibrary@gmail.com

# ਗ੍ਰੰਥ ਦੀਆਂ ਵਿਸ਼ੇਸ਼ਤਾਈਆਂ

1. ਮੂਲ ਪਾਠ ਮੋਟੇ ਅੱਖਰਾਂ ਵਿੱਚ ਦਿੱਤਾ ਗਿਆ ਹੈ।
2. ਕਠਨ ਪਾਠਾਂ ਦੇ ਉਚਾਰਨ ਨਾਲ ਹੀ ਦਿੱਤੇ ਗਏ ਹਨ।
3. ਲਫ਼ਜ਼ਾਂ ਨੂੰ ਪਦ ਛੇਦ ਕਰਕੇ ਅੱਖਰੀ ਅਰਥ ਨਾਲ ਹੀ ਲਿੱਖ ਦਿੱਤੇ ਗਏ ਹਨ।
4. ਅੱਖਰੀ ਅਰਥਾਂ ਦੇ ਨਾਲ-ਨਾਲ ਭਾਵੀ ਅਰਥ ਵੀ ਨਾਲ ਹੀ ਲਿਖ ਦਿੱਤੇ ਗਏ ਹਨ।
5. ਲੋੜ ਪੈਣ ਤੇ ਕਿਤੇ ਕਿਤੇ ਗੁਰਬਾਣੀ ਦੇ ਪ੍ਰਮਾਣ ਤੇ ਸੰਖੇਪ ਸਾਖੀਆਂ ਵੀ ਲਿਖੀਆਂ ਗਈਆਂ ਹਨ।
6. ਕਿਤੇ ਕਿਤੇ ਅਰਥ ਦੋ ਦੋ ਅਤੇ ਕਿਤੇ ਦੋਵਾਂ ਤੋਂ ਵਧੇਰੇ ਵੀ ਅਰਥ ਕੀਤੇ ਗਏ ਹਨ।
7. ਗਿਆਨੀ ਭਾਈ ਵੀਰ ਸਿੰਘ ਜੀ ਦੁਆਰਾ ਛਪਾਏ ਗਏ ਗੰਜਨਾਮਹ ਦਾ ਮੂਲ ਪਾਠ ਮੁੱਖ ਰੱਖਿਆ ਗਿਆ ਹੈ ਅਤੇ ਗਿਆਨੀ ਮਹਾਂ ਸਿੰਘ ਜੀ ਦੁਆਰਾ ਫ਼ਾਰਸੀ ਭਾਸ਼ਾ ਵਿੱਚ ਛਪਾਏ ਤਸ਼ਨੀਫ਼ੋ ਗੋਯਾ ਗ੍ਰੰਥ ਨਾਲ ਮੂਲ ਪਾਠ ਮਿਲਾ ਲਿਆ ਗਿਆ ਹੈ।
8. ਇਸ ਗ੍ਰੰਥ ਵਿੱਚ ਇੱਕ ਨਵੀਨ ਨੁਕਤਾ ਲਿਖਿਆ ਗਿਆ ਹੈ ਕਿ :- ਗੁਰਮੁਖੀ ਅੱਖਰਾਂ ਵਿੱਚ ਭਾਵੇਂ ਐੜਾ ਈੜੀ ਹਾਹਾ ਕੱਕਾ ਤੱਤੇ ਅੱਖਰ ਦੇ ਹੇਠਾਂ ਬਿੰਦੀ ਦਾ ਪ੍ਰਯੋਗ ਨਹੀਂ ਹੁੰਦਾ। ਪਰ ਫੇਰ ਵੀ ਇਸ ਗ੍ਰੰਥ ਵਿੱਚ ਫ਼ਾਰਸੀ ਦਾ ਸ਼ੁੱਧ ਉਚਾਰਨ ਕਰਨ ਵਾਸਤੇ ਅਤੇ ਅਲਿਫ਼, ਐ਼ਨ; ਤ਼ੋਇ, ਤੇ; ਹੇ, ਹ਼ੇ; ਕਾਫ਼, ਕ਼ਾਫ਼ ਇਤਿਆਦਿਕ ਦਾ ਫ਼ਰਕ ਜ਼ਾਹਿਰ ਕਰਨ ਵਾਸਤੇ, ਐ਼ੜਾ ਈ਼ੜੀ ਹ਼ਾਹਾ ਕ਼ੱਕਾ ਤ਼ੱਤੇ ਅੱਖਰ ਦੇ ਹੇਠਾਂ ਬਿੰਦੀਆਂ ਲਗਾ ਦਿੱਤੀਆਂ ਗਈਆਂ ਹਨ।
9. ਪਾਠਕਾਂ ਦੀ ਸਹੂਲਤ ਵਾਸਤੇ ਦਸਾਂ ਪਾਤਿਸ਼ਾਹੀਆਂ ਦਾ ਜੀਵਨ ਬਿਉਰਾ ਨਾਲ ਹੀ ਦਿੱਤਾ ਗਿਆ ਹੈ।
10. "ਨਾਮਿ ਊ" ਇਤਿਆਦਿਕ ਲਫ਼ਜ਼ਾਂ ਵਿੱਚ ਸਿਹਾਰੀ ਬੋਲਣ ਵਾਸਤੇ, ਫ਼ਾਰਸੀ ਤੋਂ ਅਨਜਾਣ ਵਿਦਵਾਨਾਂ ਵਾਸਤੇ, ਦੋਨਾਂ ਅੱਖਰਾਂ ਵਿੱਚ ਡੈਸ਼ ਲਗਾ ਦਿੱਤੀ ਗਈ ਹੈ। ਜਿਵੇਂ = (1) ਨਾਮਿ - ਊ (2) ਖ਼ਾਕਿ-ਪਾਏ ਇਤਿਆਦਿਕ
11. ਜਿੱਥੇ ਲਫ਼ਜ਼ ਦੀ ਉੱਪਰਲੀ ਬਿੰਦੀ ਵਿੱਚੋਂ ਨੰਨਾਂ ਨਿਕਲਦਾ ਹੈ ਉਹ ਨੰਨਾਂ ਬਿੰਦੀ ਵਿੱਚੋਂ ਕੱਢ ਕਰਕੇ ਪਦ ਅਰਥਾਂ ਵਿੱਚ ਲਿਖ ਦਿੱਤਾ ਗਿਆ ਹੈ ਜਿਵੇਂ = ਨਾਜ਼ਨੀਂ ਲਫ਼ਜ਼ ਦੀ ਬਿੰਦੀ ਵਿੱਚੋਂ ਨੰਨਾਂ ਨਿਕਲਦਾ ਹੈ ਉਹ ਨੰਨਾ ਪਦ ਅਰਥਾਂ ਵਿੱਚ "ਨਾਜ਼ਨੀਨ"; ਇਸ ਤਰ੍ਹਾਂ ਕਰਕੇ ਲਿਖ ਦਿੱਤਾ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

# ਅਨੁਬੰਧ

ਜੋ ਆਪਣੇ ਪਿੱਛੇ ਪਾਠਕ ਨੂੰ ਬੰਧੁ ਲਵੇ ਉਸਨੂੰ ਅਨੁਬੰਧ ਕਹਿੰਦੇ ਹਨ ਜਿਹੜਾ ਪਾਠਕ ਅਨੁਬੰਧ ਨੂੰ ਸਮਝ ਲੈਂਦਾ ਹੈ ਉਸਦੀ ਗ੍ਰੰਥ ਪੜ੍ਹਨ ਵਿੱਚ ਰੁਚੀ ਹੋ ਜਾਂਦੀ ਹੈ।

**ਯਥਾ = ਨਹਿ ਅਨੁਬੰਧ ਪਛਾਨੈ ਜੌ ਲੌ ॥ ਹ੍ਵੈ ਨ ਪ੍ਰਵਿਰਤ ਸੁਘਰ ਨਰ ਤੌ ਲੌ ॥**
**ਜਾਨਿ ਜਿਨੈ ਯਹ ਸੁਨੈ ਪ੍ਰਬੰਧਾ ॥ ਕਹੂੰ ਵ ਯਾਤੈਂ; ਤੇ ਅਨੁਬੰਧਾ ॥**

(ਵਿਚਾਰ ਸਾਗਰ)

ਅਨੁਬੰਧ ਦੇ ਚਾਰ ਹਿੱਸੇ ਹੁੰਦੇ ਹਨ।

**ਯਥਾ = ਅਧਿਕਾਰੀ ਸੰਬੰਧ; ਵਿਸ਼ੇ ਪ੍ਰਯੋਜਨ ਮੇਲਿ-ਚਵ ॥**
**ਕਹਤ ਸੁਕਵਿ ਅਨੁਬੰਧ, ਤਿਨ ਮੈਂ ਅਧਿਕਾਰੀ ਸੁਨਹੁ ॥**

**ਅਧਿਕਾਰੀ** = ਜਿਹੜਾ ਆਪਣਾ ਦਿਲ ਅਤੇ ਜਾਨ, ਆਪਣੇ ਮੁਰਸ਼ਿਦ ਤੋਂ ਕੁਰਬਾਨ ਕਰਦਾ ਹੈ ਉਹ ਇਸ ਗ੍ਰੰਥ ਨੂੰ ਪੜ੍ਹਨ ਦਾ ਅਧਿਕਾਰੀ ਹੈ।

**ਯਥਾ = ਦਿਲੋ ਜਾਨਮ; ਬ-ਹਰ ਸਬਾਹ੍ਹੋ ਮਸਾ ॥**
**ਸਰੋ ਫ਼ਰਕ਼ਮ; ਜ਼ਿ ਰੂਏ ਸਿਦਕ਼ੋ ਸਫ਼ਾ ॥੧॥**
**ਬਾਦ, ਹਰ ਮੁਰਸ਼ਿਦੇ; ਤ਼ਰੀਕ਼ੇ ਨਿਸਾਰ ॥**
**ਅਜ਼ ਸਰੇ ਇਜ਼ਜ਼; ਸਦ ਹਜ਼ਾਰਾਂ ਬਾਰ ॥੨॥** (ਗੰਜ ਨਾਮਹ)

**ਅਥਵਾ** = ਜਿਹੜਾ ਵਿਅਕਤੀ "ਪ੍ਰੇਮੀਆਂ ਦੀਆਂ ਨੌ ਨਿਸ਼ਾਨੀਆਂ ਸਹਿਤ ਹੈ" ਉਹ ਇਸ ਗ੍ਰੰਥ ਨੂੰ ਪੜ੍ਹਨ ਦਾ ਅਧਿਕਾਰੀ ਹੈ।

**ਯਥਾ = ਆਸ਼ਿਕਾਰਾ ਨਵ ਨਿਸਾਨੀ ; ਐ ਪਿਸਰ ॥**
**1) ਆਹ ਸਰਦੋ 2) ਰੰਗ ਜ਼ਰਦੋ 3) ਚਸ਼ਮ ਤਰ*॥**
**4) ਕਮ ਗੁਫ਼ਤਨੋ 5) ਕਮ ਖ਼ੁਰਦਨੋ 6) ਖ਼ੁਆਬਸ਼ ਹਰਾਮ ॥**
**7) ਇੰਤਜ਼ਾਰੀ 8) ਬੇਕਰਾਰੀ 9) ਦਸਤ ਸਰ ॥**

**ਵਿਸ਼ਾ** = ਇਸ ਗ੍ਰੰਥ ਦਾ ਵਿਸ਼ਾ "ਪ੍ਰੇਮਾ ਭਗਤੀ ਅਤੇ ਗੁਰੂ ਮਹਿਮਾ" ਹੈ॥

**ਸੰਬੰਧ** = (1) ਗ੍ਰੰਥ "ਗੰਜ ਨਾਮਹ" ਦਾ ਅਤੇ "ਵਿਸ਼ੇ ਪ੍ਰੇਮਾ ਭਗਤੀ ਅਤੇ ਗੁਰੂ ਮਹਿਮਾ" ਦਾ ਪ੍ਰਤੀਪਾਦਿਅ ਪ੍ਰਤੀਪਾਦਕ ਸਬੰਧ ਹੈ। ਗ੍ਰੰਥ ਨੂੰ ਵਿਦਵਾਨ ਪ੍ਰਤੀਪਾਦਕ ਅਤੇ ਵਿਸ਼ੇ ਨੂੰ ਪ੍ਰਤੀਪਾਦਿਅ ਕਹਿੰਦੇ ਹਨ।

---

*(1) ਠੰਡੇ ਸਵਾਸ ਆਉਣੇ (2) ਰੰਗ ਪੀਲਾ ਪੈ ਜਾਣਾ (3) ਅੱਖਾਂ ਸਜਲ ਹੋਈਆਂ ਰਹਿਣੀਆਂ (4) ਘੱਟ ਖਾਣਾ (5) ਘੱਟ ਬੋਲਣਾ (6) ਰਾਤ ਦੀ ਨੀਂਦ ਹਰਾਮ ਹੋ ਜਾਣੀ (7) ਇੰਤਜ਼ਾਰੀ ਲੱਗੀ ਰਹਿਣੀ (8) ਬੇਕਰਾਰ ਹੋਏ ਰਹਿਣਾ (9) ਹੱਥ ਤੇ ਸਿਰ ਕੰਬਦਾ ਰਹਿਣਾ।



Sri Satguru Jagjit Singh Ji eLibrary NamdhariElibrary@gmail.com

(2) ਅਧਿਕਾਰੀ "ਪ੍ਰੇਮੀਆਂ ਦੀਆਂ ਨੌਂ ਨਿਸ਼ਾਨੀਆਂ ਸਹਿਤ" ਅਤੇ ਫਲ "ਦੁੱਖਾਂ ਦੀ ਅਤਿਅੰਤ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ" ਦਾ ਪ੍ਰਾਪਿਅ ਪ੍ਰਾਪਕ ਸਬੰਧ ਹੈ ਅਧਿਕਾਰੀ ਨੂੰ ਵਿਦਵਾਨ ਪ੍ਰਾਪਕ ਕਹਿੰਦੇ ਹਨ ਅਤੇ ਫਲ ਨੂੰ ਵਿਦਵਾਨ ਪ੍ਰਾਪਿਅ ਕਹਿੰਦੇ ਹਨ।

(3) ਅਧਿਕਾਰੀ ਦਾ ਅਤੇ "ਪ੍ਰੇਮਾ ਭਗਤੀ ਅਤੇ ਗੁਰੂ ਮਹਿਮਾ" ਦੀ ਵੀਚਾਰ ਦਾ ਕਰੱਤ੍ਰੀ ਕ੍ਰਤੌਵਿਅ ਸਬੰਧ ਹੈ। ਅਧਿਕਾਰੀ ਨੂੰ ਵਿਦਵਾਨ ਕਰੱਤ੍ਰੀ ਅਤੇ ਵੀਚਾਰ ਨੂੰ ਕ੍ਰਤੌਵਿਅ ਕਹਿੰਦੇ ਹਨ।

(4) ਗ੍ਰੰਥ "ਗੰਜ ਨਾਮਹ" ਦਾ ਅਤੇ "ਵਿਸ਼ੇ ਪ੍ਰੇਮ ਭਗਤੀ ਅਤੇ ਗੁਰੂ ਮਹਿਮਾ" ਦੇ ਗਿਆਨ ਦਾ ਜਨਕ ਜੰਨਿਅ ਸਬੰਧ ਹੈ। ਗ੍ਰੰਥ ਨੂੰ ਵਿਦਵਾਨ ਸੱਜਣ ਜਨਕ ਅਤੇ ਗ੍ਰੰਥ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਨੂੰ ਜੰਨਿਅ ਕਹਿੰਦੇ ਹਨ।

**ਪ੍ਰਯੋਜਨ** = ਦੁੱਖਾਂ ਦੀ ਅਤਿਅੰਤ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਇਸ ਗ੍ਰੰਥ ਦਾ ਪ੍ਰਯੋਜਨ ਹੈ।

**ਅਥਵਾ** = ਬਕਤੇ ਦਾ ਸਿਰ ਸਦਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਝੁਕਿਆ ਰਹੇ। ਇਸ ਗ੍ਰੰਥ ਦਾ ਇਹ ਪ੍ਰਯੋਜਨ ਹੈ।

**ਯਥਾ = ਬਾਦ ਜਾਨਸ਼ ਫ਼ਿਦਾਏ ; ਗੁਰ ਗੋਬਿੰਦ ਸਿੰਘ ॥**
**ਫ਼ਰਕੇ ਓ ਬਰ ਪਾਏ ; ਗੁਰ ਗੋਬਿੰਦ ਸਿੰਘ ॥੧੯॥** (ਗੰਜ ਨਾਮਹ)



Sri Satguru Jagjit Singh Ji eLibrary NamdhariElibrary@gmail.com

## ੧ਓ ਸਤਿਗੁਰ ਪ੍ਰਸਾਦਿ

**ਅਰਥ** ੧ = ਅਦ੍ਵੈਤ ਸਰੂਪ ਹੈ ਸਜਾਤੀ ਵਿਜਾਤੀ ਸੁਗੱਤ ਭੇਦ ਤੋਂ ਰਹਿਤ ਹੈ।

ਓ = ਓਅੰਕਾਰ ਸਾਰਿਆਂ ਦਾ ਪ੍ਰਕਾਸ਼ਕ ਹੈ।

ਸਤਿ = ਸੱਚਾ ਹੈ ਵਾ-ਸੱਤ ਚਿਤ ਅਨੰਦ ਸਰੂਪ ਹੈ।

ਗੁਰ = [ਗੁ] = ਅਗਿਆਨਤਾ ਦਾ ਹਨੇਰਾ ਮੇਟ ਕਰਕੇ [ਰ ਅਥਵਾ ਰੂ] = ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ।

ਪ੍ਰਸਾਦਿ = ਕਿਰਪਾ ਕਰਨ ਵਾਲਾ ਹੈ।

**ਵਾ** = ਇੱਕ ਅਦ੍ਵੈਤ ਸਰੂਪ ਓਅੰਕਾਰ ਸਾਰਿਆਂ ਦਾ ਪ੍ਰਕਾਸ਼ਕ, ਸਤਿਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

### ਗੰਜ ਨਾਮਹ

ਗੰਜ ਦਾ ਅਰਥ "ਖਜਾਨਾ" ਹੈ ਅਤੇ ਨਾਮਹ ਦਾ ਅਰਥ "ਲੇਖ" ਹੈ ਦਸਾਂ ਪਾਤਿਸ਼ਾਹੀਆਂ ਦੇ ਨਾਵਾਂ ਦਾ ਖਜਾਨਾ ਰੂਪ ਲੇਖ॥

**ਵਾ** = ਨਾਮਹ ਦਾ ਅਰਥ ਨਾਮ ਵੀ ਹੁੰਦਾ ਹੈ ਦਸਾਂ ਪਾਤਿਸ਼ਾਹੀਆਂ ਦੇ ਨਾਮਹ = ਨਾਵਾਂ ਦਾ ਖਜਾਨਾ॥

***ਵਾਹਿਗੁਰੂ ਜੀਉ ਸੱਤਿ***

**ਅਰਥ** = ਅਕਾਲ ਪੁਰਖ ਜੀ ਸੱਚੇ ਹਨ

**ੳ) ਗੁਰ ਗੋਬਿੰਦ ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ॥**

**ਅ) ਗੁਰ ਦਇਆਲ ਸਮਰਥ ਗੁਰ, ਗੁਰ ਨਾਨਕ ਪਤਿਤ ਉਦਾਰਣਹ॥**

**ਅਰਥ** **ੳ)** ਗੁਰੂ ਹੀ ਗੋਬਿੰਦ ਰੂਪ ਹਨ ਗੁਰੂ ਹੀ ਗੋਪਾਲ ਰੂਪ ਹਨ। ਗੁਰੂ ਪੂਰਨ ਨਾਰਾਇਣ ਸਰੂਪ ਹਨ।

**ਅ)** ਗੁਰੂ ਹੀ ਦਇਆਲ ਰੂਪ ਹਨ ਗੁਰੂ ਹੀ ਸਮਰੱਥ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਹੀ ਪਾਪੀਆਂ ਦਾ ਉਧਾਰ ਕਰਨ ਵਾਲੇ ਹਨ।

**ਭਾਈ ਨੰਦਲਾਲ ਜੀ ਨੇ ਇਸ ਗੁਰਬਾਣੀ ਦੇ ਸਲੋਕ ਨਾਲ ਗੁਰੂ ਦਾ ਮੰਗਲ ਕੀਤਾ ਹੈ ਅਤੇ ਅੱਗੇ ਆਪ ਹੀ ਗੁਰੂ ਦਾ ਮਹਾਤਮ ਦੱਸਦੇ ਹੋਏ ਨਮਸ਼ਕਾਰ ਆਤਮਿਕ ਮੰਗਲ ਕਰਦੇ ਹਨ।**

**ੳ) ਦਿਲੋ ਜਾਨਮ; ਬ-ਹਰ ਸਬਾਹੋ ਮਸਾ॥**

**ਅ) ਸਰੋ ਫ਼ਰਕ਼ਮ; ਜ਼ਿ ਰੂਏ ਸਿਦਕ਼ੋ ਸਫ਼ਾ॥੧॥**



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਜਾਨਮ = (ਜਾਨ + ਅਮ) ਮੇਰੀ ਜਾਨ /ਬ-ਹਰ = ਹਰੇਕ / ਸਬਾਹੋ = ਸਵੇਰ /ਮਸਾ = ਸ਼ਾਮ/ਸਰੋ = ਸਿਰ / ਫ਼ਰਕ਼ + ਅਮ = ਮੇਰੀ ਖੋਪੜੀ (ਵਾ) = ਚੋਟੀ / ਜ਼ਿ=ਤੋਂ/ਰੂਏ = ਚਿਹਰੇ /ਸਿਦਕ਼ੋ = ਸ਼ਰਧਾ, ਸੱਚੇ / ਸ਼ਫ਼ਾ = ਸਫ਼ਾਈ ਰੱਖਣ ਵਾਲੇ (ਭਾਵ) ਪਵਿੱਤਰ /

**ਅਰਥ** = (ੳ) ਦਿਲ ਤੇ ਮੇਰੀ ਜਾਨ, ਹਰੇਕ ਸਵੇਰ ਤੇ ਸ਼ਾਮ ਨੂੰ ;
(ਅ) ਸਿਰ ਤੇ ਮੇਰੇ ਸਿਰ ਦੀ ਚੋਟੀ, ਸੱਚੇ ਤੇ ਪਵਿੱਤਰ ਚਿਹਰੇ ਤੋਂ।

**(ੳ) ਬਾਦ, ਬਰ ਮੁਰਸ਼ਿਦੇ ; ਤ਼ਰੀਕ਼ੇ ਨਿਸਾਰ ॥**

**(ਅ) ਅਜ਼ ਸਰੇ ਇ਼ਜਜ਼; ਸਦ ਹਜ਼ਾਰਾਂ ਬਾਰ ॥**

(**ਉਚਾਰਨ** = ਇ਼ੱਜਜ਼ ਬੋਲੋ)

**ਪਦ ਅਰਥ** = ਬਾਦ = ਹੋਵੇ /ਬਰ = ਉੱਪਰੋਂ/ਮੁਰਸ਼ਿਦੇ = ਗੁਰੂ/ਤ਼ਰੀਕ਼ੇ = ਢੰਗ/ ਨਿਸਾਰ=ਕੁਰਬਾਨ/ਅਜ਼ = ਨਾਲ/ਸਰੇ = ਸਿਰ/ਇ਼ਜਜ਼ = ਨਿਮਰਤਾ (ਨੋਟ: ਕਈ ਵਿਦਵਾਨ ਇ਼ਜਜ਼ ਦੀ ਥਾਂ ਤੇ ਅ਼ਜਜ਼ ਪਾਠ ਵੀ ਸੁੱਧ ਮੰਨਦੇ ਹਨ ਪਰ ਇ਼ਜਜ਼ ਅਤੇ ਅ਼ਜਜ਼ ਦਾ ਅਰਥ = "ਨਿਮਰਤਾ" ਹੀ ਹੈ।)/ਸਦ = ਸੈਂਕੜੇ /ਬਾਰ=ਵਾਰੀ (ਵ) ਦਫ਼ਾ/

**ਅਰਥ** = **(ੳ)** ਕੁਰਬਾਨ ਹੋਵੇ; (ਪਰ ਕੁਰਬਾਨ ਹੋਵੇ ਕਿਸਦੇ ਚਿਹਰੇ ਤੋਂ*?) ਮੇਰੇ ਗੁਰੂ ਦੇ ਚਿਹਰੇ ਤੋਂ ਢੰਗ ਨਾਲ ਕੁਰਬਾਨ ਹੋਵੇ।
**(ਅ)** (ਕਿਹੜੇ ਢੰਗ ਨਾਲ ਕੁਰਬਾਨ ਹੋਵੇ*) ਮੇਰਾ ਸਿਰ ਅਤੇ ਮੇਰੇ ਸਿਰ ਦੀ ਚੋਟੀ ਆਦਿਕ, ਨਿਮਰਤਾ ਦੇ ਨਾਲ, ਮੇਰੇ ਗੁਰੂ ਦੇ ਚਿਹਰੇ ਤੋਂ, ਸੈਂਕੜੇ ਵਾਰੀ ਹਜ਼ਾਰਾਂ ਵਾਰੀ (**ਵਾ**) = ਸਦ ਹਜ਼ਾਰਾਂ = ਲੱਖਾਂ ਵਾਰੀ ਕੁਰਬਾਨ ਹੋਵੇ।
ਇਸ ਤਰੀਕੇ ਨਾਲ ਮੇਰਾ ਸਿਰ, ਗੁਰੂ ਦੇ ਚਿਹਰੇ ਤੋਂ ਕੁਰਬਾਨ ਹੋਵੇ ॥

***ਨੋਟ** = ਭਾਈ ਨੰਦਲਾਲ ਜੀ ਆਪ ਹੀ ਆਪਣੇ ਮਨ ਅੱਗੇ ਪ੍ਰਸ਼ਨ ਰੱਖਦੇ ਹਨ ਅਤੇ ਫਿਰ ਆਪ ਉੱਤਰ ਦੇ ਕੇ ਆਪਣੇ ਸ਼ੰਕੇ ਦੀ ਨਿਵਿਰਤੀ ਕਰਦੇ ਹਨ। ਅਤੇ ਆਪਣੇ ਮੁਰਸ਼ਿਦ ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਉੱਪਰੋਂ ਆਪਣੀ ਜਾਨ ਅਤੇ ਦਿਲ, ਸਿਰ ਤੇ ਸਿਰ ਦੀ ਖੋਪੜੀ ਕੁਰਬਾਨ ਕਰਦੇ ਹਨ।

**(ੳ) ਕਿਹ, ਜ਼ਿ ਇਨਸਾਂ; ਮਲਕ ਨਮੂ-ਦਸਤ ਓ ॥**

**(ਅ) ਇ਼ੱਜ਼ਤੇ ਖ਼ਾਕੀਆਂ, ਫ਼ਜ਼ੂ-ਦਸਤ ਓ ॥੩॥**

(**ਉਚਾਰਨ** = ਇਨਸਾਂ ਦੀ ਬਿੰਦੀ ਵਿੱਚੋਂ ਨੰਨਾ ਕੱਢ ਕਰਕੇ; ਇਨ-ਸਾਂ ਲੰਮਕਾ ਕੇ ਬੋਲੋ। ਨਮੂਦਸਤ ਫ਼ਜ਼ੂਦਸਤ ਇਕੱਠਾ ਬੋਲੋ ਲੰਮਕਾਉਣਾ ਨਹੀਂ ਹੈ।)



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਕਿਹ =ਕਿਉਂ ਕਿ/ਜ਼ਿ = ਤੋਂ/ਇਨਸਾਂ = ਇਨਸਾਨ, ਆਦਮੀ/ ਮਲਕ = ਦੇਵਤੇ/ਨਮੂਦਸਤ = (ਨਮੂਦ+ਅਸਤ) (ਨਮੂਦ) ਜ਼ਾਹਿਰ (ਅਸਤ) =ਹੈ/ਓ = ਉਸਨੇ (ਵਾ)= ਉਨ੍ਹਾਂ ਨੇ /ਇੱਜ਼ਤੇ = ਇੱਜ਼ਤ, ਵਡਿਆਈ/ਖ਼ਾਕੀਆਂ = ਮਿੱਟੀ/ਫ਼ਜ਼ੂਦਸਤ = (ਫ਼ਜ਼ੂਦ + ਅਸਤ) ਵੱਡੀ ਹੈ/ਓ = ਉਨ੍ਹਾਂ ਨੇ ॥

**ਅਰਥ** = **(ੳ)** (ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਤੋਂ ਮੇਰਾ ਸਿਰ ਅਤੇ ਮੇਰੀ ਜਾਨ ਕਿਉਂ ਕੁਰਬਾਨ ਹੋਵੇ?) ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕਰਕੇ; ਹਰੇਕ ਆਮ ਵਿਅਕਤੀ ਨੂੰ ਆਦਮੀ ਤੋਂ ਦੇਵਤਾ ਜ਼ਾਹਿਰ (ਪ੍ਰਗਟ) ਹੀ ਬਣਾਇਆ ਹੈ।

**(ਅ)** ਅਤੇ ਉਨ੍ਹਾਂ ਨੇ ਮਿੱਟੀ ਵਾਲਿਆਂ (**ਭਾਵ**) ਮਿੱਟੀ ਵਿੱਚ ਰੁਲਣ ਵਾਲੇ ਹੇਠਲੇ ਵਰਗਾਂ ਦੇ ਗ਼ਰੀਬ ਲੋਕਾਂ ਨੂੰ ਵੱਡੀ ਇੱਜ਼ਤ ਬਖ਼ਸ਼ੀ (**ਭਾਵ**) ਵੱਡੀ ਬਾਦਿਸ਼ਾਹੀ ਦਿੱਤੀ ਹੈ।

**ਯਥਾ** = **ਇਨ ਗ਼ਰੀਬ ਸਿੱਖਨ ਕਉ ਦਯੋ ਵਡਿਆਈ ॥**
**ਯਾਦ ਕਰੇ ਹਮਰੀ ਗੁਰਿਆਈ ॥**

**(ੳ) ਖ਼ਾਸ-ਗਾਂ ਜੁਮਲਾ, ਖ਼ਾਕਿ-ਪਾਏ ਓ ॥**
**(ਅ) ਹਮਹ ਮਲ-ਕੂਤੀਆ, ਫ਼ਿਦਾਏ ਓ ॥੪॥**

**ਪਦ ਅਰਥ** = ਖ਼ਾਸ-ਗਾਂ = (ਖ਼ਾਸ+ਗਾਨ) ਖ਼ਾਸਲੋਕ/ਜੁਮਲਾ = ਬਹੁਤੇ (ਭਾਵ) ਸਾਰੇ/ਖ਼ਾਕਿ= ਧੂੜੀ/ਪਾਏ = ਚਰਨਾ/ਓ = ਉਨ੍ਹਾਂ ਦੇ/ਹਮਹ = ਸਾਰੇ/ ਮਲਕੂਤੀਆਂ = ਦੇਵਤੇ/ਫ਼ਿਦਾਏ = ਕੁਰਬਾਨ/ ਓ = ਉਨ੍ਹਾਂ ਤੋਂ/

**ਅਰਥ** = **(ੳ)** ਸਾਰੇ ਖ਼ਾਸ ਲੋਕ, ਉਨ੍ਹਾਂ ਦੇ ਚਰਨਾਂ ਦੀ ਧੂੜੀ ਹਨ ॥

**(ਅ)** ਅਤੇ ਸਾਰੇ ਦੇਵਤੇ ਉਨ੍ਹਾਂ ਤੋਂ ਕੁਰਬਾਨ ਹਨ ਇਸ ਲਈ ਮੇਰੀ ਜਾਨ ਉਨ੍ਹਾਂ ਦੇ ਚਿਹਰੇ ਤੋਂ ਕੁਰਬਾਨ ਹੋਵੇ।

**(ੳ) ਗਰ, ਫ਼ਰੋਜ਼ਦ ਹਜ਼ਾਰ ; ਮਿਹਰੋ ਮਾਹ ॥**
**(ਅ) ਆਲਮੇ ਦਾਂ ਜੁਜ਼ ਓ ; ਤਮਾਮ ਸਿਆਹ ॥੫॥**

**ਪਦ ਅਰਥ** = ਗਰ = (ਅਗਰ ਦਾ ਸੰਖੇਪ ਰੂਪ) ਜੇਕਰ/ਫ਼ਰੋਜ਼ਦ = ਜਲਣ (ਭਾਵ) ਚਾਨਣ ਕਰਨ/ਮਿਹਰੋ = ਸੂਰਜ; ਪਿਆਰ, ਮੁਹੱਬਤ/ਮਾਹ = ਚੰਦਰਮਾ/ਆਲਮੇ = ਜਹਾਨ/ਦਾਂ = ਜਾਣੋ/ਜੁਜ਼ = ਬਿਨਾਂ/ਓ = ਉਸਦੇ/ਤਮਾਮ = ਸਾਰਾ/ਸਿਆਹ = ਹਨੇਰਾ, ਕਾਲਾ/

**ਅਰਥ** = **(ੳ)** (ਜਿਸ ਗੁਰੂ ਦੇ ਚਿਹਰੇ ਤੋਂ ਮੇਰਾ ਸਿਰ ਕੁਰਬਾਨ ਹੈ) ਜੇਕਰ



Sri Satguru Jagjit Singh Ji eLibrary NamdhariElibrary@gmail.com

ਹਜ਼ਾਰਾਂ ਸੂਰਜ ਤੇ ਚੰਦਰਮਾ ਵੀ ਚਾਨਣ ਕਰਨ।

(ਅ) (ਤਾਂ ਵੀ) ਸਾਰੇ ਜਹਾਨ ਨੂੰ, ਉਸ (ਗੁਰੂ) ਦੇ ਬਿਨਾਂ ਹਨ੍ਹੇਰੇ ਵਿੱਚ ਹੀ ਜਾਣੋ (ਵਾ) = ਅਗਿਆਨਤਾ ਦੇ ਹਨੇਰੇ ਵਿੱਚ ਹੀ ਜਾਣੋ।

**ਯਥਾ** = **ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥** (ਅੰਗ ੪੬੩)

**(ੳ) ਮੁਰਸ਼ਿਦੇ, ਪਾਕਿ-ਨੂਰੇ ; ਹੱਕ ਆਮਦ ॥**
**(ਅ) ਜ਼ਾਂ ਸਬਬ, ਦਰ ਦਿਲਮ; ਸਬਕ ਆਮਦ ॥੬॥**

(**ਉਚਾਰਨ** = ਹੱਕ ਅਤੇ ਸਬੱਬ ਬੋਲੋ)

**ਪਦ ਅਰਥ** = ਮੁਰਸ਼ਿਦੇ = ਪੀਰ, ਗੁਰੂ/ਪਾਕਿ = ਪਵਿੱਤਰ/ਨੂਰੇ = ਰੋਸ਼ਨੀ (ਭਾਵ) ਖ਼ੁਦਾਈ ਰੋਸ਼ਨੀ/ਹੱਕ = ਸੱਚੇ ਰੱਬ ਦੀ/ਆਮਦ = ਆਈ ਹੈ/ ਜ਼ਾਂ = (ਅਜ਼+ਆਂ ਦਾ ਸੰਖੇਪ ਰੂਪ) ਉਨ੍ਹਾਂ ਤੋਂ (ਵਾ) = ਉਨ੍ਹਾਂ ਦੇ/ ਸਬਬ = ਕਾਰਨ/ਦਰ = ਵਿੱਚ/ਦਿਲਮ = (ਦਿਲ+ਅਮ) ਮੇਰੇ ਦਿਲ/ ਸਬਕ = ਸਿੱਖਿਆ/ਆਮਦ = ਆਈ ਹੈ।

**ਅਰਥ** = (ੳ) ਗੁਰੂ (ਗੋਬਿੰਦ ਸਿੰਘ ਜੀ ਸੰਸਾਰ ਨੂੰ ਰੋਸ਼ਨ ਕਰਨ ਵਾਲੀ) ਪਵਿੱਤਰ ਰੋਸ਼ਨੀ ਹੈ ਅਤੇ ਇਹ ਰੋਸ਼ਨੀ ਸੱਚੇ ਰੱਬ (ਅਕਾਲ ਪੁਰਖ) ਤੋਂ (ਪ੍ਰਗਟ ਰੂਪ ਵਿੱਚ) ਆਈ ਹੈ।

(ਅ) ਅਤੇ ਉਨ੍ਹਾਂ (ਗੁਰੂ ਗੋਬਿੰਦ ਸਿੰਘ ਜੀ) ਦੇ ਕਾਰਨ ਮੇਰੇ ਦਿਲ ਵਿੱਚ (ਭਾਣਾ ਮੰਨਣ ਅਤੇ ਝੂਠੇ ਬਾਦਸ਼ਾਹਾਂ ਦਾ ਭੈ ਨਹੀਂ ਮੰਨਣ ਅਤੇ ਗ਼ਰੀਬਾਂ ਨੂੰ ਭੈ ਨਹੀਂ ਦੇਣ ਦੀ) ਐਸੀ ਮਹਾਨ ਸਿੱਖਿਆ ਆਈ ਹੈ।

**ਅਰਥਾਤ** =

## ਸਾਖੀ ਭਾਈ ਨੰਦ ਲਾਲ ਜੀ ਦੀ

ਜਦ ਭਾਈ ਨੰਦਲਾਲ ਜੀ ਔਰੰਗਜ਼ੇਬ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਪਾਸ ਮੀਰ ਮੁਨਸ਼ੀ ਹੋ ਗਏ। ਤਾਂ ਔਰੰਗਜ਼ੇਬ ਨੂੰ ਕੁਰਾਨ ਦੀ ਇੱਕ ਆਇਤ ਦੇ ਵਿੱਚ ਸੰਸਾ ਰਹਿੰਦਾ ਸੀ ਜੋ ਕਿਸੇ ਕਾਜ਼ੀ ਤੋਂ ਸਪੱਸ਼ਟ ਨ ਹੋ ਸਕਿਆ। ਉਹ ਭਾਈ ਨੰਦਲਾਲ ਜੀ ਨੇ ਸਪੱਸ਼ਟ ਕਰ ਦਿੱਤਾ। ਔਰੰਗਜ਼ੇਬ ਬੜਾ ਖੁਸ਼ ਹੋਇਆ ਤੇ ਉਸ ਨੇ ਸੋਚਿਆ ਕਿ ਇਸਨੂੰ ਆਪਣੇ ਮਜ਼ਬ ਵਿੱਚ ਲਿਆਉਣਾ ਚਾਹੀਦਾ ਹੈ। ਜਦ ਭਾਈ ਜੀ ਨੂੰ ਪਤਾ ਲੱਗਾ ਤਦ ਭਾਈ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਅਨੰਦਪੁਰ ਸਾਹਿਬ ਵਿਖੇ ਆ ਗਏ ਅਤੇ ਗੁਰੂ ਗੋਬਿੰਦ



Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਦੀ ਸ਼ਰਨ ਵਿੱਚ ਆ ਕੇ ਇਹ ਸਿੱਖਿਆ ਪ੍ਰਾਪਤ ਕੀਤੀ ਕਿ ਔਰੰਗਜ਼ੇਬ ਵਰਗੇ ਵੱਡੇ ਬਾਦਸ਼ਾਹ ਦਾ ਡਰ ਹਿਰਦੇ ਵਿੱਚ ਧਾਰਨ ਨਹੀਂ ਕਰੀਦਾ ਅਤੇ ਗ਼ਰੀਬਾਂ ਤੇ ਜ਼ੁਲਮ ਨਹੀਂ ਕਰੀਦਾ।

**ਯਥਾ** = **ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥**
**ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥**

**ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨੂੰ ਚੇਤੇ ਨਹੀਂ ਕਰਦੇ ਉਨ੍ਹਾਂ ਦੀ ਵਿਥਿਆ (ਹਾਲਤ) ਭਾਈ ਸਾਹਿਬ ਦੱਸਦੇ ਹਨ:-**

**(ੳ) ਆਂ ਕਸਾਨੇ ਕਜ਼ੋ; ਨ ਯਾਦ ਆਰੰਦ ॥**
**(ਅ) ਸਮਰ-ਹਏ, ਜਾਨੋ ਦਿਲ; ਬ-ਬਾਦ ਆਰੰਦ ॥੭॥**

**ਪਦ ਅਰਥ** = ਆਂ = ਉਹ/ਕਸਾਨੇ = ਲੋਕ/ਕਜ਼ੋ = (ਕਿ+ਅਜ਼+ਓ) ਜੋ ਉਸਨੂੰ ਵਾ=ਉਨ੍ਹਾਂ ਨੂੰ (ਭਾਵ) ਗੁਰੂ ਗੋਬਿੰਦ ਸਿੰਘ ਜੀ ਨੂੰ/ ਆਰੰਦ = ਕਰਦੇ ਹਨ; ਕਰਨਗੇ; ਕਰ ਲੈਂਦੇ ਹਨ/ਸਮਰ = ਫਲ/ਹਏ = ਬਹੁਤਾ/ਬ = ਕ੍ਰਿਆ ਵਿਸ਼ੇਸ਼ਨ, ਉੱਪਰ/ਬਾਦ = ਬਰਬਾਦ/

**ਅਰਥ** = **(ੳ)** ਉਹ ਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਚੇਤੇ ਨਹੀਂ ਕਰਦੇ।
**(ਅ)** ਉਹ ਲੋਕ ਆਪਣੀ ਜਾਨ ਤੇ ਦਿਲ (ਦੇ ਨਾਲ ਪ੍ਰਾਪਤ ਹੋਣ ਵਾਲਾ) ਬਹੁਤਾ ਵੱਡਾ ਫਲ ਬਰਬਾਦ ਕਰ ਲੈਂਦੇ ਹਨ।

**ਅਰਥਾਤ** = ਦਿਲ ਤੇ ਜਾਨ ਕੁਰਬਾਨ ਕਰਨ ਦੇ ਨਾਲ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੀ ਪ੍ਰਾਪਤੀ ਹੀ, ਦਿਲ ਤੇ ਜਾਨ ਦੇ ਨਾਲ, ਪ੍ਰਾਪਤ ਹੋਣ ਵਾਲਾ ਵੱਡਾ ਫਲ ਹੈ। ਸਤਿਗੁਰੂ ਆਤਮ ਰਸ ਨੂੰ ਪ੍ਰਗਟ ਕਰਨ ਵਾਲੀ ਖੇਤੀ ਹੈ। ਇਸ ਖੇਤੀ ਦਾ ਫਲ ਆਤਮਰਸ ਹੈ ਜੋ ਸਤਿਗੁਰੂ ਰੂਪ ਖੇਤੀ ਤੋਂ ਪ੍ਰਾਪਤ ਹੁੰਦਾ ਹੈ। ਜਿਹੜੇ ਲੋਕ ਗੁਰੂ ਗੋਬਿੰਦ ਸਿੰਘ ਜੀ ਨੂੰ ਚੇਤੇ ਨਹੀਂ ਕਰਦੇ ਉਹ ਜਾਨ ਤੇ ਦਿਲ ਨਾਲ ਪ੍ਰਾਪਤ ਹੋਣ ਵਾਲਾ ਆਤਮਰਸ ਫਲ ਗਵਾ ਲੈਂਦੇ ਹਨ ਅਤੇ ਉਹ ਮੂਰਖ ਲੋਕ ਬਿਨਾਂ ਘਾਲ ਕਮਾਈ ਦੇ ਆਤਮਰਸ ਚਾਹੁੰਦੇ ਹਨ ਤਾਂ ਬਿਨਾਂ ਕਮਾਈ ਦੇ ਆਤਮ ਰਸ ਦੀ ਇੱਛਾ ਕਰਨ ਵਾਲਿਆਂ ਦੀ ਜੋ ਹਾਲਤ ਹੁੰਦੀ ਹੈ ਉਹ ਭਾਈ ਸਾਹਿਬ ਅੱਗੇ ਫ਼ਰਮਾਨ ਕਰਦੇ ਹਨ।

**(ੳ) ਮਜ਼ਰਏ ਪੁਰ; ਸਮਰ ਬ - ਅਰਜ਼ਾਨੀ ॥**
**(ਅ) ਚੂੰ ਬ-ਬੀਨਦ; ਜ਼ਿ ਦੂਰ ਸੈਰਾਨੀ ॥੮॥**

(**ਉਚਾਰਨ** = ਮਜ਼-ਰਏ ਇਕੱਠਾ ਬੋਲੋ)



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਮਜ਼ਰਏ=ਖੇਤੀ (ਨੋਟ: ਕਈ ਛਾਪਿਆਂ ਵਿੱਚ ਮੁਜ਼ਰਏ ਪਾਠੰਤ੍ਰ ਵੀ ਹੈ ਪਰ ਅਸ਼ੁੱਧ ਹੈ)/ਪੁਰ = ਭਰੀ ਹੋਵੇ/ਸਮਰ = ਫਲਾਂ/ਬ-ਅਰਜ਼ਾਨੀ = ਬਹੁਤ ਜ਼ਿਆਦਾ/ਚੂੰ = ਜਦ/ਬ-ਬੀਨਦ = ਦੇਖਦਾ ਹੈ/ਜ਼ਿ = ਤੋਂ/ ਸੈਰਾਨੀ = ਸੈਰ ਕਰਨ ਵਾਲਾ/

**ਅਰਥ** = (ੳ) ਜਿਵੇਂ ਕੋਈ ਖੇਤੀ; ਬਹੁਤ ਜ਼ਿਆਦਾ ਫਲਾਂ ਦੇ ਨਾਲ ਭਰੀ ਹੋਵੇ।

(ਅ) ਅਤੇ ਖੇਤਾਂ ਦੀ ਸੈਰ ਕਰਨ ਵਾਲਾ; ਜਦ ਉਸ ਖੇਤੀ ਨੂੰ ਦੂਰ ਤੋਂ ਦੇਖਦਾ ਹੈ।

**(ੳ) 'ਇਨ-ਬਸਾਤ਼' ਆਇਦਸ਼ ; ਅਜ਼ਾਂ ਦੀਦਨ ॥**

**(ਅ) ਬਰ ਸ਼ਤਾਬਦ ; ਜ਼ਿ ਬਹਿਰੇ ਬਰ ਦੀਦਨ ॥ ੯ ॥**

(**ਉਚਾਰਨ** = ਇਨ-ਬਸਾਤ਼ ਇਕੱਠਾ ਬੋਲੋ)

**ਪਦ ਅਰਥ** = ਇਨਬਸਾਤ਼ = ਖ਼ੁਸ਼ੀ/ਆਇਦਸ਼ = (ਆਇਦ + ਅਸ਼) ਆਉਂਦੀ ਹੈ (ਅਸ਼)=ਉਸਨੂੰ/ਅਜ਼ਾਂ = (ਅਜ਼+ਆਂ) ਉਸ ਤੋਂ/ਦੀਦਨ = ਵੇਖਣ/ ਬਰ = ਉੱਪਰ ਵੱਲ/ਸ਼ਤਾਬਦ = ਦੌੜਦਾ ਹੈ/ਜ਼ਿ = ਤੋਂ/ਬਹਿਰੇ = ਵਾਸਤੇ, ਪ੍ਰਤੱਖ/ਬਰ = ਉੱਪਰੋਂ/ਦੀਦਨ* =(ਸੰਕੇਤੀ ਅਰਥ)= ਚੁਣਨ, ਨਿਰੀਖਣ ਕਰਨ ਵਾਸਤੇ /

**ਅਰਥ** = (ੳ) ਤਾਂ ਉਸ ਸੈਰ ਕਰਨ ਵਾਲੇ ਨੂੰ ਖੁਸ਼ੀ ਹੁੰਦੀ ਹੈ। ਉਸ ਹਰੀ ਭਰੀ ਖੇਤੀ ਨੂੰ ਵੇਖਣ ਤੋਂ।

(ਅ) ਫਿਰ ਉਹ ਸੈਰਾਨੀ ਉਸ ਹਰੀ ਭਰੀ ਖੇਤੀ ਦੇ ਉੱਪਰੋਂ ਫਲ ਚੁਣਨ ਵਾਸਤੇ; ਉਸ ਹਰੀ ਭਰੀ ਖੇਤੀ ਵੱਲ ਦੌੜਦਾ ਹੈ।

**(ੳ) ਲੇਕ ਹ਼ਾਸਿਲ ਨਿਆਰਦ ; ਅਜ਼ ਵੈ ਬਾਰ ॥**

**(ਅ) ਬਾਜ਼, ਗਰਦਦ ਗੁਰਸਨਾ ; ਖ਼੍ਵਾਰੋ ਨਜ਼ਾਰ ॥੧੦॥**

(**ਉਚਾਰਨ** = ਗੁਰੱਸਨਾ ਬੋਲੋ ਕਈ ਫ਼ਾਰਸੀ ਦੇ ਵਿਦਵਾਨ ਗੁਰ-ਸਨਾ ਪੋਲਾ ਵੀ ਉਚਾਰਨ ਕਰ ਲੈਂਦੇ ਹਨ। ਅੰਗਰੇਜ਼ੀ ਭਾਸ਼ਾ ਵਿੱਚ ਜਿਵੇਂ ਕਈ ਅੱਖਰ ਸਾਈਲੈਂਟ ਹੁੰਦੇ ਹਨ ਉਂਝ ਹੀ ਫ਼ਾਰਸੀ ਦੇ ਅਨੁਸਾਰ ਖ਼੍ਵਾਰੋ ਦਾ ਵਾਵਾ ਅੱਖਰ ਸਾਈਲੈਂਟ ਕਰਕੇ ਖ਼ਾਰੋ ਬੋਲਿਆ ਜਾਵੇਗਾ ਅਤੇ ਗਰਦਦ ਪੋਲਾ ਬੋਲੋ)

---

*ਦੀਦਨ ਦੇ ਅਰਥ = ਵੇਖਣਾ, ਨਿਰੀਖਨ ਕ਼ਰਨਾ ਇਤਿਆਦਿਕ ਹੁੰਦੇ ਹਨ ਪਰ ਪ੍ਰਕਰਣ ਜੋੜਨ ਵਾਸਤੇ ਏਥੇ ਨਿਰੀਖਨ ਕਰਨ ਤੋਂ ਸੰਕੇਤੀ ਅਰਥ = "ਚੁਣਨ ਵਾਸਤੇ" ਲਿਆ ਹੈ।



Sri Satguru Jagjit Singh Ji eLibrary NamdhariElibrary@gmail.com

ਪਦ ਅਰਥ = ਲੇਕ = ਲੇਕਿਨ/ਹਾਸਿਲ = ਪ੍ਰਾਪਤ/ਨਿਆਰਦ = ਨਹੀਂ ਹੁੰਦਾ/ ਅਜ਼ = ਤੋਂ/ਵੈ=ਉਸ/ਬਾਰ = ਫਲ/ਬਾਜ਼ = ਫਿਰ, ਦੁਬਾਰਾ/ਗਰਦਦ = ਹੋ ਕੇ/ਗੁਰਸਨਾ =ਭੁੱਖਾ/ ਖ਼੍ਵਾਰੋ = ਖ਼ੁਆਰ/ਨਜ਼ਾਰ = ਕਮਜ਼ੋਰ/

ਅਰਥ =(ੳ) ਲੇਕਿਨ ਜਦ ਉਸ ਸੈਰਾਨੀ ਨੂੰ; ਉਸ ਖੇਤੀ ਦਾ ਫਲ ਪ੍ਰਾਪਤ ਨਹੀਂ ਹੁੰਦਾ

(ਅ) ਤਾਂ ਫਿਰ ਉਹ ਖੇਤੀ ਤੋਂ ਮੁੜਦਾ ਹੈ। ਭੁੱਖਾ, ਖ਼ੁਆਰ ਤੇ ਕਮਜ਼ੋਰ ਹੋ ਕੇ (ਵਾ) = ਨਿਮਾਣਾ ਹੋ ਕੇ ॥

(ਭਾਵ) **= ਜਿਸ ਤਰ੍ਹਾਂ ਸੈਰਾਨੀ ਨੂੰ ਜਦ ਖੇਤੀ ਦਾ ਫਲ ਪ੍ਰਾਪਤ ਨਹੀਂ ਹੁੰਦਾ ਤੇ ਉਹ ਨਿਰਾਸ ਹੋ ਕੇ ਮੁੜਦਾ ਹੈ ਏਸੇ ਤਰ੍ਹਾਂ ਬਿਨਾਂ ਘਾਲਣਾ ਕਮਾਈ ਤੋਂ ਆਤਮਰਸ ਚਾਹੁਣ ਵਾਲਿਆਂ ਦੀ ਵਿਥਿਆ ਹੁੰਦੀ ਹੈ। ਉਹ ਵਿਥਿਆ - ਅੱਗੇ ਭਾਈ ਸਾਹਿਬ ਦੱਸਦੇ ਹਨ।**

**(ੳ) ਗ਼ੈਰ ਸਤਿਗੁਰ ; ਹਮਹ ਬਦਾਂ ਮਾਨਦ ॥**

**(ਅ) ਕਾਂ ਚੁਨਾਂ ; ਜ਼ਰ -ਇ-ਬਾਰਵਰ ਦਾਨਦ ॥੧੧॥**

ਪਦ ਅਰਥ = ਗ਼ੈਰ = ਬਗ਼ੈਰ/ਹਮਹ=ਸਾਰਿਆਂ/ਬਦਾਂ=ਐਸੀ/ਮਾਨਦ=ਰਹਿ ਜਾਂਦੀ ਹੈ/ਕਾਂ = (ਕਿ+ਆਂ)=(ਆਂ) = ਉਹ (ਕਿ)=ਜੋ/ਚੁਨਾਂ = ਜਿਵੇਂ/ ਜ਼ਰ = ਖੇਤੀ/ਇ=ਕ੍ਰਿਆ ਵਿਸ਼ੇਸ਼ਨ/ਬਾਰਵਰ = ਫਲ ਵਾਲੀ/ ਦਾਨਦ = ਜਾਣਦਾ ਹੈ/

ਅਰਥ =(ੳ) ਸਤਿਗੁਰਾਂ ਤੋਂ ਬਿਨਾਂ ਸਾਰਿਆਂ ਦੀ (ਦਸ਼ਾ) ਐਸੀ ਹੋ ਕੇ ਰਹਿ ਜਾਂਦੀ ਹੈ।

(ਅ) ਜਿਵੇਂ ਉਹ ਜੋ (ਸੈਲਾਨੀ) ਫਲ ਵਾਲੀ ਖੇਤੀ ਨੂੰ ਜਾਣਦਾ ਤੇ ਹੈ (ਪਰ ਫਲ ਤੋਂ ਬਿਨਾਂ ਪਰੇਸ਼ਾਨ ਹੁੰਦਾ ਹੈ।)



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)
## ਪਹਿਲੀ ਪਾਤਿਸ਼ਾਹੀ

| | |
|---|---|
| **ਨਾਮ** | : ਸਤਿਗੁਰੂ ਨਾਨਕ ਦੇਵ ਜੀ ਮਹਾਰਾਜ, ਬੇਦੀ ਵੰਸ (ਸ੍ਰੀ ਰਾਮਚੰਦ੍ਰ ਜੀ ਦੇ ਪੁੱਤ੍ਰ ਕੁਸ਼ੂ, ਕੁਸ਼ੂ ਦੀ ਵੰਸ ਦੇ ਕਾਲਕੇਤ ਨੇ ਕਾਂਸ਼ੀ ਜਾ ਕੇ ਬੇਦ ਪੜ੍ਹੇ, ਇਨ੍ਹਾਂ ਤੋਂ ਬੇਦੀ ਵੰਸ ਚਲੀ)। |
| **ਅਵਤਾਰ ਧਾਰਨ ਪਿੰਡ** | : ਰਾਇ ਭੋਇ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ)। |
| **ਅਵਤਾਰ ਧਾਰਨ ਸੰਮਤ** | : ੧੫੨੬ ਬਿ: ਕੱਤਕ ਸੁਦੀ ਪੂਰਨਮਾਸ਼ੀ, ਦੋ ਘੜੀ ਰਾਤ ਢਲੀ ਤੋਂ ਅਨਰਾਧਾ ਨਛੱਤ੍ਰ ਸੀ। ਦਿਨ ਬੁੱਧਵਾਰ ੨੯ ਨਵੰਬਰ ੧੪੬੯ ਈ: |
| **ਮਾਤਾ ਪਿਤਾ** | : ਮਾਤਾ ਤ੍ਰਿਪਤਾ ਜੀ, ਪਿਤਾ ਬਾਬਾ ਕਾਲੂ ਜੀ (ਕਲਿਆਣ ਚੰਦ ਜੀ), ਚਾਚਾ ਲਾਲੂ ਜੀ, ਦਾਦਾ ਸ਼ਿਵਰਾਮ, ਦਾਦੀ ਬਨਾਰਸੀ ਜੀ, ਪੜਦਾਦਾ ਕਲਪਤ ਰਾਇ। ਭੈਣ ਬੇਬੇ ਨਾਨਕੀ ਜੀ ਗੁਰਾਂ ਤੋਂ ੫ ਸਾਲ ਵੱਡੇ ਹਨ। |
| **ਮਹਲ** | : ਮਾਤਾ ਸੁਲੱਖਣੀ ਜੀ, ਚੋਣੇ ਗੋਤ 'ਚੋ ਪੱਖੋ ਕੇ ਰੰਧਾਵੇ (ਬਟਾਲਾ ਸ਼ਹਿਰ) ਤੋਂ ਵਿਆਹ ੨੪ ਜੇਠ ੧੫੪੫ ਬਿ:। (ਇਥੇ ਹੁਣ ਤੱਕ ਕੰਧ ਦੀ ਨਿਸ਼ਾਨੀ ਹੈ ਤੇ ਗੁਰਦੁਆਰਾ ਕੰਧ ਸਾਹਿਬ ਬਣਿਆ ਹੋਇਆ ਹੈ।) |
| **ਗੱਦੀ ਸਮਾਂ** | : ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ। |
| **ਜੋਤੀ ਜੋਤਿ ਸਮਾਉਣਾ** | : ੧੫੯੬ ਬਿ: ਅੱਸੂ ਵਦੀ ਦਸਮੀ, ਸ੍ਰੀ ਕਰਤਾਰਪੁਰ ਸਾਹਿਬ, ੧੦ ਅਕਤੂਬਰ ੧੫੩੯ ਈ:। |
| **ਸਪੁੱਤ੍ਰ** | : ਬਾਬਾ ਸ੍ਰੀ ਚੰਦ ਜੀ ੧੫੫੧ ਬਿ: ਨੂੰ ਅਤੇ ਬਾਬਾ ਲਖਮੀ ਦਾਸ ਜੀ ੧੫੫੪ ਬਿ: ਨੂੰ ਪ੍ਰਗਟੇ। |
| **ਸਾਰੀ ਅਵਸਥਾ** | : ਉਨੱਤ੍ਰ ਬਰਸ, ਦਸ ਮਹੀਨੇ, ਦਸ ਦਿਨ |
| **ਗੁਰਿਆਈ ਸਮਾਂ** | : ਉਨੱਤ੍ਰ ਬਰਸ, ਦਸ ਮਹੀਨੇ, ਦਸ ਦਿਨ |
| **ਹਕੂਮਤ** | : ਬਹਲੋਲ ਲੋਦੀ (ਜੋ ਸਿਕੰਦਰ ਲੋਦੀ ਦਾ ਪਿਤਾ ਸੀ), ਸਿਕੰਦਰ ਲੋਦੀ ਤੇ ਬਾਬਰ ਬਾਦਸ਼ਾਹ। |
| **ਨਗਰ ਵਸਾਇਆ** | : ਕਰਤਾਰਪੁਰ (ਰਾਵੀ) ੧੫੭੮ ਬਿ: ਨੂੰ ੧੫੨੧ ਈ: ਨੂੰ। |
| **ਬਾਣੀ** | : ੯੭੪ ਸ਼ਬਦ, ੧੯ ਰਾਗਾਂ ਵਿਚ ਬਾਣੀ: ਜਪੁਜੀ ਸਾਹਿਬ, |



Sri Satguru Jagjit Singh Ji eLibrary NamdhariElibrary@gmail.com

ਸੋਦਰੁ, ਸੋਹਿਲਾ, ਆਰਤੀ, ਦਖਣੀ ਓਅੰਕਾਰ, ਸਿਧ ਗੋਸਟ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ, ਪੱਟੀ; ਬਾਰਹ ਮਾਹਾ ਤੁਖਾਰੀ, ਸਹਸਕ੍ਰਿਤੀ, ਅਲਾਹਣੀਆ, ਵਾਰਾਂ ਤੇ ਵਧੀਕ ਆਦਿਕ।

**ਸਲਤ਼ਨਤੇ ਅੱਵਲ**

**(ਉਚਾਰਨ** = ਸਲ-ਤ਼-ਨਤੇ ਪੋਲਾ ਤੇ ਇਕੱਠਾ ਬੋਲੋ)

**ਅਰਥ** = ਭਾਈ ਸਾਹਿਬ ਜੀ ਹੁਣ ਅੱਵਲ = ਪਹਿਲੀ ਸਲਤ਼ਨਤੇ = ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰਦੇ ਹਨ।

**(ੳ) ਸਲਤ਼ਨਤੇ ਅੱਵਲਸ਼ ਫ਼ਰੋਗ਼ੇ, "ਅਨਵਾਰੇ-ਹ਼ੱਕ਼-ਉਲ-ਸੁਬਹ਼ਾਂ;"**

**(ਅ) ਵ ਲਾਮਿਆ, "ਅਫ਼ਰੋਜ਼ਿ-ਇ਼ਲਮੇ;" ਹ਼ੱਕ਼ੋ ਈਕ਼ਾਂ ॥**

**ਪਦ ਅਰਥ** = ਸਲਤ਼ਨਤੇ = ਪਾਤਿਸ਼ਾਹੀ/ਅੱਵਲਸ਼ = (ਅੱਵਲ+ਅਸ਼) ਪਹਿਲੀ ਪਾਤਿਸ਼ਾਹੀ (ਅਸ਼) = ਉਹ (ਭਾਵ) ਗੁਰੂ ਨਾਨਕ ਦੇਵ ਜੀ/ ਫ਼ਰੋਗ਼ੇ = ਪ੍ਰਕਾਸਮਾਨ/ਅਨਵਾਰੇ = ਰੋਸ਼ਨੀ/ਹ਼ੱਕ਼ = ਸਚਾਈ/ਉਲ = ਕ੍ਰਿਆ ਵਿਸ਼ੇਸ਼ਨ/ਸੁਬਹ਼ਾਂ=ਸਵੇਰ/ਵ=ਅਤੇ/ਲਾਮਿਆ = ਰੋਸ਼ਨੀ/ ਅਫ਼ਰੋਜ਼ਿ = ਰੋਸ਼ਨ ਕਰਨ ਵਾਲੇ/ ਇ਼ਲਮੇ = ਗਿਆਨ/ਹ਼ੱਕ਼ੋ = ਸੱਚੇ/ ਈਕ਼ਾਂ = ਇੱਕ/

**ਅਰਥ** = (ੳ) (ਸੂਰਜ ਵਾਂਗ) ਪ੍ਰਕਾਸ਼ਮਾਨ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ; ਆਪਣੇ ਪਿਆਰਿਆਂ ਨੂੰ ਅਵਸਥਾ ਰੂਪ ਸਵੇਰ ਵਿੱਚ, ਸਚਾਈ ਦੀ ਰੋਸ਼ਨੀ ਬਖ਼ਸ਼ਣ ਵਾਲੇ ਹਨ।

(ਅ) ਅਤੇ ਜੋ ਇੱਕ ਸੱਚੇ ਗੁਰੂ ਨਾਨਕ ਦੇਵ ਜੀ ਹਨ (ਉਹ ਆਪਣੇ ਪਿਆਰਿਆਂ ਨੂੰ) ਗਿਆਨ ਦੀ ਰੋਸ਼ਨੀ ਦੇ ਕਰਕੇ ਰੋਸ਼ਨ ਕਰਨ ਵਾਲੇ ਹਨ।

**(ੲ) ਅ਼ਲਮ-ਫ਼ਰਾਜ਼ੇ, ਦਵਾਮ ਆਗਾਹੀ;**

**(ਸ) ਵ ਜ਼ੁਲਮਤ ਬਰ-ਅੰਦਾਜ਼ੇ ; ਜ਼ਲਾਲਤੋ ਗੁਮਰਾਹੀ ॥**

**ਪਦ ਅਰਥ** = ਅ਼ਲਮ = ਝੰਡਾ (ਨੋਟ = ਅ਼ਲਮ ਦਾ ਅਰਥ = ਝੰਡਾ ਅਤੇ ਅਲਮ ਦਾ ਅਰਥ ਦੁੱਖ ਹੁੰਦਾ ਹੈ।)/ਫ਼ਰਾਜ਼ੇ = ਉੱਚਾ ਕਰਨ ਵਾਲੀ/ਦਵਾਮ = ਹਮੇਸ਼ਾ/ ਆਗਾਹੀ = ਜਾਣਕਾਰੀ, ਵਾਕਿਫ਼ੀ/ਵ = ਅਤੇ/ਜ਼ੁਲਮਤ = ਹਨੇਰਾ/ਬਰ = ਕ੍ਰਿਆ ਵਿਸ਼ੇਸ਼ਨ/ਅੰਦਾਜ਼ੇ = ਦੂਰ ਕਰਨ ਵਾਲੀ/ ਜ਼ਲਾਲਤੋ = ਗੁਮਰਾਹੀ/ਗੁਮਰਾਹੀ = ਗੁੰਮ ਹੋ ਜਾਣਾ (ਵ) ਗੁਵਾਚ ਜਾਣਾ /



Sri Satguru Jagjit Singh Ji eLibrary NamdhariElibrary@gmail.com

**ਅਰਥ** = (ੲ) (ਜਿਸ.ਗਿਆਨ ਦੀ ਰੋਸ਼ਨੀ ਨੂੰ, ਗੁਰੂ ਨਾਨਕ ਦੇਵ ਜੀ ਰੋਸ਼ਨ ਕਰਦੇ ਹਨ) ਉਹ ਗਿਆਨ ਦੀ ਰੋਸ਼ਨੀ ਹਮੇਸ਼ਾ ਹੀ, (ਰੱਬ ਦੀ) ਜਾਣਕਾਰੀ ਦਾ ਝੰਡਾ, ਉੱਚਾ ਕਰਨ ਵਾਲੀ ਹੈ। (**ਭਾਵ**) ਰੱਬ ਦਾ ਰਸਤਾ ਦੱਸਣ ਵਾਲੀ ਹੈ।

(ਸ) ਅਤੇ (ਗਿਆਨ ਦੀ ਰੋਸ਼ਨੀ), ਪ੍ਰਮਾਰਥ ਵੱਲੋਂ ਇਸ ਲੋਕ ਦੀ ਗੁਮਰਾਹੀ ਅਤੇ ਪ੍ਰਲੋਕ ਵੱਲੋਂ ਸ੍ਰੇਸ਼ਟ ਰਸਤੇ ਦੀ ਗੁਮਰਾਹੀ ਦਾ, ਹਨੇਰਾ ਦੂਰ ਕਰਨ ਵਾਲੀ ਹੈ।

**(ਹ) ਸਰਾ ਤਾ ਲਾ-ਮਕਾਨ, ਗ਼ਾਸ਼ੀਆ ਬਰ ਦੋਸ਼ੇ ਫ਼ਰ-ਮਾਨਸ਼;**
**(ਕ) ਵ ਅਜ਼ ਲਾਹੂਤ ਤਾ ਨਾਸੂਤ; ਖ਼ਾਕਿ-ਨਸ਼ੀਂ ਆਸ-ਤਾਨਸ਼ ॥**

(**ਉਚਾਰਨ** = ਸਰਾਂ ਬੋਲੋ ਅਤੇ ਲਾ-ਹੂਤ ਅਤੇ ਨਾ-ਸੂਤ ਇਕੱਠਾ ਬੋਲੋ)

**ਪਦ ਅਰਥ** = ਸਰਾ = ਘਰ/ਤਾ = ਤੱਕ/ਲਾ-ਮਕਾਨ = ਅੱਲਾ ਦਾ ਕੋਈ ਮਕਾਨ ਨਹੀਂ (ਭਾਵ ਅਰਥ)=ਸਚਖੰਡ*/ਗ਼ਾਸ਼ੀਆ=ਪਹਿਨੇ ਹੋਏ, ਪਹਿਨਿਆ ਹੋਇਆ/ਬਰ = ਉੱਪਰ/ਦੋਸ਼ੇ = ਮੋਢਿਆਂ ਤੇ/ ਫ਼ਰਮਾਨਸ਼ = (ਫ਼ਰਮਾਨ + ਅਸ਼) ਉਸ ਦੇ ਹੁਕਮ/ ਵ = ਅਤੇ/ ਅਜ਼ = ਤੋਂ/ਲਾਹੂਤ = ਇਸ ਦੁਨੀਆਂ/ਤਾ = ਤੱਕ/ਨਾਸੂਤ = ਉਸ ਦੁਨੀਆਂ/ ਖ਼ਾਕਿ = ਮਿੱਟੀ (ਧੂੜੀ)/ਨਸ਼ੀਂ = (ਨਸ਼ੀਨ) ਬੈਠਣ ਵਾਲੇ/ ਆਸਤਾਨਸ਼ = (ਆਸਤਾਨ + ਅਸ਼) ਉਨ੍ਹਾਂ ਦੀਆਂ ਦਹਿਲੀਜ਼ਾਂ ॥

**ਅਰਥ** = (ਹ) ਇਸ ਸੰਸਾਰੀ ਘਰ ਤੋਂ ਲੈ ਕਰਕੇ, ਉਸ ਅੱਲਾ ਦੇ ਘਰ ਸਚਖੰਡ* ਤੱਕ, ਉਸ ਸਰਵੇ-ਸਰਵ ਰਮੇ ਹੋਏ ਖ਼ੁਦਾ ਦੇ ਹੁਕਮ ਦਾ ਜ਼ੀਨ ਪੋਸ਼ (ਸੰਜੋਅ) ਗੁਰੂ ਨਾਨਕ ਦੇਵ ਜੀ ਨੇ ਆਪਣੇ ਮੋਢਿਆਂ ਤੇ ਪਹਿਨਿਆ ਹੋਇਆ ਹੈ

**ਅਰਥਾਤ** = ਗੁਰੂ ਨਾਨਕ ਦੇਵ ਜੀ ਨੇ ਸੱਚੇ ਖ਼ੁਦਾ ਦੇ ਸੱਚੇ ਹੁਕਮ ਨੂੰ ਹਰ ਦਮ

---

***ਸ਼ੰਕਾ** = ਜੇਕਰ ਅੱਲਾ ਦਾ ਨਿਸ਼ਚੇ ਕਰਕੇ ਕੋਈ ਵੀ ਘਰ ਨਹੀਂ ਹੈ ਤਾਂ ਅੱਲਾ ਦਾ ਖ਼ਾਸ ਘਰ ਸਚਖੰਡ ਕਿਵੇਂ ਤੁਸੀਂ ਕਹਿੰਦੇ ਹੋ ?

**ਨਿਵਿਰਤੀ** = ਖ਼ੁਦਾ ਇਕਸਾਰ ਸਾਰੇ ਬਿਆਪਕ ਹੈ ਇਸ ਗੱਲ ਨਾਲ ਅਸੀਂ ਵੀ ਸਹਿਮਤ ਹਾਂ ਪਰ ਜਿਵੇਂ ਅਕਾਸ਼ ਸਾਰੇ ਬਿਆਪਕ ਹੈ ਪਰ ਜਿੱਥੇ ਘੜੇ ਦੀ ਉਪਾਧੀ ਹੋਵੇ ਉੱਥੇ ਅਕਾਸ਼ ਘਟਾਕਾਸ਼ ਰੂਪ ਵਿੱਚ ਖਾਸ ਹੋ ਜਾਂਦਾ ਹੈ ਇੰਝ ਹੀ ਖ਼ੁਦਾ ਵੀ ਸਾਰੇ ਬਿਆਪਕ ਹੈ। ਪਰ ਜਿੱਥੇ ਸਚਖੰਡ (ਸਚਾਈ ਨਾਲ ਭਰਪੂਰ ਖੰਡ = ਸਥਾਨ, ਹਿੱਸਾ) ਹੋਵੇ ਉੱਥੇ ਖ਼ੁਦਾ ਵਿਸ਼ੇਸ਼ ਕਰਕੇ ਹੁੰਦਾ ਹੈ ਉਂਝ ਖ਼ੁਦਾ ਸਭ ਥਾਵਾਂ ਤੇ ਸਮਾਨ ਹੀ ਬਿਆਪਕ ਹੈ ਇਸ ਤਰ੍ਹਾਂ ਅੱਲਾ ਦਾ ਖ਼ਾਸ ਘਰ ਸਚਖੰਡ ਕਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਧਾਰਨ ਕੀਤਾ ਹੋਇਆ ਹੈ।

(ਕ) ਅਤੇ ਇਸ ਕਰਕੇ ਇਸ ਦੁਨੀਆਂ ਤੋਂ ਲੈ ਕੇ ਉਸ ਦੁਨੀਆਂ ਤੱਕ ਦੇ ਜਿੰਨੇ ਵੀ ਜੜ੍ਹ ਚੇਤਨ ਜੀਵ ਹਨ ਉਹ ਸਾਰੇ ਹੀ ਗੁਰੂ ਨਾਨਕ ਦੇਵ ਜੀ (ਦੇ ਘਰ) ਦੀਆਂ ਦਹਿਲੀਜ਼ਾਂ ਦੀ ਧੂੜੀ ਵਿੱਚ ਬੈਠਣ ਵਾਲੇ ਹਨ।

**(ਖ) ਵਾਸਿਫ਼ਸ਼ ਖ਼ੁਦ, ਹੱਕੁਲ-ਮੁਤਅ਼ਾਲ;**

**(ਗ) ਵਾ ਤ਼ਾਲਿਬਸ਼ ਖ਼ੁਦ; ਜ਼ਾਤੇ ਲਾ-ਯਜ਼ਾਲ ॥**

(**ਉਚਾਰਨ** = ਹੱਕੁਲ-ਮੁੱਤਅ਼ਾਲ ਬੋਲੋ ਅਤੇ ਵਾ-ਸਿਫ਼ਸ਼ ਤੇ ਤ਼ਾਲਿਬਸ਼ ਇਕੱਠਾ ਬੋਲੋ)

**ਪਦ ਅਰਥ** = ਵਾਸਿਫ਼ਸ਼ = (ਵਾਸਿਫ਼ + ਅਸ਼) ਉਨ੍ਹਾਂ ਦੀ ਸਿਫ਼ਤ ਕਰਨ ਵਾਲੇ/ ਖ਼ੁਦ = ਆਪ/ਹੱਕੁਲ = (ਹੱਕ + ਉਲ) = (ਹੱਕ) = ਰੱਬ (ਉਲ) = ਕ੍ਰਿਆ ਵਿਸ਼ੇਸ਼ਨ/ਮੁਤਅ਼ਾਲ = ਸਭ ਤੋਂ ਉੱਚਾ/ਵਾ = ਅਤੇ/ ਤ਼ਾਲਿਬਸ਼ = (ਤ਼ਾਲਿਬ + ਅਸ਼) ਉਸ ਦੀ ਇੱਛਾ (ਭਾਵ ਅਰਥ) = ਖ਼ੁਦਾ ਦੀ ਇੱਛਾ (ਵ) ਚਾਹਤ/ਖ਼ੁਦ = ਆਪ/ਜ਼ਾਤੇ = ਸ਼੍ਰੇਣੀ, ਵਰਗ, ਹਸਤੀ/ਲਾ-ਯਜ਼ਾਲ = ਸਦਾ ਰਹਿਣ ਵਾਲਾ/

**ਅਰਥ** = (ਖ) ਭਾਈ ਸਾਹਿਬ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਆਪ ਹੀ ਖ਼ੁਦਾ ਦੀ ਸਿਫ਼ਤ ਕਰਨ ਵਾਲੇ ਹਨ; ਅਤੇ ਆਪ ਹੀ, ਸਭ ਤੋਂ ਉੱਚੇ ਖ਼ੁਦਾ ਦਾ ਸਰੂਪ ਹਨ॥

(ਗ) ਅਤੇ ਆਪ ਹੀ ਖ਼ੁਦਾ ਦੀ ਇੱਛਾ ਰੱਖਣ ਵਾਲੇ, ਤੇ ਆਪ ਹੀ ਆਪਣੀ ਜ਼ਾਤ ਵਿੱਚ ਇੱਕ ਹਨ ਅਤੇ ਸਦਾ ਰਹਿਣ ਵਾਲੇ ਹਨ।

**ਅਰਥਾਤ** = ਆਪ ਹੀ, ਸਦਾ ਰਹਿਣ ਵਾਲੇ ਰੱਬ ਦੀ ਜ਼ਾਤ ਵਿੱਚੋਂ ਹਨ।

**(ਘ) ਕਲਾਮੇ ਹਰ, ਰੁਬਅ਼ ਵ ਸੁਦਸੇ ਕੁ਼ਦਸੀ; ਅਜ਼ ਤੌਸੀਫ਼ਸ਼ ਕਾਸਿਰ;**

**(ਙ) ਵ ਲਿਵਾਇ ਨੂਰ ਆਮਾਇਸ਼ ; ਬਰ ਹਰ ਦੋ ਆ਼ਲਮ ਨਾਸਿਰ ॥**

(**ਉਚਾਰਨ** = ਸੁ-ਦਸੇ ਇਕੱਠਾ ਅਤੇ ਰੁੱਬਅ਼ ਨੂੰ ਰੁੱਬਾ ਬੋਲੋ ਕਿਉਂਕਿ ਅ਼ਰਬੀ ਫ਼ਾਰਸੀ ਵਿੱਚ ਕੰਨੇ ਦੀ ਜਗ੍ਹਾ ਤੇ "ਅ਼" ਲਿਖਿਆ ਜਾਂਦਾ ਹੈ)

**ਪਦ ਅਰਥ** = ਕਲਾਮੇ = ਬਾਣੀ/ਹਰ = ਹਰੇਕ/ਰੁਬਅ਼= ਚਾਰ (ਭਾਵ) ਚਾਰ ਵੇਦ/ ਵ = ਅਤੇ/ਸੁਦਸੇ = ਛੇ (ਭਾਵ) ਛੇ ਸਾਸਤ੍ਰ/ਕੁ਼ਦਸੀ = ਪਵਿੱਤਰ/ ਅਜ਼ = ਤੋਂ/ਤੌਸੀਫ਼ਸ਼ = (ਤੌਸੀਫ਼ + ਅਸ਼) ਉਨ੍ਹਾਂ ਦੀ ਤਾਰੀਫ਼/ ਕਾਸਿਰ = ਅਸਮਰੱਥ, ਮਜ਼ਬੂਰ/ਵ = ਅਤੇ/ਲਿਵਾਇ = ਝੰਡਾ/


Sri Satguru Jagjit Singh Ji eLibrary NamdhariElibrary@gmail.com

ਨੂਰ=ਰੌਸ਼ਨੀ/ਆਮਾਇਸ਼=(ਆਮਾਇ + ਅਸ਼) ਝੂਲ ਰਿਹਾ ਹੈ (ਅਸ਼)= ਉਨ੍ਹਾਂ ਦਾ/ਬਰ = ਉੱਪਰ/ਆ਼ਲਮ = ਜਹਾਨਾ/ਨਾਸਿਰ = ਮਦਦ/

**ਅਰਥ** = (ਘ) ਚਾਰ ਵੇਦਾਂ ਅਤੇ ਛੇ ਸ਼ਾਸਤ੍ਰਾਂ ਵਿੱਚੋਂ ਹਰੇਕ ਦੀ ਬਾਣੀ (ਜੋ ਪਵਿੱਤਰ ਮੰਨੀ ਜਾਂਦੀ ਹੈ) ਉਹ ਚਾਰ ਵੇਦ ਤੇ ਛੇ ਸ਼ਾਸਤ੍ਰ ਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਨ ਤੋਂ ਅਸਮਰੱਥ ਹਨ। (ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਅਪਰੰ ਅਪਾਰ ਹੈ।)

ਯਥਾ = **ਸ੍ਰੀ ਨਾਨਕ ਪੁਰਸ਼ੋਤਮੰ ; ਪਰਮ ਪਰਾਵਰ ਨਾਥ ॥**
**ਜੁਗਲ ਚਰਨ ਮਮ ਬੰਦਨਾ ; ਧਰ ਪਰ ਧਰ ਕਰ ਮਾਥ ॥**

(ਸ੍ਰੀ ਨਾਨਕ ਪ੍ਰਕਾਸ਼)

(ਙ) ਅਤੇ ਨੂਰ ਨਾਲ ਭਰਿਆ, ਗੁਰੂ ਨਾਨਕ ਦੇਵ ਜੀ ਦਾ ਵਿਜਈ ਝੰਡਾ, ਦੋ ਜਹਾਨਾ ਦੀ ਮਦਦ ਵਾਸਤੇ, ਦੋ ਜਹਾਨਾਂ ਉੱਪਰ ਝੂਲ ਰਿਹਾ ਹੈ

**ਅਰਥਾਤ** = ਗੁਰੂ ਨਾਨਕ ਦੇਵ ਜੀ ਦੀ ਕਿਰਪਾ ਦ੍ਰਿਸਟੀ; ਦੋ ਜਹਾਨਾ ਦੀ ਮਦਦ ਵਾਸਤੇ; ਦੋ ਜਹਾਨਾ ਤੇ ਪੈ ਰਹੀ ਹੈ।

**(ਚ) ਮਸ਼ਅ਼ਲੇ ਇਰਸ਼ਾਦਸ਼, ਏਜ਼ਦੀ ਲਮਅ਼ਾਤ;**

**(ਛ) ਵ ਪੇਸ਼ੇ ਨੂਰਸ਼, ਸਦ ਹਜ਼ਾਰਾਂ ਮਾਹੋ ਖ਼ੁਰਸ਼ੀਦ; ਗ਼ਰਕ਼ੇ ਜ਼ੁਲਮਾਤ ॥**

(**ਉਚਾਰਨ** = ਮਸ਼-ਅ਼ਲੇ ਇਕੱਠਾ ਬੋਲੋ ਅਤੇ ਲੱਮ-ਅ਼ਾਤ ਇਕੱਠਾ ਬੋਲੋ)

**ਪਦ ਅਰਥ** = ਮਸ਼ਅ਼ਲੇ = ਦੀਵਾ/ਇਰਸ਼ਾਦਸ਼ = (ਇਰਸ਼ਾਦ + ਅਸ਼) ਉਨ੍ਹਾਂ ਦੇ ਹੁਕਮਾਂ/ਏਜ਼ਦੀ = ਵਾਹਿਗੁਰੂ/ਲਮਅ਼ਾਤ = ਰੋਸ਼ਨੀ (ਵ) ਚਮਕ/ ਵ = ਅਤੇ/ਪੇਸ਼ੇ = ਸਾਹਮਣੇ/ ਨੂਰਸ਼ = (ਨੂਰ + ਅਸ਼) ਉਨ੍ਹਾਂ ਦੇ ਨੂਰ/ ਮਾਹੋ = ਚੰਦਰਮੇ/ਖ਼ੁਰਸ਼ੀਦ = ਸੂਰਜ/ਗ਼ਰਕ਼ੇ = ਡੁੱਬੇ ਹੋਏ/ਜ਼ੁਲਮਾਤ = ਹਨੇਰੇ।

**ਅਰਥ** = (ਚ) ਗੁਰੂ ਨਾਨਕ ਦੇਵ ਜੀ ਦੇ (ਪਵਿੱਤਰ) ਹੁਕਮਾਂ ਵਾ - ਬਚਨਾ ਦੇ ਦੀਵੇ ਦੀ ਰੋਸ਼ਨੀ, ਵਾਹਿਗੁਰੂ ਆਪ ਕਰਦਾ ਹੈ

**(ਭਾਵ)** = ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਬਚਨ ਵਾਹਿਗੁਰੂ ਆਪ ਪੂਰੇ ਕਰਦਾ ਹੈ।

(ਛ) ਗੁਰੂ ਨਾਨਕ ਦੇਵ ਜੀ ਦੇ; ਨੂਰ ਦੇ ਸਾਹਮਣੇ ਸੌ ਹਜ਼ਾਰਾਂ (ਲੱਖਾਂ) ਚੰਦਰਮੇ ਤੇ ਸੂਰਜ, ਹਨੇਰੇ ਵਿੱਚ ਡੁੱਬੇ ਹੋਏ ਹਨ

**(ਭਾਵ)** = ਗੁਰੂ ਨਾਨਕ ਦੇਵ ਜੀ ਦੇ, ਨੂਰ ਦੇ ਸਾਹਮਣੇ, ਹਜ਼ਾਰਾਂ ਚੰਦਰਮਿਆਂ



Sri Satguru Jagjit Singh Ji eLibrary NamdhariElibrary@gmail.com

ਤੇ ਸੂਰਜਾਂ ਦਾ ਪ੍ਰਕਾਸ਼ ਧੀਮਾਂ ਹੈ।

**ਯਥਾ** = **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥** (ਅੰਗ ੪੬੩)

**(ਜ) ਦਰ ਇਰਸ਼ਾਦ, ਵ ਹਦਾਇਤ; ਬ-ਆ਼ਲਮੀਆਂ ਕ਼ਫ਼ਾ ;**
**(ਝ) ਦਰ ਜ਼ਮਾਨ, ਵ ਸ਼ਫ਼ਾਅ਼ਤੇ; ਹਰ ਦੋ ਜਹਾਂ ਰਾ ਊਫ਼ਾ ॥**

**(ਉਚਾਰਨ** = ਸ਼ਫ਼ਾ-ਅ਼ਤੇ ਇਕੱਠਾ ਬੋਲੋ)

**ਪਦ ਅਰਥ** = ਦਰ = ਵਿੱਚ/ਇਰਸ਼ਾਦ = ਹੁਕਮ ਦੇਣ/ਵ = ਅਤੇ/ਹਦਾਇਤ = ਪ੍ਰਮਾਰਥ ਦਾ ਰਸਤਾ ਦਿਖਾਉਣ ਵਿੱਚ/ਬ-ਆ਼ਲਮੀਆਂ = ਦੁਨੀਆਂ ਵਾਲਿਆਂ ਨੂੰ/ਕਫ਼ੀ = ਉੱਚੇ; ਉੱਚੀ/ਦਰ = ਵਿੱਚੋਂ/ਜ਼ਮਾਨ = ਜ਼ਮਾਨੇ; ਦੁਨੀਆਂ/ਵ = ਅਤੇ/ਸ਼ਫ਼ਾਅਤੇ = ਸ਼ਿਫ਼ਾਰਸ਼/ਹਰ = ਹਰੇਕ, ਕ੍ਰਿਆ ਵਿਸ਼ੇਸ਼ਨ ਲਫ਼ਜ਼/ਰਾ = ਦੀ/ਊਫ਼ਾ = ਪੂਰੇ ਤੌਰ ਤੇ/

**ਅਰਥ** = **(ਜ)** ਗੁਰੂ ਨਾਨਕ ਦੇਵ ਜੀ ਸੰਸਾਰੀਆਂ ਨੂੰ; ਆਗਿਆ ਦੇਣ ਵਿੱਚ ਵਾ-ਹੁਕਮ ਦੇਣ ਵਿੱਚ ਅਤੇ ਹਦਾਇਤ ਦੇਣ ਵਿੱਚ ਵਾ-ਪ੍ਰਮਾਰਥ ਦਾ ਰਸਤਾ ਦਿਖਾਉਣ ਵਿੱਚ

**(ਝ)** (ਅੰਨਵੈ ਅਰਥ) ਦੁਨੀਆਂ ਵਿੱਚੋਂ ਸਭ ਤੋਂ ਕਫ਼ਾ = ਉੱਚੇ ਹਨ। ਖ਼ੁਦਾ ਦੇ ਪਾਸ, ਦੋਹਾਂ ਜਹਾਨਾਂ (ਵਿੱਚੋਂ, ਸੱਚੇ ਲੋਕਾਂ ਦੀ) ਪੂਰੇ ਤੌਰ ਤੇ ਸ਼ਿਫ਼ਾਰਸ਼ ਕਰਨ ਵਾਲੇ ਹਨ (ਅਤੇ ਹਾਮੀ ਭਰਨ ਵਾਲੇ ਹਨ।)

**(ਞ) ਖ਼ਿਤ਼ਾਬੇ ਹ਼ੱਕ਼ਸ਼; "ਮੁਰਸ਼ਿ-ਦੁਲ - ਆ਼ਲਮੀਨ ";**
**(ਟ) ਵ ਜ਼ਾਤ ਬਰ ਹ਼ਕ਼ਸ਼ ; "ਰਹ਼ਮ-ਤੁਲ-ਮੁਜ਼-ਨਬੀਨ" ॥**

**(ਉਚਾਰਨ** = ਰਹ਼ਿਮ-ਤੁਲ ਨ ਬੋਲੋ)

**ਪਦ ਅਰਥ** = ਖ਼ਿਤ਼ਾਬੇ = ਪਦਵੀ/ਹ਼ੱਕ਼ਸ਼ = (ਹ਼ੱਕ਼ +ਅਸ਼) ਉਸ ਰੱਬ (ਵਾ):- (ਹ਼ੱਕ਼)= ਖ਼ੁਦਾ (ਅਸ਼)= ਕ੍ਰਿਆ ਵਿਸ਼ੇਸ਼ਨ/ਮੁਰਸ਼ਿਦੁਲ ਆ਼ਲਮੀਨ = (ਮੁਰਸ਼ਿਦ + ਉਲ) (ਮੁਰਸ਼ਿਦ) = ਗੁਰੂ (ਉਲ) = ਕ੍ਰਿਆ ਵਿਸ਼ੇਸ਼ਨ (ਆ਼ਲਮੀਨ) = ਜਹਾਨ (ਭਾਵ) ਦੋ ਜਹਾਨਾਂ/ਵ = ਅਤੇ/ਜ਼ਾਤ = ਹਸਤੀ/ਬਰ = ਉੱਚੀ/ਹ਼ਕ਼ਸ਼ = (ਅਸ਼) = ਉਸ ਦੀ (ਹ਼ੱਕ਼) ਸੱਚੀ (ਵਾ) = (ਹ਼ੱਕ਼) = ਸੱਚੀ (ਅਸ਼) ਕ੍ਰਿਆ ਵਿਸ਼ੇਸ਼ਨ/ਰਹ਼ਮਤੁਲ=(ਰਹ਼ਮਤ+ਉਲ) (ਰਹ਼ਮਤ)=ਕ੍ਰਿਪਾਲੂ; ਕਿਰਪਾ ਕਰਨ ਵਾਲਾ (ਉਲ)=ਕ੍ਰਿਆ ਵਿਸ਼ੇਸ਼ਨ /ਮੁਜ਼ਨਬੀਨ = ਗੁਨਹਗਾਰ।

**ਅਰਥ** = **(ਞ)** ਗੁਰੂ ਨਾਨਕ ਦੇਵ ਜੀ ਨੂੰ ਖ਼ੁਦਾ ਦੁਆਰਾ ਇਹ ਖ਼ਿਤਾਬ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਗਿਆ ਹੈ ਕਿ ਤੂੰ ਦੋਹਾਂ ਜਹਾਨਾਂ ਦਾ ਗੁਰੂ ਹੈਂ।

(ਟ) ਤੇਰੀ ਹਸਤੀ (ਜਗਤ ਵਿੱਚ) ਉੱਚੀ ਅਤੇ ਸੱਚੀ ਅਥਵਾ= ਸੁੱਚੀ ਹੈ। ਅਤੇ ਤੂੰ ਗੁਨਹਗਾਰਾਂ ਦੇ ਉੱਪਰ ਕਿਰਪਾ ਕਰਨ ਵਾਲਾ ਹੈਂ।

ਯਥਾ = **ਅਕਿਰਤਘਣਾ ਨੋ ਪਾਲਦਾ, ਪ੍ਰਭ ਨਾਨਕ ਸਦ ਬਖਸਿੰਦੁ ॥** (ਅੰਗ ੪੭)

**(ਠ) ਖ਼ਾਸਾਨੇ ਹੁਜ਼ਰਤੇ ਕਿਬਰੀਆ, ਖ਼ਾਕਿ-ਬੋਸਿ ਅਕ਼-ਦਾਮਸ਼ ;**

**(ਡ) ਵਾ ਪਾਕਾਨਿ-ਮਲਾਇ ਅਅ਼ਲਾ ; ਹ਼ਲਕ਼ਹ ਬ-ਗੋਸ਼ ਵ ਗ਼ੁਲਾਮਸ਼ ॥**

(**ਉਚਾਰਨ** = ਅਅ਼ਲਾ ਨੂੰ ਗੂੜ੍ਹਾ ਕਰਕੇ ਆਲਾ ਬੋਲੋ)

**ਪਦ ਅਰਥ** = ਖ਼ਾਸਾਨੇ = ਖ਼ਾਸ ਲੋਕ/ਹ਼ਜ਼ਰਤੇ = ਦਰਬਾਰ, ਕਚਿਹਰੀ/ਕਿਬਰੀਆ = ਵਾਹਿਗੁਰੂ/ਖ਼ਾਕਿ-ਬੋਸਿ = ਧੂੜੀ ਚੁੰਮਣ ਵਾਲੇ/ਅਕ਼ਦਾਮਸ਼= ਅਕ਼ਦਾਮ + ਅਸ਼) ਅੱਗੇ ਵੱਧ ਕੇ (ਅਸ਼)=ਉਸ (ਭਾਵ) ਗੁਰੂ ਨਾਨਕ ਦੇਵ ਜੀ ਦੇ/ਵਾ = ਅਤੇ/ਪਾਕਾਨਿ=ਪਵਿੱਤਰ/ਮਲਾਇ = ਅਸਮਾਨ /ਅਅ਼ਲਾ = ਵੱਡੇ/ਹ਼ਲਕ਼ਹ = ਵਾਲੀਆ/ਬ-ਗੋਸ਼ = ਕੰਨਾਂ/ਵ = ਅਤੇ/ਗ਼ੁਲਾਮਸ਼=(ਗ਼ੁਲਾਮ + ਅਸ਼) ਉਨ੍ਹਾਂ ਦੇ ਦਾਸ (ਭਾਵ) ਗੁਰੂ ਨਾਨਕ ਦੇਵ ਜੀ ਦੇ ਦਾਸ।

(ਠ) (ਇਸ ਕਰਕੇ) ਵਾਹਿਗੁਰੂ ਦੀ ਕਚਹਿਰੀ ਦੇ ਖ਼ਾਸ ਲੋਕ (ਭਾਵ) ਦੇਵਤੇ, ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਧੂੜੀ, ਅੱਗੇ ਵਧ ਕੇ (ਭਾਵ) ਇੱਕ ਦੂਸਰੇ ਤੋਂ ਅੱਗੇ ਹੋ ਕੇ, ਚੁੰਮਣ ਵਾਲੇ ਹਨ ਵਾ = ਚੁੰਮਦੇ ਹਨ।

(ਡ) ਅਤੇ ਪਵਿੱਤਰ ਵੱਡੇ ਦੇਵਤੇ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਦੀਆਂ ਵਾਲੀਆਂ; ਆਪਣੇ ਕੰਨਾਂ ਵਿੱਚ ਪਾ ਕੇ; ਗੁਰੂ ਨਾਨਕ ਦੇਵ ਜੀ ਦੇ ਦਾਸ ਬਣੀ ਬੈਠੇ ਹਨ।

**(ਭਾਵ)** = ਗੁਰੂ ਜੀ ਦਾ ਹੁਕਮ ਸੁਣਨ ਵਾਸਤੇ ਤਤਪਰ ਰਹਿੰਦੇ ਹਨ।

**(ਢ) ਦੋ "ਨੂਨਿ - ਨਾਮਿ - ਪਾਕਸ਼", ਨਈਮ ਵ ਨਸੀਰ ;**

**(ਣ) ਵ ਅਲਿਫ਼ੇ ਮਿਆਨ ਅਹ਼ਦ, ਵ ਕਾਫ਼ੇ ਆਖ਼ਿਰੀਨ ਕਬੀਰ ॥**

(**ਉਚਾਰਨ** = ਅਹਿਦ ਨ ਬੋਲੋ)

**ਪਦ ਅਰਥ** = ਨੂਨਿ = ਨੰਨੇ /ਪਾਕਸ਼ = (ਅਸ਼) ਉਨ੍ਹਾਂ ਦੇ (ਪਾਕ) ਪਵਿੱਤਰ/ਨਈਮ = ਜ਼ੰਨਤ, ਇਨਾਮ ਦੇਣ ਵਾਲਾ, ਦਾਤਾਂ ਦੇਣ ਵਾਲਾ/ਵ = ਅਤੇ/ ਨਸੀਰ = ਮਦਦਗਾਰ (ਭਾਵ) ਲੋਕ ਪ੍ਰਲੋਕ ਵਿੱਚ ਮਦਦ ਕਰਨ



Sri Satguru Jagjit Singh Ji eLibrary NamdhariElibrary@gmail.com

ਵਾਲੇ/ਵ = ਅਤੇ/ਅਲਿਫ਼ੇ = ਕੰਨਾਂ (ਨੋਟ = ਉਰਦੂ ਵਿੱਚ ਅਲਿਫ਼ ਕੰਨੇ ਅਤੇ ਐੜੇ ਦੋਨਾਂ ਵਾਸਤੇ ਵਰਤਿਆ ਜਾਂਦਾ ਹੈ। ਇਸ ਲਈ ਅਲਿਫ਼ੇ ਦਾ ਅਰਥ ਕੰਨਾਂ ਲਿਖਿਆ ਹੈ।)/ਮਿਆਨਾ = ਵਿਚਲਾ; ਵਿੱਚ; ਵਿਚਕਾਰ/ਅਹ਼ਦ=ਇੱਕ/ਕਾਫ਼ੇ = ਕੱਕਾ/ਆਖ਼ਿਰੀਨ= ਆਖ਼ਿਰੀ /ਕਬੀਰ = ਵੱਡੇ/

**ਅਰਥ** = (**ਢ**) ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਨਾਮ ਦੇ ਦੋ ਨੰਨੇ ਹਨ। ਪਹਿਲਾ ਨੰਨਾ ਨਈਮ ਦਾ ਸੂਚਕ ਹੈ ਅਤੇ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਇਨਾਮ ਦੇਣ ਵਾਲੇ ਹਨ ਵਾ = ਦਾਤਾਂ ਦੇਣ ਵਾਲੇ ਹਨ। ਅਤੇ ਦੂਸਰਾ ਨੰਨਾ ਨਸੀਰ ਦਾ ਸੂਚਕ ਹੈ ਅਤੇ ਉਪਦੇਸ ਦਿੰਦਾ ਹੈ ਕਿ ਗੁਰੂ ਜੀ ਆਪਣੇ ਪਿਆਰਿਆਂ ਦੀ; ਲੋਕ ਪ੍ਰਲੋਕ ਵਿੱਚ ਮਦਦ ਕਰਨ ਵਾਲੇ, ਆਪਣੇ ਪਿਆਰਿਆਂ ਦੇ ਮਦਦਗਾਰ ਹਨ।

(**ਣ**) ਅਤੇ ਦੋ ਨੰਨਿਆਂ ਦੇ ਵਿੱਚ ਜੋ ਕੰਨਾ ਹੈ ਉਹ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਇੱਕ ਹਨ। [ਕਈ ਵਿਦਵਾਨ ਅਹੱਦ ਪਾਠ ਕਰਕੇ ਹੱਦ ਬੰਨੇ ਤੋਂ ਰਹਿਤ ਅਰਥ ਵੀ ਕਰਦੇ ਹਨ। ਪਰ ਫ਼ਾਰਸੀ ਅਨੁਸਾਰ ਅਹ਼ਦ ਪਾਠ ਅਤੇ ਅਰਥ="ਇੱਕ", ਬਿਲਕੁਲ ਸ਼ੁੱਧ ਹੈ] ਅਤੇ ਆਖ਼ਿਰੀ ਕੱਕਾ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਕਬੀਰ = ਵੱਡੇ ਹਨ।

**(ਭਾਵ)** = **ਨਾਨਕ (ਨ + ਾ + ਨ + ਕ) ਮੂਲ ਸ਼ਬਦ ਹੈ।**

**ਨੰਨਾ (ਨਈਮ)** = ਗੁਰੂ ਨਾਨਕ ਦੇਵ ਜੀ ਇਨਾਮ ਦੇਣ ਵਾਲੇ ਹਨ ਜਿਵੇਂ ਭਾਈ ਲਹਿਣਾ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ, ਭਾਈ ਲਹਿਣੇ ਨੂੰ ਗੁਰਤਾ ਗੱਦੀ ਦਾ ਇਨਾਮ ਦੇ ਕਰਕੇ; ਗੁਰੂ ਅੰਗਦ ਦੇਵ ਜੀ ਬਣਾ ਦਿੱਤਾ।

**ਨੰਨਾ (ਨਸੀਰ)** = ਗੁਰੂ ਨਾਨਕ ਦੇਵ ਜੀ-ਦਰਗਾਹ ਵਿੱਚ ਮਦਦਗਾਰ ਹਨ ਜਿਵੇਂ ਅਨੇਕਾਂ ਸਿੱਖਾਂ ਦੇ ਮਦਦਗਾਰ ਹੋਏ ਹਨ।

**ਕੰਨਾ (ਅਹਦ)** = ਗੁਰੂ ਨਾਨਕ ਦੇਵ ਜੀ ਸਰਬ ਕਲਾ ਸੰਪੂਰਨ ਇੱਕ ਹੀ ਹਨ। ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਵੀ 14 ਅਤੇ 16 ਕਲਾ ਹੀ ਹੋਏ ਹਨ। ਅਨੰਤ ਕਲਾ ਨਹੀਂ ਹੋਏ। ਅਨੰਤ ਕਲਾ ਗੁਰੂ ਨਾਨਕ ਦੇਵ ਜੀ ਇੱਕ ਹੀ ਹੋਏ ਹਨ।


Sri Satguru Jagjit Singh Ji eLibrary NamdhariElibrary@gmail.com

ਯਥਾ = ***ਸੋਲਹ ਕਲਾ ਸੰਪੂਰਨ ਫਲਿਆ ॥***

***ਅਨਤ ਕਲਾ ਹੋਇ ਠਾਕੁਰੁ ਚੜਿਆ ॥*** (ਅੰਗ ੧੦੯੧)

**ਕੰਨਾ (ਕਬੀਰ)** = ਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਹਨ।

ਯਥਾ = ***ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ॥***

(ਅੰਗ ੭੫੦)

ਇੰਝ ਹੀ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਵੀ ਨਾਨਕ ਪਦ ਦੇ ਅਰਥ ਕੀਤੇ ਹਨ

ਯਥਾ = **ਅਨਿਕ ਰਹਿਤ ਪ੍ਰਮਾਤਮ ਜੋਈ ॥ ਨਾਨਕ ਨਾਮ ਕਹਾਵੈ ਸੋਈ ॥**

(ਵਾਰ ੧)

ਇੰਝ ਹੀ ਕਵੀ ਸੰਤੋਖ ਸਿੰਘ ਜੀ ਨੇ ਵੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿੱਚ ਨਾਨਕ ਪਦ ਦੇ ਅਰਥ ਕੀਤੇ ਹਨ।

**(ਯਥਾ) ਕਬਿੱਤ = ਪ੍ਰਾਕ ਜੋ ਨਕਾਰ, ਨ ਪ੍ਰਮਾਨ ਆਬਿਧਾਨ ;**
**ਜਾਨਤਾ ਹੂੰ ਤੇ ਅਕਾਰ ਲੇ, ਅਨਿਕ ਪੁਨ ਤੀਨ ਹੈ ॥**
**ਦੂਸਰੇ ਨਕਾਰ ਤੇ, ਨਿਕਾਰ ਕੈ ਅਕਾਰ ਕਰ ;**
**ਭਯੋ ਅਨ ਅਕ, ਚਾਰ ਬਰਨ ਸੁ ਕੀਨ ਹੈ ॥**
**ਅਕ ਨਾਮ ਦੁਖ ਕੋ, ਬਿਦਤ ਹੈ ਜਗਤ ਮੱਧ ;**
**ਜਾ ਨਰ ਕੋ ਨਹੀ ਦੁਖ, ਸਦਾ ਸੁਖ ਲੀਨ ਹੈ ॥**
**ਐਸੋ ਇਹ ਨਾਨਕ ਕੇ, ਨਾਮ ਕੌ ਅਰਥ ਚੀਨ ;**
**ਸਤ ਚਿਦਾਨੰਦ, ਨਿਤ ਭਗਤਿ ਅਧੀਨ ਹੈ ॥**

ਇੰਝ ਹੀ ਸ਼੍ਰੁਤੀਆਂ ਵਿੱਚ ਵੀ ਨਾਨਕ ਪਦ ਦੇ ਅਰਥ ਕੀਤੇ ਹਨ।

ਯਥਾ = **ਅਨਕੰ ਨ ਬਿਦਤੇ ਜਸ ਮਨਸਾ ਸਾ ਨਾਨਕਾ ॥**
**(ਤ) ਫ਼ਕ੍ਰਸ਼; ਸਰ.ਫ਼ਰਾਜ਼ੇ ਫ਼ਕ੍ਰੇ ਕਾਮਿਲ ;**
**(ਥ) ਮੁਕਰਮਤਸ਼; ਬਰ ਹਰ ਦੋ ਆਲਮ ਸ਼ਾਮਿਲ † ॥੧੨॥**

(**ਉਚਾਰਨ** = ਮੁਕੱਰਮ-ਤਸ਼ ਬੋਲੋ ਅਤੇ ਫ਼ੱਕ੍ਰਸ਼ ਤੇ ਫ਼ੱਕ੍ਰੇ ਬੋਲੋ ਅਤੇ ਫ਼ਾਰਸੀ ਦੇ ਕਈ ਵਿਦਵਾਨ ਫ਼ਕਰਸ਼ ਤੇ ਫ਼ਕ੍ਰੇ ਦਾ ਉਚਾਰਨ ਪੋਲਾ ਵੀ ਕਰ ਲੈਂਦੇ ਹਨ।)

---

† ਨੋਟ = ਸ਼ਾਮਿਲ ਫ਼ਾਰਸੀ ਦਾ ਲਫ਼ਜ਼ ਹੈ ਅਰਥ = ਮਿਲਿਆ ਹੋਇਆ, ਰਲਿਆ ਹੋਇਆ ਇਤਿਆਦਿਕ ਅਰਥ ਹਨ। ਸ਼ਾਮਿਲ ਦਾ ਛਾਈ ਸੰਕੇਤੀ ਅਰਥ ਹੈ ਜੋ ਕਿ ਭਾਈ ਸਾਹਿਬ ਦੇ ਆਸ਼ੇ ਨੂੰ ਪ੍ਰਗਟ ਕਰਨ ਵਾਸਤੇ ਏਥੇ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਫ਼ਕ੍ਰਸ਼ = (ਫ਼ਕ੍ਰ + ਅਸ਼) ਉਨ੍ਹਾਂ ਦੀ ਫ਼ਕ੍ਰੀਰੀ/ਸਰ-ਫ਼ਰਾਜ਼ੇ = ਸਿਰ ਉਠਾਨ ਵਾਲੀ/ਫ਼ਕ੍ਰੇ = ਫ਼ਕ੍ਰੀਰੀ/ਕਾਮਿਲ = ਪੂਰੀ (ਵ) ਉੱਚ ਕੋਟੀ/ ਮੁਕਰਮਤਸ਼ = (ਮੁਕਰਮਤ + ਅਸ਼) = (ਅਸ਼) = ਉਨ੍ਹਾਂ ਦੇ ਕੋਲੋਂ (ਮੁਕਰਮਤ) = ਇੱਜ਼ਤ ਪਾਉਣ ਵਾਲਾ/ਬਰ = ਉੱਪਰ/ਆ਼ਲਮ = ਜਹਾਨਾ/ਸ਼ਾਮਿਲ = (ਸੰਕੇਤੀ ਅਰਥ) ਛਾਈ/

**ਅਰਥ** = **(ੳ)** ਉਨ੍ਹਾਂ ਦੀ ਫ਼ਕੀਰੀ; ਉੱਚ ਕੋਟੀ ਦੀ ਫ਼ਕ੍ਰੀਰੀ ਦਾ ਵੀ; ਸਿਰ ਉਠਾਨ ਵਾਲੀ ਹੈ ਵਾ = ਸਿਰ ਉੱਚਾ ਕਰਨ ਵਾਲੀ ਹੈ।

**(ਥ)** ਉਨ੍ਹਾਂ ਦੇ ਕੋਲੋਂ ਇੱਜ਼ਤ ਪਾਉਣ ਵਾਲਿਆਂ ਦੀ; ਦੋਹਾਂ ਜਹਾਨਾਂ ਉੱਪਰ (ਮਹਿਮਾ) ਛਾਈ ਹੋਈ ਹੈ।

**ਵਾਹਿਗੁਰੂ ਜੀਉ ਸਤ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ।**

**(ੳ) ਨਾਮੇ ਓ ਸ਼ਾਹੇ; ਨਾਨਕ ਹ਼ੱਕ੍ਰ ਕੇਸ਼ * ॥**

**(ਅ) ਕਿ ਨਿਆਯਦ; ਹਮ-ਚੁਨੂੰ ਦਿਗਰ ਦਰਵੇਸ਼ ॥੧੩॥**

(**ਉਚਾਰਨ** = ਨਿਆਇਦ ਬੋਲੋ)

**ਪਦ ਅਰਥ** = ਨਾਮੇ = ਨਾਮ/ਓ = ਉਸ/ਸ਼ਾਹੇ = ਪਾਤਿਸ਼ਾਹ/ਹ਼ੱਕ੍ਰ = ਸਚਾਈ ਦੇ/ ਕੇਸ਼ = ਧਰਮ ਨੂੰ ਧਾਰਨ ਵਾਲੇ ਹਨ/ਕਿ = ਜੋ/ਨਿਆਯਦ = ਨਹੀਂ ਆਇਆ ਹੈ/ਹਮਚੁਨੂੰ = ਵਰਗਾ/ਦਿਗਰ = ਦੂਸਰਾ/ਦਰਵੇਸ਼ = ਫ਼ਕ੍ਰੀਰ/

**ਅਰਥ** = **(ੳ)** ਉਸ ਪਾਤਸ਼ਾਹ ਦਾ ਨਾਮ ਨਾਨਕ ਹੈ ਅਤੇ ਸਚਾਈ ਦੇ ਧਰਮ ਨੂੰ ਧਾਰਨ ਵਾਲਾ ਹੈ।

**(ਅ)** ਉਨ੍ਹਾਂ ਵਰਗਾ ਦੂਸਰਾ ਫ਼ਕ੍ਰੀਰ ਹੋਰ ਕੋਈ ਵੀ; ਧਰਤੀ ਤੇ ਨਹੀਂ ਆਇਆ ਹੈ।

**(ੳ) ਫ਼ਕ੍ਰੇ ਓ, ਫ਼ਕ੍ਰ ਰਾ; ਸਰ-ਫ਼ਰਾਜ਼ੀ ॥**

**(ਅ) ਪੇਸ਼ੇ ਓ, ਕਾਰੇ ਜੁਮਲਹ; ਜਾਂ-ਬਾਜ਼ੀ ॥੧੪॥**

(**ਉਚਾਰਨ** = ਫ਼ੱਕ੍ਰੇ ਅਤੇ ਫ਼ੱਕ੍ਰ ਬੋਲੋ)

**ਪਦ ਅਰਥ** = ਫ਼ਕ੍ਰੇ = ਫ਼ਕ੍ਰੀਰੀ/ਓ = ਉਨ੍ਹਾਂ ਦੀ/ਫ਼ਕ੍ਰ = ਫ਼ਕ੍ਰੀਰੀ/ਰਾ = ਦਾ/ ਸਰ = ਸਿਰ/ਫ਼ਰਾਜ਼ੀ = ਉਠਾਨ ਵਾਲੀ/ਪੇਸ਼ੇ = ਸਾਹਮਣੇ/ਓ = ਉਨ੍ਹਾਂ ਦਾ/ਕਾਰੇ=ਕੰਮ/ਜੁਮਲਹ=ਸਾਰੇ/ਜਾਂ=ਜਾਨ/ਬਾਜ਼ੀ = ਖੇਲ/

**ਅਰਥ** = **(ੳ)** ਉਨ੍ਹਾਂ ਦੀ ਫ਼ਕ੍ਰੀਰੀ, ਫ਼ਕ੍ਰੀਰੀ ਦਾ ਸਿਰ ਉਠਾ ਦੇਣ ਵਾਲੀ ਹੈ।



Sri Satguru Jagjit Singh Ji eLibrary NamdhariElibrary@gmail.com

(ਅ) ਉਨ੍ਹਾਂ ਦੇ ਅੱਗੇ ਸੰਸਾਰ ਦੇ ਸਾਰੇ ਕੰਮ ਸੋਭਦੇ ਹਨ (**ਭਾਵ**) ਉਹ ਸੰਸਾਰ ਦੇ ਸਾਰੇ ਕੰਮ ਕਰਨ ਵਿੱਚ ਸਮਰੱਥ ਹਨ। ਮੈਂ ਆਪਣੀ ਜਾਨ ਦੀ ਬਾਜ਼ੀ ਉਨ੍ਹਾਂ ਦੇ ਅੱਗੇ ਕੁਰਬਾਨ ਕਰਦਾ ਹਾਂ (**ਭਾਵ**)=ਆਪਣੀ ਜਾਨ ਨੂੰ ਮੌਤ ਦਾ ਖੇਲ ਬਣਾ ਕੇ ਉਨ੍ਹਾਂ ਦੇ ਅੱਗੇ ਕੁਰਬਾਨ ਕਰਦਾ ਹਾਂ।

**(ੳ) ਤ਼ਾਲਿਬੇ ਖ਼ਾਕੇ ਓ; ਚਿਹ ਖ਼ਾਸੋ ਚਿਹ ਆ਼ਮ ॥**

**(ਅ) ਚਿਹ ਮਲਾਇਕ; ਚਿਹ ਹਾਜ਼ਿਰਾਨੇ ਤਮਾਮ ॥੧੫॥**

**ਪਦ ਅਰਥ** = ਤ਼ਾਲਿਬੇ = ਚਾਹੁੰਦੇ ਹਨ/ਖ਼ਾਕੇ = ਧੂੜੀ/ਓ = ਉਸ ਦੀ (ਵਾ) ਉਨ੍ਹਾਂ ਦੀ/ਚਿਹ=ਕੀ/ਖ਼ਾਸੋ=ਖ਼ਾਸ/ਆ਼ਮ=ਸਧਾਰਨ/ਚਿਹ=ਕੀ/ਮਲਾਇਕ =ਦੇਵਤੇ/ਹਾਜ਼ਿਰਾਨੇ=ਹਾਜ਼ਿਰ ਲੋਕ/(ਵ) ਪ੍ਰਤੱਖ ਲੋਕ/ਤਮਾਮ= ਸਾਰੇ/

**ਅਰਥ** = (**ੳ**) ਉਨ੍ਹਾਂ ਦੇ ਚਰਨਾਂ ਦੀ ਧੂੜੀ ਨੂੰ ਚੁੰਮਣਾ ਚਾਹੁੰਦੇ ਹਨ। ਕੀ ਖ਼ਾਸ ਹਨ ਅਤੇ ਕੀ ਆਮ ਹਨ।

(**ਅ**) ਕੀ ਹਨ ਦੇਵਤੇ (ਭਾਵ) ਅਦ੍ਰਿਸ਼ਟ ਪਵਿੱਤ੍ਰ ਰੂਹਾਂ, ਅਤੇ ਕੀ ਹਨ ਸਾਰੇ ਪ੍ਰਤੱਖ ਲੋਕ। (ਸਾਰੇ ਹੀ ਸਤਿਗੁਰਾਂ ਦੇ ਚਰਨਾਂ ਦੀ ਧੂੜੀ ਨੂੰ ਚੁੰਮਣਾ ਚਾਹੁੰਦੇ ਹਨ)

**(ੳ) ਹ਼ੱਕ਼ ਚੋ ਖ਼ੁਦ ਵਾਸਿਫ਼ਸ਼; ਚਿਹ ਗੋਯਮ ਮਨ ॥**

**(ਅ) ਦਰ ਰਹੇ ਵਸਫ਼ੇ ਓ ; ਚਿਹ ਪੋਯਮ ਮਨ ॥੧੬॥**

(**ਉਚਾਰਨ** = ਗੋਇਮ ਬੋਲੋ)

**ਪਦ ਅਰਥ** = ਹ਼ੱਕ਼ = ਰੱਬ/ਚੋ = ਜਿਸ/ਖ਼ੁਦ = ਆਪ/ਵਾਸਿਫ਼ਸ਼ = (ਵਾਸਿਫ਼ + ਅਸ਼) ਉਨ੍ਹਾਂ ਦੀ ਤਾਰੀਫ਼/ਚਿਹ = ਕੀ/ਗੋਯਮ = (ਗੋਇ+ਅਮ) = (ਗੋਇ)=ਕਹਾਂ (ਅਮ) = ਕ੍ਰਿਆ ਵਿਸ਼ੇਸ਼ਨ/ਮਨ = ਮੈਂ/ਦਰ = ਵਿੱਚ/ ਰਹੇ = ਰਸਤੇ/ਵਸਫ਼ੇ = ਤਾਰੀਫ਼/ਓ = ਉਨ੍ਹਾਂ ਦੀ/ਚਿਹ = ਕੀ/ਪੋਯਮ = ਦੌੜਾਂ/ਮਨ = ਮੈਂ/

**ਅਰਥ** = (**ੳ**) ਜਿਸ ਦੀ ਸਿਫ਼ਤ ਆਪ ਖ਼ੁਦਾ ਕਰਨ ਵਾਲਾ ਹੋਵੇ ਉਨ੍ਹਾਂ ਦੀ ਤਾਰੀਫ਼ (ਸਿਫ਼ਤ) ਮੈਂ ਕੀ ਕਹਾਂ।

(**ਅ**) ਉਨ੍ਹਾਂ ਦੀ ਉਸਤਤ ਕਰਨ ਦੇ ਰਸਤੇ ਵਿੱਚ ਮੈਂ ਕੀ ਦੌੜਾਂ?

**ਅਰਥਾਤ** = ਜਿਸ ਦੀ ਤਾਰੀਫ਼, ਵਾਹਿਗੁਰੂ ਨੇ ਆਪ ਕੀਤੀ ਹੋਵੇ। ਮੇਰੇ ਵਰਗਾ ਬੰਦਾ ; ਉਨ੍ਹਾਂ ਦੀ ਤਾਰੀਫ਼ ਕੀ ਕਰ ਸਕਦਾ ਹੈ?

**(ੳ) ਸਦ ਹਜ਼ਾਰਾਂ ਮੁਰੀਦਸ਼; ਅਜ਼ ਮਲਕੂਤ ॥**

**(ਅ) ਸਦ ਹਜ਼ਾਰਾਂ ਮੁਰੀਦਸ਼; ਅਜ਼ ਨਾਸੂਤ ॥੧੭॥**



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਸਦ = ਸੈਂਕੜੇ/ਮੁਰੀਦਸ਼ = (ਮੁਰੀਦ + ਅਸ਼) ਉਨ੍ਹਾਂ ਦੇ ਚੇਲੇ/ਅਜ਼ = ਵਿੱਚੋਂ/ਮਲਕੂਤ = ਦੇਵਤਿਆਂ/ਨਾਸੂਤ = ਜਾਨ ਵਾਲਿਆਂ (ਵਾ) = ਸਰੀਰ ਧਾਰੀਆਂ/

**ਅਰਥ** = (**ੳ**) ਦੇਵਤਿਆਂ ਵਾ = ਅਦ੍ਰਿਸ਼ਟ ਪਵਿੱਤਰ ਰੂਹਾਂ ਵਿੱਚੋਂ, ਲੱਖਾਂ ਹੀ ਉਨ੍ਹਾਂ ਦੇ ਚੇਲੇ ਹਨ।

(**ਅ**) ਅਤੇ ਸਰੀਰ ਧਾਰੀਆਂ ਵਿੱਚੋਂ; ਲੱਖਾਂ ਹੀ ਉਨ੍ਹਾਂ ਦੇ ਚੇਲੇ ਹਨ।

**(ੳ) ਹਮਹ *ਜਬਰੂਤੀਆਂ; ਫ਼ਿਦਾਏ ਓ ॥**

**(ਅ) ਹਮਹ ਲਾਹੂਤੀਆਂ ; ਬ-ਪਾਏ ਓ ॥੧੮॥**

(**ਉਚਾਰਨ** = ਜਬ-ਰੂਤੀਆਂ ਲਾ-ਹੂਤੀਆਂ ਇਕੱਠਾ ਹੀ ਬੋਲੋ)

**ਪਦ ਅਰਥ** = ਹਮਹ = ਸਾਰੇ/ਜਬਰੂਤੀਆਂ = ਉਸ ਦੁਨੀਆਂ ਵਾਲੇ (ਭਾਵ) ਦੇਵਤੇ/ ਫ਼ਿਦਾਏ = ਕੁਰਬਾਨ/ਓ = ਉਨ੍ਹਾਂ ਤੋਂ/ਲਾਹੂਤੀਆਂ = ਇਸ ਦੁਨੀਆਂ ਵਾਲੇ (ਭਾਵ) ਆਮ ਲੋਕ; ਇਨਸਾਨ/ਬ-ਪਾਏ = (ਪਾਏ) = ਚਰਨਾਂ (ਬ) = ਵਿੱਚ/

**ਅਰਥ** = (**ੳ**) ਸਾਰੇ ਉਸ ਦੁਨੀਆਂ ਵਾਲੇ ਦੇਵਤੇ ; ਉਨ੍ਹਾਂ ਤੋਂ ਕੁਰਬਾਨ ਹਨ।

(**ਅ**) ਸਾਰੇ ਇਸ ਦੁਨੀਆਂ ਵਾਲੇ ਇਨਸਾਨ; ਉਨ੍ਹਾਂ ਦੇ ਚਰਨਾਂ ਵਿੱਚ ਹਨ।

**(ੳ) ਹਮਹ ਨਾਸੂਤੀਆਂ; ਮਲਾਇਕ ਜ਼ੋ ॥**

**(ਅ) ਜਲਵਹਅਸ਼ ਦਾਂ; ਬ-ਤਹ੍ਤੋ ਫ਼ੌਕ੍ ਨਿਕੋ ॥੧੯॥**

(**ਉਚਾਰਨ** = ਤਹਿਤੋ ਨ ਬੋਲੋ ਪੋਲਾ ਜਿਹਾ ਤਹ੍ਤੋ ਬੋਲੋ)

**ਪਦ ਅਰਥ** = ਹਮਹ = ਸਾਰੇ/ਨਾਸੂਤੀਆਂ = ਸੰਸਾਰੀ ਲੋਕ/ਮਲਾਇਕ = ਦੇਵਤੇ/ ਜ਼ੋ=(ਅਜ਼+ਓ) ਉਨ੍ਹਾਂ ਦੇ ਨਾਲ/ਜਲਵਹ-ਅਸ਼=ਉਸਦਾ ਪ੍ਰਕਾਸ਼/ ਦਾਂ=ਜਾਣੋ/ਤਹ੍ਤੋ=ਹੇਠਾਂ/ਫ਼ੌਕ੍=ਉੱਪਰ/ਨਿਕੋ=ਸੁਹਣਾ (ਵ) ਅੱਛਾ/

**ਅਰਥ** = (**ੳ**) ਸਾਰੇ ਸੰਸਾਰੀ ਲੋਕ; ਉਨ੍ਹਾਂ ਦੇ ਨਾਲ ਲੱਗਣ ਕਰਕੇ ਦੇਵਤੇ ਬਣ ਗਏ ਹਨ।

**ਅਰਥਾਤ** = ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਸਾਰੇ ਸੰਸਾਰੀ ਲੋਕ ਦੈਵੀ ਗੁਣਾ ਨਾਲ ਭਰਪੂਰ ਹੋ ਗਏ। ਭੂਮੀਏ ਚੋਰ ਵਰਗੇ ਆਦਿ।

---

* ਜਬਰੂਤ ਅਸਲੀ ਲਫ਼ਜ਼ ਹੈ ਅਰਥ = "ਤਾਕਤ ਵਾਲੇ ਹਨ" ਅਤੇ ਉਸ ਦੁਨੀਆਂ ਦੇ ਲੋਕਾਂ ਦੇ ਵਾਸਤੇ ਵੀ ਇਹੀ ਲਫ਼ਜ਼ ਵਰਤਿਆ ਜਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸਾਖੀ = ਭੂਮੀਏ ਚੋਰ ਦੀ

ਭੂਮੀਆਂ ਚੋਰ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਸਿੱਖ ਬਨਣ ਵਾਸਤੇ ਆਇਆ। ਸਤਿਗੁਰਾਂ ਕਿਹਾ, "ਤੂੰ ਚੋਰੀ ਨਾ ਕਰਿਆ ਕਰ।" ਇਸਨੇ ਕਿਹਾ, "ਗੁਰੂ ਜੀ! ਚੋਰੀ ਨਹੀਂ ਛੁੱਟਦੀ, ਹੋਰ ਜੋ ਕਹੋ ਸੋ ਕਰਾਂਗਾ।" ਤਾਂ ਗੁਰੂ ਜੀ ਨੇ ਕਿਹਾ :-

(ੳ) ਕਿਸੇ ਦਾ ਲੂਣ ਖਾ ਕੇ ਉਸਦਾ ਬੁਰਾ ਨਹੀਂ ਕਰਨਾ;

(ਅ) ਸਦਾ ਸੱਚ ਬੋਲਣਾ ਹੈ ;

(ੲ) ਗ਼ਰੀਬ ਮਾਰ ਨਹੀਂ ਕਰਨੀ ਅਤੇ ਵਾਹਿਗੁਰੂ ਦਾ ਸਿਮਰਨ ਕਰਨਾ ਹੈ।

ਭੂਮੀਏ ਨੇ ਕਿਹਾ, "ਜੀ! ਸੱਤ ਬਚਨ।" ਇਕ ਦਿਨ ਇਸਦੇ ਘਰ ਇਕ ਗ਼ਰੀਬ ਆ ਗਿਆ।" ਉਸਨੇ ਕਿਹਾ, "ਮੇਰੀ ਲੜਕੀ ਦੀ ਸ਼ਾਦੀ ਹੈ, ਕੁਝ ਮਾਇਆ ਦਿਉ।" ਤਾਂ ਭੂਮੀਆਂ ਸੋਹਣੇ-ਸੋਹਣੇ ਕੱਪੜੇ ਪਾ ਕੇ ਰਾਜੇ ਦੇ ਮਹਿਲਾਂ ਵਿਚ ਚਲਾ ਗਿਆ, ਰਾਜੇ ਦੇ ਪਹਿਰੇਦਾਰਾਂ ਨੇ ਪੁੱਛਿਆ, "ਤੂੰ ਕੌਣ ਹੈਂ?" ਤਾਂ ਇਸਨੇ ਕਿਹਾ, "ਮੈਂ ਭੂਮੀਆਂ ਚੋਰ ਹਾਂ।" ਰਾਜੇ ਦੇ ਪਹਿਰੇਦਾਰਾਂ ਨੇ ਸਮਝਿਆ ਕਿ ਕੋਈ ਰਾਜੇ ਦਾ ਮਿਲਾਪੀ ਹੋਵੇਗਾ, ਮਖੌਲ ਨਾਲ ਆਪਾਂ ਨੂੰ ਚੋਰ ਕਹਿੰਦਾ ਹੈ, ਇਹ ਸੋਚ ਕੇ ਨਾ ਰੋਕਿਆ।" ਇਸਨੇ ਅੰਦਰ ਜਾ ਕੇ ਹੀਰੇ ਜਵਾਹਰਾਤਾਂ ਅਤੇ ਗਹਿਣਿਆਂ ਦੀ ਪੰਡ ਬੰਨ੍ਹ ਲਈ, ਫਿਰ ਕੋਈ ਚੀਜ਼ ਖਾਣ ਲਈ ਚਿੱਤ ਕੀਤਾ, ਤਾਂ ਇਸਦੇ ਹੱਥ ਨਮਕੀਨ ਪਦਾਰਥ ਆਇਆ ਤੇ ਭੁਲੇਖੇ ਨਾਲ ਖਾ ਲਿਆ, ਫਿਰ ਸਤਿਗੁਰਾਂ ਦਾ ਇਹ ਬਚਨ ਯਾਦ ਕਰਕੇ ਕਿ ਲੂਣ ਖਾ ਕੇ ਹਰਾਮ ਨਹੀਂ ਕਰਨਾ, ਬੰਨ੍ਹੀ ਹੋਈ ਪੰਡ ਉਥੇ ਹੀ ਛੱਡ ਦਿੱਤੀ, ਵਾਪਸ ਬਾਹਰ ਨਿਕਲ ਆਇਆ। ਪਹਿਰੇਦਾਰਾਂ ਨੇ ਸਮਝਿਆ, "ਕੋਈ ਰਾਜੇ ਦਾ ਮਿੱਤਰ ਹੋਣਾ ਹੈ, ਮਿਲ ਕੇ ਵਾਪਸ ਚਲਾ ਗਿਆ ਹੈ।"

ਜਦੋਂ ਦਿਨ ਚੜ੍ਹਿਆ ਤਾਂ ਪਤਾ ਲੱਗਾ ਕਿ ਕੋਈ ਚੋਰ ਚੋਰੀ ਕਰਕੇ ਮਾਲ ਲੈ ਚੱਲਿਆ ਸੀ, ਪਰ ਪਤਾ ਲੱਗਣ 'ਤੇ ਇਥੇ ਹੀ ਛੱਡ ਗਿਆ ਹੈ। ਗ਼ਰੀਬਾਂ, ਬੇਦੋਸ਼ਾਂ ਨੂੰ ਕੁੱਟ-ਮਾਰ ਪੈਣ ਲੱਗੀ, ਮਾਰ ਪੈਂਦੀ ਵੇਖ ਕੇ ਭੂਮੀਆਂ ਸਹਾਰ ਨਾ ਸਕਿਆ ਅਤੇ ਸਤਿਗੁਰਾਂ ਦੇ ਬਚਨ ਯਾਦ ਕਰਕੇ ਰਾਜੇ ਪਾਸ ਜਾ ਕੇ ਸੱਚ-ਸੱਚ ਦੱਸ ਦਿੱਤਾ, "ਹੇ ਰਾਜਨ! ਇਨ੍ਹਾਂ ਦਾ ਕੋਈ ਦੋਸ਼ ਨਹੀਂ, ਸਭ ਛੱਡ ਦਿਉ, ਚੋਰ ਤਾਂ ਤੁਹਾਡਾ ਮੈਂ ਹਾਂ।" ਫਿਰ ਰਾਜੇ ਦੇ ਪੁੱਛਣ 'ਤੇ ਇਸਨੇ ਸਤਿਗੁਰਾਂ ਦੇ ਤਿੰਨੇ ਬਚਨ ਦੱਸੇ, ਤਾਂ ਰਾਜਾ ਬੜਾ ਪ੍ਰਸੰਨ ਹੋਇਆ। ਭੂਮੀਏਂ ਨੂੰ ਆਪਣਾ ਵਜ਼ੀਰ ਬਣਾ ਲਿਆ ਅਤੇ ਕਿਹਾ, "ਜਿਸ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੇਰੇ 'ਤੇ ਬਖ਼ਸ਼ਿਸ਼ ਕੀਤੀ



Sri Satguru Jagjit Singh Ji eLibrary NamdhariElibrary@gmail.com

ਹੈ, ਮੈਨੂੰ ਵੀ ਦਰਸ਼ਨ ਕਰਵਾ।" ਭੂਮੀਏਂ ਨੇ ਕਿਹਾ, "ਜੇ ਤੇਰੇ ਮਨ ਵਿਚ ਦਰਸ਼ਨਾਂ ਦੀ ਭਾਵਨਾ ਹੈ ਤਾਂ ਧਰਮਸਾਲਾ ਬਣਵਾ, ਉਥੇ ਸਤਿਸੰਗਤ ਹੋਵੇ, ਤੇਰੇ ਪ੍ਰੇਮ ਨੂੰ ਵੇਖ ਕੇ ਸਤਿਗੁਰੂ ਜੀ ਤੈਨੂੰ ਘਰ ਵਿਚ ਹੀ ਦਰਸ਼ਨ ਦੇ ਕੇ ਨਿਹਾਲ ਕਰਨਗੇ।" ਰਾਜੇ ਨੇ ਇਸੇ ਤਰ੍ਹਾਂ ਹੀ ਕੀਤਾ। ਤਾਂ ਸਤਿਗੁਰੂ ਜੀ ਨੇ ਰਾਜੇ ਨੂੰ ਦਰਸ਼ਨ ਦੇ ਕਰਕੇ ਨਿਹਾਲ ਕ੍ਰਿਤਾਰਥ ਕਰ ਦਿੱਤਾ। ਸੋ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਭੂਮੀਏ ਵਰਗੇ ਚੋਰ ਸਾਧ ਹੋ ਗਏ।

(ਅ) ਅਤੇ ਹੇਠਾਂ ਤੇ ਉੱਪਰ ਵੀ (ਭਾਵ) ਲੋਕ ਪ੍ਰਲੋਕ ਵਿੱਚ ਵੀ, ਉਸੇ ਗੁਰੂ ਨਾਨਕ ਦੇਵ ਜੀ ਦਾ ਸੋਹਣਾ ਪ੍ਰਕਾਸ਼ ਜਾਣੋ। (ਅਥਵਾ) = ਜਾਣਿਆਂ ਜਾਂਦਾ ਹੈ

**(ੳ) ਜਾ-ਨਸ਼ੀਨਾਨੇ ਓ; ਅਜ਼ੋ ਫ਼ਾਇਕ਼ ॥**

**(ਅ) ਫ਼ਿਕਰੋ ਤੌਸੀਫ਼ ; ਜ਼ਾਤ ਰਾ ਲਾਇਕ਼ ॥੨੦॥**

**ਪਦ ਅਰਥ** = ਜਾ-ਨਸ਼ੀਨਾਨੇ = ਜਗ੍ਹਾ ਤੇ ਬੈਠਣ ਵਾਲਾ, ਉਤਰਾਧਿਕਾਰੀ/ ਓ = ਉਨ੍ਹਾਂ ਦੇ/ਅਜ਼ੋ = ਉਨ੍ਹਾਂ ਤੋਂ ਵੀ/ਫ਼ਾਇਕ਼ = ਚੰਗੇ/ਫ਼ਿਕਰੋ = ਸਿਮਰਨ, ਸੋਚ ਕਈ ਛਾਪਿਆਂ ਵਿੱਚ ਫ਼ਿਕਰੋ ਦੀ ਥਾਂ ਤੇ ਜ਼ਿਕਰੋ ਪਾਠੰਤ੍ਰ ਵੀ ਛਪਿਆ ਹੈ ਪਰ ਅਰਥ="ਸਿਮਰਨ" ਹੀ ਹੈ।/ ਤੌਸੀਫ਼ = ਤਾਰੀਫ਼/ ਜ਼ਾਤ = ਹਸਤੀ/ਰਾ = ਦੇ/ਲਾਇਕ਼ = ਯੋਗ/

**ਅਰਥ** = (ੳ) ਉਨ੍ਹਾਂ ਦੇ ਉਤਰਾਧਿਕਾਰੀ (ਭਾਵ) ਗੁਰੂ ਅੰਗਦ ਦੇਵ ਜੀ (ਉਨ੍ਹਾਂ ਦੀ ਸਿੱਖਿਆ ਲੈ ਕੇ) ਉਨ੍ਹਾਂ ਤੋਂ ਵੀ ਚੰਗੇ ਹੋ ਗਏ। ਇਹ ਤਾਂ ਇਹ ਗੱਲ ਹੋ ਗਈ :-

**ਯਥਾ** = **ਗੁਰੂ ਗੁੜ ਰਹਿ ਗਿਆ; ਚੇਲੇ ਸੱਕਰ ਹੋ ਗਏ ॥ (ਲੌਕਿਕ)**

**ਅਰਥਾਤ** = ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਗਏ ਸੱਚ ਦੇ ਪ੍ਰਚਾਰ ਨੂੰ, ਹੋਰ ਅੱਗੇ ਵਧਾ ਕਰਕੇ ਗੁਰੂ ਅੰਗਦ ਦੇਵ ਜੀ, ਗੁਰੂ ਨਾਨਕ ਦੇਵ ਜੀ ਤੋਂ ਵੀ ਉੱਚੇ ਹੋ ਗਏ।

**ਨੋਟ** = ਗੁਰੂ ਅੰਗਦ ਦੇਵ ਜੀ ਦੀ ਮਹਿਮਾ ਨੂੰ ਸ਼ਿੰਗਾਰਨ ਵਾਸਤੇ, ਇਹ ਤੇ ਭਾਈ ਸਾਹਿਬ ਜੀ ਨੇ ਇੱਕ ਅਲੰਕਾਰ ਹੀ ਵਰਤਿਆ ਹੈ। ਉਂਝ ਤਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਵਿੱਚ ਊਚ ਨੀਚ ਦਾ ਰੰਚਕ ਮਾਤਰ ਭੇਦ ਨਹੀਂ ਹੈ।

(ਅ) (ਇਸ ਕਰਕੇ) ਉਨ੍ਹਾਂ ਦੀ ਹਸਤੀ, ਉਸਤਤੀ ਅਤੇ ਸਿਮਰਨ ਕਰਨ-ਕਰਵਾਉਣ ਦੇ ਯੋਗ ਹੈ।



Sri Satguru Jagjit Singh Ji eLibrary NamdhariElibrary@gmail.com

**(ੳ) ਅਬਦ-ਅਬਾਦ ; ਕ਼ਦਰੋ ਜਾਹੋ.ਨਿਸ਼ਾਂ ॥**

**(ਅ) ਬਰ .ਫ਼ਰਾਜ਼ਦ ; ਜ਼ਿ ਯਕ ਦਿਗਰ ਸੁਬਹ਼ਾਂ ॥**

**(ਉਚਾਰਨ** = ਨਿਸ਼ਾਂ ਲੰਮਕਾ ਕੇ ਬੋਲੋ ਅਤੇ ਸੁਬਹ਼ਾਂ ਪਹਿਲੇ ਅਰਥ ਵਿੱਚ ਇਕੱਠਾ ਤੇ ਦੂਸਰੇ ਵਿੱਚ ਲੰਮਕਾ ਕੇ ਬੋਲੋ)

**ਪਦ ਅਰਥ** = ਅਬਦ-ਅਬਾਦ = ਹਮੇਸ਼ਾ ਹੀ ਹਮੇਸ਼ਾ/ਕ਼ਦਰੋ = ਇੱਜ਼ਤ/ਜਾਹੋ = ਪਦਵੀ, ਮਰਤਬਾ/ਨਿਸ਼ਾਂ = ਨਿਸ਼ਾਨ/ਬਰ=ਉੱਪਰ (ਅਥਵਾ) = ਉੱਚਾ /ਫ਼ਰਾਜ਼ਦ = ਉਠਾਉਂਦਾ ਹੈ/ਜ਼ਿ = ਤੋਂ/ਯਕ = ਇੱਕ/ਦਿਗਰ = ਦੂਜੇ/ਸੁਬਹਾਂ = (ਸੁਬਹ + ਆਂ) (ਆਂ) = ਉਹ ਪ੍ਰਮੇਸ਼ਰ (ਸੁਬਹ਼) = ਸਵੇਰੇ, (ਦੂਸਰੇ ਅਰਥ ਵੇਲੇ ਸੁਬਹ਼ਾਨ = ਚੰਗਾ, ਚੰਗੇ ਤਰੀਕੇ ਨਾਲ)/

**ਅਰਥ** = (ੳ) ਹਮੇਸ਼ਾ ਪਰਮੇਸ਼ੁਰ, ਗੁਰੂ ਨਾਨਕ ਦੇਵ ਜੀ ਦੀ ਕ਼ਦਰ ਅਤੇ ਪਦਵੀ ਦੇ ਨਿਸ਼ਾਨ ਨੂੰ।

(ਅ) **ਪਹਿਲਾ ਅਰਥ** = ਉੱਚਾ ਉਠਾਉਂਦਾ ਹੈ। ਹਰੇਕ ਸਵੇਰ ਇੱਕ ਦੂਜੇ ਤੋਂ

**ਦੂਸਰਾ ਅਰਥ** = ਉੱਚਾ ਉਠਾਉਂਦਾ ਹੈ ਚੰਗੇ ਤਰੀਕੇ ਨਾਲ, ਇੱਕ ਦੂਜੇ ਤੋਂ।

**ਅਰਥਾਤ** = ਗੁਰੂ ਨਾਨਕ ਦੇਵ ਜੀ ਦੀ ਕ਼ਦਰ ਤੇ ਇੱਜ਼ਤ ਨੂੰ, ਅਕਾਲ ਪੁਰਖ ਸਦਾ ਹੀ, ਹਰੇਕ ਨਾਲੋਂ ਉੱਚਾ ਕਰਦੇ ਹਨ।

**(ੳ) ਮੁਰਸ਼ਿ-ਦੁਲ - ਆ਼ਲਮੀਂ; ਸ਼ੁਦਸ਼ ਚੋ ਖ਼ਿਤ਼ਾਬ ॥**

**(ਅ) ਅਜ਼ ਅ਼ਨਾ-ਯਾਤੇ; ਹ਼ਜ਼ਰਤੇ ਵੱਹਾਬ ॥੨੨॥**

**(ਉਚਾਰਨ** = ਸ਼ੁਦਸ਼ ਪੋਲਾ ਬੋਲੋ)

**ਪਦ ਅਰਥ** = ਮੁਰਸ਼ਿਦੁਲ = (ਮੁਰਸ਼ਿਦ + ਉਲ) ਗੁਰੂ/ਆ਼ਲਮੀਂ = ਸੰਸਾਰ/ਸ਼ੁਦਸ਼ = (ਸ਼ੁਦ + ਅਸ਼) ਹੋਇਆ (ਅਸ਼) = ਉਨ੍ਹਾਂ ਦਾ/ਚੋ = ਜਦ/ਖ਼ਿਤ਼ਾਬ = ਪਦਵੀ/ਅਜ਼ = ਨਾਲ/ਅ਼ਨਾਯਾਤੇ = ਕ੍ਰਿਪਾਲਤਾ, ਮਿਹਰਬਾਨੀ [ਨੋਟ = ਫ਼ਾਰਸੀ ਅਨੁਸਾਰ ਅ਼ਨਾਯਾਤ ਤੇ ਇ਼ਨਾਯਾਤੇ ਦੋਨਾਂ ਲਫ਼ਜ਼ਾਂ ਦਾ ਅਰਥ = "ਮਿਹਰਬਾਨੀ" ਹੀ ਹੈ (ਫ਼ਾਰਸੀ ਪੰਜਾਬੀ ਕੋਸ਼ ਡਾ.ਜੀਤ ਸਿੰਘ ਸੀਤਲ ਪਟਿਆਲਾ)]/ਹ਼ਜ਼ਰਤੇ = ਵਾਹਿਗੁਰੂ/ਵੱਹਾਬ = ਦੇਣ ਵਾਲਾ/

**ਅਰਥ** = (ੳ) ਜਦ ਗੁਰੂ ਨਾਨਕ ਦੇਵ ਜੀ ਦਾ ਖ਼ਿਤਾਬ ਦੋ ਜਹਾਨਾ ਦਾ ਗੁਰੂ ਹੋਇਆ।



Sri Satguru Jagjit Singh Ji eLibrary NamdhariElibrary@gmail.com

(ਅ) ਸਭ ਨੂੰ ਰੋਜ਼ੀ ਦੇਣ ਵਾਲੇ, ਵਾਹਿਗੁਰੂ ਦੀ ਕ੍ਰਿਪਾਲਤਾ ਨਾਲ।

**ਅਰਥਾਤ** = ਜਦ ਵਾਹਿਗੁਰੂ ਵੱਲੋਂ; ਗੁਰੂ ਨਾਨਕ ਦੇਵ ਜੀ ਨੂੰ ਦੋ ਜਹਾਨਾਂ ਦੇ ਗੁਰੂ ਦਾ ਖ਼ਿਤ਼ਾਬ ਮਿਲਿਆ।

**(ੳ) ਗੁ.ਫਤ, ਮਨ ਬੰਦਾ; ਓ ਗ਼ੁਲਾਮੇ ਤੁਅਮ ॥**

**(ਅ) ਖ਼ਾਕੇ ਅਕ਼ਦਾਮੇ; ਖ਼ਾਸੋ ਆਮੇ ਤੁਅਮ ॥੨੩॥**

(**ਉਚਾਰਨ** = ਤੁਅੱਮ ਬੋਲੋ ਅਤੇ ਅਕ਼-ਦਾਮੇ ਇਕੱਠਾ ਬੋਲੋ)

**ਪਦ ਅਰਥ** = ਗੁ.ਫਤ = ਕਿਹਾ/ਮਨ = ਮੈਂ/ਓ = ਅਤੇ/ਗ਼ੁਲਾਮੇ = ਦਾਸ/ਤੁਅਮ (ਤੁ + ਅਮ) (ਤੁ) = ਤੇਰਾ (ਅਮ) = ਹਾਂ/ਖ਼ਾਕੇ = ਧੂੜੀ/ਅਕ਼ਦਾਮੇ = (ਕ਼ਦਮ ਦਾ ਬਹੁਵਚਨ) ਪੈਰ (ਭਾਵਾਰਥ) ਅੱਗੇ ਵੱਧ ਕਰਕੇ/

**ਅਰਥ** = (ੳ) (ਗੁਰੂ ਨਾਨਕ ਸਾਹਿਬ ਜੀ ਨੇ ਵਾਹਿਗੁਰੂ ਅੱਗੇ ਬੇਨਤੀ ਨਾਲ) ਕਿਹਾ! ਹੇ ਅਕਾਲ ਪੁਰਖ ਜੀ! ਮੈਂ ਤੇਰਾ ਬੰਦਾ ਅਤੇ ਤੇਰਾ ਦਾਸ ਹਾਂ।

**ਯਥਾ** = **ਹਮ ਚਾਕਰ ਗੋਬਿੰਦ ਕੇ, ਠਾਕੁਰੁ ਮੇਰਾ ਭਾਰਾ ॥** (ਅੰਗ ੩੯੯)

(ਅ) ਤੇਰੇ ਖ਼ਾਸ ਅਤੇ ਆਮ (ਦਾਸਾਂ) ਦੇ ਚਰਨਾ ਦੀ ਧੂੜੀ ਨੂੰ ਮੈਂ ਅੱਗੇ ਵੱਧ ਕੇ ਲੈਂਦਾ ਹਾਂ।

**ਯਥਾ** = **ਜਨ ਕੀ ਧੂਰਿ ਦੇਹੁ ਕਿਰਪਾ ਨਿਧਿ, ਨਾਨਕ ਕੈ ਸੁਖੁ ਏਹੀ।** (ਅੰਗ ੬੮੦)

**(ੳ) ਬਾਜ਼, ਚੂੰ ਹਮ-ਚੁਨੀਂ; ਖ਼ਿਤ਼ਾਬ ਆਮਦ ॥**

**(ਅ) ਮੁਤਵਾ-ਤਰ ਚੁਨੀਂ; ਜਵਾਬ ਆਮਦ ॥ ੨੪॥**

**ਪਦ ਅਰਥ** = ਬਾਜ਼ = ਫਿਰ ਵੀ/ਚੂੰ = ਵਰਗਾ/ਹਮ = ਕ੍ਰਿਆ ਵਿਸ਼ੇਸ਼ਨ/ਚੁਨੀਂ = ਵਰਗਾ, ਓਸੇ ਤਰ੍ਹਾਂ ਦਾ/ਖ਼ਿਤ਼ਾਬ = ਪਦਵੀ/ਆਮਦ = ਆਈ, ਆਇਆ/ਮੁਤਵਾ-ਤਰ = ਲਗਾਤਾਰ/ਚੁਨੀਂ = ਅਜੇਹਾ ਹੀ/ਜਵਾਬ = ਉੱਤਰ/ਆਮਦ = ਆਇਆ/

**ਅਰਥ** = (ੳ) ਫਿਰ ਵੀ (ਵਾਹਿਗੁਰੂ ਵੱਲੋਂ) ਓਸੇ ਤਰ੍ਹਾਂ ਦਾ (ਕਿ ਤੂੰ ਦੋਹਾਂ ਜਹਾਨਾਂ ਦਾ ਗੁਰੂ ਹੈਂ) ਹੀ ਖ਼ਿਤਾਬ ਆਇਆ॥

(ਅ) ਅਤੇ (ਗੁਰੂ ਨਾਨਕ ਦੇਵ ਜੀ ਦੇ ਨਾਂਹ ਕਰਨ ਤੇ ਵੀ ਅਕਾਲ ਪੁਰਖ ਵੱਲੋਂ) ਲਗਾਤਾਰ ਅਜੇਹਾ ਹੀ ਉੱਤਰ ਆਇਆ।

**(ੳ) ਕਿ ਮਨਮ ਦਰ ਤੋ; ਗ਼ੈਰੇ ਤੋ ਕਸ ਨੇਸਤ ॥**

**(ਅ) ਹਰ ਚਿਹ ਖ਼੍ਵਾਹਮ ਕੁਨਮ; ਹਮਹ ਅ਼ਦਲੇਸਤ ॥੨੫॥**

(**ਉਚਾਰਨ** = ਖ਼੍ਵਾਹਮ ਦਾ ਵਾਵਾ ਸਾਈਲੈਂਟ ਕਰਕੇ ਖ਼ਾਹਮ ਬੋਲੋ)



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਕਿ = ਜੋ, ਜਿਹੜਾ, ਕ੍ਰਿਆ ਵਿਸ਼ੇਸ਼ਨ/ਮਨਮ = (ਮਨ + ਅਮ) ਮੈਂ ਹਾਂ/ਦਰ = ਵਿੱਚ/ਤੋ=ਤੇਰੇ/ਗ਼ੈਰੇ = ਦੂਸਰਾ/ਕਸ = ਆਦਮੀ, ਕੋਈ/ ਨੇਸਤ = (ਨੇ + ਅਸਤ) ਨਹੀਂ ਹੈ/ਹਰ = ਕ੍ਰਿਆ ਵਿਸ਼ੇਸ਼ਨ, ਜੋ/ ਚਿਹ = ਕੁਝ/ਖ਼੍ਵਾਹਮ = (ਖ਼੍ਵਾਹ+ਅਮ) ਮੈਂ ਚਾਹਾਂ/ ਕੁਨਮ = (ਕੁਨ + ਅਮ) ਕਰਦਾ ਹਾਂ/ਹਮਹ=ਸਭ/ਅ਼ਦਲੇਸਤ=[ਅ਼ਦਲ+ਏਸਤ (ਅਸਤ)] ਇਨਸਾਫ਼ ਹੈ /

**ਅਰਥ** = (ੳ) (ਉੱਤਰ ਆਇਆ) ਕਿ ਤੇਰੇ ਵਿੱਚ ਮੈਂ ਹਾਂ; ਹੋਰ ਕੋਈ ਦੂਸਰਾ ਤੇਰੇ ਵਿੱਚ ਨਹੀਂ ਹੈ।

(ਅ) ਜੋ ਕੁਝ ਮੈਂ ਚਾਹਾਂ; ਉਹੀ ਮੈਂ ਕਰਦਾ ਹਾਂ ਅਤੇ ਉਹ ਸਭ ਨਿਆਂ (ਠੀਕ) ਹੈ।

**(ੳ) ਰਾਹੇ ਜ਼ਿਕਰਮ; ਬ-ਆ਼ਲਮੇ ਬਿ-ਨੁਮਾ ॥**

**(ਅ) ਬ-ਹਮਹ ਸ਼ੌ ਜ਼ਿ; ਵਸਫ਼ੇ ਮਨ ਗੋਯਾ ॥੨੬॥**

**ਪਦ ਅਰਥ** = ਰਾਹੇ = ਰਸਤਾ/ਜ਼ਿਕਰਮ = (ਜ਼ਿਕਰ + ਅਮ)=(ਅਮ)=ਮੇਰੇ (ਜ਼ਿਕਰ) = ਸਿਮਰਨ /ਬ-ਆ਼ਲਮੇ=ਜਗਤ ਨੂੰ/ਬਿ-ਨੁਮਾ = ਵਿਸ਼ੇਸ਼ ਕਰਕੇ ਵਿਖਾ/ਬ-ਹਮਹ = ਸਭ/ਸ਼ੌ = ਤੂੰ ਹੋ ਜਾ/ਜ਼ਿ = ਨਾਲ/ਵਸਫ਼ੇ, ਉਸਤਤ/ਮਨ = ਮੇਰੀ/ਗੋਯਾ = ਕਹਿਣ ਵਾਲਾ/

**ਅਰਥ** = (ੳ) ਮੇਰੇ ਜ਼ਿਕਰ (ਸਿਮਰਨ) ਦਾ (ਤੂੰ) ਰਸਤਾ ਜਗਤ ਨੂੰ ਵਿਖਾ॥

(ਅ) ਮੇਰੀ ਸਿਫ਼ਤ ਸਲਾਹ ਕਹਿਣ (ਸੁਨਾਉਣ) ਵਾਲਾ ਸ਼ੌ = ਤੂੰ ਹੋ ਜਾ॥

**(ੳ) ਦਰ ਹਮਹ ਜਾ; ਪਨਾਹੋ ਯਾਰੋ ਤੁਅਮ ॥**

**(ਅ) ਯਾਵਰੀ ਬਖ਼ਸ਼ੋ ; ਖ਼੍ਵਾਸਤਗਾਰੇ ਤੁਅਮ ॥ ੨੭ ॥**

(**ਉਚਾਰਨ** = ਖ਼੍ਵਾਸਤਗਾਰੇ ਦਾ ਵਾਵਾ ਸਾਈਲੈਂਟ ਕਰਕੇ ਖ਼ਾਸਤਗਾਰੇ ਬੋਲੋ)

**ਪਦ ਅਰਥ** = ਦਰ = ਵਿੱਚ/ਹਮਹ = ਸਭ/ਜਾ = ਥਾਂਵਾਂ/ਪਨਾਹੋ = ਆਸਰਾ/ਯਾਰੋ = ਦੋਸਤ/ਤੁਅਮ = ਤੇਰਾ ਹਾਂ/ਯਾਵਰੀ = ਮਦਦ, ਦੋਸਤੀ/ਬਖ਼ਸ਼ੋ = ਬਖ਼ਸ਼ਣ ਵਾਲਾ/ਖ਼੍ਵਾਸਤਗਾਰੇ = ਚਾਹੁਣ ਵਾਲਾ/ ਤੁਅਮ=(ਤੁ) ਤੇਰਾ (ਅਮ) = ਹਾਂ/

**ਅਰਥ** = (ੳ) ਮੈਂ ਸਭ ਥਾਵਾਂ ਵਿੱਚ (ਤੈਨੂੰ) ਆਸਰਾ ਦੇਣ ਵਾਲਾ; ਤੇਰਾ ਦੋਸਤ ਹਾਂ।

(ਅ) ਤੈਨੂੰ ਮਦਦ ਦੇਣ ਵਾਲਾ ਅਤੇ ਤੈਨੂੰ ਚਾਹੁਣ ਵਾਲਾ ਹਾਂ॥

**(ੳ) ਹਰ ਕਿ, ਨਾਮੇ ਤੋ; ਬਰ-ਤਰੀਂ ਦਾਨਦ ॥**



Sri Satguru Jagjit Singh Ji eLibrary NamdhariElibrary@gmail.com

**(ਅ) ਅਜ਼ ਦਿਲੋ ਜਾਂ ; ਬ-ਵਸਫ਼ੇ ਮਨ.ਖ਼੍ਵਾਨਦ ॥ ੨੮ ॥**

(**ਉਚਾਰਨ** = ਖ਼੍ਵਾਨਦ ਦਾ ਵਾਵਾ ਸਾਈਲੈਂਟ ਕਰਕੇ ਖ਼ਾਨਦ ਬੋਲੋ)

**ਪਦ ਅਰਥ** = ਹਰ = ਹਰੇਕ ਕੋਈ/ਕਿ = ਜੋ/ਤੋ = ਤੇਰੇ/ਬਰਤਰੀਂ (ਬਰ + ਤਰੀਨ) ਉੱਚਾ/ਦਾਨਦ = ਜਾਣੇਗਾ/ਅਜ਼ = ਤੋਂ/ਦਿਲੋ = ਦਿਲ/ਜਾਂ = ਜਾਨ /ਬ-ਵਸਫ਼ੇ = ਸਿਫ਼ਤ/ ਮਨ= ਮੇਰੀ/ਖ਼੍ਵਾਨਦ = ਪੁਕਾਰੇਗਾ/

**ਅਰਥ** = (ੳ) ਹਰੇਕ ਜੋ ਕੋਈ ਵੀ, ਤੇਰੇ ਨਾਮ ਨੂੰ ਉੱਚਾ ਕਰਕੇ ਜਾਣੇਗਾ।

(ਅ) (ਤੇਰਾ ਨਾਮ ਉੱਚਾ ਜਾਣ ਕੇ), ਦਿਲ ਤੇ ਜਾਨ ਤੋਂ; ਉਹ ਮੇਰੀ ਸਿਫ਼ਤ ਹੀ ਪੁਕਾਰੇਗਾ।

**(ੳ) ਮਨ ਵਰਾ, ਜ਼ਾਤੇ ਖ਼ੁਦ; ਨੁਮਾਯਮ ਬਾਜ਼ ॥**

**(ਅ) ਅ਼ਹਿਦੇ ਮਨ ਸਖ਼ਤਗੀਰ; ਬਰਕ਼ੁਨ ਸਾਜ਼ ॥੨੯॥**

(**ਉਚਾਰਨ** = ਨੁਮਾਇਮ ਬੋਲੋ)

**ਪਦ ਅਰਥ** = ਮਨ = ਮੈਂ/ਵਰਾ = ਅੱਗੇ, ਸੰਸਾਰ, ਉਸ ਤੋਂ, ਗਰਮੀ, ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਵਾਲਾ ਤਖ਼ਤਾ (ਨੋਟ=ਕਈ ਛਾਪਿਆਂ ਵਿੱਚ ਵਰਾ ਦੀ ਜਗ੍ਹਾ ਤੇ ਤੁਰਾ ਪਾਠੰਤ੍ਰ ਵੀ ਛਪਿਆ ਹੈ ਪਰ ਪ੍ਰਕਰਣ ਦੇ ਲਿਹਾਜ ਨਾਲ ਬਿਲਕੁਲ ਅਸ਼ੁੱਧ ਹੈ)/ਜ਼ਾਤੇ = ਹਸਤੀ, ਪ੍ਰਕਾਸ਼/ ਖ਼ੁਦ=ਆਪਣਾ/ਨੁਮਾਯਮ=(ਨੁਮਾਇ+ਅਮ)=(ਨੁਮਾਇ)= ਵਿਖਾਵਾਂਗਾ (ਅਮ)=ਮੈਂ/ਬਾਜ਼=ਫਿਰ/ਅ਼ਹਿਦੇ=ਵਾਦਾ/ਮਨ=ਮੇਰਾ/ਸਖ਼ਤਗੀਰ= ਪੱਕਾ, ਕਰੜਾ/ਬਰਕ਼ੁਨ=ਬਿਜਲੀ/ਸਾਜ਼= ਤਿਆਰ ਹੋ ਜਾ/

**ਅਰਥ** = (ੳ) (ਇਸ ਤਰ੍ਹਾਂ ਜੋ ਮੇਰੀ ਸਿਫ਼ਤ ਪੁਕਾਰੇਗਾ) ਫਿਰ ਮੈਂ (ਉਸ) ਅੱਗੇ ਆਪਣਾ ਪ੍ਰਕਾਸ਼ ਵਿਖਾਵਾਂਗਾ॥

**ਅਥਵਾ** = (ਵਰਾ ਦਾ ਅਰਥ "ਉਸ ਨੂੰ" ਵੀ ਹੁੰਦਾ ਹੈ।) ਫਿਰ ਮੈਂ ਉਸ ਨੂੰ ਆਪਣਾ ਪ੍ਰਕਾਸ਼ ਵਿਖਾਵਾਂਗਾ॥

(ਅ) ਤੂੰ ਮੇਰੇ ਪੱਕੇ ਵਾਦੇ ਨੂੰ ਅੰਗੀਕਾਰ ਕਰਕੇ, (ਨਾਮ ਜਪਾਉਣ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਾਸਤੇ ਤੇਜ਼ੀ ਨਾਲ) ਬਿਜਲੀ ਵਾਂਗ ਤਿਆਰ ਹੋ ਜਾ॥

**(ੳ) ਗਿਰਦੇ ਆ਼ਲਮ ਬਰ; ਆਂ ਓ ਹਾਦੀ ਸ਼ੌ ॥**

**(ਅ) ਕਿ ਜਹਾਂ, ਗ਼ੈਰੇ ਮਨ; ਨਿ-ਯਰਜ਼ਦ ਜੌ ॥੩੦॥**

(**ਉਚਾਰਨ** = ਨਿ-ਅਰਜ਼ਦ ਬੋਲੋ)

**ਪਦ ਅਰਥ** = ਗਿਰਦੇ = ਹਰ ਤ਼ਰਫ਼ੋਂ/ਆ਼ਲਮ = ਦੁਨੀਆਂ/ਬਰ = ਉੱਪਰ/ਆਂ = ਉਸ/ ਓ = ਅਤੇ/ਹਾਦੀ = ਰਹਿਬਰ, ਪ੍ਰਮਾਰਥ ਦੇ ਰਸਤੇ ਉੱਪਰ ਲੈ



Sri Satguru Jagjit Singh Ji eLibrary NamdhariElibrary@gmail.com

ਜਾਣ ਵਾਲਾ ਨੇਤਾ (ਵ) ਗੁਰੂ/ਸ਼ੌ = ਹੋ ਜਾ/ਕਿ= ਜੋ/ਜਹਾਂ = ਜਗਤ/ਗ਼ੈਰੇ = ਬਿਨਾਂ/ਮਨ = ਮੇਰੇ/ਨਿ-ਯਰਜ਼ਦ= ਲਾਇਕ ਨਹੀਂ/ ਜੌਂ=ਜੌਂ ਦੇ ਦਾਣੇ ਵਾਂਗ/

**ਅਰਥ** = (ੳ) ਅਤੇ ਉਸ (ਮੇਰੇ ਪ੍ਰਚਾਰ ਦੇ ਮਿਸ਼ਨ ਨੂੰ ਜਗਤ ਉੱਪਰ ਕ਼ਾਇਮ ਕਰਨ ਵਾਸਤੇ) ਹਰ ਤ਼ਰਫ਼ੋਂ ਦੁਨੀਆਂ ਉੱਪਰ ਰਹਿਬਰ ਹੋ ਜਾ (ਭਾਵ) ਸਾਰੀ ਦੁਨੀਆਂ ਦਾ ਗੁਰੂ ਹੋ ਜਾ।

(ਅ) ਅਤੇ ਜੋ ਇਹ ਜਗਤ ਹੈ। ਇਹ ਮੇਰੇ ਬਿਨਾਂ ਜੌਂ ਦੇ ਦਾਣੇ ਵਾਂਗ ਲਾਇਕ਼ ਨਹੀਂ।

**ਅਰਥਾਤ** = ਜਿਵੇਂ ਜੌਂ ਦੇ ਦਾਣੇ ਦਾ ਮੁੱਲ ਨਹੀਂ ਹੁੰਦਾ। ਤਿਵੇਂ ਹੀ ਮੇਰੇ ਬਿਨਾਂ ਜਗਤ ਦਾ ਵੀ ਕੋਈ ਮੁੱਲ ਨਹੀਂ।

**(ੳ) ਦਰ ਹਕ਼ੀਕ਼ਤ; ਮਨਮ ਚੋ ਰਾਹਨੁਮਾ ॥**

**(ਅ) ਤੂ ਜਹਾਂ ਰਾ; ਬ-ਪਾਏ ਖ਼ੁਦ ਪੈਮਾ ॥੩੧॥**

**ਪਦ ਅਰਥ** = ਦਰ = ਵਿੱਚ/ਹਕ਼ੀਕ਼ਤ = ਅਸਲ/ਮਨਮ = (ਮਨ)=ਮੈਂ (ਅਮ) = ਹਾਂ/ਚੋ = ਜਦ/ਰਾਹਨੁਮਾ= (ਰਾਹ) ਰਸਤਾ (ਨੁਮਾ) ਵਿਖਾਉਣ ਵਾਲਾ/ਜਹਾਂ = ਦੁਨੀਆਂ/ਰਾ = ਨੂੰ/ਬ-ਪਾਏ = ਚਰਨਾਂ ਨਾਲ/ਖ਼ੁਦ = ਆਪਣੇ/ਪੈਮਾ = (ਪੈਮਾਨੇ ਦਾ ਸੰਖੇਪ ਰੂਪ) ਮਿਣ/

**ਅਰਥ** = (ੳ) ਜਦ ਕਿ ਅਸਲ ਵਿੱਚ (ਦੁਨੀਆਂ ਨੂੰ ਪ੍ਰਮਾਰਥ ਦਾ) ਰਸਤਾ ਦਿਖਾਉਣ ਵਾਲਾ ਮੈਂ ਹਾਂ॥

(ਅ) (ਤਾਂ ਤੈਨੂੰ ਕਿਸ ਗੱਲ ਦੀ ਚਿੰਤਾ ਹੈ) ਬੱਸ ਤੂੰ ਤਾਂ ਜਹਾਨ ਨੂੰ ਆਪਣੇ ਚਰਨਾਂ ਨਾਲ ਮਿਣਨਾ ਕਰ॥

**(ਭਾਵ)** = ਰਾਹ ਸੰਸਾਰ ਨੂੰ ਮੈਂ ਹੀ ਦਿਖਾਉਂਦਾ ਹਾਂ ਪਰ ਜ਼ਰੀਆ ਤੇਰਾ ਰੱਖ ਕਰਕੇ, ਤੂੰ ਸੰਸਾਰ ਵਿਚ ਫਿਰ ਕੇ ਨਾਮ ਜਪਾ॥ ਦੁਨੀਆਂ ਨੂੰ ਰਸਤਾ ਮੈਂ ਆਪੇ ਹੀ ਦਿਖਾਵਾਂਗਾ॥

**(ੳ) ਹਰ-ਕਿਰਾ ਖ਼੍ਵਾਹਮੋ; ਸ਼ਵਮ ਹਾਦੀ ॥**

**(ਅ) ਅਜ਼ ਤੋ, "ਦਰ-ਦਿਲ-ਦਰ"; ਆਰਮਸ਼ ਸ਼ਾਦੀ ॥ ੩੨ ॥**

**(ਉਚਾਰਨ** = ਖ਼੍ਵਾਹਮੋ ਦਾ ਵਾਵਾ ਸਾਈਲੈਂਟ ਕਰਕੇ ਖ਼ਾਹਮੋ ਅਤੇ ਕਿਰਾ ਇਕੱਠਾ ਬੋਲੋ)

**ਪਦ ਅਰਥ** = ਹਰ = ਹਰੇਕ/ਕਿਰਾ = ਜੋ ਨੂੰ (ਭਾਵ) ਹਰੇਕ ਜਿਸ ਕਿਸੇ ਨੂੰ/ ਖ਼੍ਵਾਹਮੋ = (ਖ਼੍ਵਾਹ + ਅਮੋ) ਮੈਂ ਚਾਹਾਂ/ਸ਼ਵਮ = (ਸ਼ਵ+ਅਮ) ਮੇਰੇ ਤੋਂ ਹੋਵੇਗੀ/ਹਾਦੀ = ਹਦਾਇਤ/ਅਜ਼ = ਨਾਲ, ਰਾਹੀਂ/ਤੋ = ਤੇਰੇ/



Sri Satguru Jagjit Singh Ji eLibrary NamdhariElibrary@gmail.com

ਦਰ = ਵਿਚ/ਆਰਮਸ਼ (ਆਰ + ਅਮ + ਅਸ਼) (ਆਰ) = ਲਿਆਵਾਂ (ਅਮ) = ਮੈਂ (ਅਸ਼) = ਉਸਦੇ/ਸ਼ਾਦੀ = ਖ਼ੁਸ਼ੀ/

**ਅਰਥ** = (ੳ) ਹਰੇਕ ਜਿਸ ਕਿਸੇ ਨੂੰ ਮੈਂ (ਅੱਛੀ) ਹਦਾਇਤ ਕਰਨੀ ਚਾਹਵਾਂ ਉਹ ਹਦਾਇਤ ਮੇਰੇ ਦੁਆਰਾ ਹੀ ਹੋਵੇਗੀ।

(ਅ) ਪਰ ਤੇਰੇ ਰਾਹੀਂ ਮੈਂ ਉਸ ਦੇ ਦਿਲ ਵਿੱਚ ਖ਼ੁਸ਼ੀ ਲਿਆਵਾਂਗਾ (ਜਿਸ ਨੂੰ ਮੈਂ ਹਦਾਇਤ ਕਰਨੀ ਚਾਹਾਂ॥)

**(ੳ) ਵਾਂ-ਕਿ, ਗੁਮਰਾਹ ਸਾਜ਼ਮਸ਼; ਜ਼ਿ ਗ਼ਜ਼ਬ॥**

**(ਅ) ਨ ਰਸਦ, ਅਜ਼ ਹਦਾਇਤੇ ਤੋ; ਬ ਰਬ॥੩੩॥**

(**ਉਚਾਰਨ** = ਰੱਬ ਬੋਲੋ)

**ਪਦ ਅਰਥ** = ਵਾਂ-ਕਿ = ਉਹ ਕੀ (ਭਾਵ) ਹੋਰ ਕੀ/ਗੁਮਰਾਹ = ਰਸਤੇ ਤੋਂ ਭੁੱਲਾ/ ਸਾਜ਼ਮਸ਼ = (ਸਾਜ਼ + ਅਮ + ਅਸ਼) (ਸਾਜ਼) = ਬਣਾ ਦੇਵਾਂ (ਅਮ) = ਮੈਂ (ਅਸ਼) = ਉਹ/ ਜ਼ਿ = ਨਾਲ/ਗ਼ਜ਼ਬ = ਗੁੱਸੇ, ਬੁਰਾ/ਰਸਦ = ਪਹੁੰਚ/ਅਜ਼ = ਨਾਲ/ਹਦਾਇਤੇ = ਸਿੱਖਿਆ/ਤੋ = ਤੇਰੀ/ਰਬ = ਅਕਾਲ ਪੁਰਖ/

**ਅਰਥ** = (ੳ) ਹੋਰ ਕੀ! ਜਿਸ ਨੂੰ ਮੈਂ ਗੁੱਸੇ ਨਾਲ ਨੇਕੀ ਦੇ ਰਸਤੇ ਤੋਂ ਭੁੱਲਾ ਹੋਇਆ ਬਣਾ ਦੇਵਾਂ॥

(ਅ) ਉਹ ਤੇਰੀ ਸਿੱਖਿਆ ਨਾਲ ਵੀ ਰੱਬ ਤੱਕ (ਭਾਵ) ਮੇਰੇ ਤੱਕ ਨਹੀਂ ਪਹੁੰਚ ਪਾਵੇਗਾ।

**ਯਥਾ** = **ਆਪੇ ਪਿਤਾ ਮਾਤਾ ਹੈ ਆਪੇ, ਆਪੇ ਬਾਲਕ ਕਰੇ ਸਿਆਣੇ॥**
**ਇਕਥੈ ਪੜਿ ਬੁਝੈ ਸਭੁ ਆਪੇ, ਇਕਥੈ ਆਪੇ ਕਰੇ ਇਆਣੇ॥**
**ਇਕਨਾ ਅੰਦਰਿ ਮਹਲਿ ਬੁਲਾਏ, ਜਾ ਆਪਿ ਤੇਰੈ ਮਨਿ ਸਚੇ ਭਾਣੇ॥**

(ਅੰਗ ੫੫੨)

(ਵਾਰ ਬਿਹਾਗੜਾ ਮਹਲਾ ੪)

**ਅਰਥਾਤ** = ਜਿਸ ਵਕ਼ਤ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ ਦੋਹਾਂ ਜਹਾਨਾਂ ਦੇ ਗੁਰੂ ਦਾ ਖ਼ਿਤਾਬ ਦਿੱਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਇਹ ਗੁਰੂ ਪਦ ਦਾ ਖ਼ਿਤਾਬ ਲੈਣ ਤੋਂ ਇਨਕਾਰ ਕਰ ਦਿੱਤਾ। ਤਾਂ ਅਕਾਲ ਪੁਰਖ ਵੱਲੋਂ ਇਹ ਬਾਰ-ਬਾਰ ਉੱਤਰ ਆਇਆ ਜੋ ਭਾਈ ਸਾਹਿਬ ਨੇ ਉਪਰੋਕਤ ਕਿਹਾ ਹੈ।

ਅਤੇ ਫਿਰ ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਨੂੰ; ਜਗਤ


Sri Satguru Jagjit Singh Ji eLibrary NamdhariElibrary@gmail.com

ਵਿੱਚ ਸੱਚ ਦਾ ਪ੍ਰਚਾਰ ਕਰਨ ਵਾਸਤੇ ਪੱਕਿਆਂ ਕਰਦਿਆਂ ਹੋਇਆਂ; ਜਗਤ ਵਿੱਚ ਫੈਲੇ ਝੂਠੇ ਗੁਰੂਵਾਦ ਅਥਵਾ - ਪਾਖੰਡਵਾਦ ਦੀ ਹਾਲਤ ਦਾ ਜੋ ਉਪਦੇਸ਼ ਦਿੱਤਾ। ਉਹ ਉਪਦੇਸ਼ ਅੱਗੇ ਭਾਈ ਸਾਹਿਬ ਜੀ ਫ਼ਰਮਾਨ ਕਰਦੇ ਹਨ।

**(ੳ) ਸ਼ੁਦਹ ਗੁਮਰਾਹ ; ਆ਼ਲਮੇ ਬੇ-ਮਨ ॥**

**(ਅ) ਸਾਹ਼ਿਰਾਂ ਗਸ਼ਤਹ-ਅੰਦ; ਜਾਦੂਏ ਮਨ ॥੩੪॥**

**ਪਦ ਅਰਥ** = ਸ਼ੁਦਹ = ਹੋ ਰਿਹਾ/ਗੁਮਰਾਹ = ਨੇਕੀ ਦਾ ਰਸਤਾ ਭੁਲਣ ਵਾਲਾ/ ਆ਼ਲਮੇ = ਜਹਾਨ/ਬੇ-ਮਨ = ਮੇਰੇ ਬਿਨਾਂ/ਸਾਹ਼ਿਰਾਂ = ਜਾਦੂਗਰ/ ਗਸ਼ਤਹ = ਹੋ ਗਏ/ਅੰਦ = ਹਨ।/ਜਾਦੂਏ = ਜਾਦੂ/ਮਨ = ਮੇਰੇ/

**ਅਰਥ** = (ੳ) ਜਹਾਨ ਮੇਰੇ ਬਿਨਾਂ ਗੁਮਰਾਹ ਹੋ ਰਿਹਾ ਹੈ।

(ਅ) ਮੇਰਾ ਜਾਦੂ ਵਾ=ਮੇਰੀ ਸ਼ਕਤੀ ਵਰਤਣ ਵਾਲੇ ਸਿਧ ਆਦਿਕ ਜਾਦੂਗਰ ਹੋ ਗਏ ਹਨ।

**(ੳ) ਮੁਰਦ-ਗਾਂ ਰਾ; ਕੁਨੰਦ ਜ਼ਿੰਦਾ ਹਮੇ ॥**

**(ਅ) ਜ਼ਿੰਦ-ਗਾਂ ਰਾ; ਬ-ਜਾਂ ਕੁਸ਼ੰਦਹ ਹਮੇ ॥ ੩੫ ॥**

**ਪਦ ਅਰਥ** = ਮੁਰਦਗਾਂ = ਮੁਰਦਿਆਂ/ਰਾ = ਨੂੰ/ਕੁਨੰਦ = (ਕੁਨ + ਅੰਦ)=(ਕੁਨ) = ਕਰਦੇ (ਅੰਦ) = ਹਨ/ ਜ਼ਿੰਦਾ= ਜੀਊਂਦਾ/ਹਮੇ = ਸਾਰੇ/ਜ਼ਿੰਦਗਾਂ= ਜੀਊਂਦਿਆਂ/ਰਾ = ਨੂੰ/ਬ-ਜਾਂ = ਜਾਨੋਂ/ਕੁਸ਼ੰਦਹ = (ਕੁਸ਼ + ਅੰਦਹ) = (ਕੁਸ਼) = ਮਾਰ ਦਿੰਦੇ (ਅੰਦਹ) = ਹਨ/ਹਮੇ = ਸਾਰੇ/

**ਅਰਥ** = (ੳ) ਉਹ ਸਾਰੇ (ਜਾਦੂਗਰ ਸਿੱਧ ਆਦਿਕ) ਮੁਰਦਿਆਂ ਨੂੰ ਜੀਊਂਦੇ ਭੀ ਕਰ ਦਿੰਦੇ ਹਨ।

(ਅ) ਅਤੇ ਸਾਰੇ (ਜਾਦੂਗਰ) ਜੀਊਂਦਿਆਂ ਨੂੰ ਜਾਨੋਂ ਮਾਰ ਵੀ ਦਿੰਦੇ ਹਨ।

**(ੳ) ਆਤਿਸ਼ੇ ਰਾ, ਕੁਨੰਦ ਆਬੀਵਸ਼ ॥**

**(ਅ) ਬਰ ਸਰੇ ਆਬ; ਬਰ-ਜ਼ਨੰਦ ਆਤਿਸ਼ ॥੩॥**

**ਪਦ ਅਰਥ** = ਆਤਿਸ਼ੇ = ਅੱਗ/ਰਾ = ਨੂੰ/ਕੁਨੰਦ = ਕਰਦੇ ਹਨ (ਭਾਵ ਅਰਥ) ਕਰ ਦਿੰਦੇ ਹਨ/ਆਬੀਵਸ਼ = (ਆਬੀ + ਵ + ਅਸ਼)=(ਆਬੀ) = ਪਾਣੀ (ਵ) = ਅਤੇ (ਅਸ਼) = ਉਸ, ਉਹ/ਬਰ = ਉੱਪਰ/ਸਰੇ = ਸਿਰ/ ਆਬ = ਪਾਣੀ/ਬਰ=ਕ੍ਰਿਆ ਵਿਸ਼ੇਸ਼ਨ/ਜ਼ਨੰਦ = ਮਾਰਦੇ ਹਨ, ਸੁੱਟਦੇ ਹਨ; ਸੁੱਟ ਦਿੰਦੇ ਹਨ/



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਅਤੇ ਉਹ (ਜਾਦੂਗਰ) ਅੱਗ ਨੂੰ ਪਾਣੀ (ਵਾਂਗ) ਕਰ ਦਿੰਦੇ ਹਨ।

(ਅ) ਅਤੇ ਉਹ ਪਾਣੀ ਦੇ ਸਿਰ ਉੱਤੇ ਅੱਗ ਸੁੱਟ ਦਿੰਦੇ ਹਨ (ਭਾਵ) ਅੱਗ ਲਾ ਦਿੰਦੇ ਹਨ।

**(ੳ) ਹਰ-ਚਿਹ ਖ਼੍ਵਾਹੰਦ; ਮੇ-ਕੁਨੰਦ ਹਮਾਂ ॥**

**(ਅ) ਜੁਮਲੰਹ ਜਾਦੂ ਫ਼ਨਾ-ਅੰਦ; ਬਰ ਸਮਾਂ ॥੩੭॥**

(**ਉਚਾਰਨ** = ਖ਼੍ਵਾਹੰਦ ਦਾ ਵਾਵਾ ਸਾਈਲੈਂਟ ਕਰਕੇ ਖ਼ਾਹੰਦ ਬੋਲੋ)

**ਪਦ ਅਰਥ** = ਹਰ-ਚਿਹ = ਜੋ ਕੁਝ/ਖ਼੍ਵਾਹੰਦ = (ਖ਼੍ਵਾਹ) = ਚਾਹੁੰਦੇ (ਅੰਦ) = ਹਨ/ ਮੇ = ਕ੍ਰਿਆ ਵਿਸ਼ੇਸ਼ਨ/ਕੁਨੰਦ = ਕਰਦੇ ਹਨ/ਹਮਾਂ = (ਹਮ + ਆਂ) ਉਹ ਸਾਰੇ/ਜੁਮਲਹ = ਸਾਰੇ/ਜਾਦੂ = ਜਾਦੂ ਦੇ/ਫ਼ਨਾ = ਗੁਨ ਵਾਲੇ (ਵ) ਹੁਨਰਵਾਲੇ/ਅੰਦ = ਹਨ/ਬਰ = ਉੱਪਰ/ਸਮਾਂ = ਅਸਮਾਨ/

**ਅਰਥ** = (ੳ) ਉਹ ਸਾਰੇ (ਜਾਦੂਗਰ) ਜੋ ਕੁਝ ਚਾਹੁੰਦੇ ਹਨ। ਉਹ ਜਾਦੂ ਦੇ ਨਾਲ ਕਰਦੇ ਹਨ।

(ਅ) **ਪਹਿਲਾ ਅਰਥ** = ਸਾਰੇ ਜਾਦੂ ਦੇ ਹੁਨਰ ਵਾਲੇ ਜਾਦੂਗਰ (ਜਾਦੂ ਦੇ ਨਾਲ) ਅਸਮਾਨ ਉੱਪਰ (ਅਥਵਾ) ਅਸਮਾਨ ਵਿੱਚ ਵੀ ਖੜ੍ਹੇ ਹੋ ਜਾਂਦੇ ਹਨ। (ਇਸ ਤਰ੍ਹਾਂ ਉਹ ਜਾਦੂਗਰ ਜੋ ਚਾਹੁੰਦੇ ਹਨ ਉਹ ਕਰਦੇ ਹਨ)

**ਦੂਸਰਾ ਅਰਥ** = (ਪਰ ਇਹ) ਸਾਰੇ (ਉਪਰੋਕਤ ਕਹੇ ਜਾਦੂਗਰ) ਜਾਦੂ ਦੇ ਹੁਨਰਾਂ ਵਾਲੇ ਅਸਮਾਨ ਉੱਪਰ ਹੀ ਖੜੇ ਹਨ (ਅਥਵਾ) ਪਾਖੰਡ ਉੱਪਰ ਹੀ ਖੜ੍ਹੇ ਹਨ।

**ਅਰਥਾਤ** = ਜਿਵੇਂ ਅਸਮਾਨ ਉੱਪਰ ਕੋਈ ਖੜਾ ਨਹੀਂ ਰਹਿ ਸਕਦਾ। ਏਸੇ ਤਰ੍ਹਾਂ ਪਾਖੰਡ ਦੇ ਉੱਪਰ ਧਰਮੀ ਬੰਦਾ ਖੜਾ ਨਹੀਂ ਰਹਿ ਸਕਦਾ। ਇੰਝ ਉਹ ਸਾਰੇ ਜਾਦੂਗਰ ਪਾਖੰਡ ਉੱਪਰ ਹੀ ਖੜੇ ਹਨ। ਅਤੇ ਲੋਕਾਂ ਨੂੰ ਠੱਗਦੇ ਹਨ।

**(ੳ) ਰਾਹੇ ਸ਼ਾਂ ਰਾ; ਨੁਮਾ ਬ-ਸੂਏ ਮਨ ॥**

**(ਅ) ਕਿ ਪਜ਼ੀਰੰਦ; ਗੁਫ਼ਤ-ਗੂਏ ਮਨ ॥੩੮॥**

**ਪਦ ਅਰਥ** = ਰਾਹੇ = ਰਸਤਾ/ਸ਼ਾਂ = ਉਨ੍ਹਾਂ/ਰਾ = ਨੂੰ/ਨੁਮਾ = ਦਿਖਾਅ/ਬ-ਸੂਏ = ਤ਼ਰਫ਼/ਮਨ = ਮੇਰੀ/ਕਿ = ਤਾਂ ਕਿ, ਜੋ/ਪਜ਼ੀਰੰਦ = (ਪਜ਼ੀਰ + ਅੰਦ) ਕ਼ਬੂਲ ਕਰਦੇ ਹਨ (ਭਾਵ) ਕ਼ਬੂਲ ਕਰਨ (ਵ) ਗ੍ਰਹਿਨ ਕਰਨ/



Sri Satguru Jagjit Singh Ji eLibrary NamdhariElibrary@gmail.com

ਗੁਫ਼ਤ-ਗੂਏ = ਸਿਮਰਨ (ਵ) ਵਾਰਤਾਲਾਪ/ ਮਨ = ਮੇਰਾ/

**ਅਰਥ** = (ੳ) ਉਨ੍ਹਾਂ (ਜਾਦੂਗਰਾਂ ਅਤੇ ਜਾਦੂਗਰਾਂ ਦੇ ਫ਼ਰੇਬਾਂ ਵਿੱਚ ਫਸਣ ਵਾਲੇ ਆਮ ਲੋਕਾਂ ਨੂੰ, ਅਥਵਾ=ਸਿੱਧਾਂ ਆਦਿਕਾਂ) ਨੂੰ ਮੇਰੇ ਵੱਲ ਰਸਤਾ ਦਿਖਾ॥

(ਅ) ਤਾਂ ਕਿ ਉਹ ਮੇਰਾ ਸਿਮਰਨ ਗ੍ਰਹਿਣ ਕਰਨ (ਅਤੇ ਮੇਰੇ ਵਚਨਾਂ ਉੱਪਰ (ਜਾਂ) ਮੇਰੇ ਉਪਦੇਸ਼ ਉੱਪਰ ਤੁਰਨ।)

**(ੳ) ਗ਼ੈਰ ਜ਼ਿਕਰਮ; ਬ-ਜਾ ਦੂਏ ਨ ਰਵੰਦ॥**

**(ਅ) ਜੁਜ਼ ਦਰੇ ਮਨ; ਬ-ਜਾਨਿਬੇ ਨ ਰਵੰਦ॥੩੯॥**

**ਪਦ ਅਰਥ** = ਗ਼ੈਰ=ਬਗ਼ੈਰ/ਜ਼ਿਕਰਮ = (ਜ਼ਿਕਰ + ਅਮ) ਮੇਰੇ ਸਿਮਰਨ ਦੇ/ਬ-ਜਾ =(ਜਾ) = ਜਗ੍ਹਾ (ਬ) = ਉੱਪਰ/ਦੂਏ = ਦੂਸਰੀ/ਰਵੰਦ = (ਰਵ + ਅੰਦ) ਜਾਂਦੇ ਹਨ (ਭਾਵ) ਜਾਣਾ ਕਰਨ/ਜੁਜ਼ = ਬਿਨਾਂ/ਦਰੇ = ਦਰਵਾਜ਼ੇ/ਮਨ = ਮੇਰੇ/ਬ-ਜਾਨਿਬੇ=ਤ਼ਰਫ਼/ਰਵੰਦ = ਜਾਣਾ ਕਰਨ/

**ਅਰਥ** = (ੳ) ਬਗ਼ੈਰ ਮੇਰੇ ਸਿਮਰਨ ਦੇ, (ਉਹ ਆਮ ਲੋਕ ਹੋਰ) ਦੂਸਰੀ ਜਗ੍ਹਾ (ਦੇ ਉੱਪਰ ਜਾਦੂ ਵਾਸਤੇ) ਨਾ ਜਾਣਾ ਕਰਨ॥

(ਅ) ਬਿਨਾਂ ਮੇਰੇ ਦਰਵਾਜ਼ੇ ਦੇ, ਕਿਸੇ ਹੋਰ ਤ਼ਰਫ਼ ਨਾ ਜਾਣਾ ਕਰਨ।

**(ੳ) ਕਿ ਜ਼ਿ ਦੋਜ਼ਖ਼; ਸ਼ਵੰਦ ਰੁਸਤਹ ਹਮੇ॥**

**(ਅ) ਵਰਨਹ ਉਫ਼ਤੰਦ; ਦਸਤ ਬਸਤਹ ਹਮੇ॥੪੦॥**

**ਪਦ ਅਰਥ** = ਕਿ = ਤਾਂ ਜੋ/ਜ਼ਿ = ਤੋਂ/ਦੋਜ਼ਖ਼ = ਨਰਕਾਂ/ਸ਼ਵੰਦ = ਹੁੰਦੇ ਹਨ (ਭਾਵ) ਹੋ ਸਕਣ/ਰੁਸਤਹ = ਛੁਟਦੇ/ਹਮੇ = ਸਾਰੇ/ਵਰਨਹ = ਨਹੀਂ ਤਾਂ/ਉਫ਼ਤੰਦ = ਪੈਂਦੇ ਹਨ (ਭਾਵ) ਪੈਣਗੇ/ਦਸਤ = ਹੱਥ/ਬਸਤਹ = ਬੰਨ ਕਰਕੇ/ਹਮੇ = ਸਾਰੇ/

**ਅਰਥ** = (ੳ) ਤਾਂ ਕਿ ਸਾਰੇ ਲੋਕ ਨਰਕਾਂ ਤੋਂ ਛੁੱਟਦੇ ਹੋ ਸਕਣ ਅਥਵਾ = ਛੁੱਟ ਜਾਣ॥

(ਅ) ਨਹੀਂ ਤਾਂ ਸਾਰੇ ਲੋਕ ਹੱਥ ਬੰਨ੍ਹ ਕਰਕੇ (ਨਰਕਾਂ ਵਿੱਚ) ਪੈਣਗੇ॥

**(ੳ) ਕ਼ਾਫ਼ ਤਾ ਕ਼ਾਫ਼; ਆ਼ਲਮੇ ਜੁਮਲਹ॥**

**(ਅ) ਦਅ਼ਵਤ ਆਮੋਜ਼; ਜ਼ਾਲਿਮੇ ਜੁਮਲਹ॥੪੧॥**

(**ਉਚਾਰਨ** = ਦਅ਼ਵਤ ਨੂੰ ਦਾ-ਵਤ ਇਕੱਠਾ ਅਤੇ ਗਾੜ੍ਹਾ ਕਰਕੇ ਬੋਲੋ)

**ਪਦ ਅਰਥ** = ਕ਼ਾਫ਼ ਤਾ ਕ਼ਾਫ਼ = ਕੱਕੇ ਤੋਂ ਕੱਕੇ/ਤਾ = ਤੱਕ (ਭਾਵ) ਸ਼ੁਰੂ ਤੋਂ ਅਖ਼ੀਰ ਤੱਕ/ਆ਼ਲਮੇ = ਸੰਸਾਰ/ਜੁਮਲਹ = ਸਾਰੇ/ਦਅ਼ਵਤ = ਦੌੜ ਕਰਕੇ/



Sri Satguru Jagjit Singh Ji eLibrary NamdhariElibrary@gmail.com

ਆਮੋਜ਼=ਸਿਖਾਲ/ਜ਼ਾਲਿਮੇ=ਜ਼ੁਲਮ ਕਰਨ ਵਾਲੇ/ਜੁਮਲਹ=ਸਾਰੇ/

**ਅਰਥ** = (ੳ) ਸ਼ੁਰੂ ਤੋਂ ਅਖ਼ੀਰ ਤੱਕ ਸਾਰੇ ਸੰਸਾਰ ਨੂੰ॥

(ਅ) ਦੌੜ ਕਰਕੇ ਮੇਰੀ ਯਾਦ ਸਿਖਾਲ। ਕਿਉਂਕਿ ਸਾਰੇ (ਸੰਸਾਰ ਦੇ ਲੋਕ) ਜ਼ੁਲਮ ਕਰਨ ਵਾਲੇ ਹੋ ਚੁੱਕੇ ਹਨ।

**(ੳ) ਰੰਜੋ ਫ਼ਰਹਤ; ਜ਼ਿ ਮਨ, ਨਮੇ ਦਾਨੰਦ॥**

**(ਅ) ਹਮਹ ਅਜ਼; ਗ਼ੈਰੇ ਮਨ, ਪਰੇਸ਼ਾਨੰਦ॥੪੨॥**

**ਪਦ ਅਰਥ** = ਰੰਜੋ = ਦੁੱਖ/ਫ਼ਰਹਤ = ਸੁੱਖ (ਵ) ਖ਼ੁਸ਼ੀ/ਜ਼ਿ = ਤੋਂ/ਮਨ = ਮੇਰੇ/ ਨਮੇ=ਨਹੀਂ/ਦਾਨੰਦ = (ਦਾਨ + ਅੰਦ) ਜਾਣਦੇ ਹਨ/ਹਮਹ= ਸਾਰੇ/ ਅਜ਼ = ਨਾਲ/ਗ਼ੈਰੇ = ਦੂਸਰਿਆਂ, ਬਗ਼ੈਰ/ਪਰੇਸ਼ਾਨੰਦ= (ਪਰੇਸ਼ਾਨ + ਅੰਦ) ਪਰੇਸ਼ਾਨ ਹਨ/

**ਅਰਥ** = (ੳ) (ਉਹ ਸੰਸਾਰੀ ਲੋਕ) ਦੁਖ ਤੇ ਸੁਖ ਮੇਰੇ ਵੱਲੋਂ ਨਹੀਂ ਜਾਣਦੇ।

**ਯਥਾ** = **ਦੂਖ ਸੂਖ ਪ੍ਰਭ ਦੇਵਨਹਾਰੁ॥** (ਸੁਖਮਨੀ ਸਾਹਿਬ ਅੰਗ ੨੮੩)

(ਅ) ਅਤੇ ਸਾਰੇ (ਸੰਸਾਰੀ ਲੋਕ) ਦੂਸਰਿਆਂ (ਜਾਦੂਗਰਾਂ) ਦੇ ਨਾਲ ਲੱਗ ਕਰਕੇ ਮੇਰੇ ਤੋਂ ਬਿਨਾਂ ਪਰੇਸ਼ਾਨ ਹਨ।

**ਅਥਵਾ** = ਸਾਰੇ ਮੇਰੇ ਤੋਂ ਬਿਨਾਂ ਦੁਖੀ ਹਨ।

**(ੳ) ਅੰਜੁਮਨ ਮੇ-ਕੁਨੰਦ; ਅਜ਼ ਅੰਜੁਮ॥**

**(ਅ) ਬਰ ਸ਼ੁਮਾਰੰਦ; ਰੋਜ਼ੇ ਸ਼ਾਦੀ ਓ ਗ਼ਮ॥੪੩॥**

**ਪਦ ਅਰਥ** = ਅੰਜੁਮਨ = ਸਭਾ/ਮੇ = ਕ੍ਰਿਆ ਵਿਸ਼ੇਸ਼ਨ/ਕੁਨੰਦ = ਕਰਦੇ ਹਨ/ ਅਜ਼ = ਤੋਂ/ਅੰਜੁਮ = ਤਾਰਿਆਂ/ਬਰ = ਕ੍ਰਿਆ ਵਿਸ਼ੇਸ਼ਨ/ਸ਼ੁਮਾਰੰਦ =(ਸ਼ੁਮਾਰ+ਅੰਦ) ਗਿਣਦੇ ਹਨ/ ਰੋਜ਼ੇ = ਦਿਨ/ਸ਼ਾਦੀ = ਖ਼ੁਸ਼ੀ/ਓ = ਅਤੇ/ਗ਼ਮ = ਗ਼ਮੀ/

**ਅਰਥ** = (ੳ) (ਅਤੇ ਸਾਰੇ ਸੰਸਾਰੀ ਲੋਕ ਇਕੱਠੇ ਹੋ ਕੇ) ਸਭਾ ਕਰਦੇ ਹਨ ਅਤੇ ਤਾਰਿਆਂ ਦੀ (ਚਾਲ) ਤੋਂ ;

(ਅ) ਖ਼ੁਸ਼ੀ ਤੇ ਗ਼ਮੀ ਦੇ ਦਿਨ ਗਿਣਦੇ ਹਨ।

**ਨੋਟ** = ਪੁਰਾਣਿਆਂ ਸਮਿਆਂ ਵਿੱਚ; ਲੋਕ ਤਾਰਿਆਂ ਤੋਂ ਹਿਸਾਬ ਲਾ ਕਰਕੇ; ਖ਼ੁਸ਼ੀ ਗ਼ਮੀ ਦੇ ਦਿਨ ਗਿਣਦੇ ਸਨ।

**(ੳ) ਬਰ ਨਿਗਾਰੰਦ; ਨਹ਼ਸੋ ਸਅ਼ਦ ਹਮੇ॥**

**(ਅ) ਬਾਜ਼ ਗੋਇਅੰਦ; ਕ਼ਿਬਲੋ ਬਾਅ਼ਦ ਹਮੇ॥੪੪॥**



Sri Satguru Jagjit Singh Ji eLibrary NamdhariElibrary@gmail.com

(ਉਚਾਰਨ = ਸਾਦ ਅਤੇ ਬਾਦ ਗੂੜ੍ਹੇ ਕਰਕੇ ਬੋਲੋ)

**ਪਦ ਅਰਥ** = ਬਰ = ਉੱਪਰ/ਨਿਗਾਰੰਦ = (ਨਿਗਾਰ = ਅੰਦ) ਦੇਖਦੇ ਹਨ/ਨਹ਼ਸੋ = ਮਾੜਾ/ਸਅ਼ਦ=ਚੰਗਾ/ਹਮੇ=ਸਾਰੇ/ਬਾਜ਼=ਫਿਰ/ਗੋਇਅੰਦ = ਕਹਿੰਦੇ ਹਨ/ ਕ਼ਿਬਲੋ = ਭੂਤਕਾਲ/ਬਾਅ਼ਦ=ਬਾਅਦ ਵਿੱਚ ਆਉਣ ਵਾਲਾ ਸਮਾਂ (ਭਵਿੱਖਤ ਕਾਲ)/

**ਅਰਥ** = (ੳ) ਉੱਪਰ ਤਾਰਿਆਂ ਵੱਲ ਦੇਖਦੇ ਹਨ ਅਤੇ ਸਾਰੇ ਚੰਗੇ ਮਾੜੇ ਹਿਸਾਬ ਲਾਉਂਦੇ ਹਨ।

(ਅ) ਫਿਰ (ਉਹ) ਕਹਿੰਦੇ ਹਨ ਕਿ ਭੂਤਕਾਲ ਵਿੱਚ ਇੰਝ ਹੋਇਆ; ਅੱਗੇ ਭਵਿੱਖਤ ਕਾਲ ਵਿੱਚ ਇੰਝ ਹੋਵੇਗਾ। (ਇਸ ਤਰ੍ਹਾਂ ਉਹ ਸਾਰੇ ਹਿਸਾਬ ਲਗਾਉਂਦੇ ਹਨ।)

**(ੳ) ਨੇਸਤ ਸ਼ਾਂ ਰਾ; ਬ-ਜ਼ਿਕਰ ਇਸਤਿਕ਼-ਲਾਲ ॥**

**(ਅ) ਕ਼ਾਲ ਦਾਨੰਦ; ਜੁਮਲ-ਗਾਂ ਬੇਹ਼ਾਲ ॥੪੫॥**

**ਪਦ ਅਰਥ** = ਨੇਸਤ = (ਨ + ਏਸਤ) ਨਹੀਂ ਹੈ/ਸ਼ਾਂ = ਉਨ੍ਹਾਂ/ਰਾ = ਨੂੰ/ਬ-ਜ਼ਿਕਰ= ਸਿਮਰਨ ਉੱਪਰ/ਇਸਤਿਕ਼-ਲਾਲ = ਮਜਬੂਤੀ, ਦ੍ਰਿੜਤਾ/ਕ਼ਾਲ =ਕਥਨੀ/ਦਾਨੰਦ = (ਦਾਨ + ਅੰਦ) ਜਾਣਦੇ ਹਨ/ਜੁਮਲ-ਗਾਂ =(ਜੁਮਲ ਦਾ ਬਹੁਵਚਨ ਸ਼ਬਦ) ਸਾਰੇ/ਬੇਹ਼ਾਲ=ਬਿਅਰਥ, ਅਸਫ਼ਲ/

**ਅਰਥ** = (ੳ) ਉਨ੍ਹਾਂ (ਸੰਸਾਰੀਆਂ) ਨੂੰ (ਮੇਰੇ) ਸਿਮਰਨ ਉੱਪਰ ਦ੍ਰਿੜਤਾ ਨਹੀਂ ਹੈ

(ਅ) ਉਹ ਕਥਨੀ ਕਰਨੀ ਜਾਣਦੇ ਹਨ (ਪਰ) ਸਾਰੇ (ਕਰਨੀ ਵੱਲੋਂ) ਬੇਹ਼ਾਲ ਹਨ।

**ਅਰਥਾਤ** = ਉਹ ਪ੍ਰਚਾਰ ਕਰਕੇ ਇਹ ਕਹਿਣਾ ਜਾਣਦੇ ਹਨ ਕਿ ਸਿਮਰਨ ਕਰੋ। ਪਰ ਆਪ ਉਹ ਸਿਮਰਨ ਕਰਨਾ ਨਹੀਂ ਜਾਣਦੇ ਹਨ। (ਭਾਵ) ਆਪ ਉਹ ਸਿਮਰਨ ਨਹੀਂ ਕਰਦੇ ਹਨ।

**ਯਥਾ** = **ਕਬੀਰ ਅਵਰਹ ਕਉ ਉਪਦੇਸਤੇ, ਮੁਖ ਮੈ ਪਰਿ ਹੈ ਰੇਤੁ ॥**
**ਰਾਸਿ ਬਿਰਾਨੀ ਰਾਖਤੇ, ਖਾਯਾ ਘਰ ਕਾ ਖੇਤੁ ॥** (ਅੰਗ ੧੩੬੯)

**(ੳ) ਰਹਨੁਮਾ ਜੁਮਲਹ ਰਾ; ਸੂਏ ਫ਼ਿਕਰਮ ॥**

**(ਅ) ਕਿ ਨ ਦਾਰੰਦ ਦੋਸਤ; ਜੁਜ਼ ਜ਼ਿਕਰਮ ॥ ੪੬ ॥**

**ਪਦ ਅਰਥ** = ਰਹਨੁਮਾ = ਰਸਤਾ ਦਿਖਾ/ਜੁਮਲਹ = ਸਾਰਿਆਂ/ਰਾ = ਨੂੰ/ਸੂਏ = ਤ਼ਰਫ਼/ਫ਼ਿਕਰਮ=(ਫ਼ਿਕਰ + ਅਮ) (ਅਮ)=ਮੇਰੇ (ਫ਼ਿਕਰ)= ਸਿਮਰਨ



Sri Satguru Jagjit Singh Ji eLibrary NamdhariElibrary@gmail.com

/ਕਿ=ਜੋ/ਦਾਰੰਦ=ਜਾਨਣ/ਜੁਜ਼=ਬਿਨਾਂ/ਜ਼ਿਕਰਮ=(ਜ਼ਿਕਰ +ਅਮ) ਮੇਰੇ ਸਿਮਰਨ/

**ਅਰਥ** = **(ੳ)** (ਅਕਾਲ ਪੁਰਖ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗੇ) ਤੁਸੀਂ ਸਾਰਿਆਂ (ਸੰਸਾਰੀਆਂ) ਨੂੰ ਮੇਰੇ ਸਿਮਰਨ ਵੱਲ ਦਾ ਰਸਤਾ ਦਿਖਾਉਣਾ ਕਰੋ ॥

**(ਅ)** (ਅਤੇ ਸੰਸਾਰੀਆਂ ਨੂੰ ਕਹੋ) ਜੋ ਮੇਰੀ ਯਾਦ ਹੈ। ਉਸਦੇ ਬਿਨਾਂ; ਹੋਰ ਕਿਸੇ ਨੂੰ ਮਿੱਤਰ ਨ ਜਾਨਣ (ਅਥਵਾ) ਬਣਾਉਣ।

**(ੳ) ਤਾਂ ਹਮਹ ਕਾਰੇ ; ਸ਼ਾਂ ਨਿਕੋ ਸਾਜ਼ਮ ॥**

**(ਅ) ਖ਼ਾਤ੍ਰਿਰੇ ਸ਼ਾਂ; ਜ਼ਿ ਨੂਰ ਬ-ਤ੍ਰਾਜ਼ਮ ॥੪੭॥**

**ਪਦ ਅਰਥ** = ਹਮਹ = ਸਾਰਾ/ਕਾਰੇ = ਕੰਮ/ਸ਼ਾਂ = ਉਨ੍ਹਾਂ ਦਾ/ਨਿਕੋ = ਚੰਗਾ/ਸਾਜ਼ਮ = (ਸਾਜ਼ + ਅਮ)=(ਅਮ) = ਮੈਂ (ਸਾਜ਼) = ਬਣਾ ਦੇਵਾਂਗਾ/ਖ਼ਾਤਿਰੇ = ਦਿਲ, ਵਾਸਤੇ/ਸ਼ਾਂ = ਉਨ੍ਹਾਂ ਦਾ/ਜ਼ਿ = ਨਾਲ/ਨੂਰ = ਰੋਸ਼ਨੀ/ਬ-ਤ੍ਰਾਜ਼ਮ=(ਤ੍ਰਾਜ਼+ਅਮ)=(ਤ੍ਰਾਜ਼)=ਸਵਾਰ ਦਿਆਂਗਾ (ਅਮ) = ਮੈਂ/

**ਅਰਥ** = **(ੳ)** ਤਾਂ ਮੈਂ ਉਨ੍ਹਾਂ ਦਾ ਸਾਰਾ ਕੰਮ ਚੰਗਾ ਬਣਾ ਦਿਆਂਗਾ ॥

**(ਅ)** ਤੇ ਉਨ੍ਹਾਂ ਦਾ ਦਿਲ, ਮੈਂ ਨੂਰ ਨਾਲ ਸਵਾਰ ਦਿਆਂਗਾ।

**ਅਰਥਾਤ** = ਅਲਾਹੀ ਨੂਰ ਨਾਲ ਭਰ ਦਿਆਂਗਾ ॥

**(ੳ) ਮਨ ਤੁਰਾ ਆਫ਼ਰੀਦਮ; ਅਜ਼ ਪਏ ਆਂ ॥**

**(ਅ) ਕਿ ਸ਼ਵੀ ਰਹਨੁਮਾ ; ਬ-ਜੁਮਲਹ ਜਹਾਂ ॥੪੮॥**

**ਪਦ ਅਰਥ** = ਮਨ = ਮੈਂ/ਤੁਰਾ = ਤੈਨੂੰ/ਆਫ਼ਰੀਦਮ = (ਆਫ਼ਰੀਦ = ਅਮ) ਪੈਦਾ ਕੀਤਾ ਹੈ (ਅਮ)=ਮੈਂ/ਅਜ਼ = ਨਾਲ/ਪਏ = ਮਤਲਬ, ਵਾਸਤੇ/ ਆਂ = ਉਸ (ਨੋਟ = ਆਂ ਦਾ ਅੱਖਰੀ ਅਰਥ "ਉਸ" ਅਤੇ ਭਾਵੀ ਅਰਥ "ਇਸ" ਹੈ)/ਕਿ = ਜੋ/ਸ਼ਵੀ = ਹੋਵੇਂ/ ਰਹਨੁਮਾ= ਰਸਤਾ ਵਿਖਾਉਣ ਵਾਲਾ/ਬ-ਜੁਮਲਹ - ਸਾਰੇ/ਜਹਾਂ = ਜਗਤ/

**ਅਰਥ** = **(ੳ)** ਮੈਂ ਤੈਨੂੰ ਪੈਦਾ ਕੀਤਾ ਹੈ ਇਸ ਮਤਲਬ ਦੇ ਨਾਲ।

**(ਅ)** ਕਿ ਤੂੰ ਸਾਰੇ ਜਹਾਨ ਨੂੰ, ਰਸਤਾ ਦੱਸਣ ਵਾਲਾ ਆਗੂ ਹੋਵੇਂ ॥

**(ੳ) ਹੁੱਬੇ ਗ਼ੈਰ; ਅਜ਼ ਜ਼ਮੀਰੇ ਸ਼ਾਂ, ਬਿ-ਕੁਸ਼ਾਇ ॥**

**(ਅ) ਹਮ-ਗੁਨਾਂ ਰਾ; ਤੂ ਰਾਹੇ ਰਾਸਤ ਨੁਮਾਇ ॥੪੯॥**

**ਪਦ ਅਰਥ** = ਹੁੱਬੇ=ਪਿਆਰ, ਮੋਹ/ਗ਼ੈਰ = ਦੂਸਰਿਆਂ ਦਾ (ਅਥਵਾ) ਬੇਗਾਨਿਆਂ



Sri Satguru Jagjit Singh Ji eLibrary NamdhariElibrary@gmail.com

ਣਾ/ਅਜ਼ = ਤੋਂ/ਜ਼ਮੀਰੇ = ਦਿਲ/ਸ਼ਾਂ = ਉਨ੍ਹਾਂ ਦੇ/ਬਿ-ਕੁਸ਼ਾਇ = ਵਿਸ਼ੇਸ਼ ਕਰਕੇ ਖੋਲ੍ਹ ਦੇ (ਪਾਠੰਤ੍ਰ=ਬ-ਜ਼ਦਾਇ-ਮਾਰ ਦਿੰਦੇ ਹਨ (ਅਥਵਾ) =ਮਾਰ ਦੇ)/ਹਮਗੁਨਾਂ = ਵਰਗਾ/ਰਾ = ਨੂੰ/ਰਾਹੇ = ਰਸਤਾ/ਰਾਸਤ = ਸੱਚਾ, ਸਿੱਧਾ/ਨੁਮਾਇ = ਵਿਖਾ/

**ਅਰਥ** = (ੳ) ਬੇਗਾਨਿਆਂ ਦੇ ਮੋਹ (ਦਾ ਭੇਦ) ਉਨ੍ਹਾਂ ਦੇ ਦਿਲ ਵਿੱਚੋਂ ਖੋਲ੍ਹ ਦੇ (ਤੇ ਸੰਸਾਰੀਆਂ ਨੂੰ ਦੱਸ ਦੇ ਕਿ ਬੇਗਾਨਿਆਂ ਦਾ ਮੋਹ ਸਦਾ ਦੁਖਦਾਈ ਹੁੰਦਾ ਹੈ।)

**ਅਰਥਾਤ** = ਗ਼ੈਰ ਦਾ ਮੋਹ ਉਨ੍ਹਾਂ ਦੇ ਦਿਲਾਂ ਤੋਂ ਖੋਲ੍ਹ ਦੇ (ਭਾਵ) ਦੂਰ ਕਰ ਦੇ ਅਰਥਾਤ = ਮਾਰ ਦੇ॥

**ਭਾਵ** = ਮਹਾਨ ਵੈਰਾਗੀ ਅਤੇ ਤਿਆਗੀ ; ਕਰਨੀ ਕਮਾਈ ਵਿੱਚ ਪ੍ਰਪੱਕ ਸੰਤ ਗੁਰਦੇਵ ਸਿੰਘ ਜੀ (ਸੇਵਾਦਾਰ ਗੁਰਦੁਆਰਾ ਸ਼ਹੀਦੀ ਬਾਗ਼ ਸ੍ਰੀ ਅਨੰਦਪੁਰ ਸਾਹਿਬ) ਦੇ ਉਸਤਾਦ ਸੰਤ ਗਿਆਨੀ ਨਰੈਣ ਸਿੰਘ ਜੀ ਵਾਂ ਵਾਲੇ ਅਕਸਰ ਕਿਹਾ ਕਰਦੇ ਸਨ

**ਯਥਾ** = **ਮੋਹ ਜਿੱਡਾ ਦੁੱਖ ਨਹੀਂ; ਤਿਆਗ ਜਿੱਡਾ ਸੁੱਖ ਨਹੀਂ॥**

(ਲੌਕਿਕ)

ਏਸੇ ਭਾਵ ਨੂੰ ਭਾਈ ਨੰਦ ਲਾਲ ਜੀ ਉਪਰੋਕਤ ਕਥਨ ਕਰ ਰਹੇ ਹਨ।

(ਅ) ਅਤੇ ਸਾਰਿਆਂ ਨੂੰ; ਤੂੰ ਆਪਣੇ ਵਰਗਾ ਸਿੱਧਾ ਰਸਤਾ ਦਿਖਾ॥

**(ੳ) ਸ਼ਾਹ ਗੁਫ਼ਤਾ; ਚਿਹ ਲਾਇਕ਼ ਆਨਮ॥**

**(ਅ) ਕਿ ਦਿਲੇ ; ਜੁਮਲਹ ਬਾਜ਼ ਗਰ-ਦਾਨਮ॥੫੦॥**

**ਪਦ ਅਰਥ** = ਸ਼ਾਹ = ਪਾਤਿਸ਼ਾਹ/ਗੁਫ਼ਤਾ = ਕਿਹਾ (ਅਥਵਾ) = ਬੇਨਤੀ ਕੀਤੀ/ ਚਿਹ = ਕੀ, ਕਿਸ/ਲਾਇਕ਼ = ਯੋਗ/ਆਨਮ = (ਆਨ + ਅਮ)= (ਅਮ)=ਮੈਂ (ਆਨ)=ਹਾਂ/ਕਿ=ਜੋ/ਜੁਮਲਹ=ਸਾਰਿਆਂ/ਬਾਜ਼= ਫਿਰ/ ਗਰਦਾਨਮ=(ਗਰਦਾਨ+ਅਮ)=(ਅਮ)=ਮੈਂ (ਗਰਦਨ)=ਫੇਰ ਦਿਆਂ।

**ਅਰਥ** = (ੳ) ਮੇਰੇ ਪਾਤਿਸ਼ਾਹ (ਗੁਰੂ ਨਾਨਕ ਦੇਵ ਜੀ ਨੇ) ਅਕਾਲ ਪੁਰਖ ਅੱਗੇ (ਦੁਬਾਰਾ) ਬੇਨਤੀ ਕੀਤੀ ਕਿ ਹੇ ਪ੍ਰਭੂ ਜੀ! ਮੈਂ ਕਿਸ ਲਾਇਕ ਹਾਂ।

(ਅ) ਕਿ ਜੋ ਫਿਰ; ਸਾਰਿਆਂ ਦੇ ਦਿਲ (ਪੁੱਠੇ ਪਾਸੇ ਤੋਂ ਸਿੱਧੇ ਪਾਸੇ); ਮੈਂ ਫੇਰ ਦਿਆਂ।



Sri Satguru Jagjit Singh Ji eLibrary NamdhariElibrary@gmail.com

**(ੳ) ਮਨ ਕੁਜਾ ; ਓ ਚੁਨੀਂ ਕਮਾਲ ਕੁਜਾ ॥**

**(ਅ) ਮਨ ਚਿਹ ਓ ਫ਼ੱਰੇ; ਜ਼ੁਲ-ਜਲਾਲ ਕੁਜਾ ॥੫੧॥**

**(ਉਚਾਰਨ** = ਕੁਜਾ ਪੋਲਾ ਬੋਲੋ)

**ਪਦ ਅਰਥ** = ਮਨ=ਮੈਂ/ਕੁਜਾ=ਕਿੱਥੇ/ਓ = ਅਤੇ/ਚੁਨੀਂ = ਅਜਿਹੇ/ਕਮਾਲ = ਪੂਰੇ/ ਕੁਜਾ = ਕਿੱਥੇ/ਮਨ = ਮੈਂ/ਚਿਹ = ਕੀ/ਓ = ਅਤੇ/ਫ਼ੱਰੇ = ਚੀਜ਼, ਖ਼ੁਸ਼ੀ/ਜ਼ੁਲ-ਜਲਾਲ = [(ਜ਼ੁਲ) = ਵਾਲੇ (ਜਲਾਲ)=ਦਬਦਬਾ] ਦਬਦਬੇ ਵਾਲੇ ਵਾ = ਇੱਜ਼ਤ ਨੂੰ ਪਾਉਣ ਵਾਲੇ/ਕੁਜਾ = ਕਿੱਥੇ/

**ਅਰਥ** = **(ੳ)** ਮੈਂ ਕਿੱਥੇ ਤੇ ਅਜਿਹੇ ਪੂਰੇ ਤੁਸੀਂ ਕਿੱਥੇ।

**(ਅ)** ਮੈਂ ਕੀ ਚੀਜ਼ ਹਾਂ ਅਤੇ ਦਬਦਬੇ ਵਾਲੇ ਖ਼ੁਦਾ ਤੁਸੀਂ ਕਿੱਥੇ ਹੋ।

(ਅਥਵਾ)= ਇੱਜ਼ਤ ਨੂੰ ਪਾਉਣ ਵਾਲੇ ਖ਼ੁਦਾ ਤੁਸੀਂ ਕਿੱਥੇ ਹੋ।

**(ੳ) ਲੇਕ-ਹੁਕਮਤ ਕਸ਼ਮ; ਬ-ਜਾਨੋ ਦਿਲ ॥**

**(ਅ) ਨ ਸ਼ਵਮ ਯਕ ਜ਼ਮਾਂ; ਅਜ਼ੋ ਗ਼ਾਫ਼ਿਲ ॥ ੫੨ ॥**

**ਪਦ ਅਰਥ** = ਲੇਕ = ਲੇਕਿਨ/ਹੁਕਮਤ = ਤੁਹਾਡਾ ਹੁਕਮ/ਕਸ਼ਮ = (ਕਸ਼ + ਅਮ) = (ਅਮ)=ਮੈਂ (ਕਸ਼)=ਖਿੱਚਦਾ ਹਾਂ (ਭਾਵ) ਮੈਂ ਮੰਨਦਾ ਹਾਂ (ਅਥਵਾ) = ਮੰਨਾਂਗਾ/ਬ-ਜਾਨੋ = ਜਾਨ ਨਾਲ/ ਸ਼ਵਮ = (ਸ਼ਵ + ਅਮ) ਨਹੀਂ ਹੋਵਾਂਗਾ ਮੈਂ/ਯਕ = ਇੱਕ/ਜ਼ਮਾਂ = ਸਮਾਂ, ਪਲ/ਅਜ਼ੋ = ਉਸ ਤੋਂ/ ਗ਼ਾਫ਼ਿਲ = ਬੇਪਰਵਾਹ/

**ਅਰਥ** = **(ੳ)** ਪਰੰਤੂ ਤੁਹਾਡਾ ਹੁਕਮ, ਮੈਂ ਦਿਲ ਤੇ ਜਾਨ ਨਾਲ ਮੰਨਾਂਗਾ ॥

**(ਅ)** ਅਤੇ (ਜੋ ਆਪ ਜੀ ਹੁਕਮ ਦੇਵੋਗੇ) ਮੈਂ ਇੱਕ ਪਲ ਵੀ, ਉਸ ਹੁਕਮ ਤੋਂ ਬੇਪਰਵਾਹ ਨਹੀਂ ਹੋਵਾਂਗਾ ॥

**(ੳ) ਹਾਦੀ ਓ ਰਹਨੁਮਾਏ; ਜੁਮਲਹ ਤੁਈ ॥**

**(ਅ) ਰਾਹ-ਬਰੋ ਦਿਲ ਗਰਾਏ ; ਜੁਮਲਹ ਤੁਈ ॥੫੩॥**

**ਪਦ ਅਰਥ** = ਹਾਦੀ = ਹਦਾਇਤ ਕਰਨ ਵਾਲਾ; ਆਗੂ/ਓ = ਅਤੇ/ਰਹਨੁਮਾਏ = ਰਸਤਾ ਦਿਖਾਉਣ ਵਾਲਾ/ਜੁਮਲਹ = ਸਾਰਿਆਂ ਦਾ/ਤੁਈ = ਤੂੰ ਹੀ/ਰਾਹਬਰੋ = ਨੇਕੀ ਦੇ (ਰਾਹ) = ਰਸਤੇ (ਬਰੋ) = ਉੱਪਰ ਚੱਲੋ ਐਸਾ ਦੱਸਣ ਵਾਲਾ/ਗਰਾਏ = ਕ਼ਬੂਲ ਕਰਨ ਵਾਲਾ, ਫੇਰਨ ਵਾਲਾ/

**ਅਰਥ** = **(ੳ)** ਹੇ ਵਾਹਿਗੁਰੂ ! ਆਗੂ ਤੇ ਰਸਤਾ ਵਿਖਾਉਣ ਵਾਲਾ ਸਾਰਿਆਂ ਦਾ ਤੂੰ ਹੀ ਹੈਂ।

**(ਅ)** ਪ੍ਰਮਾਰਥ ਦੇ ਰਸਤੇ ਉੱਪਰ ਚੱਲੋ, ਐਸਾ ਦੱਸਣ ਵਾਲਾ ਅਤੇ



Sri Satguru Jagjit Singh Ji eLibrary NamdhariElibrary@gmail.com

(ਭਾਵਨਾ ਵਾਲਿਆਂ ਦੇ) ਦਿਲਾਂ ਨੂੰ ਕ਼ਬੂਲ ਕ਼ਰਨ ਵਾਲਾ ਸਾਰਿਆਂ ਦਾ ਤੂੰ ਹੀ ਹੈਂ।

**ਦੂਸਰਾ ਅਰਥ**= ਪ੍ਰਮਾਰਥ ਦੇ ਰਸਤੇ ਉੱਪਰ ਚੱਲੋ, ਐਸਾ ਦੱਸਣ ਵਾਲਾ ਅਤੇ (ਨਿਸ਼ਰਧਕਾਂ ਦੇ) ਦਿਲਾਂ ਨੂੰ ਸਿੱਧੇ ਪਾਸੇ ਫੇਰਨ ਵਾਲਾ ਵਾ = ਮੋੜਨ ਵਾਲਾ ਸਾਰਿਆਂ ਦਾ ਤੂੰ ਹੀ ਹੈਂ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)
## ਦੂਜੀ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਅੰਗਦ ਦੇਵ ਜੀ ਮਹਾਰਾਜ, ਤ੍ਰੇਹਣ ਵੰਸ। ਲਛਮਣ ਦੇ ਤੱਖ ਨਾਮੇ ਪੁੱਤ੍ਰ ਤੋਂ ਤ੍ਰੇਹਣ ਵੰਸ ਚਲੀ। |
| **ਅਵਤਾਰ ਧਾਰਨ ਪਿੰਡ** | : | ਮੱਤੇ ਦੀ ਸਰਾਂ (ਨਾਂਗੇ ਦੀ ਸਰਾਂ) ਤਹਿਸੀਲ ਮੁਕਤਸਰ, ਜ਼ਿਲ੍ਹਾ ਮੁਕਤਸਰ। |
| **ਅਵਤਾਰ ਧਾਰਨ ਸੰਮਤ** | : | ੧੫੬੧ ਬਿ: ਵੈਸਾਖ ਸੁਦੀ ਏਕਮ, ਦਿਨ ਸ਼ਨੀਵਾਰ ੨੩ ਅਪ੍ਰੈਲ ੧੫੦੪ ਈ: ਨਛੱਤ੍ਰ ਭਰਣੀ। |
| **ਮਾਤਾ ਪਿਤਾ** | : | ਮਾਤਾ ਦਯਾ ਕੌਰ ਜੀ, ਪਿਤਾ ਬਾਬਾ ਫੇਰੂ ਮੱਲ ਜੀ, ਦਾਦਾ ਕੀਰਤ ਮੱਲ ਜੀ |
| **ਮਹਲ** | : | ਮਾਤਾ ਖੀਵੀ ਜੀ ਖਡੂਰ ਸਾਹਿਬ ਤੋਂ, ਵਿਆਹ ੧੬ ਮੱਘਰ ੧੫੭੬ ਬਿ:। |
| **ਗੱਦੀ ਸਮਾਂ** | : | ੧੫੯੬ ਬਿ: ਅੱਸੂ ਵਦੀ ਪੰਚਮੀ ਸਰਾਧਾਂ ਵਿੱਚ, ਸ੍ਰੀ ਕਰਤਾਰਪੁਰ ਸਾਹਿਬ, ੬ ਅਕਤੂਬਰ ੧੫੩੯ ਈ:, ਪਾਤਿਸ਼ਾਹੀ ਪਹਿਲੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪੰਜ ਦਿਨ ਪਹਿਲਾਂ। |
| **ਜੋਤੀ ਜੋਤਿ ਸਮਾਉਣਾ** | : | ੧੬੦੯ ਬਿ: ਚੇਤਰ ਸੁਦੀ ਚੌਥ, ਖਡੂਰ ਸਾਹਿਬ, ੨੭ ਮਾਰਚ ੧੫੫੨ ਈ: |
| **ਸਪੁੱਤ੍ਰ** | : | ਬਾਬਾ ਦਾਸੂ ਜੀ, ਬਾਬਾ ਦਾਤੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ |
| **ਸਾਰੀ ਅਵਸਥਾ** | : | ਸੰਤਾਲੀ ਬਰਸ, ਗਿਆਰਾਂ ਮਹੀਨੇ, ਤਿੰਨ ਦਿਨ |
| **ਗੁਰਿਆਈ ਸਮਾਂ** | : | ਬਾਰਾਂ ਬਰਸ, ਛੇ ਮਹੀਨੇ, ਚੌਂਦਾਂ ਦਿਨ |
| **ਹਕੂਮਤ** | : | ਹਮਾਯੂੰ ਬਾਦਸ਼ਾਹ ਅਤੇ ਸ਼ੇਰ ਸ਼ਾਹ ਸੂਰੀ ਦੀ ਸੀ। |
| **ਨਗਰ ਵਸਾਇਆ** | : | ਖਡੂਰ ਸਾਹਿਬ ਬਖਸ਼ ਕੇ ਵਧਾਇਆ |
| **ਬਾਣੀ** | : | ੬੩ ਸਲੋਕ ਵਾਰਾਂ ਵਿਚ ਹਨ। |



Sri Satguru Jagjit Singh Ji eLibrary NamdhariElibrary@gmail.com

## ਸਲਤ਼ਨਤੇ ਦੋਇਮ

**ਪਦ ਅਰਥ** = ਸਲਤ਼ਨਤੇ = ਪਾਤਿਸ਼ਾਹੀ ਦੋਇਮ = ਦੂਸਰੀ

**ਅਰਥ** = ਹੁਣ ਭਾਈ ਸਾਹਿਬ ਦੂਸਰੀ ਪਾਤਿਸ਼ਾਹੀ ਦਾ ਜਸ ਕਰਦੇ ਹਨ।

**(ੳ) ਸਲਤ਼ਨਤੇ ਦੋਇਮਸ਼, ਅੱਵਲ ਮੁਰੀਦੇ ਸਾਜਿਦ ;**

**(ਅ) ਵ ਆਖ਼ਿਰ, ਮੁਰਸ਼ਿਦੇ ਮਸਜੂਦਸ਼ ॥**

**ਪਦ ਅਰਥ** = ਦੋਇਮਸ਼ = (ਦੋਇਮ + ਅਸ਼) ਦੂਜੇ (ਅਸ਼) ਉਸ/ਅੱਵਲ = ਪਹਿਲੇ/ ਮੁਰੀਦੇ = ਸਿੱਖ/ਸਾਜਿਦ = ਸਿਜਦਾ ਕਰਨ ਵਾਲੇ/ਵ = ਅਤੇ/ ਆਖ਼ਿਰ = ਅੰਤ/ਮੁਰਸ਼ਿਦੇ = ਗੁਰੂ/ਮਸਜੂਦਸ਼ = (ਮਸਜੂਦ + ਅਸ਼) ਸਿਜਦਾ ਕਰਵਾਉਣ ਵਾਲੇ (ਅਸ਼) = ਉਹੀ/

**ਅਰਥ** = (ੳ) ਦੂਜੇ ਪਾਤਸ਼ਾਹ, ਉਸ (ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ) ਦੇ ਪਹਿਲਾਂ ਸਿਜਦਾ ਕਰਨ ਵਾਲੇ ਸਿੱਖ ਹੋਏ।

(ਅ) ਅੰਤ ਨੂੰ ਉਹੀ, (ਗੁਰੂ ਅੰਗਦ ਦੇਵ ਜੀ; ਗੁਰੂ ਨਾਨਕ ਦੇਵ ਜੀ ਤੋਂ) ਸਿਜਦਾ ਕਰਵਾਉਣ ਵਾਲੇ (ਗੁਰੂ ਨਾਨਕ ਦੇਵ ਜੀ ਦੇ) ਗੁਰੂ ਹੋ ਗਏ ॥

**ਅਰਥਾਤ** = ਪਹਿਲਾਂ ਗੁਰੂ ਅੰਗਦ ਦੇਵ ਜੀ, ਗੁਰੂ ਨਾਨਕ ਦੇਵ ਜੀ ਨੂੰ ਸਿਜਦਾ ਕਰਨ ਵਾਲੇ, ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ ਅਤੇ ਫੇਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰੂ ਥਾਪ ਦਿੱਤਾ॥ (ਭਾਵ) ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕ ਦਿੱਤਾ, (ਅਥਵਾ) ਸਿਜਦਾ ਕਰ ਦਿੱਤਾ।

**(ੳ) ਵ ਫ਼ਰੋਗ਼ੇ, ਆਂ ਮਸ਼ਅਲੇ ਹੱਕ਼ੋ ਈਕ਼ਾਂ ;**

**(ਅ) ਰੋਜ਼ ਅਫ਼ਜ਼ੂੰ, ਅਜ਼ ਵਜੂਦਸ਼ ॥**

**ਪਦ ਅਰਥ** = ਵ = ਅਤੇ/ਫ਼ਰੋਗ਼ੇ = ਚਾਨਣ, ਵਧਣਾ/ਆਂ = ਉਸ/ਮਸ਼ਅਲੇ = ਦੀਵੇ/ਹੱਕ਼ੋ = ਸਚਾਈ/ਈਕ਼ਾਂ = ਇੱਕ/ਰੋਜ਼ = ਦਿਨ/ਅਫ਼ਜ਼ੂੰ = ਵਧਦਾ/ਅਜ਼ = ਤੋਂ/ਵਜੂਦਸ਼ = (ਵਜੂਦ + ਅਸ਼) ਉਨ੍ਹਾਂ ਦੇ ਵਜੂਦ (ਵ) ਉਨ੍ਹਾਂ ਦੀ ਹਸਤੀ/

**ਅਰਥ** = (ੳ) ਉਸ ਇੱਕ ਸਚਾਈ ਦੀ ਮਸ਼ਾਲ (ਗੁਰੂ ਨਾਨਕ ਦੇਵ ਜੀ ਦਾ) ਚਾਨਣਾ।

**ਅਰਥਾਤ** = ਗੁਰੂ ਨਾਨਕ ਦੇਵ ਜੀ ਦੁਆਰਾ ਕੀਤਾ ਅਲਾਹੀ ਰੱਬ ਦਾ ਪ੍ਰਚਾਰ।

(ਅ) ਉਨ੍ਹਾਂ (ਗੁਰੂ ਅੰਗਦ ਦੇਵ ਜੀ) ਦੇ ਵਜੂਦ ਤੋਂ ਦਿਨੋ ਦਿਨ ਵਧਦਾ ਗਿਆ।



Sri Satguru Jagjit Singh Ji eLibrary NamdhariElibrary@gmail.com

**ਅਰਥਾਤ** = ਅਲਾਹੀ ਪ੍ਰਚਾਰ ਜੋ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋਇਆ ਸੀ ਉਹ ਗੁਰੂ ਅੰਗਦ ਦੇਵ ਜੀ ਦੁਆਰਾ ਵਧਦਾ ਗਿਆ।

**(ੳ) ਦਰ-ਮਅ਼ਨੀ ਯਕੇ, ਵ ਦਰ ਸੂਰਤ ਦੋ ;**

**(ਅ) ਮਸ਼ਅ਼ਲੇ ਜਾਂ ਅਫ਼ਰੋਜ਼ ॥**

(**ਉਚਾਰਨ** = ਮਸ਼-ਅ਼ਲੇ ਬੋਲੋ ਅਤੇ ਦਰ-ਮਅ਼ਨੀ ਨੂੰ ਗਾੜ੍ਹਾ ਕਰਕੇ ਦਰਮਾਨੀ ਬੋਲੋ)

**ਪਦ ਅਰਥ** = ਦਰਮਅ਼ਨੀ = ਅਸਲ ਵਿੱਚ/ਯਕੇ = ਇੱਕ/ਵ = ਅਤੇ/ਦਰ = ਵਿੱਚ/ਸੂਰਤ = ਮੂਰਤਾਂ/ਮਸ਼ਅ਼ਲੇ = ਦੀਵੇ/ਜਾਂ = ਜਾਨ/ਅਫ਼ਰੋਜ਼ = (ਫ਼ਰੋਜ਼ ਦਾ ਬਹੁਵਚਨ) ਚਾਨਣ ਕਰਨ ਵਾਲੀਆਂ (ਵ) = ਰੋਸ਼ਨ ਕਰਨ ਵਾਲੀਆਂ/

**ਅਰਥ** = (ੳ) ਅਸਲ ਵਿੱਚ ਇੱਕ ਹੈ ਪਰ ਪ੍ਰਤੱਖ ਵਿੱਚ ਦੋ ਮੂਰਤਾਂ ਹਨ।

(ਅ) (ਮੇਰੀ) ਜਾਨ ਨੂੰ ਰੋਸ਼ਨ ਕਰਨ ਵਾਲੀਆਂ (ਇਹ ਦੋ) ਮਸ਼ਾਲਾਂ ਹਨ।

**ਅਰਥਾਤ** = ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਤੱਖ ਸੂਰਤਾਂ ਵਿੱਚ ਤਾਂ ਦੋ ਪ੍ਰਤੀਤ ਹੁੰਦੇ ਹਨ ਪਰ ਅਸਲ ਵਿੱਚ ਇੱਕ ਹਨ।

**ਯਥਾ** = **ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥**

(ਅੰਗ ੯੬੬)

**ਤਥਾ** = **ਏਕ ਜੋਤਿ ਦੁਇ ਮੂਰਤੀ, .......... ॥** (ਅੰਗ ੭੮੮)

**(ੳ) ਵ ਦਰ ਹ਼ਕੀਕ਼ਤ ਅਹ਼ਦ, ਵ ਬ-ਜ਼ਾਹਿਰ ਦੋ ;**

**(ਅ) ਸ਼ੁਅ਼ਲਾਏ "ਮਾ-ਸਵਾ-ਅਲਹ਼ੱਕ਼" ਸੋਜ਼ ॥**

(**ਉਚਾਰਨ** = ਸ਼ੁਅ਼-ਲਾਏ ਇਕੱਠਾ ਬੋਲੋ ਅਤੇ ਮਾ-ਸਵਾਲ-ਹ਼ੱਕ਼ ਇਕੱਠਾ ਹੀ ਬੋਲੋ)

**ਪਦ ਅਰਥ** = ਵ=ਅਤੇ/ਦਰ = ਵਿੱਚ/ਹ਼ਕੀਕ਼ਤ=ਅਸਲ/ਅਹ਼ਦ=ਇੱਕ (ਨੋਟ= ਅ਼ਹਿਦ ਨ ਬੋਲੋ ਕਿਉਂਕਿ ਅ਼ਹਿਦ ਦਾ ਅਰਥ=ਪੱਕਾ ਵਾਦਾ ਹੁੰਦਾ ਹੈ ਅਤੇ ਅਹ਼ਦ ਦਾ ਅਰਥ= "ਇੱਕ" ਹੁੰਦਾ ਹੈ)/ਵ = ਅਤੇ/ ਜ਼ਾਹਿਰ = ਪ੍ਰਤੱਖ/ਸ਼ੁਅ਼ਲਾਏ = ਰੋਸ਼ਨੀ, ਜੋਤ/ਮਾ-ਸਵਾ-ਅਲਹ਼ੱਕ਼ = (ਮਾ) = ਜੋ (ਸਵਾ)=ਬਿਨਾਂ (ਅਲ)=ਕ੍ਰਿਆ ਵਿਸ਼ੇਸ਼ਨ (ਹ਼ੱਕ਼) = ਰੱਬ/ (ਨੋਟ = ਅ਼ਰਬੀ ਦੇ ਵਿਦਵਾਨ ਅ਼ਰਬੀ ਵਿੱਚ ਲਿਖਦੇ ਮਾ-ਸਵਾ-ਅਲਹ਼ੱਕ਼ ਹਨ ਅਤੇ ਪੜ੍ਹਦੇ ਮਾ-ਸਵਾਲ-ਹ਼ੱਕ਼ ਹਨ ਇਸ ਲਈ ਮਾ-ਸਵਾਲ-ਹ਼ੱਕ਼ ਹੀ ਬੋਲੋ) /ਸੋਜ਼ = ਸਾੜ ਦੇਣ ਵਾਲੀ, ਸਾੜ ਦੇਣ ਵਾਲੇ ॥



Sri Satguru Jagjit Singh Ji eLibrary NamdhariElibrary@gmail.com

ਅਰਥ = (ੳ) ਅਤੇ ਅਸਲ ਵਿੱਚ ਇੱਕ ਹੀ ਜੋਤ ਹੈ ਪਰ ਪ੍ਰਗਟ ਵਿੱਚ ਦੋ ਜੋਤਾਂ ਹਨ।

(ਅ) (ਅੰਨਵੈ ਅਰਥ) :- ਇਹ (ਮਾ) = ਜੋ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਇੱਕ ਜੋਤ ਹੈ। ਇਹ ਰਬ ਤੋਂ ਬਿਨਾਂ ਸਭ ਕੁਝ ਸਾੜ ਦੇਣ ਵਾਲੀ ਹੈ (**ਭਾਵ**) = ਦ੍ਵੈਤ ਭਾਵ ਨੂੰ ਮੁੱਢ ਤੋਂ ਸਾੜ ਦੇਣ ਵਾਲੀ ਹੈ।

ਅਰਥਾਤ = ਰੱਬ ਤੋਂ ਬਿਨਾਂ ਸਭ ਕੁਝ ਸਾੜ ਦੇਣ ਵਾਲੀ, ਗੁਰੂ ਨਾਨਕ ਦੇਵ ਜੀ ਦੀ ਅਤੇ ਗੁਰੂ ਅੰਗਦ ਦੇਵ ਜੀ ਦੀ, ਇੱਕ ਹੀ ਜੋਤ ਹੈ। ਅਤੇ ਦੋਨਾਂ ਗੁਰੂਆਂ ਵਿੱਚ ਰੰਚਕ ਮਾਤਰ ਦ੍ਵੈਤ-ਭਾਵ ਨਹੀਂ ਹੈ।

**(ੳ) "ਮੜ੍ਹਅੁਏ" ਖ਼ਾਸਾਨੇ, ਬਾਰਗਾਹੇ ਅਹ਼ਦੀਯਤ ;**

**(ਅ) ਵ ਮਸਜੂਦੇ ਮੁਕ਼ਬਿਲਾਨੇ; ਹ਼ਜ਼ਰਤੇ ਸਮਦੀਯਤ ॥**

(ਉਚਾਰਨ = ਮੜ੍ਹਾਏ ਬੋਲੋ ਅਤੇ ਮੁਕ਼-ਬਿਲਾਨੇ ਇਕੱਠਾ ਹੀ ਬੋਲੋ)

ਪਦ ਅਰਥ = ਮੜ੍ਹਅੁਏ = ਦੌਲਤ/ਖ਼ਾਸਾਨੇ = ਖ਼ਾਸ ਲੋਕ/ਬਾਰਗਾਹੇ = ਦਰਬਾਰ/ ਅਹ਼ਦੀਯਤ=ਇੱਕ (ਭਾਵ) ਖ਼ੁਦਾ/ਵ = ਅਤੇ/ਮਸਜੂਦੇ = ਸਿਜਦਾ ਕਰਵਾਉਣ ਵਾਲੇ / ਮੁਕ਼ਬਿਲਾਨੇ = ਕ਼ਬੂਲਿਆਂ ਹੋਇਆਂ ਤੋਂ ; ਖ਼ਾਸ ਲੋਕਾਂ ਤੋਂ/ਹ਼ਜ਼ਰਤੇ = ਦਰਬਾਰ/ਸਮਦੀਯਤ = ਜੋ ਕਿਸੇ ਦੇ ਮੁਥਾਜ ਨਹੀਂ (ਅਥਵਾ) ਅੱਲਾ/

ਅਰਥ = (ੳ) (ਨਾਮ ਰੂਪ) ਦੌਲਤ ਪ੍ਰਾਪਤ ਕਰਕੇ, ਖ਼ੁਦਾ ਦੇ ਦਰਬਾਰ ਵਿੱਚ ਜੋ ਖ਼ਾਸ ਲੋਕ ਹੋਏ ਹਨ। (ਗੁਰੂ ਅੰਗਦ ਦੇਵ ਜੀ ਉਨ੍ਹਾਂ ਤੋਂ ਸਿਜਦਾ ਕਰਵਾਉਣ ਵਾਲੇ ਹੋਏ ਹਨ)

(ਅ) (ਏਥੇ ਹੀ ਬਸ ਨਹੀਂ) ਜਿਹੜੇ ਖ਼ੁਦਾ ਦੇ ਦਰਬਾਰ ਵਿੱਚ ਖ਼ਾਸ ਲੋਕ ਹੋਏ ਹਨ ਅਤੇ (ਅੱਗੇ ਉਨ੍ਹਾਂ ਦੇ ਦਰਬਾਰ ਵਿੱਚ ਵੀ ਜਿਹੜੇ ਖ਼ਾਸ ਲੋਕ ਹੋਏ ਹਨ। ਗੁਰੂ ਅੰਗਦ ਦੇਵ ਜੀ, ਉਨ੍ਹਾਂ ਤੋਂ ਵੀ) ਸਿਜਦਾ ਕਰਵਾਉਣ ਵਾਲੇ ਹੋਏ ਹਨ।

ਅਰਥਾਤ = ਜਿਵੇਂ ਖ਼ੁਦਾ ਦੇ ਘਰ ਕ਼ਬੂਲ ਹੋਏ ਬਾਬਾ ਬੁੱਢਾ ਜੀ ਅਤੇ ਅੱਗੇ ਬਾਬਾ ਬੁੱਢਾ ਜੀ ਤੋਂ ਬਖ਼ਸ਼ਿਸ਼ਾਂ ਲੈ ਕੇ ਬਾਬਾ ਬੁੱਢਾ ਜੀ ਦੇ ਦਰਬਾਰ ਵਿੱਚ ਵੀ ਅਨੇਕ ਸਿੱਖ ਹੋਏ ਹਨ। ਗੁਰੂ ਅੰਗਦ ਦੇਵ ਜੀ; ਬਾਬਾ ਬੁੱਢਾ ਜੀ ਤੋਂ; ਅਤੇ ਬਾਬਾ ਬੁੱਢਾ ਜੀ ਤੋਂ ਅੱਗੇ ਅਨੇਕਾਂ ਸਿੱਖਾਂ ਤੋਂ; ਸਿਜਦਾ ਕਰਵਾਉਣ ਵਾਲੇ ਹੋਏ ਹਨ।



Sri Satguru Jagjit Singh Ji eLibrary NamdhariElibrary@gmail.com

**ਅਰਥ** = **(ੳ)** (ਨਾਮ ਰੂਪ) ਦੌਲਤ ਪ੍ਰਾਪਤ ਕਰਕੇ, ਖ਼ੁਦਾ ਦੇ ਦਰਬਾਰ ਵਿੱਚ ਜੋ ਖ਼ਾਸ ਲੋਕ ਹੋਏ ਹਨ।

**(ਅ)** ਅਤੇ ਉਨ੍ਹਾਂ (ਸਮਦੀਯਤ) = ਅੱਲ੍ਹਾ ਦੇ (ਹਜ਼ਰਤੇ) = ਦਰਬਾਰ ਦੇ (ਮੁਕ਼ਬਲਾਨੇ)= ਖ਼ਾਸ ਲੋਕਾਂ ਤੋਂ (ਗੁਰੂ ਅੰਗਦ ਦੇਵ ਜੀ) (ਮਸਜੂਦੇ) = ਸਿਜਦਾ ਕਰਵਾਉਣ ਵਾਲੇ ਹੋਏ ਹਨ।

**(ੳ) ਮੌਸੂਫ਼ੇ ਏਜ਼ਦੇ-ਮੁਤਆ਼ਲ ;**

**(ਅ) ਵ ਬਰਗੁਜ਼ੀਦ-ਹਏ, ਦਰਗਾਹੇ ਜ਼ੁਲ-ਜਲਾਲ ॥**

**(ਉਚਾਰਨ** = ਮੁੱਤਆ਼ਲ ਬੋਲੋ)

**ਪਦ ਅਰਥ** = ਮੌਸੂਫ਼ੇ = ਸਲਾਹਿਆ ਹੋਇਆ, ਸਲਾਹੇ ਹੋਏ/ਏਜ਼ਦੇ = ਰੱਬ/ ਮੁਤਆ਼ਲ = ਵੱਡੇ ਦਾ (ਵ) ਉੱਚੇ ਦਾ/ਵ = ਅਤੇ/ਬਰ-ਗੁਜ਼ੀਦ-ਹਏ = ਚੁਣਿਆਂ ਹੋਇਆ, ਚੁਣੇ ਹੋਏ/ਦਰਗਾਹੇ = ਦਰਬਾਰ/ ਜ਼ੁਲ-ਜਲਾਲ = ਜਲਾਲ ਵਾਲੇ (ਅਥਵਾ) ਰੱਬ ਦੇ॥

**ਅਰਥ** = **(ੳ)** (ਗੁਰੂ ਅੰਗਦ ਦੇਵ ਜੀ) ਵੱਡੇ ਰੱਬ ਦੁਆਰਾ ਸਲਾਹੇ ਹੋਏ ਹਨ।

**ਅਰਥਾਤ** = ਵੱਡੇ ਰੱਬ ਦੁਆਰਾ ਸਲਾਹੇ ਗਏ ਹਨ।

**(ਅ)** ਅਤੇ (ਗੁਰੂ ਅੰਗਦ ਦੇਵ ਜੀ) ਰੱਬ ਦੇ ਦਰਬਾਰ ਦੇ (ਖ਼ਾਸ ਲੋਕਾਂ ਵਿੱਚੋਂ, ਸਭ ਤੋਂ ਖ਼ਾਸ) ਚੁਣੇ ਹੋਏ ਹਨ। (ਭਾਵ) ਚੁਣੇ ਗਏ ਹਨ।

**(ੳ) ਅੱਵਲੀਨ ਅਲਿਫ਼ੇ ਨਾਮੇ ਪਾਕਸ਼, ਅਹਾਤਾ-ਗੀਰੇ ਫ਼ੈਜ਼ੋ ਫ਼ੁਜ਼ਲਾ;**

**(ਅ) ਬਰ-ਅੰਦਕ ਵ ਕਸੀਰ, ਵ ਹਰ ਅਮੀਰ ਵ ਫ਼ਕ਼ੀਰ ॥**

**ਪਦ ਅਰਥ** = ਅੱਵਲੀਨ = ਪਹਿਲਾ/ਅਲਿਫ਼ੇ = ਐੜਾ/ਨਾਮੇ = ਨਾਮ/ਪਾਕਸ਼ = ਉਨ੍ਹਾਂ ਦੇ ਪਵਿੱਤਰ/ਅਹਾਤਾਗੀਰੇ = ਘੇਰ ਲੈਣ ਵਾਲਾ/ਫ਼ੈਜ਼ੋ = ਕ੍ਰਿਪਾਲਤਾਵਾਂ/ਫ਼ੁਜ਼ਲਾ = ਮਿਹਰਾਂ/ ਬਰ = ਕ੍ਰਿਆ ਵਿਸ਼ੇਸ਼ਨ/ਅੰਦਕ = ਥੋੜੇ/ਵ = ਅਤੇ/ਕਸੀਰ = ਬਹੁਤੇ/ਵ = ਅਤੇ/ਹਰ = ਹਰੇਕ/ਵ = ਅਤੇ / ਫ਼ਕ਼ੀਰ = ਗ਼ਰੀਬ/

**ਅਰਥ** = **(ੳ)** ਉਨ੍ਹਾਂ ਦੇ (ਗੁਰੂ ਅੰਗਦ ਦੇਵ ਜੀ ਦੇ) ਪਵਿੱਤਰ ਨਾਮ ਦਾ ਪਹਿਲਾ ਐੜਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਕ੍ਰਿਪਾਲਤਾਵਾਂ ਅਤੇ ਮਿਹਰਾਂ ਦੇ ਘੇਰੇ ਵਿੱਚ ਘੇਰ ਲੈਣ ਵਾਲੇ ਹਨ।

**(ਅ)** (ਕਿਸਨੂੰ ਘੇਰ ਲੈਣ ਵਾਲੇ ਹਨ?) ਹਰੇਕ ਥੋੜੇ ਅਤੇ ਹਰੇਕ ਬਹੁਤੇ ਨੂੰ ਅਤੇ ਹਰੇਕ ਅਮੀਰ ਤੇ ਹਰੇਕ ਗ਼ਰੀਬ ਨੂੰ।

**ਅਰਥਾਤ** = ਹਰੇਕ ਥੋੜੇ ਬਹੁਤੇ; ਗ਼ਰੀਬ ਅਮੀਰ ਨੂੰ ਗੁਰੂ ਅੰਗਦ ਸਾਹਿਬ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਕ੍ਰਿਪਾਲਤਾਵਾਂ ਅਤੇ ਮਿਹਰਾਂ ਦੇ ਘ਼ੇਰੇ ਵਿੱਚ ਘੇਰ ਲਿਆ ਹੋਇਆ ਹੈ। (ਅਥਵਾ) = ਜਿਸ ਨੇ ਵੀ ਗੁਰੂ ਜੀ ਦਾ ਪੱਲਾ ਫੜਿਆ। ਗੁਰੂ ਜੀ ਨੇ ਉਸਨੂੰ ਆਪਣੇ ਦਾਮਨ ਵਿੱਚ ਲਪੇਟ ਲਿਆ ਹੈ।

**(ੳ) ਵ ਸ਼ਮੀਮੇ ਨੂਨੇ, ਹ਼ਕ਼ੀਕ਼ਤ ਮਸ਼ਹੂਨਸ਼ ;**

**(ਅ) ਨਵਾਜ਼ਿੰਦਹਏ, ਹਰ ਨਕ਼ੀਰੋ ਕ਼ਿਤ਼ਮੀਰ; ਵ ਅਦਨਾ ਵ ਕਬੀਰ ॥**

(**ਉਚਾਰਨ** = ਨਵਾ-ਜ਼ਿੰਦ-ਹਏ ਬੋਲੋ)

**ਪਦ ਅਰਥ** = ਵ = ਅਤੇ/ਸ਼ਮੀਮੇ = ਚੰਗੀ ਖ਼ੁਸ਼ਬੂ/*ਨੂਨੇ = ਨੰਨਾ (ਭਾਵ ਅਰਥ) = ਟਿੱਪੀ/ਹ਼ਕ਼ੀਕ਼ਤ = ਸਚਾਈ ਵਾਲਾ/ਮਸ਼ਹੂਨਸ਼ = (ਮਸ਼ਹੂਨ) = ਰੱਖਿਆ ਕਰਨ ਵਾਲਾ (ਅਸ਼) = ਉਹ/ਨਵਾਜ਼ਿੰਦਹਏ = ਬਖ਼ਸ਼ਸ਼ ਲੈਣ ਵਾਲੇ/ਹਰ = ਹਰੇਕ/ਨਕ਼ੀਰੋ = ਖ਼ਜੂਰ ਦੀ ਗਿਟਕ ਵਿਚਲਾ ਟੋਆ, ਥੋੜੀ ਜੇਹੀ ਚੀਜ਼, ਅਸਲ, ਅਸਲਾ, ਦੰਦੀ ਵੱਡਣ ਵਾਲਾ, ਦੰਦੀ ਭਰਣ ਵਾਲਾ (ਨੋਟ = ਨਕੀਰੋ ਦੇ ਅਰਥ = ਇਨਕਾਰ ਕਰਨ ਵਾਲਾ, ਅਨਜਾਨ ਵੀ ਹਨ) ਕ਼ਿਤ਼ਮੀਰ = ਖ਼ਜੂਰ ਦੀ ਗਿਟਕ ਦੇ ਡੂੰਘ ਵਿੱਚ ਬ੍ਰੀਕ ਧਾਗਾ (ਭਾਵ ਅਰਥ)=ਬਹੁਤ ਤੁੱਛ, ਨਿੱਕੀ ਜੇਹੀ ਚੀਜ਼, ਤੁੱਛ ਵਸਤੂ, ਅਸਹ਼ਾਬ ਕਹਿਫ਼ ਦਾ ਕੁੱਤਾ (ਨੋਟ=ਭਾਵ ਅਰਥ=ਆਮ ਕੁੱਤਾ ਵੀ ਹੈ)/ਵ = ਅਤੇ/ਅਦਨਾ = ਛੋਟਾ/ਵ = ਅਤੇ/ਕਬੀਰ = ਵੱਡਾ/

**ਅਰਥ** = **(ੳ)** (ਗੁਰੂ ਅੰਗਦ ਦੇਵ ਜੀ ਦੇ ਪਵਿੱਤਰ ਨਾਮ ਦੀ ਟਿੱਪੀ ਚੰਗੀ ਸਚਾਈ ਦੀ ਖ਼ੁਸ਼ਬੂ ਵਾਲੀ ਹੈ ਅਤੇ ਲੋਕ ਪ੍ਰਲੋਕ ਵਿੱਚ ਰੱਖਿਆ ਕਰਨ ਵਾਲੀ ਹੈ।

**ਅਰਥਾਤ** = ਟਿੱਪੀ ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਅੰਗਦ ਦੇਵ ਜੀ ਸਚਾਈ ਦੀ ਚੰਗੀ ਖ਼ੁਸ਼ਬੂ ਵਾਲੇ ਹਨ ਅਤੇ ਲੋਕ ਪ੍ਰਲੋਕ ਵਿੱਚ ਰੱਖਿਆ ਕਰਨ ਵਾਲੇ ਹਨ।

**(ਅ) ਪਹਿਲਾ ਅਰਥ** = ਅਤੇ ਗੁਰੂ ਅੰਗਦ ਦੇਵ ਜੀ ਨਕ਼ੀਰੋ=ਖ਼ਜੂਰ ਦੀ ਗਿਟਕ ਦੇ ਪਿਛਲੇ ਪਾਸੇ ਦੇ ਡੂੰਘ ਜਿੱਡੇ ਛੋਟਿਆਂ ਨੂੰ (ਬਖ਼ਸ਼ਸ਼ ਦੇਣ ਵਾਲੇ ਹਨ। ਨਹੀਂ ਨਹੀਂ ਗੁਰੂ ਅੰਗਦ ਦੇਵ ਜੀ ਗਿਟਕ ਦੇ ਡੂੰਘ ਤੋਂ ਵੀ ਛੋਟਿਆਂ ਕ਼ਿਤ਼ਮੀਰ = ਉਸ ਗਿਟਕ

---

*ਫ਼ਾਰਸੀ ਅ਼ਰਬੀ ਭਾਸ਼ਾ ਵਿੱਚ ਟਿੱਪੀ ਦੀ ਮਾਤਰਾ ਨਹੀਂ ਹੈ। ਅਤੇ ਟਿੱਪੀ ਦੀ ਜਗ੍ਹਾ ਤੇ ਨੂਨੇ (ਵਾ) ਨੰਨੇ ਅੱਖਰ ਦੀ ਵਰਤੋਂ ਹੁੰਦੀ ਹੈ ਇਸ ਲਈ ਨੂਨੇ ਦਾ (ਭਾਵ ਅਰਥ) ਟਿੱਪੀ ਸਮਝਣਾ ਹੈ।



Sri Satguru Jagjit Singh Ji eLibrary NamdhariElibrary@gmail.com

ਦੇ ਅੰਦਰ ਬ੍ਰੀਕ ਧਾਗੇ ਜਿੱਡੇ ਛੋਟਿਆਂ ਕਮਜ਼ੋਰਾਂ ਨੂੰ ਵੀ ਬਖ਼ਸ਼ ਦੇਣ ਵਾਲੇ ਹਨ (ਭਾਵ) = ਬਹੁਤਿਆਂ ਕਮਜ਼ੋਰਾਂ ਨੂੰ ਵੀ ਬਖ਼ਸ਼ ਦੇਣ ਵਾਲੇ ਹਨ) ਅਤੇ ਹਰੇਕ ਛੋਟੇ ਵੱਡੇ ਨੂੰ ਗੁਰੂ ਅੰਗਦ ਦੇਵ ਜੀ ਬ੍ਰਖ਼ਸ਼ ਲੈਣ ਵਾਲੇ ਹਨ।

**ਯਥਾ** = **ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥**

(ਅੰਗ ੨੯੫)

**ਤਥਾ** = **ਕੀੜਾ ਥਾਪਿ ਦੇਇ ਪਾਤਿਸਾਹੀ; ਲਸਕਰ ਕਰੇ ਸੁਆਹ ॥**

(ਅੰਗ ੧੪੪)

**ਨੋਟ** = ਫ਼ਾਰਸੀ ਦੇ ਵਿਦਵਾਨ ਨਕ਼ੀਰੋ ਕਿ਼ਤ਼ਮੀਰ ਦਾ ਇਕੱਠਾ ਅਰਥ = (ਨਕ਼ੀਰੋ) = ਛੋਟਾ ਅਤੇ (ਕਿ਼ਤ਼ਮੀਰ) = ਵੱਡਾ ਵੀ ਕਰਦੇ ਹਨ।

**ਦੂਸਰਾ ਅਰਥ** = ਅਤੇ ਗੁਰੂ ਅੰਗਦ ਦੇਵ ਜੀ ਹਰੇਕ ਨਕ਼ੀਰੋ ਅਦਨਾ = ਬਹੁਤੇ ਛੋਟਿਆਂ ਨੂੰ ਅਤੇ ਕਿ਼ਤ਼ਮੀਰ ਕਬੀਰ = ਬਹੁਤ ਵੱਡਿਆਂ ਨੂੰ ਇੱਕ ਸਮਾਨ ਹੀ ਬਖ਼ਸ਼ ਲੈਂਦੇ ਹਨ।

**ਅਰਥਾਤ** = ਗੁਰੂ ਅੰਗਦ ਦੇਵ ਜੀ ਬਖ਼ਸ਼ਿਸ਼ ਕਰਨ ਵਿੱਚ ਕੋਈ ਊਚ ਨੀਚ ਨਹੀਂ ਕਰਦੇ ਹਨ। ਸਾਰਿਆਂ ਤੇ ਇੱਕ ਸਮਾਨ ਹੀ ਕਿਰਪਾ ਦ੍ਰਿਸ਼ਟੀ ਕਰਦੇ ਹਨ।

**ਤੀਸਰਾ ਅਰਥ** = ਅਤੇ ਗੁਰੂ ਅੰਗਦ ਦੇਵ ਜੀ, ਰੱਬ ਦੀ ਇਬਾਦਤ ਕਰਨ ਵਾਲੇ, ਦੰਦੀ ਵੱਡਣ ਵਾਲੇ ਕੁੱਤੇ ਤੋਂ ਲੈ ਕਰਕੇ, ਹਰੇਕ ਛੋਟੇ ਵੱਡੇ ਨੂੰ ਬਖ਼ਸ਼ ਲੈਣ ਵਾਲੇ ਹਨ।

## ਸਾਖੀ :- ਅਸਹ਼ਾਬ ਕਹਿ਼ਫ ਦੀ

ਤੁਰਕਿਸਤਾਨ ਵਿੱਚ 7 ਧਰਮੀ ਬੰਦੇ ਰਹਿੰਦੇ ਸਨ। ਉੱਥੋਂ ਦਾ ਦਕਯਾ-ਨੂਸ ਨਾਮ ਦਾ ਇੱਕ ਗ਼ੈਰ ਮੁਸਲਮਾਨ ਬਾਦਿਸ਼ਾਹ ਸੀ। ਜੋ ਇਨ੍ਹਾਂ ਧਰਮੀ ਬੰਦਿਆਂ ਨੂੰ ਬਹੁਤ ਤੰਗ ਕਰਦਾ ਸੀ। "ਸੁਣਿਆ ਜਾਂਦਾ ਹੈ ਕਿ ਤੁਰਕਿਸਤਾਨ ਵਿੱਚ ਇਸਲਾਮ ਧਰਮ ਨੂੰ, ਚੰਗੇ ਤਰੀਕੇ ਨਾਲ ਧਾਰਨ ਕਰਨ ਵਾਲੇ, ਪਹਿਲੇ ਇਹ ਸੱਤ ਧਰਮੀ ਬੰਦੇ ਸਨ।"

ਇੱਕ ਵਾਰ ਬਾਦਿਸ਼ਾਹ ਦੇ ਜ਼ਿਆਦਾ ਤੰਗ ਕਰਨ ਉੱਪਰ, ਇਹ ਸੱਤੇ ਆਦਮੀ, (ਜਿਨ੍ਹਾਂ ਦਾ ਨਾਮ ਅਸਹ਼ਾਬ ਕਹਿ਼ਫ ਕਰਕੇ ਜਗਤ-ਪ੍ਰਸਿੱਧ ਹੈ) ਪਹਾੜਾਂ ਦੀਆਂ ਕੰਦਰਾਂ ਵਿੱਚ ਜਾ ਵੱਸੇ। ਇਨ੍ਹਾਂ ਦੇ ਜਾਣ ਪਿੱਛੋਂ, ਦੇਸ਼ ਵਿੱਚ ਬਹੁਤ ਰੌਲਾ ਗੌਲਾ ਹੋਇਆ। ਬਹੁਤਿਆਂ ਨੇ ਇਨ੍ਹਾਂ ਨੂੰ ਲੱਭਣ ਦਾ ਜਤਨ ਵੀ ਕੀਤਾ ਪਰ ਇਹ ਲੱਭੇ ਨਾ। "ਜਦ ਇਹ ਪਹਾੜਾਂ ਵੱਲ ਨੂੰ ਗਏ ਤਾਂ ਇਨ੍ਹਾਂ ਦੇ ਨਾਲ ਇੱਕ ਕੁੱਤਾ ਵੀ ਚਲਿਆ ਗਿਆ। ਜੋ ਕਿ਼ਤ਼ਮੀਰ ਦੇ ਨਾਮ ਨਾਲ ਜਗਤ ਪ੍ਰਸਿੱਧ ਹੈ"। ਸੁਣਿਆ


Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ ਕਿ ਇਹ ਕੁੱਤਾ ਧਰਮੀ ਬੰਦਿਆਂ ਦੇ ਨਾਲ ਰਹਿਣ ਕਰਕੇ, ਰੱਬੀ ਇਬਾਦਤ ਕਰਨ ਵਾਲਾ ਸੀ।

ਪਹਾੜਾਂ ਦੀਆਂ ਕੰਦਰਾਂ ਵਿੱਚ ਜਾ ਕਰਕੇ, ਇਹ ਸਾਰੇ ਹੀ, ਰੱਬੀ ਇਬਾਦਤ ਕਰਕੇ, ਧਰਤੀ ਉੱਪਰ ਲੇਟ ਗਏ। ਅਤੇ 390 ਸਾਲਾਂ ਬਾਅਦ ਜਦ ਇਨ੍ਹਾਂ ਨੂੰ ਭੁੱਖ ਲੱਗੀ ਤਾਂ ਇਹ ਪਹਾੜਾਂ ਦੀਆਂ ਕੰਦਰਾਂ ਤੋਂ ਉੱਠ ਕਰਕੇ ਸ਼ਹਿਰ ਵੱਲ, ਭੋਜਨ ਖਾਣ ਵਾਸਤੇ ਚਲੇ ਗਏ। ਜਦ ਇਹ ਸ਼ਹਿਰ ਵਿੱਚ ਪਹੁੰਚੇ ਤਾਂ ਇਨ੍ਹਾਂ ਨੇ ਇੱਕ ਦੁਕਾਨ ਤੇ ਜਾ ਕਰਕੇ ਭੋਜਨ ਦੀ ਮੰਗ ਕੀਤੀ। ਅਤੇ ਦੁਕਾਨਦਾਰ ਨੂੰ 390 ਸਾਲ ਪੁਰਾਣੀਆਂ ਅਸ਼ਰਫ਼ੀਆਂ ਦਿੱਤੀਆਂ। ਜਦ ਦੁਕਾਨਦਾਰ ਨੇ 390 ਸਾਲ ਪੁਰਾਣੀਆਂ ਅਸ਼ਰਫ਼ੀਆਂ ਦੇਖੀਆਂ ਤਾਂ ਉਹ ਹੈਰਾਨ ਹੋ ਗਿਆ। ਜਦ ਉਸ ਨੂੰ ਉਨ੍ਹਾਂ ਦੀ ਸਾਰੀ ਹਕੀਕਤ ਦਾ ਪਤਾ ਲੱਗਾ :- ਤਾਂ ਉਸਨੇ ਬਹੁਤ ਸਾਰੇ ਲੋਕਾਂ ਵਿੱਚ, ਉਨ੍ਹਾਂ ਦੇ ਆਉਣ ਦਾ ਪ੍ਰਚਾਰ ਕੀਤਾ ਤਾਂ ਸਾਰਿਆਂ ਲੋਕਾਂ ਨੇ ਉਨ੍ਹਾਂ ਦੇ ਆਉਣ ਦਾ ਬਹੁਤ ਹੀ, ਸਵਾਗਤ ਕੀਤਾ।

ਫਿਰ ਉਹ ਭੋਜਨ ਖਾ ਕਰਕੇ ਪਹਾੜਾਂ ਵਿੱਚ ਜਾ ਕਰਕੇ ਲੇਟ ਗਏ। ਅਤੇ ਲੋਕਾਂ ਨੇ ਉਸ ਸਥਾਨ ਤੇ ਮਕਬਰਾ ਬਣਾ ਦਿੱਤਾ। ਅਤੇ "ਜਗਤ ਵਿੱਚ ਹੁਣ ਤੱਕ ਇਹ ਗੱਲ ਪ੍ਰਸਿੱਧ ਹੈ ਕਿ ਉਸ ਮਕਬਰੇ ਤੇ, ਉਸ ਸਮੇਂ ਤੋਂ ਲੈ ਕਰਕੇ ਹੁਣ ਤੱਕ ਸੂਰਜ ਦੀ ਰੋਸ਼ਨੀ ਨਹੀਂ ਪੈਂਦੀ। ਅਤੇ ਪਰਲੋ ਤੱਕ ਇਹ ਅਸਹ਼ਾਬ ਕਹਿਫ਼ ਉਸ ਮਕਬਰੇ ਵਿੱਚ ਸੁੱਤੇ ਰਹਿਣਗੇ ਅਤੇ ਪਰਲੋ ਤੋਂ ਬਾਅਦ ਫਿਰ ਇਹ ਜਾਗਣਗੇ"।

**ਅਰਥਾਤ** = ਸੱਤ ਧਰਮੀ ਬੰਦਿਆਂ ਦੇ ਨਾਲ ਕ਼ਿਤ਼ਮੀਰ ਕੁੱਤੇ ਨੇ ਵੀ ਰੱਬ ਦੀ ਇਬਾਦਤ ਕੀਤੀ ਤਾਂ ਰੱਬ ਨੇ ਉਸਨੂੰ ਬਖ਼ਸ਼ ਦਿੱਤਾ। ਤਾਂ ਹੀ ਉਹ ਕੁੱਤਾ ਹੁਣ ਤੱਕ ਜਗਤ ਪ੍ਰਸਿੱਧ ਹੈ। ਇਸ ਵਾਰਤਾ ਨੂੰ ਸਮਝਾਉਂਦੇ ਹੋਏ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਗੁਰੂ ਅੰਗਦ ਦੇਵ ਜੀ ਰੱਬ ਦੀ ਇਬਾਦਤ ਕਰਨ ਵਾਲੇ, ਦੰਦੀ ਵੱਡਣ ਵਾਲੇ ਕੁੱਤੇ ਤੋਂ ਲੈ ਕਰਕੇ, ਹਰੇਕ ਛੋਟੇ ਵੱਡੇ ਨੂੰ ਬਖ਼ਸ਼ ਲੈਣ ਵਾਲੇ ਹਨ।

**ਚੌਥਾ ਅਰਥ** = ਅਤੇ ਗੁਰੂ ਅੰਗਦ ਦੇਵ ਜੀ ਨੇਕੀ ਦੇ ਰਸਤੇ ਤੋਂ ਇਨਕਾਰ ਕਰਨ ਵਾਲੇ ਸ਼ੈਤਾਨ ਤੋਂ ਲੈ ਕੇ ਕੁੱਤੇ ਤੱਕ (ਅਥਵਾ) = ਨੇਕੀ ਦੇ ਰਸਤੇ ਤੋਂ ਅਨਜਾਨ ਪੁਰਖਾਂ ਤੋਂ ਲੈ ਕਰੇਕ ਆਮ ਕੁੱਤੇ ਤੱਕ, ਹਰੇਕ ਛੋਟੇ ਵੱਡੇ ਨੂੰ ਬਖਸ਼ ਲੈਣ ਵਾਲੇ ਹਨ।

**ਅਰਥਾਤ** = ਕੁੱਤਿਆਂ ਜਿੱਡੀ ਨੀਚ ਤਾਈ ਰੱਖਣ ਵਾਲਿਆਂ ਨੂੰ ਵੀ, ਗੁਰੂ ਅੰਗਦ ਦੇਵ ਜੀ ਬਖ਼ਸ਼ ਲੈਣ ਵਾਲੇ ਹਨ। ਅਤੇ ਬਹੁਤਿਆਂ ਵੱਡਿਆਂ ਛੋਟਿਆਂ ਨੀਚਾਂ ਨੂੰ ਵੀ ਬਖ਼ਸ਼ ਲੈਣ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

(ੳ) ਕਾਫ਼ੇ ਫ਼ਾਰਸੀਅਸ਼, ਕਾਮਰਾਨੇ.ਈਵਾਨੇ ਅਜ਼ਲ ;

(ਅ) ਵ ਗੀਹਾਨੇ ਖ਼ਦੀਵੇ; ਲਮ-ਯਜ਼ਲ ॥

(**ਉਚਾਰਨ** = ਲਮ-ਯਜ਼ਲ ਯੱਈਆ ਪੂਰਾ ਬੋਲੋ)

**ਪਦ ਅਰਥ** = ਕਾਫ਼ੇ = ਕੱਕਾ/ਫ਼ਾਰਸੀਅਸ਼ = ਫ਼ਾਰਸੀ (ਅਸ਼) = ਉਸ/(ਨੋਟ = ਅ਼ਰਬੀ ਵਿੱਚ ਗਾਫ਼ = ਗੱਗਾ ਅੱਖਰ ਨਹੀਂ ਹੈ ਇਸ ਲਈ ਅ਼ਰਬੀ ਵਿੱਚ ਗਾਫ਼ = ਗੱਗੇ ਅੱਖਰ ਦੇ ਸਥਾਨ ਉੱਪਰ ਕਾਫ਼ = ਕੱਕੇ ਅੱਖਰ ਦਾ ਹੀ ਪ੍ਰਯੋਗ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਦੇ ਨਾਮ ਵਿੱਚ ਪਵਿੱਤਰ ਕੱਕਾ ਅੱਖਰ ਨਹੀਂ ਹੈ ਇਸ ਲਈ ਕੱਕੇ ਅੱਖਰ ਤੋਂ ਗੱਗਾ ਅੱਖਰ ਸਮਝਣਾ ਇਹ ਭਾਈ ਸਾਹਿਬ ਜੀ ਨੇ ਅ਼ਰਬੀ ਦਾ ਨਿਯਮ ਏਥੇ ਲਿਖਿਆ ਹੈ)/ ਕਾਮਰਾਨੇ = ਕਾਮਯਾਬੀ/ ਈਵਾਨੇ = ਦਰਬਾਰ/ ਅਜ਼ਲ = ਸਦਾ ਰਹਿਣ ਵਾਲਾ/ਵ = ਅਤੇ/ਗੀਹਾਨੇ = ਬਾਦਸ਼ਾਹ/ ਖ਼ਦੀਵੇ = ਬਾਦਸ਼ਾਹ/ਲਮ-ਯਜ਼ਲ = ਸਦਾ ਰਹਿਣ ਵਾਲਾ/

**ਅਰਥ** = (ੳ) ਗੁਰੂ ਅੰਗਦ ਦੇਵ ਜੀ ਦੇ ਪਵਿੱਤਰ ਨਾਮ ਦਾ ਕਾਫ਼ = ਕੱਕਾ (ਭਾਵ) ਗੱਗਾ ਅੱਖਰ ਇਹ ਉਪਦੇਸ਼ ਬਖ਼ਸ਼ਦਾ ਹੈ ਕਿ:- ਗੁਰੂ ਅੰਗਦ ਦੇਵ ਜੀ ਦਾ ਸੱਚਾ ਦਰਬਾਰ ਸਦਾ ਰਹਿਣ ਵਾਲਾ ਹੈ ਜੇਕਰ ਉਸ ਸੱਚੇ ਦਰਬਾਰ ਵਿੱਚ ਕੋਈ ਭਾਵਨਾ ਨਾਲ ਚੱਲ ਕੇ ਆਵੇ ਤਾਂ ਸਤਿਗੁਰੂ ਜੀ ਉਸਨੂੰ ਕਾਮਯਾਬੀ ਬਖ਼ਸ਼ ਦਿੰਦੇ ਹਨ।

**ਅਰਥਾਤ** = ਗੁਰੂ ਅੰਗਦ ਦੇਵ ਜੀ ਦਾ ; ਕਾਮਯਾਬੀ ਬਖ਼ਸ਼ਣ ਵਾਲਾ ਦਰਬਾਰ; ਸਦਾ ਅਟੱਲ ਰਹਿਣ ਵਾਲਾ ਹੈ।

(ਅ) ਅਤੇ ਗੱਗਾ ਅੱਖਰ ਇਹ ਵੀ ਉਪਦੇਸ਼ ਬਖ਼ਸ਼ਦਾ ਹੈ ਕਿ ਗੁਰੂ ਅੰਗਦ ਦੇਵ ਜੀ ਸਦਾ ਰਹਿਣ ਵਾਲੇ ਬਾਦਸ਼ਾਹਾਂ ਦੇ ਬਾਦਸ਼ਾਹ ਹਨ।

(ੳ) ਦਾਲੇ ਆਖ਼ਿਰਸ਼, ਦਵਾਏ ਦਰਦੋ ਅਲਮ ;

(ਅ) ਵ ਬਰਤਰ, ਅਜ਼ ਬੇਸ਼ੋ ਕਮ ॥ ੫੪ ॥

**ਪਦ ਅਰਥ** = ਦਾਲੇ = ਦੱਦਾ ਅੱਖਰ/ਆਖ਼ਿਰਸ਼ = (ਆਖ਼ਿਰ) + ਅਸ਼) ਉਨ੍ਹਾਂ ਦੇ ਨਾਮ ਦੇ ਆਖ਼ਿਰੀ ਅੱਖਰ/ਦਵਾਏ = ਦਵਾਈ/ਦਰਦੋ = ਦਰਦਾਂ/ ਅਲਮ = ਚੋਟ ਲੱਗਣ ਨਾਲ ਹੋਣ ਵਾਲਾ ਦੁੱਖ (ਭਾਵ) ਦੁੱਖ/ ਵ = ਅਤੇ/ਬਰਤਰ = ਬਹੁਤ ਉੱਚੀ/ਅਜ਼ = ਕ੍ਰਿਆ ਵਿਸ਼ੇਸ਼ਨ/ ਬੇਸ਼ੋ = ਵੱਧ/ਕਮ = ਘਟ/



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਉਨ੍ਹਾਂ ਦੇ ਪਵਿੱਤਰ ਨਾਮ ਦਾ ਆਖ਼ਿਰੀ ਦੱਦਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਦਰਦਾਂ ਅਤੇ ਦੁੱਖਾਂ ਦੀ ਦਵਾਈ ਹਨ।

(ਅ) ਅਤੇ (ਐਸੀ ਦਵਾਈ ਹਨ ਜੋ ਦਵਾਈ; ਸਭ ਦਵਾਈਆਂ ਤੋਂ) ਉੱਚੀ ਹੈ। ਜੋ ਹਰੇਕ) ਵੱਧ ਘੱਟ (ਰੋਗ ਦੇ ਉੱਪਰ ਅਸਰ ਕਰਨ ਵਾਲੀ ਹੈ)

**ਅਰਥਾਤ** = ਜੋ ਹਰੇਕ ਵੱਡੇ ਅਮੀਰ ਅਤੇ ਛੋਟੇ ਗ਼ਰੀਬਾਂ ਦੇ ਉੱਪਰ ਅਸਰ ਕਰਨ ਵਾਲੀ ਹੈ (ਅਥਵਾ) ਹਰੇਕ ਨੂੰ ਅਸਰ ਪਹੁੰਚਾਉਣ ਵਾਲੀ ਹੈ।

**ਸਾਖੀ :- ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿਤ ਕ੍ਰਿਆ ਦੀ**

ਕਵੀ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਥਾ ਕਥਨ ਕਰਦਿਆਂ ਹੋਇਆਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ਪਹਿਲੀ ਅਤੇ ਅੰਸੂ ਦਸ ਵਿੱਚ ਲਿਖਿਆ ਹੈ ਕਿ ਸਤਿਗੁਰੂ ਗੁਰੂ ਅੰਗਦ ਦੇਵ ਜੀ ਹਰ ਰੋਜ਼ ਅੰਮ੍ਰਿਤ ਵੇਲੇ ਜਾਗਿਆ ਕਰਦੇ ਸਨ ਅਤੇ ਇਸ਼ਨਾਨ ਪਾਨ ਕਰਕੇ ਅਗੂੜ ਸਮਾਧੀ ਲਗਾ ਕੇ ਆਪਣੇ ਨਿੱਜੀ ਸਰੂਪ ਵਿੱਚ ਲੀਨ ਹੋ ਜਾਇਆ ਕਰਦੇ ਸਨ। ਅਤੇ ਸਤਿਗੁਰੂ ਸਾਹਿਬ ਜੀ ਦੇ ਦਰਵਾਜ਼ੇ ਉੱਪਰ ਅਨੇਕਾਂ ਹੀ ਰੋਗੀ, ਪਿੰਗਲੇ, ਕੋੜ੍ਹੀ ਆ ਕਰਕੇ ਬੈਠ ਜਾਇਆ ਕਰਦੇ ਸਨ ਅਤੇ ਮਨ ਵਿੱਚ ਐਸੀ ਭਾਵਨਾ ਰੱਖਦੇ ਸਨ ਕਿ ਸਤਿਗੁਰੂ ਸਾਹਿਬ ਜੀ ਜਦ ਸਮਾਧੀ ਵਿੱਚੋਂ ਉਥਾਨ ਹੋਣਗੇ ਤਾਂ ਸਤਿਗੁਰੂ ਸਾਹਿਬ ਜੀ ਦੇ ਮੇਹਰਾਂ ਨਾਲ ਭਰੇ ਹੋਏ ਨੇਤਰਾਂ ਦੀ ਜਦ ਸਾਡੇ ਉੱਪਰ ਦ੍ਰਿਸ਼ਟੀ ਪਵੇਗੀ ਤਾਂ ਸਾਡੇ ਰੋਗ ਨਾਸ ਹੋ ਜਾਣਗੇ। ਏਸੇ ਤਰ੍ਹਾਂ ਹੀ ਸਤਿਗੁਰੂ ਗੁਰੂ ਅੰਗਦ ਦੇਵ ਜੀ ਜਦ ਸਮਾਧੀ ਵਿੱਚੋਂ ਜਾਗਦੇ ਤਾਂ ਉਨ੍ਹਾਂ ਰੋਗੀਆਂ, ਪਿੰਗਲਿਆਂ, ਕੋੜ੍ਹੀਆਂ ਦੇ ਉੱਪਰ ਸੂਰਜ ਦੀ ਪਹਿਲੀ ਕਿਰਨ ਵਾਂਗ ਆਪਣੇ ਕਿਰਪਾ ਭਰੇ ਨੇਤਰਾਂ ਦੀ ਦ੍ਰਿਸ਼ਟੀ ਪਾਉਂਦੇ ਤਾਂ ਉਨ੍ਹਾਂ ਦੇ ਵੱਡੇ ਤੋਂ ਵੱਡੇ ਰੋਗ ਨਾਸ ਹੋ ਜਾਂਦੇ। ਏਸ ਭਾਵ ਨੂੰ ਲੈ ਕਰਕੇ ਭਾਈ ਸਾਹਿਬ ਜੀ ਉਪਰੋਕਤ ਕਥਨ ਕਰ ਰਹੇ ਹਨ ਕਿ ਸਤਿਗੁਰੂ ਸਾਹਿਬ ਜੀ ਵੱਡੇ ਤੋਂ ਵੱਡੇ ਦੁੱਖਾਂ ਅਤੇ ਦਰਦਾਂ ਦੀ ਦਵਾਈ ਹਨ।


Sri Satguru Jagjit Singh Ji eLibrary NamdhariElibrary@gmail.com

**ਵਾਹਿਗੁਰੂ ਜੀਉ ਸਤ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ।**

**(ੳ) ਗੁਰੂ ਅੰਗ਼ਦ ਆਂ ; ਮੁਰਸ਼ਿ-ਦੁਲ ਆ਼ਲਮੀਂ ॥**

**(ਅ) ਜ਼ਿ ਫ਼ਜ਼ਲੇ ਅਹ਼ਦ ; ਰਹ਼ਮ-ਤੁਲ ਮੁਜ਼-ਨਬੀਂ ॥੫੫॥**

**ਪਦ ਅਰਥ** = ਆਂ = ਉਹ (ਭਾਵ) ਗੁਰੂ ਅੰਗਦ ਦੇਵ ਜੀ/ਮੁਰਸ਼ਿਦ = ਗੁਰੂ/ ਉਲ = ਕ੍ਰਿਆ ਵਿਸ਼ੇਸ਼ਨ/ਆ਼ਲਮੀਨ = ਸੰਸਾਰੀਆਂ/ਜ਼ਿ=ਨਾਲ/ ਫ਼ਜ਼ਲੇ = ਕਿਰਪਾ/ਅਹ਼ਦ = ਰੱਬ/ਰਹ਼ਮਤ = ਕਿਰਪਾ ਕਰਨ ਵਾਲਾ/ ਮੁਜ਼-ਨਬੀਨ = ਗੁਨਹਗਾਰ, ਪਾਪੀਆਂ/

**ਅਰਥ** = **(ੳ)** ਗੁਰੂ ਅੰਗਦ ਦੇਵ ਜੀ ਸੰਸਾਰੀਆਂ ਦੇ ਗੁਰੂ ਹਨ।

**(ਅ)** ਅਤੇ ਰੱਬ ਦੀ ਮਿਹਰ ਨਾਲ ਪਾਪੀਆਂ ਦੇ ਉੱਪਰ ਕਿਰਪਾ ਕਰਨ ਵਾਲੇ ਹਨ।

**(ੳ) ਦੋ ਆ਼ਲਮ ਚਿਹ; ਬਾਸ਼ਦ ਹਜ਼ਾਰਾ ਜਹਾਂ ॥**

**(ਅ) ਤੁਫ਼ੈਲੇ ਕਰਮ-ਹਾਏ; ੳ ਕਾਮਰਾਂ ॥੫੬॥**

**ਪਦ ਅਰਥ** = ਆ਼ਲਮ = ਜਹਾਨ/ਚਿਹ = ਕੀ/ਬਾਸ਼ਦ = ਹੋ ਗਏ ਹਨ/ਜਹਾਨ = ਜਗਤ/ਤੁਫ਼ੈਲੇ = ਕਿਰਪਾ/ਕਰਮ-ਹਾਏ = ਬਹੁਤੀਆਂ ਬਖ਼ਸ਼ਿਸ਼ਾਂ/ ੳ=ਉਨ੍ਹਾਂ /ਕਾਮਰਾਨ = ਕਾਮਯਾਬੀਆਂ/

**ਅਰਥ** = **(ੳ)** ਦੋ ਜਹਾਨ ਕੀ ਚੀਜ਼ ਹਨ ਹਜ਼ਾਰਾਂ ਜਹਾਨ ਹੋ ਗਏ ਹਨ।

**(ਅ)** ਉਨ੍ਹਾਂ ਦੇ ਪਾਸੋਂ ਕਿਰਪਾਵਾਂ ਅਤੇ ਬਹੁਤੀਆਂ ਬਖ਼ਸ਼ਿਸ਼ਾਂ ਅਤੇ ਕਾਮਯਾਬੀਆਂ ਲੈਣ ਦੇ ਹੱਕਦਾਰ॥

**(ੳ) ਵਜੂਦਸ਼ ਹਮਹ ; ਫ਼ਜ਼ਲੋ ਫ਼ੈਜ਼ੇ ਕਰੀਮ ॥**

**(ਅ) ਜ਼ਿ ਹ਼ੱਕ਼ ਆਮਦੋ ; ਹਮ ਬ-ਹ਼ੱਕ਼ ਮੁਸਤ-ਕ਼ੀਮ ॥੫੭॥**

**ਪਦ ਅਰਥ** = ਵਜੂਦਸ਼ = (ਵਜੂਦ + ਅਸ਼) ਉਨ੍ਹਾਂ ਦਾ ਵਜੂਦ/ਹਮਹ = ਸਾਰਾ/ ਫ਼ਜ਼ਲੋ=ਕਿਰਪਾ/ਫ਼ੈਜ਼ੇ=ਮਿਹਰ/ਕਰੀਮ = ਕ੍ਰਿਪਾਲੂ (ਵ) ਬਖਸਣਹਾਰ /ਜ਼ਿ = ਤੋਂ/ਹ਼ੱਕ਼ = ਰੱਬ/ ਆਮਦੋ = ਆਇਆ; ਆਏ/ਹਮ = ਸਾਰੇ/ ਬ-ਹ਼ੱਕ਼ = ਵਾਹਿਗੁਰੂ/ਮੁਸਤ-ਕ਼ੀਮ = ਸਿੱਧੇ/

**ਅਰਥ** = **(ੳ)** ਉਨ੍ਹਾਂ ਦਾ ਸਾਰਾ ਵਜੂਦ, ਬਖ਼ਸ਼ਣਹਾਰ ਰੱਬ ਦੀ ਕਿਰਪਾ ਤੇ ਮਿਹਰ (ਤੋਂ ਬਣਿਆ) ਹੈ।

**(ਅ)** ਗੁਰੂ ਅੰਗਦ ਦੇਵ ਜੀ ਵਾਹਿਗੁਰੂ ਤੋਂ (ਧਰਤੀ ਉੱਪਰ ਪ੍ਰਗਟ ਰੂਪ ਵਿੱਚ) ਆਏ ਹਨ ਅਤੇ ਵਾਹਿਗੁਰੂ ਦੇ ਸਾਰੇ (ਹੁਕਮਾਂ ਉੱਪਰ) ਸਿੱਧੇ ਹੋ ਕਰਕੇ ਚਲਦੇ ਹਨ।



Sri Satguru Jagjit Singh Ji eLibrary NamdhariElibrary@gmail.com

**ਅਰਥਾਤ** = ਵਾਹਿਗੁਰੂ ਦੇ ਸਾਰੇ ਹੁਕਮ ਸਿਰ ਮੱਥੇ ਮੰਨਦੇ ਹਨ ਅਤੇ ਉਨ੍ਹਾਂ ਹੁਕਮਾਂ ਉੱਪਰ ਕਰੜਾ ਪਹਿਰਾ ਦਿੰਦੇ ਹਨ।

**(ੳ) ਹਮਹ ਆਸ਼ਕਾਰੋ; ਨਿਹਾਂ ਜ਼ਾਹਿਰਸ਼ ॥**

**(ਅ) ਬਤੂਨੋ ਅ਼ਯਾਂ ; ਜੁਮਲ-ਗੀ ਬਾਹਿਰਸ਼ ॥੫੮॥**

(**ਉਚਾਰਨ** = ਅ਼ੱਇਆਂ ਬੋਲੋ)

**ਪਦ ਅਰਥ** = ਹਮਹ = ਸਾਰੇ/ਆਸ਼ਕਾਰੋ = ਪ੍ਰਗਟ/ਨਿਹਾਂ = ਗੁਪਤ/ਜ਼ਾਹਿਰਸ਼ = ਪ੍ਰਤੱਖ/ਬਤੂਨੋ = ਛਪੇ ਹੋਏ/ਅ਼ਯਾਂ=ਖੁੱਲ੍ਹੇ ਹੋਏ/ਜੁਮਲਗੀ = ਸਾਰੇ/ ਬਾਹਿਰਸ਼ = ਉਨ੍ਹਾਂ ਦੇ ਵਾਸਤੇ/

**ਅਰਥ** = (**ੳ**) ਸਭ ਪ੍ਰਗਟ (ਦੁਨੀਆਂ ਵਾਲੇ) ਅਤੇ ਗੁਪਤ (ਦੇਵਤੇ) ਉਨ੍ਹਾਂ ਨੂੰ ਪ੍ਰਤੱਖ ਹਨ।

(**ਅ**) ਸਾਰੇ ਛਪੇ ਹੋਏ ਭੇਦ ਅਤੇ ਖੁਲ੍ਹੇ ਹੋਏ ਭੇਦ ਉਨ੍ਹਾਂ ਦੇ ਵਾਸਤੇ ਪ੍ਰਤੱਖ ਹੀ ਹਨ।

**(ੳ) ਚੋ ਵੱਸਾਫ਼ੇ ਓ, ਜ਼ਾਤੇ ਹੱਕ਼ ਆਮਦਹ ॥**

**(ਅ) ਸਿਫ਼ਾਯਸ਼ ਜ਼ਿ; ਕ਼ੁਦਸੇ ਵਰਕ਼ ਆਮਦਹ ॥੫੯॥**

(**ਉਚਾਰਨ** = ਕ਼ੁਦ-ਸੇ ਇਕੱਠਾ ਬੋਲੋ)

**ਪਦ ਅਰਥ** = ਚੋ = ਜਦ/ਵੱਸਾਫ਼ੇ = ਉਸਤਤ/ਓ = ਉਨ੍ਹਾਂ ਦੀ/ਜ਼ਾਤੇ = ਹਸਤੀ (ਭਾਵ) ਗੁਰਬਾਣੀ/ਹੱਕ਼ = ਰੱਬ/ਆਮਦਹ = ਆਈ ਹੈ/ਸਿਫ਼ਾਯਸ਼ = ਉਨ੍ਹਾਂ ਦੀ ਸਿਫ਼ਤ/ਜ਼ਿ = ਨਾਲ, ਰਾਹੀਂ/ਕ਼ੁਦਸੇ = ਪਵਿੱਤਰ/ਵਰਕ਼= ਬਾਣੀ, ਜੋ ਪੇਜ਼ਾਂ ਤੇ ਲਿਖੀ ਹੈ/ਆਮਦਹ = ਆਈ ਹੈ।

**ਅਰਥ** = (**ੳ**) ਜਦ ਰਬ ਦੀ ਜ਼ਾਤੀ ਗੁਰਬਾਣੀ ਉਨ੍ਹਾਂ ਦੀ ਸਿਫ਼ਤ ਕਰਨ ਵਾਲੀ ਹੋ ਕੇ ਧਰਤੀ ਤੇ ਆਈ ਹੈ।

(**ਅ**) (ਭਾਵ) ਰੱਬ ਦੁਆਰਾ ਗੁਰੂ ਅੰਗਦ ਸਾਹਿਬ ਦੀ ਪਵਿੱਤਰ ਉਸਤਤ; (ਜਦ) ਵਰਕਿਆਂ ਤੇ ਲਿਖੀ ਹੋਈ (ਵਾ) = ਗੁਰਬਾਣੀ ਰੂਪ ਹੋ ਕਰਕੇ ਧਰਤੀ ਤੇ ਆਈ ਹੈ।

**(ੳ) ਜ਼ਿ ਵਸਫ਼ਸ਼; ਜ਼ਬਾਨੋ ਦੋ ਆ਼ਲਮ ਕਸੀਰ ॥**

**(ਅ) ਬਵਦ ਤੰਗ; ਪੇਸ਼ਸ਼ ਫ਼ਜ਼ਾਏ ਜ਼ਮੀਰ ॥੬੦॥**

**ਪਦ ਅਰਥ** = ਜ਼ਿ = ਤੋਂ/ਵਸਫ਼ਸ਼ = ਉਨ੍ਹਾਂ ਦੀ ਸਿਫ਼ਤ/ਆ਼ਲਮ = ਜਹਾਨਾਂ/ ਕਸੀਰ = ਬਹੁਤ ਜ਼ਿਆਦਾ/ਬਵਦ = ਹੁੰਦਾ ਹੈ/ਪੇਸ਼ਸ਼ = ਉਨ੍ਹਾਂ ਦੇ ਸਾਹਮਣੇ/ਫ਼ਜ਼ਾਏ = ਮੈਦਾਨ, ਅੱਗੇ ਵਧਣਾ, ਲਾਇਕ, ਖੁੱਲੀ ਜਗ੍ਹਾ/ਜ਼ਮੀਰ = ਦਿਲ/



Sri Satguru Jagjit Singh Ji eLibrary NamdhariElibrary@gmail.com

**ਅਰਥ** = (**ੳ**) (ਤਾਂ ਹੀ) ਉਨ੍ਹਾਂ ਦੀ ਸਿਫ਼ਤ; ਦੋਹਾਂ ਜਹਾਨਾਂ ਦੀਆਂ ਜੀਭਾਂ ਤੋਂ ਕਿਤੇ ਵੱਧ ਹੈ

**ਅਰਥਾਤ** = ਉਨ੍ਹਾਂ ਦੀ ਸਿਫ਼ਤ ਕਰਨ ਵਿੱਚ ਦੋ ਜਹਾਨਾਂ ਦੀਆਂ ਜੀਭਾਂ ਵੀ ਅਸਮਰੱਥ ਹਨ।

(**ਅ**) (ਮਨੁੱਖੀ) ਦਿਲ ਦਾ ਮੈਦਾਨ ਉਨ੍ਹਾਂ ਦੀ (ਉਸਤਤ) ਦੇ ਸਾਹਮਣੇ (ਤਾਂ ਹੀ) ਤੰਗ ਹੁੰਦਾ ਹੈ

**ਅਰਥਾਤ** = ਮਨੁੱਖੀ ਦਿਲ ਉਨ੍ਹਾਂ ਦੀ ਸੰਪੂਰਨ ਸਿਫ਼ਤ ਨਹੀਂ ਕਰ ਸਕਦਾ।

**(ੳ) ਹਮਾ ਬਿਹ, ਕਿ ਖ਼੍ਵਾਹੇਮ; ਅਜ਼ ਫ਼ਜ਼ਲੇ ਊ ॥**

**(ਅ) ਜ਼ਿ ਅਲਤ਼ਾਫ਼ੇ ਅਕਰਾਮ; ਹ਼ੱਕ਼ ਬਜ਼ਲੇ ਊ ॥੯੧॥**

(**ਉਚਾਰਨ** = ਖ਼੍ਵਾਹੇਮ ਦਾ ਵਾਵਾ ਸਾਈਲੈਂਟ ਕਰਕੇ ਖ਼ਾਹੇਮ ਬੋਲੋ ਅਤੇ ਅੱਲ-ਤ਼ਾਫ਼ੇ ਇਕੱਠਾ ਬੋਲੋ)

**ਪਦ ਅਰਥ** = ਹਮਾ = ਸਾਰਾ (ਭਾਵ) ਬਹੁਤਾ/ਬਿਹ = ਚੰਗਾ/ਕਿ = ਜੋ/ਖ਼੍ਵਾਹੇਮ = (ਖ਼੍ਵਾਹ + ਏਮ)=(ਏਮ) ਮੈਂ (ਖ਼੍ਵਾਹ)=ਚਾਹ ਕਰਕੇ/ਅਜ਼ = ਤੋਂ/ਫ਼ਜ਼ਲੇ = ਕਿਰਪਾ/ਊ=ਉਨ੍ਹਾਂ/ਜ਼ਿ=ਤੋਂ/ਅਲਤ਼ਾਫ਼ੇ=ਮਿਹਰਬਾਨੀਆਂ/ਅਕਰਾਮ = ਇੱਜ਼ਤ/ਹ਼ੱਕ਼ = ਰੱਬੀ/ਬਜ਼ਲੇ = ਬਖ਼ਸ਼ਿਸ਼ਾਂ/ਊ = ਉਨ੍ਹਾਂ/

**ਅਰਥ** = (**ੳ**) (ਇਸ ਲਈ) ਬਹੁਤ ਚੰਗਾ ਇਹ ਹੈ ਕਿ ਮੈਂ ਚਾਹ ਕਰਕੇ ਉਨ੍ਹਾਂ ਤੋਂ ਕਿਰਪਾ ਪ੍ਰਾਪਤ ਕਰਾਂ

(**ਅ**) ਅਤੇ ਉਨ੍ਹਾਂ ਤੋਂ ਮਿਹਰਬਾਨੀਆਂ ਇੱਜ਼ਤਾਂ ਅਤੇ ਰੱਬੀ ਬਖ਼ਸ਼ਿਸ਼ਾਂ ਪ੍ਰਾਪਤ ਕਰਾਂ॥

**(ੳ) ਸਰੇ ਮਾ; ਬ-ਪਾਯਸ਼ ਬਵਦ, ਬਰ ਦਵਾਮ ॥**

**(ਅ) ਨਿਸਾਰਸ਼; ਦਿਲੋ ਜਾਨੇ ਮਾ, ਮੁਸਤ-ਦਾਮ ॥੯੨॥**

**ਪਦ ਅਰਥ** = ਸਰੇ = ਸਿਰ/ਮਾ = ਮੇਰਾ/ਪਾਯਸ਼ = ਉਨ੍ਹਾਂ ਦੇ ਚਰਨਾਂ/ਬਵਦ=ਹੋਵੇ/ ਬਰ= ਉੱਪਰ/ਦਵਾਮ = ਹਮੇਸ਼ਾ/ਨਿਸਾਰਸ਼ = (ਨਿਸਾਰ + ਅਸ਼) ਉਨ੍ਹਾਂ ਤੋਂ ਕੁਰਬਾਨ/ਮਾ=ਮੇਰੀ/ ਮੁਸਤਦਾਮ = ਹਮੇਸ਼ਾ/

**ਅਰਥ** = (**ੳ**) ਅਤੇ (ਮੈਂ ਚਾਹੁੰਦਾ ਹਾਂ) ਕਿ ਮੇਰਾ ਸਿਰ ਉਨ੍ਹਾਂ ਦੇ ਚਰਨਾਂ ਉੱਪਰ ਸਦਾ (ਕੁਰਬਾਨ) ਹੋਵੇ॥

(**ਅ**) ਅਤੇ ਮੇਰੀ ਜਾਨ ਤੇ ਦਿਲ; ਉਨ੍ਹਾਂ ਤੋਂ ਸਦਾ ਹੀ ਕੁਰਬਾਨ ਹੋਵੇ॥



Sri Satguru Jagjit Singh Ji eLibrary NamdhariElibrary@gmail.com

(ਜੀਵਨ ਬਿਉਰਾ)

## ਤੀਜੀ ਪਾਤਿਸ਼ਾਹੀ

| | |
|---|---|
| **ਨਾਮ** | : ਸਤਿਗੁਰੂ ਅਮਰਦਾਸ ਜੀ, ਭੱਲੇ ਵੰਸ। ਸ੍ਰੀ ਰਾਮ ਚੰਦਰ ਜੀ ਦੇ ਭਾਈ ਭਰਥ ਦੇ ਪੁੱਤ੍ਰ ਭੱਲਣ ਤੋਂ ਭੱਲੇ ਵੰਸ ਚਲੀ। |
| **ਅਵਤਾਰ ਧਾਰਨ ਪਿੰਡ** | : ਬਾਸਰ ਕੇ (ਸੰਨ੍ਹ ਸਾਹਿਬ) ਜ਼ਿਲ੍ਹਾ ਸ੍ਰੀ ਅੰਮ੍ਰਿਤਸਰ |
| **ਅਵਤਾਰ ਧਾਰਨ ਸੰਮਤ** | : ੧੫੨੬ ਬਿ: ਵੈਸਾਖ ਸੁਦੀ ਚੌਦਸ, ਦਿਨ ਸ਼ੁਕਰਵਾਰ ੫ ਮਈ ੧੪੬੯ ਈ:। ਨਛੱਤ੍ਰ ਕ੍ਰਿਤਕਾ। |
| **ਮਾਤਾ ਪਿਤਾ** | : ਮਾਤਾ ਲਛਮੀ ਜੀ (ਰੂਪ ਕੌਰ ਜੀ ਗਿਲਵਾਲੀ ਪਿੰਡ ਤੋਂ) ਪਿਤਾ ਬਾਬਾ ਤੇਜ ਭਾਨ ਜੀ। |
| **ਮਹਲ** | : ਮਾਤਾ ਰਾਮੋ ਜੀ, ਖੇਮ ਕਰਨ ਤੋਂ। ਵਿਆਹ ੧੭ ਮੱਘਰ ੧੫੫੬ ਬਿ:। |
| **ਗੱਦੀ ਸਮਾਂ** | : ੧੬੦੯ ਬਿ: ਚੇਤ੍ਰ ਵਦੀ ਏਕਮ, ਖਡੂਰ ਸਾਹਿਬ, ਪਾਤਿਸ਼ਾਹੀ ਦੂਸਰੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ, ੨੫ ਮਾਰਚ ੧੫੫੨ ਈ:। |
| **ਜੋਤੀ ਜੋਤਿ ਸਮਾਉਣਾ** | : ੧੬੩੧ ਬਿ: ਭਾਦਰੋਂ ਸੁਦੀ ਪੂਰਨਮਾਸੀ ਗੋਇੰਦਵਾਲ ਸਾਹਿਬ, ੧ ਅਕਤੂਬਰ ੧੫੭੪ ਈ:। |
| **ਸਪੁੱਤ੍ਰ** | : ਬਾਬਾ ਮੋਹਣ ਜੀ ਜਨਮ ੧੫੭੫ ਬਿ:, ਬਾਬਾ ਮੋਹਰੀਜੀ ਜਨਮ ੧੫੭੯ ਬਿ:, ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਜਨਮ ੧੫੯੩ ਬਿ:। |
| **ਸਾਰੀ ਅਵਸਥਾ** | : ਇੱਕ ਸੌ ਪੰਜ ਬਰਸ, ਚਾਰ ਮਹੀਨੇ, ਇੱਕ ਦਿਨ |
| **ਗੁਰਿਆਈ ਸਮਾਂ** | : ਇੱਕੀ ਬਰਸ, ਪੰਜ ਮਹੀਨੇ, ਚੌਦਾਂ ਦਿਨ |
| **ਹਕੂਮਤ** | : ਹਮਾਯੂੰ ਤੇ ਅਕਬਰ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : ਗੋਇੰਦਵਾਲ ੧੫੫੨ ਈ: |
| **ਬਾਣੀ** | : ੯੦੭ ਸ਼ਬਦ, ੧੨ ਰਾਗਾਂ ਵਿੱਚ ਬਾਣੀ : ਅਨੰਦ ਸਾਹਿਬ : ਗੁਰੂ ਜੀ ਦੇ ਪੜਪੋਤੇ ਸੁੰਦਰ ਜੀ ਨੇ ਸੱਦ ਬਾਣੀ ਰਚੀ। ਬਾਬਾ ਮੋਹਨ ਜੀ ਨੇ ਪੋਥੀਆਂ ਸੰਭਾਲ ਕੇ ਰੱਖੀਆਂ ਸਨ। |



Sri Satguru Jagjit Singh Ji eLibrary NamdhariElibrary@gmail.com

**ਸਲਤ਼ਨਤੇ ਸੋਇਮ.**

**ਅਰਥ** = ਹੁਣ ਭਾਈ ਸਾਹਿਬ ਜੀ, ਤੀਸਰੀ ਪਾਤਿਸ਼ਾਹੀ ਗੁਰੂ ਅਮਰਦਾਸ ਜੀ ਦੀ ਉਸਤਤ ਕਰਦੇ ਹਨ

**(ੳ) ਸਲਤ਼ਨਤੇ ਸੋਇਮਸ਼, ਸੁਲਤ਼ਾਨੇ ਮੁਮਾਲਿਕੇ ਹ਼ੱਕ-ਪਰਵਰੀ;**

**(ਅ) ਵ ਮੁਹ਼ੀਤ਼ੇ ਆ਼ਲਮੇ, ਕਰਾਮਤ ਗੁਸ-ਤਰੀ ॥**

**ਪਦ ਅਰਥ** = ਸਲਤ਼ਨਤੇ = ਪਾਤਿਸਾਹੀ/ਸੋਇਮਸ਼ = (ਸੋਇਮ + ਅਸ਼) ਉਨ੍ਹਾਂ ਤੀਸਰੀ (ਭਾਵ ਅਰਥ) ਗੁਰੂ ਨਾਨਕ ਦੇਵ ਜੀ ਦੀ ਤੀਸਰੀ/ ਸੁਲਤ਼ਾਨੇ=ਬਾਦਿਸ਼ਾਹੀ/ਮੁਮਾਲਿਕੇ = ਦੇਸਾਂ/ਹ਼ੱਕ-ਪਰਵਰੀ= ਸਚਾਈ ਨੂੰ ਮੰਨਣ ਵਾਲਾ, ਸਚਾਈ ਨੂੰ ਪਾਲਣ ਵਾਲਾ/ਵ = ਅਤੇ/ ਮੁਹ਼ੀਤ਼ੇ = ਘੇਰਿਆ ਹੋਇਆ/ਆ਼ਲਮੇ = ਦੁਨੀਆਂ/ ਕਰਾਮਤ = ਸ਼ਕਤੀ/ਗੁਸਤਰੀ = ਦਿਖਾਅ ਕਰਕੇ/

**ਅਰਥ** = (ੳ) ਗੁਰੂ ਨਾਨਕ ਦੇਵ ਜੀ ਦੀ ਤੀਸਰੀ ਪਾਤਿਸ਼ਾਹੀ, ਗੁਰੂ ਅਮਰਦਾਸ ਜੀ ਦੇ ਪਾਸ, ਸਚਾਈ ਨੂੰ ਪਾਲਣ ਵਾਲੀ, ਸਾਰੇ ਦੇਸ਼ਾਂ ਦੀ ਬਾਦਿਸ਼ਾਹੀ ਹੈ।

**ਅਰਥਾਤ** = ਸਤਿਗੁਰੂ ਗੁਰੂ ਅਮਰਦਾਸ ਜੀ ਨੇ ਸਾਰੇ ਦੇਸ਼ਾਂ ਵਿੱਚ ਸਚਾਈ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਕਿਸੇ ਵੀ ਦੇਸ਼ ਵਿੱਚੋਂ ਜੋ ਵੀ ਗੁਰੂ ਅਮਰਦਾਸ ਜੀ ਦੇ ਪਾਸ ਉਪਦੇਸ਼ ਲੈਣ ਲਈ ਆਇਆ ਤਾਂ ਗੁਰੂ ਜੀ ਨੇ ਉਸਨੂੰ ਸਚਾਈ ਨੂੰ ਮੰਨਣ (ਅਥਵਾ) ਪਾਲਣ ਦਾ ਹੀ ਉਪਦੇਸ਼ ਦਿੱਤਾ।

**(ਅ)** ਅਤੇ ਸਾਰੀ ਦੁਨੀਆਂ ਨੂੰ ਆਪਣੀ ਸ਼ਕਤੀ ਵਿਖਾਅ ਕੇ ਘੇਰਿਆ ਹੋਇਆ ਹੈ।

**ਅਰਥਾਤ** = ਗੁਰੂ ਅਮਰਦਾਸ ਜੀ ਨੇ ਸ਼ਕਤੀ ਆਪਣਾ ਜਸ ਕਰਵਾਉਣ ਲਈ ਨਹੀਂ ਦਿਖਾਈ। ਬਲਕਿ ਸ਼ਕਤੀ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਦਿਖਾਈ ਹੈ। ਜਿਵੇਂ ਗੁਰੂ ਜੀ ਨੇ ਬਜ਼ੁਰਗ ਮਾਈ ਦੇ ਪੁੱਤਰ ਨੂੰ ਤੇਈਏ ਦੀ ਗ੍ਰਿਫ਼ਤ ਵਿੱਚੋਂ ਛੁਡਾ ਕੇ ਗੁਰੂ ਕਿਆਂ ਸਿੱਖਾਂ ਨੂੰ ਅਤੇ ਬਜ਼ੁਰਗ ਮਾਈ ਨੂੰ; ਗੁਰਸਿੱਖੀ (ਵ) ਨਾਮ ਜਪਣ ਦਾ ਭਲਾ ਉਪਦੇਸ਼ ਬਖ਼ਸ਼ਿਆ।

**ਸਾਖੀ :- ਤੇਈਏ ਤਾਪ ਦੀ**

ਸਤਿਗੁਰੂ ਗੁਰੂ ਅਮਰਦਾਸ ਸਾਹਿਬ ਜੀ ਸ੍ਰੀ ਗੋਇੰਦਵਾਲ ਬਿਰਾਜਮਾਨ ਸਨ। ਇਕ ਰਾਤ ਦੀ ਗੱਲ ਹੈ, ਗੁਰੂ ਜੀ ਰੋਜ਼ ਦੀ ਤਰ੍ਹਾਂ ਬਿਰਾਜਮਾਨ ਸਨ। ਨਗਰ ਦੇ


Sri Satguru Jagjit Singh Ji eLibrary NamdhariElibrary@gmail.com

ਇਕ ਘਰੋਂ ਬੜੀ ਦੁੱਖ ਭਰੀ ਵੈਣ ਪਾਉਣ ਦੀ ਅਵਾਜ਼ ਆਉਣ ਲੱਗ ਪਈ। ਗੁਰੂ ਜੀ ਨੇ ਆਪਣੇ ਸੇਵਕ ਭਾਈ ਬੱਲੂ ਨੂੰ ਕਿਹਾ, "ਜਾ ਕੇ ਪਤਾ ਕਰੋ, ਇਹ ਕੌਣ ਰੋਂਦੀ ਹੈ ਤੇ ਕਿਉਂ ਰੋਂਦੀ ਹੈ" ਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਬੱਲੂ ਨੇ ਸਾਰਾ ਪਤਾ ਕੀਤਾ। ਆ ਕੇ ਗੁਰੂ ਜੀ ਨੂੰ ਦੱਸਿਆ, "ਇਕ ਵਿਧਵਾ ਬਜ਼ੁਰਗ ਮਾਈ ਦਾ ਇਕਲੌਤਾ ਪੁੱਤਰ ਤੇਈਏ ਤਾਪ ਨੇ ਦੁੱਖ ਦੇ ਕੇ ਮਾਰ ਦਿੱਤਾ।"

ਗੁਰੂ ਜੀ ਨੇ ਕਿਹਾ, "ਮਾਈ ਆਪਣੇ ਪੁੱਤਰ ਨੂੰ ਸਵੇਰੇ ਸਾਡੇ ਕੋਲ ਲਿਆਵੇ। ਉਸ ਦਾ ਪੁੱਤਰ ਜੀਅ ਪਵੇਗਾ। ਹੁਣ ਵਿਰਲਾਪ ਨਾ ਕਰੇ। ਅਸੀਂ ਤੇਈਏ ਨੂੰ ਕੈਦ ਵਿਚ ਪਾਵਾਂਗੇ।" ਭਾਈ ਬੱਲੂ ਨੇ ਜਾ ਕੇ ਉਸ ਮਾਈ ਨੂੰ ਕਿਹਾ, "ਮਾਤਾ! ਹੁਣ ਤੂੰ ਨਾ ਰੋ। ਸਵੇਰੇ ਆਪਣੇ ਪੁੱਤਰ ਨੂੰ ਗੁਰੂ ਜੀ ਕੋਲ ਲੈ ਆਵੀਂ।" ਇਹ ਸੁਣ ਕੇ ਮਾਈ ਨੂੰ ਕੁਝ ਧੀਰਜ ਹੋਈ।

ਸਵੇਰੇ ਉਸ ਮਾਈ ਨੇ ਆਪਣਾ ਪੁੱਤਰ ਲਿਆ ਕੇ ਗੁਰੂ ਜੀ ਦੇ ਬੂਹੇ ਅੱਗੇ ਲੰਮੇ ਪਾ ਦਿੱਤਾ। ਗੁਰੂ ਜੀ ਨੇ ਬਾਹਰ ਆ ਕੇ ਆਪਣਾ ਚਰਨ ਉਸ ਬਾਲਕ ਦੇ ਮੱਥੇ 'ਤੇ ਲਾਇਆ ਤਾਂ ਬਾਲਕ ਉਸੇ ਵੇਲੇ ਜਿਉਂਦਾ ਹੋ ਗਿਆ। ਅਤੇ ਗੁਰੂ ਅਮਰਦਾਸ ਜੀ ਨੇ ਬਜ਼ੁਰਗ ਮਾਈ ਤੇ ਬੇਅੰਤ ਗੁਰਸਿੱਖਾਂ ਨੂੰ ਨਾਮ ਜਪਣ, ਸ਼ੁਭ ਕੰਮ ਕਰਨ ਅਤੇ ਗੁਰੂ ਨਾਨਕ ਦੇਵ ਜੀ ਦੇ ਲੜ ਲੱਗਣ ਲਈ ਉਪਦੇਸ਼ ਦਿੱਤਾ। ਗੁਰੂ ਜੀ ਦਾ ਭਲਾ ਉਪਦੇਸ਼ ਲੈ ਕਰਕੇ; ਗੁਰੂ ਨਾਨਕ ਦੇਵ ਜੀ ਦਾ ਜੱਸ ਕਰਦੀ ਹੋਈ ਮਾਈ ਆਪਣੇ ਪੁੱਤਰ ਨੂੰ ਲੈ ਕੇ ਖ਼ੁਸ਼ੀ ਖ਼ੁਸ਼ੀ ਘਰ ਨੂੰ ਚਲੀ ਗਈ।

ਫਿਰ ਗੁਰੂ ਜੀ ਨੇ ਤੇਈਏ ਤਾਪ ਨੂੰ ਸੱਦਿਆ। ਉਹ ਗੁਰੂ ਜੀ ਕੋਲ ਬੱਚਿਆਂ ਵਰਗਾ ਸਰੀਰ ਧਾਰ ਕੇ ਆਇਆ। ਗੁਰੂ ਜੀ ਨੇ ਉਸ ਦੇ ਹੱਥਾਂ ਪੈਰਾਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਲੋਹੇ ਦੇ ਪਿੰਜਰੇ ਵਿਚ ਪਾ ਕੇ, ਇਕ ਕਮਰੇ ਵਿਚ ਕੈਦ ਕਰ ਦਿੱਤਾ (ਗੋਇੰਦਵਾਲ ਸਾਹਿਬ ਜਿਸ ਕਮਰੇ ਵਿਚ ਤੇਈਏ ਤਾਪ ਨੂੰ ਗੁਰੂ ਜੀ ਨੇ ਕੈਦ ਕੀਤਾ ਸੀ, ਉਹ ਹੁਣ ਵੀ ਮੌਜੂਦ ਹੈ।) ਗੁਰੂ ਜੀ ਨੇ ਕਿਹਾ, "ਅਸੀਂ ਕਿਹਾ ਸੀ, "ਜਿਤਨਾ ਚਿਰ ਸਾਡਾ ਸਰੀਰ ਹੈ, ਉਤਨਾ ਚਿਰ ਇਸ ਪੁਰੀ ਵਿਚ ਕੋਈ ਨਹੀਂ ਮਰੇਗਾ। ਇਸ ਨੇ ਸਾਡਾ ਪ੍ਰਣ ਤੋੜਿਆ ਹੈ, ਇਸ ਕਰਕੇ ਇਸ ਨੂੰ ਸਜ਼ਾ ਦੇਣੀ ਹੀ ਬਣਦੀ ਹੈ।"

ਤੇਈਆ ਤਾਪ ਗੁਰੂ ਜੀ ਦੇ ਬਚਨਾਂ ਕਰਕੇ ਸੰਗਲਾਂ ਨਾਲ ਬੰਨ੍ਹਿਆ ਗਿਆ। ਭੁੱਖ ਨਾਲ ਉਸ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ। ਉਹ ਆਉਂਦੇ ਜਾਂਦੇ ਸਿੱਖਾਂ ਅੱਗੇ ਪੁਕਾਰ ਕਰਦਾ। ਮੈਨੂੰ ਕੋਈ ਪਰਉਪਕਾਰੀ ਸਿੱਖ ਕਿਰਪਾ ਕਰ ਕੇ ਇਸ ਕੈਦ ਵਿਚੋਂ ਛੁਡਾਵੇ। ਜੋ ਪੁਰਾਣੇ ਸਿੱਖ ਗੁਰੂ ਜੀ ਪਾਸ ਰਹਿੰਦੇ ਸਨ। ਉਹ ਉਸ ਦਾ ਭੇਦ ਜਾਣਦੇ ਸਨ। ਇਸ ਕਰਕੇ ਉਹ ਉਸ ਦੇ ਪਾਸ ਨਹੀਂ ਜਾਂਦੇ ਸਨ।



Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਡੱਲੇ ਤੋਂ ਗੁਰੂ ਜੀ ਦੇ ਦਰਸ਼ਨਾਂ ਨੂੰ ਸੰਗਤ ਆਈ। ਭੇਟਾ ਅਰਪ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬੈਠ ਗਈ। ਗੁਰੂ ਜੀ ਨੇ ਸਾਰਿਆਂ ਦੀ ਸੁੱਖ-ਸਾਂਦ ਪੁੱਛੀ। ਉਹਨਾਂ ਦੇ ਨਾਲ ਭਾਈ ਲਾਲੋ ਜੀ ਤੇ ਭਾਈ ਪਾਰੋ ਜੀ ਵੀ ਸਨ। ਉਹਨਾਂ ਨੇ ਕੁਝ ਕੁ ਦਿਨ ਰਹਿ ਕੇ ਸੇਵਾ ਕੀਤੀ। ਭਾਈ ਲਾਲੋ ਨੇ ਗੁਰੂ ਜੀ ਦੀ ਕੈਦ ਵਿਚ ਇਕ ਬਾਲਕ ਨੂੰ ਤੜਫਦਾ ਵੇਖਿਆ। ਇਹ ਵੇਖ ਕੇ ਭਾਈ ਲਾਲੋ ਦੇ ਮਨ ਵਿਚ ਦਇਆ ਆ ਗਈ। ਇਸ ਕਰਕੇ ਉਸ ਨੇ ਗੁਰੂ ਜੀ ਅੱਗੇ ਅਰਦਾਸ ਕੀਤੀ, "ਸੱਚੇ ਪਾਤਿਸ਼ਾਹ ਜੀ! ਆਪ ਦਇਆ ਦੇ ਸਮੁੰਦਰ ਹੋ। ਆਪ ਜੀ ਦੇ ਹਜ਼ੂਰ ਇਹ ਬਾਲਕ ਭੁੱਖ ਪਿਆਸ ਨਾਲ ਤੜਫ ਰਿਹਾ ਹੈ। ਕਿਰਪਾ ਕਰਕੇ ਇਸ ਦੀ ਬੰਦ-ਖਲਾਸੀ ਕਰੋ। ਉਹ ਛੁੱਟਣ ਵਾਸਤੇ ਬਹੁਤ ਬੇਨਤੀਆਂ ਕਰ ਰਿਹਾ ਹੈ।"

ਗੁਰੂ ਜੀ ਨੇ ਕਿਹਾ, "ਭਾਈ ਲਾਲੋ! ਇਸ ਨੂੰ ਬਾਲਕ ਨਾ ਸਮਝ, ਇਹ ਤਾਂ ਬੁਰੀ ਬਲਾ ਹੈ। ਜੇ ਤੂੰ ਇਸ ਨੂੰ ਛੁਡਾਉਣਾ ਚਾਹੁੰਦਾ ਹੈਂ ਤਾਂ ਆਪਣੇ ਨਾਲ ਹੀ ਲੈ ਜਾਵੀਂ।" ਗੁਰੂ ਜੀ ਨੇ ਕਿਹਾ, "ਅਸੀਂ ਇਸ ਨੂੰ ਛੱਡਣਾ ਤਾਂ ਨਹੀਂ ਸੀ, ਪਰ ਤੇਰੇ ਕਹਿਣ ਤੇ ਛੱਡ ਦਿੰਦੇ ਹਾਂ। ਮੁੜ ਕੇ ਸਾਡੇ ਵੱਲ ਨਾ ਆਵੇ।" ਇਸ ਤਰ੍ਹਾਂ ਭਾਈ ਲਾਲੋ ਨੇ ਉਸ ਦੀ ਬੰਦ ਖਲਾਸੀ ਕਰਾ ਲਈ। ਗੁਰੂ ਜੀ ਤੋਂ ਵਿਦਾਇਗੀ ਲੈ ਕੇ ਤੇਈਏ ਤਾਪ ਨੂੰ ਨਾਲ ਲੈ ਕੇ ਚੱਲ ਪਏ। ਜਦੋਂ ਸੁਲਤਾਨਪੁਰ ਦੇ ਲਾਗੇ ਗਏ ਤਾਂ ਤੇਈਏ ਤਾਪ ਨੇ ਭਾਈ ਲਾਲੋ ਜੀ ਨੂੰ ਹੱਥ ਜੋੜ ਕੇ ਕਿਹਾ, "ਮੈਂ ਬਹੁਤ ਦਿਨਾਂ ਦਾ ਕੁਝ ਨਹੀਂ ਖਾਧਾ, ਮੈਨੂੰ ਬਹੁਤ ਭੁੱਖ ਲੱਗੀ ਹੈ। ਜਿਸ ਕਰਕੇ ਮੈਥੋਂ ਤੁਰਿਆ ਨਹੀਂ ਜਾਂਦਾ। ਮੈਨੂੰ ਆਗਿਆ ਦਿਓ। ਮੈਂ ਕੁਝ ਖਾ ਕੇ ਆਵਾਂ। ਫਿਰ ਤੁਹਾਡੇ ਨਾਲ ਛੇਤੀ ਤੁਰ ਪਵਾਂਗਾ।"

ਭਾਈ ਲਾਲੋ ਨੇ ਕਿਹਾ, "ਇੱਥੇ ਉਜਾੜ ਵਿੱਚ ਕੀ ਖਾਏਂਗਾ। ਅੱਗੇ ਨਗਰ ਵਿਚ ਜਾ ਕੇ ਤੈਨੂੰ ਭੋਜਨ ਛਕਾਵਾਂਗੇ। ਕੋਈ ਦੂਰ ਨਹੀਂ, ਨੇੜੇ ਹੈ।" ਬਾਲਕ ਨੇ ਕਿਹਾ, "ਮੇਰਾ ਅਹਾਰ ਇੱਥੇ ਹੈ। ਤੁਹਾਡੀ ਆਗਿਆ ਤੋਂ ਬਿਨਾਂ ਮੈਂ ਖਾ ਨਹੀਂ ਸਕਦਾ।" ਭਾਈ ਲਾਲੋ ਨੇ ਕਿਹਾ, "ਜੇ ਤੇਰਾ ਅਹਾਰ ਇੱਥੇ ਹੈ ਤਾਂ ਖਾ ਲੈ। ਅਸੀਂ ਥੋੜ੍ਹਾ ਸਮਾਂ ਠਹਿਰ ਜਾਂਦੇ ਹਾਂ।" ਉੱਥੇ ਲਾਗੇ ਵੇਈ ਵਿਚ ਧੋਬੀ ਕੱਪੜੇ ਧੋ ਰਿਹਾ ਸੀ। ਤੇਈਆ ਤਾਪ ਉਸਨੂੰ ਜਾ ਚੜ੍ਹਿਆ। ਧੋਬੀ ਕੰਬਦਾ ਹੋਇਆ ਡਿੱਗ ਪਿਆ। ਉੱਥੇ ਇਕ ਟੁੱਟਾ ਘੜਾ ਪਿਆ ਸੀ। ਉਸ ਦੇ ਠੀਕਰੇ ਵਿਚ ਧੋਬੀ ਦਾ ਖ਼ੂਨ ਨਿਚੋੜ ਕੇ ਭਾਈ ਲਾਲੋ ਨੂੰ ਵਿਖਾ ਕੇ ਕਹਿਣ ਲੱਗਾ, "ਇਹ ਮੇਰਾ ਅਹਾਰ ਹੈ। ਮੈਂ ਬਹੁਤ ਦਿਨਾਂ ਦਾ ਭੁੱਖਾ ਸੀ। ਹੁਣ ਇਸ ਨੂੰ ਪੀਵਾਂਗਾ।" ਇਹ ਕਹਿ ਕੇ ਉਸ ਨੇ ਉਹ ਲਹੂ ਪੀ ਲਿਆ। ਆਖਣ ਲੱਗਾ, "ਆਪ ਜੀ ਦੀ ਕਿਰਪਾ ਨਾਲ ਹੁਣ ਮੈਂ ਬਚ



Sri Satguru Jagjit Singh Ji eLibrary NamdhariElibrary@gmail.com

ਗਿਆ ਹਾਂ।"

ਇਹ ਵੇਖ ਕੇ ਭਾਈ ਲਾਲੋ ਜੀ ਨੇ ਤੇਈਏ ਤਾਪ ਨੂੰ ਕਿਹਾ, "ਮੈਂ ਤੈਨੂੰ ਗੁਰੂ ਜੀ ਦੀ ਕੈਦ ਵਿਚੋਂ ਐਵੇਂ ਛੁਡਾ ਕੇ ਲਿਆਇਆ ਹਾਂ। ਤੂੰ ਤਾਂ ਲੋਕਾਂ ਨੂੰ ਦੁਖ ਦੇਣ ਵਾਲੀ ਬੁਰੀ ਬਲਾ ਹੈਂ। ਇਹ ਭੋਜਨ ਅਸੀਂ ਤੈਨੂੰ ਕਿੱਥੋਂ ਦੇਣਾ ਹੈ। ਤੂੰ ਕੈਦ ਵਿਚ ਹੀ ਠੀਕ ਸੀ।" ਭਾਈ ਲਾਲੋ ਜੀ ਨੇ ਉਸ ਨੂੰ ਸੁਲਤਾਨਪੁਰ ਲੋਧੀ ਲਾਗੇ ਆਪਣੇ ਪਿੰਡ ਡੱਲੇ ਲਿਜਾ ਕੇ ਇਕ ਕੋਠੜੀ ਵਿਚ ਕੈਦ ਕਰ ਦਿੱਤਾ। (ਉੱਥੇ ਉਹ ਕੋਠੜੀ ਹੁਣ ਵੀ ਮੌਜੂਦ ਹੈ)

ਜਦੋਂ ਉਸ ਨੂੰ ਕੋਠੜੀ ਵਿਚ ਬੰਦ ਪਿਆਂ ਕੁਝ ਕੁ ਸਮਾਂ ਹੋਇਆ ਤਾਂ ਉਸ ਨੇ ਭਾਈ ਲਾਲੋ ਜੀ ਅੱਗੇ ਤਰਲੇ ਕੱਢੇ, "ਮੈਨੂੰ ਛੱਡ ਦਿਉ, ਮੈਂ ਤੁਹਾਡਾ ਅਹਿਸਾਨ ਕਦੀ ਨਹੀਂ ਭੁੱਲਾਂਗਾ। ਮੇਰਾ ਧਰਮ ਹੋਇਆ, ਮੇਰੀ ਤੇ ਆਪ ਜੀ ਨਾਲ ਜੋ ਵਾਰਤਾ ਹੋਈ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਨਾਮ ਲੈ ਕੇ ਇਸ ਸਾਖੀ ਨੂੰ ਜੋ ਵੀ ਪੜ੍ਹੇ ਅਤੇ ਸੁਣੇਗਾ, ਜਿਸ ਨੂੰ ਮੈਂ ਚੜ੍ਹਿਆ ਹੋਵਾਂਗਾ, ਇਹ ਪ੍ਰਸੰਗ ਸੁਣ ਕੇ ਮੈਂ ਉਸ ਨੂੰ ਛੇਤੀ ਛੱਡ ਜਾਵਾਂਗਾ।" ਉਸ ਦੀ ਬੇਨਤੀ ਸੁਣ ਕੇ ਭਾਈ ਲਾਲੋ ਨੇ ਉਸ ਨੂੰ ਛੱਡ ਦਿਤਾ।

ਸੋ ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਸ਼ਕਤੀ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਦਿਖਾਈ ਨਾ ਕਿ ਆਪਣੀ ਸੋਭਾ ਵਾਸਤੇ ਦਿਖਾਈ ਹੈ।

**(ੳ) ਮਲਕੁਲ-ਮੌਤੇ, ਗ਼ਾਲਿਬ ਮਗ਼ਲੂਬਸ਼ ;**

**(ਅ) ਵ ਸੁਲਤ਼ਾਨੇ ਮਲਕੂਤ, ਮੁਹ਼ਾਸਿਬ ਮਹ਼ਸੂਬਸ਼ ॥**

**ਪਦ ਅਰਥ** = ਮਲਕੁਲਮੌਤੇ = ਮੌਤ ਦਾ ਦੇਵਤਾ/ਗ਼ਾਲਿਬ-ਮਗ਼ਲੂਬ = ਜ਼ੋਰ ਪਾਉਣ ਵਾਲੇ ਨੂੰ ਗ਼ਾਲਿਬ ਕਹਿੰਦੇ ਹਨ ਅਤੇ ਜ਼ੋਰ ਸਹਿਣ ਵਾਲੇ ਨੂੰ ਮਗ਼ਲੂਬ ਕਹਿੰਦੇ ਹਨ, ਜਿਸ ਤਰ੍ਹਾਂ ਬਿੱਲੀ ਅਤੇ ਸ਼ੇਰ ਗ਼ਾਲਿਬ ਹੈ ਅਤੇ ਚੂਹਾ ਤੇ ਹਿਰਨ ਮਗ਼ਲੂਬ ਹੈ/ਗ਼ਾਲਿਬ = ਭਾਰੀ (ਵ) ਜਿੱਤਿਆ/ ਮਗ਼ਲੂਬਸ਼ = (ਮਗ਼ਲੂਬ + ਅਸ਼) ਹੌਲਾ (ਵ) ਹਾਰਿਆ (ਅਸ਼) = ਉਨ੍ਹਾਂ ਦੇ/ਵ = ਅਤੇ/ਮਲਕੂਤ = ਦੇਵਤਿਆਂ ਫਿਰਿਸ਼ਤਿਆਂ/ ਮੁਹ਼ਾਸਿਬ = ਹਿਸਾਬ, ਸਾਥੀ, ਦਰਬਾਰੀ/ਮਹ਼ਸੂਬ = ਗਿਨਣ ਵਾਲਾ ਅਸ਼ = ਉਹ (ਭਾਵ ਅਰਥ) ਗੁਰੂ ਅਮਰਦਾਸ ਜੀ/

**ਅਰਥ** = (ੳ) ਭਾਰੀ ਮੌਤ ਦਾ ਦੇਵਤਾ ਵੀ, ਉਨ੍ਹਾਂ ਦੇ ਅੱਗੇ ਹੌਲਾ ਹੈ ਅਥਵਾ = ਹਾਰਿਆ ਹੋਇਆ ਹੈ

**ਅਰਥਾਤ** = ਗੁਰੂ ਅਮਰਦਾਸ ਜੀ ਮੌਤ ਦੇ ਦੇਵਤੇ ਤੇ ਵੀ ਭਾਰੀ ਹਨ ਉਹ ਵੀ ਗੁਰੂ ਜੀ ਦੇ ਅੱਗੇ ਸੀਸ ਨਿਵਾਉਂਦਾ ਹੈ।



Sri Satguru Jagjit Singh Ji eLibrary NamdhariElibrary@gmail.com

(ਅ) ਅਤੇ ਗੁਰੂ ਅਮਰਦਾਸ ਜੀ ਦੇਵਤਿਆਂ ਦੇ ਬਾਦਸ਼ਾਹ ਇੰਦਰ ਦਾ ਵੀ ਹਿਸਾਬ ਗਿਨਣ ਵਾਲੇ ਹਨ।

(ਭਾਵ) = ਇੰਦਰ ਵੀ ਉਨ੍ਹਾਂ ਦਾ ਆਜਿਜ਼ ਹੈ।

**ਦੂਸਰਾ ਅਰਥ**= ਦੇਵਤਿਆਂ ਦੇ ਵਿਚੋਂ, ਦੁਨੀਆਂ ਦੇ ਲੋਕਾਂ ਦਾ, ਹਿਸਾਬ ਗਿਨਣ ਵਾਲਾ ਬਾਦਸ਼ਾਹ ਧਰਮਰਾਜ ਵੀ, ਉਨ੍ਹਾਂ ਦੇ ਹੁਕਮ ਹੇਠ ਹੀ ਹੈ।

**(ੳ) ਪੈਰਾਯਹ ਫ਼ਰੋਗ਼ੇ ਆਂ, ਹਰ-ਦੋ ਮਸ਼ਅ਼ਲੇ ਹ਼ੱਕ਼;**

**(ਅ) ਹ਼ੱਕ਼ ਵ ਇਬ-ਤਿ-ਸਾਮੇ, ਹਰ ਗ਼ੁੰਚ-ਹਏ ਬਸਤਹ ਵਰਕ਼ ॥**

(**ਉਚਾਰਨ** = ਪੈਰਾਇਅਹ ਅਤੇ ਇਬ-ਤਿ-ਸਾਮੇ ਇਕੱਠਾ ਬੋਲੋ)

**ਪਦ ਅਰਥ** = ਪੈਰਾਯਹ = ਸਜਾਵਟ, ਸ਼ਿੰਗਾਰ, ਢੰਗ, ਲਿਬਾਸ/ਫ਼ਰੋਗ਼ੇ = ਰੋਸ਼ਨ, ਤਰੱਕੀ/ਆਂ = ਉਨ੍ਹਾਂ/ਹਰ-ਦੋ = ਦੋਹਾਂ/ਮਸ਼ਅ਼ਲੇ = ਮਸ਼ਾਲ, ਦੀਵੇ/ ਹ਼ੱਕ਼ = ਸਚਾਈ/ਵ = ਅਤੇ/ਹ਼ੱਕ਼= ਰੱਬ (ਭਾਵ) ਗੁਰੂ ਅਮਰਦਾਸ ਜੀ/ਇਬਤਿਸਾਮੇ = [ਸ਼ਾਨ + ਇ + ਪੰਜਾਬ ਵਾਂਗ ਇਹ ਲਫ਼ਜ਼ ਇਕੱਠਾ ਹੀ ਬੋਲੋ] ਖਿੜਾਉਣ ਵਾਲੀ, ਮੁਸਕ੍ਰਾਹਟ/ਹਰ = ਹਰੇਕ/ ਗ਼ੁੰਚ-ਹਏ = ਕਲੀਆਂ/ਬਸਤਹ = ਬੱਧੀਆ/ਵਰਕ਼ = ਪੱਤਿਆਂ/

**ਅਰਥ** = (ੳ) (ਗੁਰੂ ਅਮਰਦਾਸ ਜੀ ਦੀ ਮੂਰਤੀ) ਉਨ੍ਹਾਂ ਦੋਹਾਂ (ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ) ਦੀ ਸਚਾਈ ਦੀਆਂ ਮਸ਼ਾਲਾਂ ਦੀ ਸਜਾਵਟ ਨੂੰ; ਰੋਸ਼ਨ ਕਰਨ ਵਾਲੀ ਹੈ।

**ਅਰਥਾਤ** = ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੋ ਸਚਾਈ ਦੀਆਂ ਮਸ਼ਾਲਾਂ ਹਨ ਅਤੇ ਉਨ੍ਹਾਂ ਦੁਆਰਾ ਕੀਤਾ ਸਚਾਈ ਦਾ ਪ੍ਰਚਾਰ, ਮਸ਼ਾਲਾਂ ਦੀ ਸਜਾਵਟ ਹੈ। ਗੁਰੂ ਅਮਰਦਾਸ ਜੀ ਨੇ ਸਚਾਈ ਦਾ ਪ੍ਰਚਾਰ, ਹੋਰ ਅੱਗੇ ਵਧਾ ਕਰਕੇ, ਮਸ਼ਾਲਾਂ ਦੀ ਸਜਾਵਟ ਨੂੰ; ਹੋਰ ਰੋਸ਼ਨ ਕੀਤਾ ਹੈ॥

(ਅ) ਗੁਰੂ ਅਮਰਦਾਸ ਜੀ ਦੀ (ਮੁਸਕ੍ਰਾਹਟ) ਹਰੇਕ ਪੱਧਤਿਆਂ ਵਿੱਚ ਬੱਧੀ ਕਲੀ ਨੂੰ (ਵਾ) = ਬੰਦ ਪੰਖੜੀਆਂ ਵਾਲੀਆਂ ਕਲੀਆਂ ਨੂੰ ਖਿੜਾਉਣ ਵਾਲੀ ਹੈ।

**ਅਰਥਾਤ** = ਗੁਰੂ ਜੀ ਦੀ ਮੁਸਕ੍ਰਾਹਟ ; ਹਰੇਕ ਘੁੱਟੇ ਦਿਲ ਨੂੰ ਆਤਮਰਸ ਵਿੱਚ ਖੇੜਨ ਵਾਲੀ ਹੈ।

**(ੳ) ਨਖ਼ੁਸਤੀਂ ਅਲਿਫ਼ੇ, ਨਾਮੇਂ ਕ਼ੁਦਸੀ-ਅਸ਼;**

**ਆਰਾਮ ਬਖ਼ਸ਼ੇ, ਹਰ ਆਵਾਰਹ ;**



Sri Satguru Jagjit Singh Ji eLibrary NamdhariElibrary@gmail.com

**(ਅ) ਵ ਮੀਮੇ ਫ਼ੱਰੁਖ਼ ਤਨ-ਜ਼ੀਮਸ਼; ਮੁਸਤ-ਮਆ਼ਨੇ, ਹਰ ਬੇਚਾਰਹ ॥**

(**ਉਚਾਰਨ** = ਨਖ਼ੁੱਸਤੀਂ ਅਤੇ ਮੁਸਤ-ਮਆ਼ਨੇ ਨੂੰ ਐੜਾ ਦੱਬ ਕੇ ਮੁਸਤ-ਮਾਨੇ ਬੋਲੋ)

**ਪਦ ਅਰਥ** = ਨਖ਼ੁਸਤੀਨ = ਪਹਿਲਾ/ਅਲਿਫ਼ੇ = ਐੜਾ/ਨਾਮੋ = ਨਾਮ/ਕੁਦਸੀ-ਅਸ਼ = ਉਨ੍ਹਾਂ ਦੇ ਪਵਿੱਤਰ/ਆਰਾਮ = ਟਿਕਾਅ/ਬਖ਼ਸ਼ੇ = ਦੇਣ ਵਾਲਾ/ਹਰ = ਹਰੇਕ/ਆਵਾਰਹ = ਨਿਥਾਵੇਂ ਨੂੰ/ਵ = ਅਤੇ/ਮੀਮੇ = ਮੰਮਾ/ਫ਼ੱਰੁਖ਼ = ਮੁਬਾਰਿਕ/ਤਨਜ਼ੀਮਸ਼=(ਤਨਜ਼ੀਮ+ਅਸ਼) ਉਨ੍ਹਾਂ ਦਾ ਪ੍ਰਬੰਧ ਕਰਨਾ, ਜੋੜ, ਇਕੱਠ/ਮੁਸਤ-ਮਆ਼ਨੇ = ਕਾਮਯਾਬੀ/ ਹਰ = ਹਰੇਕ/ਬੇਚਾਰਹ = ਨਿਮਾਣੇ/

**ਅਰਥ** = (ੳ) ਉਨ੍ਹਾਂ ਦੇ ਪਵਿੱਤਰ ਨਾਮ ਦਾ ਪਹਿਲਾ ਐੜਾ ; ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਹਰੇਕ ਨਿਥਾਵੇਂ ਨੂੰ ਅਰਾਮ ਦੇਣ ਵਾਲੇ ਹਨ। (ਅਥਵਾ) = ਟਿਕਾਉ (ਜਾਂ) ਇੱਜ਼ਤ ਦੇਣ ਵਾਲੇ ਹਨ।

(ਅ) ਉਨ੍ਹਾਂ ਦੇ ਮੁਬਾਰਿਕ ਨਾਮ ਦਾ ਪ੍ਰਬੰਧ ਕਰਨ ਵਾਲਾ ਮੰਮਾ (ਅਥਵਾ) = ਪਵਿੱਤਰ ਨਾਮ ਦਾ ਇਕੱਠ ਕਰਵਾਉਣ ਵਾਲਾ ਮੰਮਾ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਅਮਰਦਾਸ ਜੀ ਹਰੇਕ ਨਿਮਾਣੇ ਨੂੰ ਕਾਮਯਾਬੀ ਦੇਣ ਵਾਲੇ ਹਨ।

**ਅਰਥਾਤ** = ਗੁਰੂ ਅੰਗਦ ਦੇਵ ਜੀ ਨੇ ਪ੍ਰਸੰਨ ਹੋ ਕੇ ਜੋ ਗੁਰੂ ਅਮਰਦਾਸ ਜੀ ਨੂੰ 12 ਵਰ ਦਿੱਤੇ ਸਨ ਨਿਮਾਂਣਿਆਂ ਦੇ ਮਾਨ, ਨਿਥਾਵਿਆਂ ਦੇ ਥਾਨ ਇਤਿਆਦਿਕ, ਭਾਈ ਸਾਹਿਬ ਜੀ ਉਨ੍ਹਾਂ ਦਾ ਜ਼ਿਕਰ ਏਥੇ ਕਰ ਰਹੇ ਹਨ।

**(ੳ) ਰਾਏ ਮੈਮਨਤ, ਆਰਾਇਸ਼ ਰਿਆਜ਼ੇ-ਜਾਵੀਦ ;**

**(ਅ) ਵ ਦਾਲੇ, ਸਆ਼ਦਤ ਇਸ਼ਤਮਾਲਸ਼ ; ਦਸਤਗੀਰੇ ਹਰ ਨਾ ਉਮੀਦ ॥**

(**ਉਚਾਰਨ** = ਮੈ-ਮਨਤ ਇਕੱਠਾ ਬੋਲੋ)

**ਪਦ ਅਰਥ** = ਰਾਏ = ਰਾਰਾ/ਮੈਮਨਤ = ਪਵਿੱਤਰ/(ਆਰਾਇ+ਅਸ਼) ਸਜਾਵਟ (ਅਸ਼)=ਉਹਨਾਂ /ਰਿਆਜ਼ੇ-ਜਾਵੀਦ = ਸਦਾ ਰਹਿਣ ਵਾਲਾ ਬਾ਼ਗ/ ਵ = ਅਤੇ/ਦਾਲੇ=ਦੱਦਾ/ਸਆ਼ਦਤ=ਨੇਕ ਭਗਤੀ/ਇਸ਼ਤਿਮਾਲਸ਼ = (ਇਸ਼ਤਮਾਲ+ਅਸ਼) (ਇਸ਼ਤਮਾਲ) = ਸ਼ਾਮਲ ਕਰਨਾ, ਜੋੜਨਾ (ਅਸ਼) = ਉਨ੍ਹਾਂ ਦੇ/ਦਸਤਗੀਰੇ = ਹੱਥ ਪਕੜਨੇ ਵਾਲਾ, ਮਦਦ



Sri Satguru Jagjit Singh Ji eLibrary NamdhariElibrary@gmail.com

ਕਰਨ ਵਾਲਾ/

**ਅਰਥ** = **(ੳ)** ਅਤੇ ਉਨ੍ਹਾਂ ਦੇ ਪਵਿੱਤਰ ਨਾਮ ਦਾ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਸਜਾਵਟ ਹਮੇਸ਼ਾ ਰਹਿਣ ਵਾਲੇ ਬਾਗ਼ ਵਰਗੀ ਹੈ।

**ਅਰਥਾਤ** = ਸ੍ਵਰਗ ਵਿੱਚ ਇੱਕ ਬਾਗ਼ ਹੈ ਜੋ ਸਦਾ ਹੀ ਹਰਿਆ ਭਰਿਆ ਰਹਿੰਦਾ ਹੈ ਉਸ ਬਾਗ਼ ਦੀ ਸਜਾਵਟ ਵਰਗੀ ਗੁਰੂ ਅਮਰਦਾਸ ਜੀ ਦੀ ਸਜਾਵਟ ਹੈ।

**(ਅ)** ਅਤੇ ਉਨ੍ਹਾਂ ਦੇ ਨਾਮ ਦਾ ਦਦਾ ਅੱਖਰ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਅਮਰਦਾਸ ਜੀ ਨੇਕ ਭਗਤੀ ਇਸਤੇਮਾਲ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਹਰੇਕ ਨ ਉਮੀਦ ਵਾਲੇ ਪੁਰਖ ਦਾ ਹੱਥ ਪਕੜਨ ਦਾ ਉਪਦੇਸ਼ ਦਿੰਦੇ ਹਨ।

**ਅਰਥਾਤ** = ਗੁਰੂ ਜੀ ਆਪ ਵੀ ਨੇਕੀ ਅਤੇ ਭਗਤੀ ਇਸਤੇਮਾਲ ਕਰਦੇ ਹਨ ਅਤੇ ਗ਼ਰੀਬ ਦਾ ਹੱਥ ਪਕੜ ਕੇ ਉਸ ਦੀ ਸਹਾਇਤਾ ਕਰਦੇ ਹਨ ਅਤੇ ਏਹੀ ਉਪਦੇਸ਼ ਦਿੰਦੇ ਹਨ।

**(ੳ) ਅਲਿਫ਼ੇ ਸਾਨੀਅਸ਼; ਅਮਾਨੇ ਹਰ, ਮੁਜਰਿਮ ਵ ਸਿਆਹਕਾਰ ;**
**(ਅ) ਵ ਸੀਨੇ ਆਖ਼ਿਰੀਨਸ਼ ; ਸਾਯਹਏ ਕਿਰਦਗਾਰ ॥੬੩॥**

**(ਉਚਾਰਨ** = ਸਾਇਅਹ-ਏ ਬੋਲੋ)

**ਪਦ ਅਰਥ** = ਅਲਿਫ਼ੇ = ਕੰਨਾ/ਸਾਨੀ = ਦੂਸਰਾ (ਅਸ਼) = ਉਸ ਦੇ ਵਾ-ਉਨ੍ਹਾਂ ਦੇ/ ਅਮਾਨੇ = ਸਰਣ, ਸ਼ਾਂਤੀ/ਹਰ = ਹਰੇਕ/ਮੁਜਰਿਮ = ਗੁਨਾਹਗਾਰ (ਵ) ਪਾਪੀਆਂ/ਵ = ਅਤੇ/ਸਿਆਹਕਾਰ = ਬੁਰਿਆਂ ਨੂੰ/ਵ = ਅਤੇ/ ਸੀਨੇ = ਸੱਸਾ/ਆਖ਼ਿਰੀਨਸ਼=ਉਨ੍ਹਾਂ ਦੇ ਨਾਮ ਦਾ ਆਖ਼ਿਰੀ/ਸਾਯਹਏ = ਸਾਇਆ/ਕਿਰਦਗਾਰ = ਰੱਬ॥

**ਅਰਥ** = **(ੳ)** ਉਨ੍ਹਾਂ ਦੇ (ਪਵਿੱਤਰ) ਨਾਮ ਦਾ ਦੂਸਰਾ ਅਲਫ਼ ਅਥਵਾ=ਕੰਨਾ ਇਹ ਉਪਦੇਸ਼ ਦਿੰਦਾ ਹੈ। ਕਿ ਸਤਿਗੁਰੂ ਅਮਰਦਾਸ ਜੀ ਹਰੇਕ ਪਾਪੀਆਂ ਤੇ ਬੁਰਿਆਂ ਨੂੰ ਸ਼ਰਣ ਦੇਣ ਵਾਲੇ ਹਨ। (ਅਤੇ ਸ਼ਰਨ ਆਇਆਂ ਦੀ ਰੱਖਿਆ ਕਰਨ ਵਾਲੇ ਹਨ।)

**ਯਥਾ** = **ਜੋ ਸਰਣਿ ਆਵੈ, ਤਿਸੁ ਕੰਠਿ ਲਾਵੈ; ਇਹੁ ਬਿਰਦੁ ਸੁਆਮੀ ਸੰਦਾ ॥**

(ਅੰਗ ੫੪੪)

**(ਅ)** ਉਨ੍ਹਾਂ ਦੇ ਨਾਮ ਦਾ ਆਖ਼ਿਰੀ ਸੱਸਾ, ਇਹ ਉਪਦੇਸ਼ ਦਿੰਦਾ ਹੈ



Sri Satguru Jagjit Singh Ji eLibrary NamdhariElibrary@gmail.com

ਕਿ ਗੁਰੂ ਅਮਰਦਾਸ ਜੀ ਰੱਬ ਦੀ ਛਾਇਆ ਹਨ।

**ਅਰਥਾਤ** = ਗੁਰੂ ਅਮਰਦਾਸ ਜੀ ਰੱਬ ਦਾ ਹੀ ਸਰੂਪ ਹਨ। ਰੱਬ ਵਿੱਚ ਅਤੇ ਗੁਰੂ ਅਮਰਦਾਸ ਜੀ ਵਿੱਚ ਕੋਈ ਵੀ ਰੰਚਕ ਮਾਤਰ ਭੇਦ ਨਹੀਂ ਹੈ।

**ਵਾਹਿਗੁਰੂ ਜੀਉ ਸਤ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ**

**(ੳ) ਗੁਰੂ ਅਮਰਦਾਸ; ਆਂ ਗਰਾਮੀ-ਨਿਜ਼ਾਦ।**

**(ਅ) ਜ਼ਿ ਅਫ਼ਜ਼ਾਲੇ ਹੱਕ਼ੋ ; ਹਸਤੀਅਸ਼ ਰਾ ਮਵਾਦ ॥੬੪॥**

**ਪਦ ਅਰਥ** = ਆਂ = ਉਸ/ਗਰਾਮੀ-ਨਿਜ਼ਾਦ = ਵੱਡੇ ਤੋਂ ਪੈਦਾ ਹੋਇਆ (ਭਾਵ) ਵੱਡੇ ਪਰਿਵਾਰ/ਜ਼ਿ=ਤੋਂ/ਅਫ਼ਜ਼ਾਲੇ = ਮਿਹਰਬਾਨੀਆਂ/ਹੱਕ਼ੋ=ਰੱਬ/ ਹਸਤੀਅਸ਼ = ਉਨ੍ਹਾਂ ਦੀ ਹਸਤੀ/ਰਾ = ਦਾ/ਮਵਾਦ = ਅਸਲ ਰੂਪ/

**ਅਰਥ** = (ੳ) ਗੁਰੂ ਅਮਰਦਾਸ ਜੀ ਉਸ (ਗੁਰੂ ਨਾਨਕ ਦੇਵ ਜੀ ਦੇ) ਬਜ਼ੁਰਗ ਘਰਾਣੇ (ਅਥਵਾ) ਵੱਡੇ ਪਰਿਵਾਰ ਦੇ ਵਾਰਿਸ ਹਨ

(ਅ) ਉਨ੍ਹਾਂ ਦੀ ਹਸਤੀ (ਸਰੀਰ) ਦਾ ਅਸਲ ਰੂਪ, ਰੱਬ ਦੀਆਂ ਮਿਹਰਾਂ ਤੋਂ ਬਣਿਆ ਹੈ।

**(ੳ) ਜ਼ਿ ਵਸਫ਼ੇ ਸਨਾਏ ; ਹਮਹ ਬਰਤਰੀਂ ॥**

**(ਅ) ਬ-ਸਦਰੇ ਹਕ਼ੀਕ਼ਤ, ਮੁਰੱਬਅ਼-ਨਸ਼ੀਂ ॥੬੫॥**

(**ਉਚਾਰਨ** = ਮੁਰੱਬਾ ਬੋਲੋ ਅਤੇ ਫ਼ਾਰਸੀ ਦੇ ਕਈ ਵਿਦਵਾਨ ਮੁਰੱਬਅ਼ ਵੀ ਬੋਲ ਦਿੰਦੇ ਹਨ)

**ਪਦ ਅਰਥ** = ਜ਼ਿ=ਤੋਂ/ਵਸਫ਼ੇ =ਸਿਫ਼ਤ/ਸਨਾਏ=ਸ਼ਲਾਘਾ/ਹਮਹ=ਸਭ/ਬਰਤਰੀਨ = ਵੱਡਾ ਹੈ/ਬ-ਸਦਰੇ = ਮੁਖੀ, ਪ੍ਰਧਾਨ/ਹਕ਼ੀਕ਼ਤ=ਸਚਾਈ/ਮੁਰੱਬਅ਼ = ਚੌਂਕੜੀ/ਨਸ਼ੀਨ = ਬੈਠਣਾ/

**ਅਰਥ** = (ੳ) ਉਹ ਸਿਫ਼ਤ ਅਤੇ ਸ਼ਲਾਘਾ ਵਿੱਚ ਸਭ ਤੋਂ ਵੱਡੇ ਹਨ।

(ਅ) ਸਚਿਆਈ ਦੇ (ਤਖ਼ਤ ਉੱਪਰ) ਚੌਂਕੜੀ ਮਾਰ ਕੇ ਬੈਠਣ ਵਾਲੇ (ਸਚਾਈ ਦੇ) ਪ੍ਰਧਾਨ ਹਨ।

**(ੳ) ਜਹਾਂ ਰੌਸ਼ਨ ; ਅਜ਼ ਨੂਰੇ ਇਰਸ਼ਾਦੇ ਊ ॥**

**(ਅ) ਜ਼ਮੀਨੋ ਜ਼ਮਾਂ, ਗੁਲਸ਼ਨ ਅਜ਼ ਦਾਦੇ ਊ ॥੬੬॥**

**ਪਦ ਅਰਥ** = ਜਹਾਂ = ਜਹਾਨ/ਅਜ਼ = ਤੋਂ/ਇਰਸ਼ਾਦੇ = ਹੁਕਮ (ਵ) ਬਚਨਾਂ/ ਊ=ਉਸ ਦੇ (ਵਾ) = ਉਨ੍ਹਾਂ ਦੇ/ਜ਼ਮਾਂ=ਆਸਮਾਨ/ਗੁਲਸ਼ਨ = ਬਾਗ਼/ ਅਜ਼ = ਨਾਲ/ਦਾਦੇ = ਦਿੱਤਾ ਹੈ/ਊ = ਉਨ੍ਹਾਂ ਨੇ/



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਜਹਾਨ ਉਨ੍ਹਾਂ ਦੇ ਬਚਨਾਂ ਦੇ ਨੂਰ ਤੋਂ ਰੌਸ਼ਨ ਹੈ।

(ਅ) ਗੁਰੂ ਅਮਰਦਾਸ ਜੀ ਨੇ ਜ਼ਮੀਨ ਅਤੇ ਅਸਮਾਨ ਰੂਪ ਬਾਗ ਨੂੰ (ਹਰਿਆਵਲਤਾ ਦੇ ਨਾਲ ਖਿੜਾਅ) ਦਿੱਤਾ ਹੋਇਆ ਹੈ।

**ਅਰਥਾਤ** = ਗੁਰੂ ਅਮਰਦਾਸ ਜੀ ਨੇ, (ਆਪਣੇ ਪਿਆਰਿਆਂ ਵਾਸਤੇ), ਜ਼ਮੀਨ ਅਤੇ ਅਸਮਾਨ ਰੂਪ ਬਾਗ ਨੂੰ, (ਸਚਿਆਈ ਦੀ) ਹਰਿਆਵਲਤਾ ਦੇ ਨਾਲ, ਖਿੜਾਅ ਦਿੱਤਾ ਹੈ।

**ਦੂਸਰਾ ਅਰਥ**= ਗੁਰੂ ਅਮਰਦਾਸ ਜੀ ਨੇ (ਵਾਹਿਗੁਰੂ) ਅਜ਼ = ਤੋਂ ਲੈ ਕਰਕੇ, ਜ਼ਮੀਨ ਅਤੇ ਅਸਮਾਨ ਰੂਪੀ ਬਾਗ, ਸਾਰੀ ਸ੍ਰਿਸਟੀ ਦੇ ਜੀਵਾਂ ਨੂੰ, ਜੀਵਨ ਬਸੇਰਾ ਕਰਨ ਵਾਸਤੇ ਦਿੱਤਾ ਹੈ।

**(ੳ) ਦੋ ਆ'ਲਮ ਗ਼ੁਲਾਮਸ਼; ਚਿਹ ਹਜ਼ਦਹ ਹਜ਼ਾਰ ॥**

**(ਅ) ਫ਼ਜ਼ਾਲੋ ਕਰਾਮਸ਼; ਫ਼ਜ਼ੂੰ ਅਜ਼ ਸ਼ੁਮਾਰ ॥੬੭॥**

**ਪਦ ਅਰਥ** = ਗ਼ੁਲਾਮਸ਼ = (ਗ਼ੁਲਾਮ + ਅਸ਼) ਉਨ੍ਹਾਂ ਦੇ ਦਾਸ/ਚਿਹ = ਕੀ ਹਨ/ ਹਜ਼ਦਹ = ਅਠਾਰਾਂ ਹਜ਼ਾਰ/ਫ਼ਜ਼ਾਲੋ = ਮਿਹਰਬਾਨੀਆਂ/ਕਰਾਮਸ਼ = (ਕਰਾਮ + ਅਸ਼) ਉਨ੍ਹਾਂ ਦੀਆਂ ਬਖ਼ਸ਼ਿਸ਼ਾਂ/ਫ਼ਜ਼ੂੰ = ਵਧੀਆ (ਭਾਵ) ਵੱਡੀਆਂ ਹਨ/ਅਜ਼ = ਤੋਂ/ਸ਼ੁਮਾਰ = ਗਿਣਤੀ/

**ਅਰਥ** = (ੳ) ਅਠਾਰਾਂ ਹਜ਼ਾਰ (ਇਸ ਜਹਾਨ ਦੀਆਂ ਜੂਨਾਂ) ਉਨ੍ਹਾਂ ਦੇ ਅੱਗੇ ਕੀ ਹਨ।

**ਅਰਥਾਤ** = ਕਈਆਂ ਨੇ ਸ੍ਰਿਸ਼ਟੀ ਵਿਚ 18000 (ਅਠਾਰਾਂ ਹਜ਼ਾਰ) ਜੂਨਾਂ ਮੰਨੀਆਂ ਹਨ ਉਹ ਗੁਰੂ ਅਮਰਦਾਸ ਜੀ ਦੇ ਅੱਗੇ ਕੀ ਹਨ ਕਿਉਂਕਿ ਗੁਰੂ ਅਮਰਦਾਸ ਜੀ ਦੇ ਦੋਵੇਂ ਜਹਾਨ (ਲੋਕ ਪ੍ਰਲੋਕ) ਦਾਸ ਹਨ।

(ਅ) ਉਨ੍ਹਾਂ ਦੀਆਂ ਵਡਿਆਈਆਂ ਅਤੇ ਮਿਹਰਬਾਨੀਆਂ ਗਿਣਤੀ ਤੋਂ ਵੀ ਵੱਡੀਆਂ ਹਨ (ਭਾਵ) ਅਣਗਿਣਤ ਹਨ।

**ਯਥਾ** = **ਭਲੇ ਅਮਰਦਾਸ ਗੁਣ ਤੇਰੇ ; ਤੇਰੀ ਉਪਮਾ ਤੋਹਿ ਬਨਿ ਆਵੈ ॥**

(ਅੰਗ ੧੩੯੫)

**ਤਥਾ** = **ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,**
**ਤੂ ਸਾਹਿਬ ਗੁਣੀ ਨਿਧਾਨਾ ॥** (ਅੰਗ ੭੩੫)



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)
## ਚੌਥੀ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਰਾਮ ਦਾਸ ਜੀ, ਸੋਢ ਵੰਸ। ਲਊ ਦੀ ਵੰਸ ਚੋਂ ਕਾਲ ਰਾਏ, ਇਨ੍ਹਾਂ ਦੇ ਪੁੱਤ੍ਰਾਂ ਚੋਂ ਇੱਕ ਨੇ ਸਨੌਢ ਦੇਸ ਦੇ ਰਾਜੇ ਨੂੰ ਜਿੱਤ ਕੇ ਉਸ ਦੀ ਪੁੱਤ੍ਰੀ ਵਿਆਹੀ ਤਾਂ ਉਸ ਤੋਂ ਸੋਢ ਵੰਸ ਚਲੀ। |
| **ਅਵਤਾਰ ਧਾਰਨ ਪਿੰਡ** | : | ਚੂਨਾ ਮੰਡੀ ਲਾਹੌਰ ਸ਼ਹਿਰ। |
| **ਅਵਤਾਰ ਧਾਰਨ ਸੰਮਤ** | : | ੧੫੯੧ ਬਿ: ਕਤਕ ਵਦੀ ਦੂਜ, ਦਿਨ ਵੀਰਵਾਰ ੨ ਨਵੰਬਰ ੧੫੩੪ ਈ:, ਨਛੱਤ੍ਰ ਚਿੱਤ੍ਰਾ ਸਵਾ ਪਹਰ ਰਾਤ। |
| **ਮਾਤਾ ਪਿਤਾ** | : | ਮਾਤਾ ਦਯਾ ਕੌਰ ਜੀ (ਖੇਮ ਕੌਰ ਜੀ) ਪਿਤਾ ਬਾਬਾ ਹਰਿਦਾਸ ਜੀ। |
| **ਮਹਲ** | : | ਮਾਤਾ ਭਾਨੀ ਜੀ ਸ੍ਰੀ ਗੋਇੰਦਵਾਲ ਸਾਹਿਬ ਤੋਂ ੧੬੧੨ ਬਿ: ਵਿੱਚ ਵਿਆਹੇ ਗਏ। |
| **ਗੱਦੀ ਸਮਾਂ** | : | ੧੬੩੧ ਬਿ: ਭਾਦਰੋਂ ਸੁਦੀ ਤਰੌਦਸੀ ੨੯ ਸਤੰਬਰ ੧੫੭੪ ਈ:। ਪਾਤਿਸ਼ਾਹੀ ਤੀਜੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ ਗੋਇੰਦਵਾਲ ਸਾਹਿਬ ਜੀ। |
| **ਜੋਤੀ ਜੋਤਿ ਸਮਾਉਣਾ** | : | ੧੬੩੮ ਬਿ: ਭਾਦਰੋਂ ਸੁਦੀ ਤੀਜ ੧੯ ਸਤੰਬਰ ੧੫੮੧ ਈ:, ਗੋਇੰਦਵਾਲ ਸਾਹਿਬ |
| **ਸਪੁੱਤ੍ਰ** | : | ਬਾਬਾ ਪ੍ਰਿਥੀ ਚੰਦ ਜੀ ੧੬੧੫ ਬਿ: ਮਹਾਂਦੇਵ ਜੀ ੧੬੧੮ ਬਿ:, ਸ੍ਰੀ ਗੁਰੂ ਅਰਜਨ ਦੇਵ ਜੀ ੧੬੨੦ ਬਿ: ਨੂੰ ਪ੍ਰਗਟੇ। |
| **ਸਾਰੀ ਅਵਸਥਾ** | : | ਸੰਤਾਲੀ ਬਰਸ, ਸੋਲਾਂ ਦਿਨ |
| **ਗੁਰਿਆਈ ਸਮਾਂ** | : | ਛੇ ਬਰਸ, ਗਿਆਰਾਂ ਮਹੀਨੇ, ਵੀਹ ਦਿਨ |
| **ਹਕੂਮਤ** | : | ਅਕਬਰ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : | ਅੰਮ੍ਰਿਤਸਰ ੧੮ ਜੂਨ ੧੫੭੩ ਈ: |
| **ਬਾਣੀ** | : | ੬੩੮ ਸ਼ਬਦ, ੩੦ ਰਾਗਾਂ ਵਿੱਚ ਬਾਣੀ, ਸੁਖਮਨਾ ਸਾਹਿਬ, ਘੋੜੀਆਂ, ਲਾਵਾਂ, ਵਡਹੰਸ ਕੀ ਵਾਰ। |


Sri Satguru Jagjit Singh Ji eLibrary NamdhariElibrary@gmail.com

## ਸਲਤ਼ਨਤੇ ਚਹਾਰਮ

ਹੁਣ ਭਾਈ ਸਾਹਿਬ ਜੀ ਚੌਥੀ ਪਾਤਿਸ਼ਾਹੀ ਗੁਰੂ ਰਾਮਦਾਸ ਜੀ ਦੀ ਉਸਤਤ ਕਰਦੇ ਹਨ।

**(ੳ) ਸਲਤ਼ਨਤੇ ਚਹਾਰਮਸ਼, ਅਜ਼ ਹਰ ਚਹਾਰ ਰੁਤਬਹ; ਕ਼ੁਦਸੀ ਵਾਲਾ-ਤਰ;**
**(ਅ) ਵ ਮੁਕ਼ਬਿਲਾਨੇ, ਖ਼ਾਸੇ ਦਰਗਾਹੇ ਸਮ-ਦੀਅਤ; ਦਰ ਖ਼ਿਦਮਤਸ਼ ਬਸਤਹ ਕਮਰ ॥**

(**ਉਚਾਰਨ** = ਰੁੱਤਬਹ ਬੋਲੋ ਅਤੇ ਮੁਕ਼-ਬਿਲਾਨੇ ਸਮ-ਦੀਅਤ ਖ਼ਿਦਮਤੱਸ਼ ਇਕੱਠੇ ਬੋਲੋ)

**ਪਦ ਅਰਥ** = ਸਲਤ਼ਨਤੇ = ਪਾਤਿਸ਼ਾਹੀ/ਚਹਾਰਮ + ਅਸ਼ = ਚੌਥੀ (ਅਸ਼)= ਉਨ੍ਹਾਂ ਦੀ/ਅਜ਼ = ਤੋਂ/ਹਰ = ਹਰੇਕ; ਕ੍ਰਿਆ ਵਿਸ਼ੇਸ਼ਨ/ਚਹਾਰ = ਚਾਰ/ ਰੁਤਬਹ = ਰੁਤਬਿਆਂ/ਕ਼ੁਦਸੀ = ਪਵਿੱਤਰਤਾ/ਵਾਲਾ-ਤਰ = ਸਭ ਤੋਂ ਉੱਚੀ (ਵ) ਬਹੁਤ ਉੱਚੀ/ਵ = ਅਤੇ/ਮੁਕ਼ਬਿਲਾਨੇ = ਕ਼ਬੂਲ ਹੋਏ (ਵ) ਅੱਛੇ ਲੋਕ/ਦਰਗਾਹੇ = ਦਰਗਾਹ/ਸਮਦੀਅਤ = ਜੋ ਕਿਸੇ ਦਾ ਮੁਥਾਜ ਨਹੀਂ (ਭਾਵ) ਰੱਬ/ਦਰ = ਵਿੱਚ/ਖ਼ਿਦਮਤ + ਅਸ਼ = ਉਨ੍ਹਾਂ ਦੀ ਸੇਵਾ/ਬਸਤਹ = ਬੰਨ੍ਹ ਕਰਕੇ/ਕਮਰ = ਲੱਕ।

**ਅਰਥ** = (ੳ) ਉਨ੍ਹਾਂ (ਗੁਰੂ ਨਾਨਕ ਦੇਵ ਜੀ) ਦੀ ਚੌਥੀ ਪਾਤਿਸ਼ਾਹੀ, ਚਾਰੇ ਪਵਿੱਤ੍ਰਤਾ ਦੇ ਰੁਤਬਿਆਂ ਸ਼ਰੀਅਤ, ਤਰੀਕ਼ਤ, ਹਕ਼ੀਕ਼ਤ਼, ਮਾਰਫ਼ਤ ਤੋਂ, ਬਹੁਤ ਉੱਚੀ ਹੈ।

**ਭਾਵ** = ਇਸਲਾਮ ਧਰਮ ਵਿੱਚ ਸ਼ਰੀਅਤ, ਤਰੀਕ਼ਤ, ਹਕ਼ੀਕ਼ਤ਼, ਮਾਰਫ਼ਤ ਚਾਰ ਪ੍ਰਮਾਣੀਕ ਕਿਤਾਬਾਂ ਹਨ ਜਿੰਨਾਂ ਨੂੰ ਪਵਿੱਤ੍ਰਤਾ ਦਾ ਦਰਜਾ ਦਿੱਤਾ ਹੋਇਆ ਹੈ। ਅਤੇ ਇਨ੍ਹਾਂ ਚਾਰ ਕਿਤਾਬਾਂ ਨੂੰ ਇਸਲਾਮ ਧਰਮ ਵਿਚ ਪਵਿੱਤ੍ਰਤਾ ਦੇ ਚਾਰ ਰੁਤਬੇ ਵੀ ਕਹਿੰਦੇ ਹਨ।

(ਅ) ਅਤੇ ਰੱਬ ਦੀ ਖ਼ਾਸ ਦਰਗਾਹ ਦੇ ਕ਼ਬੂਲ ਹੋਏ ਲੋਕ; ਉਨ੍ਹਾਂ ਦੀ ਸੇਵਾ ਵਿੱਚ ਲੱਕ ਬੰਨ੍ਹ ਕਰਕੇ ਖੜੇ ਹਨ।

**(ੳ) ਹਰ ਸ਼ਕ਼ੀ ਵ ਜ਼ਲੀਲ, ਕਿ ਅਜ਼ ਬਾਰਗਾਹਸ਼ ਪਨਾਹ ਜੁਸਤ ;**
**(ਅ) ਅਜ਼ ਮਿਆਮਨੇ ਅਫ਼ਜ਼ਾਲਸ਼, ਬਰ ਮਸਨਦੇ ਕ਼ਬੂਲੋ, ਇੱਜ਼ਤ ਬ-ਨਿਸ਼ਸਤ ॥**

(**ਉਚਾਰਨ** = ਸ਼ਕ਼ੀ ਪੋਲਾ ਬੋਲੋ ਅਤੇ ਮਿਆ-ਮਨੇ ਇਕੱਠਾ ਤੇ ਪੋਲਾ ਬੋਲੋ)

**ਪਦ ਅਰਥ** = ਹਰ = ਹਰੇਕ/ਸ਼ਕ਼ੀ = ਬਦਬਖ਼ਤ, ਨਿਭਾਗੇ (ਨੋਟ = ਸ਼ੱਕੀ ਦਾ ਅਰਥ "ਸ਼ੱਕ ਕਰਨ ਵਾਲੇ" ਹੁੰਦਾ ਹੈ/ਵ = ਅਤੇ/ਜ਼ਲੀਲ = ਕਮੀਨੇ/ ਕਿ = ਜੋ (ਭਾਵ) ਜਿਸ ਨੇ/ਅਜ਼ = ਤੋਂ; ਕ੍ਰਿਆ ਵਿਸ਼ੇਸ਼ਨ/


Sri Satguru Jagjit Singh Ji eLibrary NamdhariElibrary@gmail.com

ਬਾਰਗਾਹਸ਼ = ਉਨ੍ਹਾਂ ਦੇ (ਭਾਵ) ਗੁਰੂ ਰਾਮਦਾਸ ਜੀ ਦੇ ਦਰਬਾਰ/ ਪਨਾਹ=ਸ਼ਰਣ/ਜੁਸਤ=ਲੱਭੀ/ਅਜ਼ = ਨਾਲ/ਮਿਆਮਨੇ = ਇਨਾਮ /ਅਫ਼ਜ਼ਾਲ+ਅਸ਼ = ਉਸਨੂੰ ਮਿਹਰਬਾਨੀ/ਬਰ=ਉੱਪਰ, ਕ੍ਰਿਆ ਵਿਸ਼ੇਸ਼ਨ/ਮਸਨਦੇ = ਸੰਗਤ/ਕ਼ਬੂਲੋ = ਪ੍ਰਵਾਨ ਕਰਨਾ/ਬ-ਨਾਲ/ ਨਿਸ਼ਸਤ = ਬੈਠਾ ਲਿਆ/

**ਅਰਥ** = **(ੳ)** ਹਰੇਕ ਨਿਭਾਗੇ ਤੇ ਕਮੀਨੇ ਜਿਸ ਨੇ ਵੀ, ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਸ਼ਰਣ ਲੱਭੀ (ਵਾ) = ਸ਼ਰਣ ਲੱਭਣ ਦੀ (ਕੋਸ਼ਿਸ਼ ਕੀਤੀ)।

**(ਅ)** (ਗੁਰੂ ਰਾਮਦਾਸ ਜੀ ਨੇ) ਉਸ ਸ਼ਰਨ ਲੱਭਣ ਵਾਲੇ ਨੂੰ ਮਿਹਰਬਾਨੀ ਦੇ ਇਨਾਮ ਨਾਲ (ਨਿਵਾਜ਼ ਦਿੱਤਾ) ਅਤੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਪ੍ਰਵਾਨ ਕਰ ਲਿਆ ਤੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਇੱਜ਼ਤ ਨਾਲ ਬੈਠਾ ਲਿਆ।

**ਅਰਥਾਤ** = ਸੰਗਤ ਵਿੱਚ ਕ਼ਬੂਲ ਕਰਕੇ ਇੱਜ਼ਤ ਦੀ ਗੱਦੀ ਤੇ ਬੈਠਾ ਲਿਆ।

**(ੳ) ਵ ਹਰ ਆ਼ਸੀਏ ਤਬਾਹਕਾਰ, ਕਿ ਨਾਮੇ ਫ਼ੱਰੁਖ਼ਸ਼ ਬਰ ਜ਼ਬਾਂ ਰਾਂਦ ;**
**(ਅ) ਗਰਦੇ ਮਅ਼-ਸੀਅਤ ਵ ਜੁਰਮ, ਕਿਹ ਦਾਸ਼ਤ;**
**ਅਜ਼ ਦਾਮਨੇ ਵਜੂਦ, ਬਰ ਅ਼ਫਸਾਂਦ ॥**

(**ਉਚਾਰਨ** = ਮਾ-ਸੀਅਤ ਬੋਲੋ)

**ਪਦ ਅਰਥ** = ਵ = ਅਤੇ/ਹਰ=ਹਰੇਕ/ਆ਼ਸੀਏ = ਗੁਨਹਗਾਰ, ਪਾਪੀ/ਤਬਾਹਕਾਰ = ਤਬਾਹੀ ਕਰਨ ਵਾਲੇ/ਕਿ=ਜੋ, ਜਿਸ/ਫ਼ੱਰੁਖ਼ਸ਼ = (ਫ਼ੱਰੁਖ਼ + ਅਸ਼) ਉਨ੍ਹਾਂ ਦਾ ਪਵਿੱਤਰ/ ਬਰ = ਉੱਪਰ/ਜ਼ਬਾਂ = ਜ਼ਬਾਨ/ਰਾਂਦ = ਚਲਾਇਆ, ਭਜਾਇਆ, ਹਿੱਕਿਆ/ਗਰਦੇ = ਧੂੜ /ਮਅ਼-ਸੀਅਤ = ਗੁਨਾਹਾ (ਵ) ਪਾਪਾਂ/ਵ = ਅਤੇ/ਜੁਰਮ = ਅਪਰਾਧਾਂ/ਕਿਹ = ਜੋ/ਦਾਸ਼ਤ = ਰੱਖਦਾ ਸੀ/ਅਜ਼ = ਨਾਲ/ਦਾਮਨੇ = ਪੱਲਿਆ/ਵਜੂਦ = ਸਗੀਰ/ਬਰ = ਉੱਪਰੋਂ/ਅ਼ਫਸਾਂਦ = ਬਿਖਰ ਗਈ, ਖਿੱਲਰ ਗਈ, ਝੜ ਗਈ/

**ਅਰਥ** = **(ੳ)** ਹਰੇਕ ਜਿਸ ਪਾਪੀ ਤੇ ਤਬਾਹਕਾਰ ਨੇ; ਉਨ੍ਹਾਂ ਦਾ ਪਵਿੱਤਰ ਨਾਮ ਆਪਣੀ ਰਸਨਾ ਉੱਪਰ ਚਲਾਇਆ (ਭਾਵ) ਜ਼ਬਾਨ ਨਾਲ ਜਪਿਆ॥

**(ਅ)** (ਅਤੇ ਉਹ ਪਾਪੀ ਅਤੇ ਤਬਾਹਕਾਰ; ਆਪਣੇ) ਸਰੀਰ ਦੇ



Sri Satguru Jagjit Singh Ji eLibrary NamdhariElibrary@gmail.com

ਪੱਲਿਆ ਨਾਲ; ਜੋ ਪਾਪਾਂ ਅਤੇ ਅਪਰਾਧਾਂ ਦੀ ਧੂੜ ਰੱਖਦਾ ਸੀ (ਉਸ ਦੀ ਉਹ ਧੂੜ, ਨਾਮ ਜਪਣ ਦੇ ਨਾਲ) ਸਰੀਰ ਦੇ ਪੱਲਿਆਂ ਤੋਂ ਝੜ ਗਈ।

**ਅਰਥਾਤ** = ਉਨ੍ਹਾਂ ਦੇ ਨਾਮ ਨੂੰ ਜਪਣ ਦੇ ਨਾਲ, ਸੂਖਮ ਸਰੀਰ ਦੇ ਮਨ ਤੇ ਬੁੱਧ ਦੇ ਦੋ ਪੱਲਿਆਂ ਨਾਲੋਂ ਪਾਪਾਂ ਤੇ ਅਪਰਾਧਾਂ ਦੀ ਧੂੜ ਝੜ ਗਈ ।

**(ੳ) ਰਾਏ, ਕਰਾਮਤ ਇੰਤਹਾਇਸ਼, ਰੂਹੇ ਹਰ ਜਿਸਮ;**

**(ਅ) ਅਲਿਫ਼ੇ ਬਾਦੀ, ਅਅ਼ਲਾ-ਤਰ; ਅਜ਼ ਹਰ-ਇਸਮ ॥**

(**ਉਚਾਰਨ** = ਅਅ਼ਲਾ-ਤਰ ਨੂੰ ਆਲਾ-ਤਰ ਗੂੜ੍ਹਾ ਕਰਕੇ ਬੋਲੋ)

**ਪਦ ਅਰਥ** = ਰਾਏ = ਰਾਰਾ/ਕਰਾਮਤ = ਸ਼ਕਤੀ/ਇੰਤਹਾਇ + ਅਸ਼ = ਅਨੰਤ (ਅਸ਼)=ਉਨ੍ਹਾਂ ਦੇ (ਭਾਵ ਅਰਥ) = ਗੁਰੂ ਰਾਮਦਾਸ ਜੀ ਦੇ/ ਹਰ = ਹਰੇਕ/ਜਿਸਮ = ਸਰੀਰ/ਅਲਿਫ਼ੇ = ਕੰਨਾ/ਬਾਦੀ =ਪਹਿਲਾ/ ਅਅ਼ਲਾ-ਤਰ = ਬਹੁਤ ਉੱਚੇ/ਅਜ਼ = ਤੋਂ/ਇਸਮ = ਨਾਮ/

**ਅਰਥ** = (**ੳ**) ਸਤਿਗੁਰੂ ਗੁਰੂ ਰਾਮਦਾਸ ਜੀ ਦੇ ਪਵਿੱਤ੍ਰ ਨਾਮ ਦਾ ਪਹਿਲਾ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਰਾਮਦਾਸ ਜੀ ਅਨੰਤ ਸ਼ਕਤੀਆਂ ਵਾਲੇ ਹਰੇਕ ਸਰੀਰ ਦੀ ਰੂਹ (ਅਥਵਾ) ਆਤਮਾ ਹਨ।

(**ਅ**) ਗੁਰੂ ਰਾਮਦਾਸ ਜੀ ਦੇ ਨਾਮ ਦਾ ਪਹਿਲਾ ਕੰਨਾ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਰਾਮਦਾਸ ਜੀ ਦਾ ਨਾਮ, ਸਾਰੀਆਂ ਵਸਤੂਆਂ (ਵਾ)=ਪੁਰਸ਼ਾਂ ਦੇ ਨਾਵਾਂ ਨਾਲੋਂ, ਬਹੁਤ ਉੱਚਾ ਹੈ।

**(ੳ) ਮੀਮੇ ਸਰਾਪਾ ਤਕਰੀਮਸ਼; ਮਹ਼ਬੂਬੇ ਸੁਬਹ਼ਾਨੁਲ-ਅ਼ਜ਼ੀਮ ;**

**(ਅ) ਵ ਦਾਲੇ ਬਾ-ਅਲਿਫ਼ਸ਼, ਦਾਇਮਾ ਬਾਹ਼ੱਕ਼ ਮੁਕ਼ੀਮ ॥**

(**ਉਚਾਰਨ** = ਸਰਾਪਾ ਇਕੱਠਾ ਅਤੇ ਸੁਬ-ਹ਼ਾ-ਨੁਲ-ਅ਼ਜ਼ੀਮ ਬੋਲੋ)

**ਪਦ ਅਰਥ** = ਮੀਮੇ = ਮੰਮਾ/ਸਰਾ = ਸਿਰ ਤੋਂ/ਪਾ = ਪੈਰਾਂ ਤੱਕ ਪੂਰਾ/ਤਕਰੀਮ +ਅਸ਼=(ਤਕਰੀਮ)=ਇੱਜ਼ਤ (ਅਸ਼)=ਉਸ, ਉਨ੍ਹਾਂ/ਮਹ਼ਬੂਬੇ=ਪਿਆਰ /ਸੁਬਹ਼ਾਨ = ਪਵਿੱਤਰ/ਉਲ = ਕ੍ਰਿਆ ਵਿਸ਼ੇਸ਼ਣ /ਅ਼ਜ਼ੀਮ = ਵੱਡੀ/ਵ=ਅਤੇ/ਦਾਲੇ=ਦੱਦਾ/ਬਾ=ਨਾਲ/ਅਲਿਫ਼ + ਅਸ਼ = ਕੰਨਾ (ਅਸ਼)= ਉਨ੍ਹਾਂ ਦੇ ਨਾਮ ਦਾ/ਦਾਇਮਾ = ਹਮੇਸ਼ਾ/ਬਾ-ਹ਼ੱਕ਼ = ਅੱਲਾ ਦੇ ਨਾਲ/ਮੁਕ਼ੀਮ = ਘਰ, ਟਿਕਾਣਾ, ਠਹਿਰਾਉ।

**ਅਰਥ** = (**ੳ**) ਗੁਰੂ ਰਾਮਦਾਸ ਜੀ ਦੇ ਪਵਿੱਤਰ ਨਾਮ ਦਾ ਮੰਮਾ ਅੱਖਰ ਇਹ ਉਪਦੇਸ਼ ਦਿੰਦਾ ਹੈ। ਕਿ ਗੁਰੂ ਰਾਮਦਾਸ ਜੀ ਸਿਰ ਤੋਂ ਲੈ ਕੇ



Sri Satguru Jagjit Singh Ji eLibrary NamdhariElibrary@gmail.com

ਪੈਰਾਂ ਤੱਕ ਵੱਡੀ ਪਵਿੱਤ੍ਰਤਾ ਸਹਿਤ, ਅਤੇ ਸਭ ਦੇ ਹਰਮਨ ਪਿਆਰੇ ਹਨ ਇਸ ਕਰਕੇ ਸਾਰੇ ਸਿੱਖ ; ਗੁਰੂ ਰਾਮਦਾਸ ਜੀ ਦੀ ਇੱਜ਼ਤ ਕਰਦੇ ਹਨ।

**ਅਰਥਾਤ** = ਮੰਮਾ ਅੱਖਰ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਜੀ ਸਿਰ ਤੋਂ ਲੈ ਕੇ ਪੈਰਾਂ ਤੱਕ ਇੱਜ਼ਤ ਵਾਲੇ ਅਤੇ ਸਭ ਦੇ ਹਰਮਨ ਪਿਆਰੇ ਵੱਡੀ ਪਵਿੱਤ੍ਰਤਾ ਵਾਲੇ ਹਨ।

(ਅ) ਗੁਰੂ ਰਾਮਦਾਸ ਜੀ ਦੇ (ਪਵਿੱਤਰ) ਨਾਮ ਦਾ ਕੰਨਾ ਅਤੇ ਕੰਨੇ ਦੇ ਨਾਲ ਮਿਲਿਆ ਹੋਇਆ ਦੱਦਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਰਾਮਦਾਸ ਜੀ; ਸਦਾ ਰੱਬ ਦੇ ਨਾਲ; ਰੱਬ ਦੇ ਘਰ ਵਿੱਚ; ਰਹਿਣ ਵਾਲੇ ਹਨ।

**(ੳ) ਸੀਨੇ ਆਖ਼ਿ-ਰੀਨਸ਼, ਸਰ-ਅਫ਼ਰਾਜ਼ੇ ਹਰ ਬੇ-ਕਸ ;**

**(ਅ) ਵ ਬ-ਦਸਤ-ਗੀਰੀਏ ਆਜਿਜ਼ਾਂ ; ਹਰ ਦੋ ਆਲਮ ਰਾ ਬਸ ॥੬੮॥**

(**ਉਚਾਰਨ** = ਆਖ਼ਿ-ਰੀਨਸ਼ ਖ਼ੱਖ਼ੇ ਦੀ ਸਿਹਾਰੀ ਬੋਲ ਕੇ ਇਕੱਠਾ ਬੋਲੋ)

**ਪਦ ਅਰਥ** = ਸੀਨੇ=ਸੱਸਾ/ਆਖ਼ਿਰੀਨ+ਅਸ਼ = ਆਖ਼ੀਰਲਾ (ਅਸ਼) ਉਸ (ਵਾ)= ਉਨ੍ਹਾਂ (ਭਾਵ) ਗੁਰੂ ਰਾਮਦਾਸ ਜੀ/ਸਰ = ਸਿਰ/ ਅਫ਼ਰਾਜ਼ੇ = (ਫ਼ਰਾਜ਼ੇ ਦੀ ਜਮ੍ਹਾਂ) ਉਠਾਣ ਵਾਲਾ/ਹਰ = ਹਰੇਕ/ਬੇਕਸ = ਮਜ਼ਬੂਰ/ਵ = ਅਤੇ/ਬ = ਕ੍ਰਿਆ ਵਿਸ਼ੇਸ਼ਨ/ਦਸਤ = ਹੱਥ/ਗੀਰੀਏ = ਪਕੜਨ ਵਾਲਾ/ਆਜਿਜ਼ਾਂ = ਕਮਜ਼ੋਰ, ਮਜ਼ਬੂਰ/ਰਾ = ਦੇ, ਦਾ/ ਬਸ = ਬਹੁਤ, ਵੱਡੇ/

**ਅਰਥ** = (ੳ) ਗੁਰੂ ਰਾਮਦਾਸ ਜੀ ਦੇ ਪਵਿੱਤਰ ਨਾਮ ਦਾ ਆਖ਼ਿਰੀ ਸੱਸਾ ਅੱਖਰ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਰਾਮਦਾਸ ਜੀ ਹਰੇਕ ਮਜ਼ਬੂਰ ਦਾ ਸਿਰ ਉੱਚਾ ਕਰਨ ਵਾਲੇ ਹਨ।

(ਅ) ਅਤੇ ਦੋਹਾਂ ਜਹਾਨਾਂ ਦੇ ਕਮਜ਼ੋਰਾਂ ਦਾ ਹੱਥ ਪਕੜਨ ਵਾਲੇ ਅਥਵਾ=ਮਦਦ ਕਰਨ ਵਾਲੇ ਦੋਹਾਂ ਜਹਾਨਾਂ ਵਿੱਚੋਂ ਵੱਡੇ ਹਨ।

**ਵਾਹਿਗੁਰੂ ਜੀਉ ਸਤਿ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ**

**(ੳ) ਗੁਰੂ ਰਾਮਦਾਸ ਆਂ, ਮਤ਼ਾਅ਼ ਉਲ ਵਰਾ ॥**

**(ਅ) ਜਹਾਂ-ਬਾਨੇ ਅਕ਼ਲੀਮੇ ; ਸਿਦਕ਼ੋ ਸਫ਼ਾ ॥੬੯॥**

**ਪਦ ਅਰਥ** = ਆਂ=ਉਹ/ਮਤ਼ਾਅ਼ = ਮਾਇਆ (ਵ) ਪੂੰਜੀ/ਉਲ = ਕ੍ਰਿਆ ਵਿਸ਼ੇਸ਼ਨ / ਵਰਾ = ਸੰਸਾਰ ਉਸ ਨੂੰ, ਮਨੁੱਖ, ਅੱਗੇ, ਜੇਕਰ, ਗਰਮੀ, ਬੱਚਿਆਂ



Sri Satguru Jagjit Singh Ji eLibrary NamdhariElibrary@gmail.com

ਨੂੰ ਪੜ੍ਹਾਉਣ ਵਾਲਾ ਤਖ਼ਤਾ ਆਦਿਕ/ਜ਼ਹਾਂਬਾਨੇ = ਸੰਸਾਰ (ਬਾਨੇ) = ਵਾਲਾ (ਭਾਵ) ਸੰਸਾਰ ਦਾ ਬਾਦਸ਼ਾਹ/ ਅਕ਼ਲੀਮੇ = ਸੰਸਾਰ / ਸਿਦਕ਼ੋ = ਸਚਾਈ/ਸਫ਼ਾ = ਸਫ਼ਾਈ/

(ੳ) ਗੁਰੂ ਰਾਮਦਾਸ ਜੀ ਸੰਸਾਰ ਨੂੰ ਮਾਇਆ, ਸੰਪੱਤੀ ਦੇਣ ਵਾਲੇ (ਸੰਸਾਰ ਦੇ ਸਰਦਾਰ) ਹਨ।

(ਅ) ਗੁਰੂ ਜੀ ਸੰਸਾਰ ਨੂੰ ਸਿਦਕ਼ ਅਤੇ ਸਫ਼ਾਈ ਦੇਣ ਵਾਲੇ ਸੰਸਾਰ ਦੇ ਬਾਦਸ਼ਾਹ ਹਨ।

**(ੳ) ਹਮਅਜ਼ ਸਲਤ਼ਨਤ ; ਹਮਜ਼ਿ ਫ਼ਕ਼ਰਸ਼ ਨਿਸ਼ਾਂ ॥**

**(ਅ) ਗਿਰਾਂ ਮਾਯਾ-ਤਰ ; ਅ਼ਫ਼ਸਰੇ ਸਰਵਰਾਂ ॥੭੦॥**

**(ਉਚਾਰਨ** = ਹਮਜ਼ ਅਤੇ ਹਮਜ਼ਿ ਇਕੱਠੇ ਬੋਲੋ ਅਤੇ ਫ਼ੱਕ਼ਰਸ਼ ਬੋਲੋ)

**ਪਦ ਅਰਥ** = ਹਮ = ਭੀ/ਅਜ਼ = ਤੋਂ; ਕ੍ਰਿਆ ਵਿਸ਼ੇਸ਼ਨ/ਸਲਤ਼ਨਤ = ਬਾਦਿਸ਼ਾਹੀ /ਹਮ = ਭੀ/ਜ਼ਿ = ਤੋਂ; ਵਿੱਚ/ਫ਼ਕ਼ਰ+ਅਸ਼ = ਗ਼ਰੀਬੀ, ਮੁਥਾਜੀ (ਅਸ਼) = ਉਨ੍ਹਾਂ/ਨਿਸ਼ਾਨ = ਨਿਸ਼ਾਨੀਆਂ/ਗਿਰਾਂ = ਕੀਮਤੀ, ਵੱਡੀ/ ਮਾਯਾ=ਮਾਇਆ/ਤਰ=ਉੱਚੇ/ਅ਼ਫ਼ਸਰੇ =ਸਰਦਾਰਾਂ/ਸ਼ਰਵਰਾਨ = ਸਰਦਾਰ (ਪਾਠੰਤ੍ਰ ਅ਼ਫ਼ਸਰਾਂ ਵੀ ਹੈ ਅਰਥ=ਸਰਦਾਰ ਹੀ ਹੈ)/

**ਅਰਥ** = (ੳ) ਬਾਦਿਸ਼ਾਹੀ ਅਤੇ ਫ਼ਕੀਰੀ (ਦੋਹਾਂ) ਦੀਆਂ ਨਿਸ਼ਾਨੀਆਂ ਗੁਰੂ ਰਾਮਦਾਸ ਜੀ ਦੇ ਵਿੱਚ ਪ੍ਰਗਟ ਹਨ।

**ਅਰਥਾਤ** = ਸੰਪ੍ਰਦਾਇ ਵਿਦਵਾਨਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ 12 ਕੋਹ ਮਾਇਆ ਦੂਰ ਰਹੀ ਅਤੇ ਗੁਰੂ ਅੰਗਦ ਦੇਵ ਜੀ ਤੋਂ 6 ਕੋਹ ਮਾਇਆ ਦੂਰ ਰਹੀ। ਅਤੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਮਾਇਆ ਆ ਗਈ। ਗੁਰੂ ਜੀ ਨੇ ਮਾਇਆ ਨੂੰ ਹੱਥ ਨਹੀਂ ਲਾਇਆ। ਪਰ ਜਦ ਮਾਇਆ ਨੇ ਆਪਣੇ ਆਪ ਨੂੰ ਸਫ਼ਲ ਕਰਨ ਵਾਸਤੇ ਬੇਨਤੀ ਕੀਤੀ ਤਾਂ ਚੌਥੇ ਪਾਤਸ਼ਾਹ ਨੇ ਮਾਇਆ ਨੂੰ ਗੁਰੂ ਘਰ ਵਿੱਚ ਲਾ ਕੇ ਸਫ਼ਲਿਆ ਕੀਤਾ ਇਸ ਤਰ੍ਹਾਂ ਮਾਇਆ ਨੂੰ ਵਰਤਣ ਕਰਕੇ ਅਤੇ ਸਿੰਘਾਸਨ ਉੱਪਰ ਬੈਠਣ ਕਰਕੇ ਗੁਰੂ ਜੀ ਬਾਦਸ਼ਾਹ ਹਨ ਅਤੇ ਸਿਮਰਨ ਕਰਨ ਕਰਕੇ ਅਤੇ ਮਨ ਕਰਕੇ ਮਾਇਆ ਦੇ ਤਿਆਗੀ ਹੋਣ ਕਰਕੇ ਗੁਰੂ ਜੀ ਫ਼ਕ਼ੀਰ ਹਨ।

(ਅ) ਗੁਰੂ ਜੀ ਕੀਮਤੀ ਤੇ ਉੱਚੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਹਨ।

**ਅਰਥਾਤ** = ਗੁਰੂ ਜੀ ਦੇ ਦਰਬਾਰ ਵਿੱਚ ਕੀਮਤੀ ਮਾਇਆ = ਹੀਰੇ ਆਦਿਕ



Sri Satguru Jagjit Singh Ji eLibrary NamdhariElibrary@gmail.com

ਉੱਚੀ ਮਾਇਆ = ਸੋਨਾ, ਧਨ ਆਦਿਕ ਸੰਗਤਾਂ ਚੜ੍ਹਾਉਂਦੀਆਂ ਹਨ ਤੇ ਗੁਰੂ ਜੀ ਅੱਗੋਂ ਪ੍ਰਸੰਨ ਹੋ ਕਰਕੇ; ਸੰਗਤਾਂ ਨੂੰ ਕੀਮਤੀ ਮਾਇਆ ਅਤੇ ਉੱਚੀ ਮਾਇਆ ਦੀਆਂ ਦਾਤਾਂ; ਹੋਰ ਵਧੇਰੇ ਦਿੰਦੇ ਹਨ। ਇਸ ਲਈ ਭਾਈ ਸਾਹਿਬ ਜੀ ਨੇ ਗੁਰੂ ਜੀ, ਉੱਚੀ ਤੇ ਕੀਮਤੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਕਹੇ ਹਨ।

**ਦੂਸਰਾ ਅਰਥ**= ਨਾਮ ਰੂਪ ਕੀਮਤੀ ਤੇ ਉੱਚੀ ਮਾਇਆ ਦੇ ਗੁਰੂ ਜੀ ਸਰਦਾਰਾਂ ਦੇ ਸਰਦਾਰ ਹਨ।

**ਅਰਥਾਤ** = ਗੁਰੂ ਜੀ ਨਾਮ ਰੂਪ ਮਾਇਆ ਭਗਤਾਂ ਨੂੰ ਦੇ ਕਰਕੇ ਨਿਹਾਲੋ ਨਿਹਾਲ ਕਰਦੇ ਹਨ। ਇਸ ਲਈ ਗੁਰੂ ਜੀ ਨਾਮ ਦੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਕਹੇ ਹਨ।

**ਤੀਸਰਾ ਅਰਥ**=ਸੇਵਾ ਰੂਪ ਕੀਮਤੀ ਮਾਇਆ ਅਤੇ ਨਾਮ ਰੂਪ ਉੱਚੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਹਨ।

**ਚੌਥਾ ਅਰਥ** = ਵੈਰਾਗ ਬਿਬੇਕ ਖਟ ਸੰਪੱਤੀ ਰੂਪ ਕੀਮਤੀ ਮਾਇਆ ਅਤੇ ਸ੍ਰਵਨ ਮੰਨਨ ਨਿਧਿਆਸਨ ਰੂਪ ਉੱਚੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਕਹੇ ਹਨ।

**ਪੰਜਵਾਂ ਅਰਥ**= ਆਰਥਿਕ ਪੱਖ ਤੋਂ ਕੀਮਤੀ ਹੀਰੇ ਆਦਿਕ ਮਾਇਆ ਅਤੇ ਪ੍ਰਮਾਥਿਕ ਪੱਖ ਤੋਂ ਉੱਚੀ ਸੁਭ ਗੁਣਾਂ ਦੀ ਮਾਇਆ ਦੇ ਸਰਦਾਰਾਂ ਦੇ ਸਰਦਾਰ ਕਹੇ ਹਨ।

**(ੳ) ਜ਼ਿ ਤੌਸੀਫ਼ੇ ੳ; ਸੁਲਸ ਕ਼ਾਸਿਰ ਜ਼ਬਾਂ ॥**

**(ਅ) ਅਜ਼ੋ ਰੁਬਅ਼ ਹਮ ਸੁਦਸ ; ਗੌਹਰ ਫ਼ਿਸ਼ਾਂ ॥੭੧॥**

(**ਉਚਾਰਨ** = ਰੁੱਬਾ ਬੋਲੋ)

**ਪਦ ਅਰਥ** = ਜ਼ਿ = ਤੋਂ/ਤੌਸੀਫ਼ੇ = ਤਾਰੀਫ਼/ੳ = ਉਨ੍ਹਾਂ ਦੀ/ਸੁਲਸ = ਤਿੰਨ/ ਕ਼ਾਸਿਰ = ਮਜ਼ਬੂਰ, ਅਸਮਰੱਥ/ਜ਼ਬਾਂ = ਜ਼ਬਾਨ/ਅਜ਼+ੳ = ਉਨ੍ਹਾਂ ਤੋਂ/ਰੁਬਅ਼ = ਚਾਰ/ਹਮ = ਸਾਰੇ/ ਸੁਦਸ = ਛੇ/ਗੌਹਰ = ਮੋਤੀ/ਫ਼ਿਸ਼ਾਂ = ਲੁਟਾਨ ਵਾਲੇ, ਵਾਰਨ ਵਾਲੇ, ਕੁਰਬਾਨ ਕਰਨ ਵਾਲੇ/

**ਅਰਥ** = (ੳ) ਉਨ੍ਹਾਂ ਦੀ ਸਿਫ਼ਤ ਕਰਨ ਤੋਂ; ਤਿੰਨ ਤਰ੍ਹਾਂ ਦੀ ਪੈਦਾਇਸ਼ ਦੀ ਜ਼ਬਾਨ ਅਸਮਰੱਥ ਹੈ।

**ਤਿੰਨ ਤਰ੍ਹਾਂ ਦੀ**
**ਪੈਦਾਇਸ਼** = ਜਮਾਤਾਤ=ਪੱਥਰ ਵਗੈਰਾ, ਨਬਾਤਾਤ=ਉੱਗਣ ਵਾਲੇ, ਹੈਵਾਨਤ = ਜਾਨ ਵਾਲੇ, ਜੇਰਜ ਵਾਲੇ



Sri Satguru Jagjit Singh Ji eLibrary NamdhariElibrary@gmail.com

| | |
|---|---|
| **ਦੂਸਰਾ ਅਰਥ** | = ਉਨ੍ਹਾਂ ਦੀ ਸਿਫ਼ਤ ਕਰਨ ਤੋਂ; ਤਿੰਨਾਂ ਦੇਵਤਿਆਂ ਦੀ ਜ਼ਬਾਨ ਅਸਮਰੱਥ ਹੈ। |
| **ਤਿੰਨ ਦੇਵਤੇ** | = ਵਿਸ਼ਨੂੰ ਬ੍ਰਹਮਾ ਸ਼ਿਵ |
| **ਤੀਸਰਾ ਅਰਥ** | = ਉਨ੍ਹਾਂ ਦੀ ਸਿਫ਼ਤ ਕਰਨ ਤੋਂ; ਤਿੰਨ ਦੇਵੀਆਂ ਦੀ ਜ਼ਬਾਨ ਅਸਮਰੱਥ ਹੈ। |
| **ਤਿੰਨ ਦੇਵੀਆਂ** | = ਸਾਰੁਸਤੀ, ਲਛਮੀ, ਪਾਰਬਤੀ |
| **ਚੌਥਾ ਅਰਥ** | = ਉਨ੍ਹਾਂ ਦੀ ਸਿਫ਼ਤ ਕਰਨ ਤੋਂ; ਤਿੰਨ ਨਦੀਆਂ ਦੀ ਜ਼ਬਾਨ ਅਸਮਰੱਥ ਹੈ। |
| **ਤਿੰਨ ਨਦੀਆਂ** | = ਗੰਗਾ ਜਮਨਾ ਸਾਰੁਸਤੀ |
| **ਪੰਜਵਾਂ ਅਰਥ** | = ਉਨ੍ਹਾਂ ਦੀ ਸਿਫ਼ਤ ਕਰਨ ਤੋਂ; ਤਿੰਨ ਲੋਕਾਂ ਦੀ ਜ਼ਬਾਨ ਅਸਮਰੱਥ ਹਨ। |
| **ਤਿੰਨ ਲੋਕ** | = ਮਾਤਲੋਕ, ਪਤਾਲਲੋਕ, ਸੂਰਗਲੋਕ |
| | (**ਅ**)ਉਨ੍ਹਾਂ ਤੋਂ ਚਾਰ ਵੇਦ ਅਤੇ ਛੇ ਸਾਸਤ੍ਰ ਸਾਰੇ ਹੀ ਮੋਤੀ ਵਾਰਨ ਵਾਲੇ ਹਨ। |
| **ਦੂਸਰਾ ਅਰਥ** | = ਉਨ੍ਹਾਂ ਤੋਂ ਸਾਰੀਆਂ (ਚਾਰ + ਛੇ) ਦਸ ਦਿਸਾਵਾਂ ਮੋਤੀ ਵਾਰਨ ਵਾਲੀਆਂ ਹਨ। |
| **ਤੀਸਰਾ ਅਰਥ** | = ਉਨ੍ਹਾਂ ਤੋਂ ਚਾਰ ਭਗਤ ਅਤੇ ਛੇ ਜਤੀ ਸਾਰੇ ਹੀ ਮੋਤੀ ਵਾਰਨ ਵਾਲੇ ਹਨ। |
| **ਚਾਰ ਭਗਤ** | = [**ਕਾਮਨਾਵਾਨ ਭਗਤ**] = ਜੋ ਧਨ, ਸੰਤਾਨ ਆਦਿ ਦੀ ਇੱਛਾ ਪੂਰਤੀ ਵਾਸਤੇ ਭਗਤੀ ਕਰਨ। |
| **ਆਰਤ ਭਗਤ** | = ਜੋ ਸੰਸਾਰ ਤੋਂ ਦੁਖੀ ਹੋ ਕੇ ਭਗਤੀ ਕਰਨ। |
| **ਉਪਾਸ਼ਕ ਭਗਤ** | = ਜੋ ਪਤੀਬ੍ਰਤਾ ਇਸਤਰੀ ਵਾਂਗ ਭਗਤੀ ਕਰਨ। |
| **ਗਿਆਨੀ ਭਗਤ** | = ਜੋ ਸਵਰੂਪ ਆਤਮਾ ਨੂੰ ਦੇਖ ਕੇ ਭਗਤੀ ਕਰਨ। |
| **ਛੇ ਜਤੀ** | = ਗੋਰਖ ਨਾਥ, ਹਨੂੰਮਾਨ, ਭੈਰਉ, ਭੀਸ਼ਮ ਪਿਤਾ, ਦਤਾਤ੍ਰੈ, ਲਛਮਣ। |
| **ਚੌਥਾ ਅਰਥ** | = ਉਨ੍ਹਾਂ ਤੋਂ 4 ਬਰਨ ਅਤੇ 6 ਭੇਖ ਸਾਰੇ ਹੀ ਮੋਤੀ ਵਾਰਨ ਵਾਲੇ ਹਨ। |
| **ਚਾਰ ਬਰਨ** | = ਖੱਤਰੀ, ਬ੍ਰਹਮਨ, ਸੂਦ, ਵੈਸ |
| **ਛੇ ਭੇਖ** | = ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਬਿਪਰ, ਦਰਵੇਸ਼ |



Sri Satguru Jagjit Singh Ji eLibrary NamdhariElibrary@gmail.com

**ਪੰਜਵਾਂ ਅਰਥ** = ਉਨ੍ਹਾਂ ਤੋਂ 4 ਆਸ਼ਰਮ ਤੇ 6 ਰੁੱਤਾਂ ਸਾਰੇ ਹੀ ਮੋਤੀ ਵਾਰਨ ਵਾਲੇ ਹਨ।

**ਚਾਰ ਆਸ਼ਰਮ** = ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਤ, ਸੰਨਿਆਸ॥

**ਛੇ ਰੁੱਤਾਂ** = ਗਰਮੀ, ਵਰਖਾ, ਸਰਦ, ਹਿਮ, ਸ਼ਿਸ਼ਿਰ, ਬਸੰਤ॥

**ਚੋ ਹੱਕ਼ ਬਰ-ਗੁਜ਼ੀਦਸ਼ ; ਜ਼ਿ ਖ਼ਾਸਾਨੇ ਖ਼੍ਵੇਸ਼॥**

**ਸਰ ਅਫ਼ਰਾਖ਼ਤਸ਼ ; ਹਮਜ਼ਿ ਪਾਕਾਨੇ ਖ਼੍ਵੇਸ਼॥੭੨॥**

(**ਉਚਾਰਨ** = ਅਫ਼-ਰਾਖ਼ਤੱਸ਼ ਅਤੇ ਹਮਜ਼ਿ ਇਕੱਠਾ ਬੋਲੋ ਅਤੇ ਖ਼੍ਵੇਸ਼ ਦਾ ਵਾਵਾ ਸਾਈਲੈਂਟ ਕਰਕੇ ਖ਼ੇਸ਼ ਬੋਲੋ।

**ਪਦ ਅਰਥ** = ਚੋ = ਜਦ/ਹੱਕ਼ = ਰੱਬ/(ਬਰ-ਗੁਜ਼ੀਦ + ਅਸ਼) = (ਅਸ਼) = ਉਨ੍ਹਾਂ ਨੂੰ (ਗੁਜ਼ੀਦ) = ਚੁਣਿਆ ਹੋਇਆ ਹੈ (ਬਰ) = ਕ੍ਰਿਆ ਵਿਸ਼ੇਸ਼ਨ/ ਜ਼ਿ=ਤੋਂ/ਖ਼ਾਸਾਨੇ = ਖ਼ਾਸ ਲੋਕ/ਖ਼੍ਵੇਸ਼ = ਆਪਣੇ/ ਸਰ = ਸਿਰ/ ਅਫ਼ਰਾਖ਼ਤ + ਅਸ਼=ਉਨ੍ਹਾਂ ਦਾ ਉੱਚਾ ਕੀਤਾ/ਹਮ = ਵੀ/ਜ਼ਿ = ਤੋਂ/ ਪਾਕਾਨੇ = ਪਵਿੱਤਰ/ਖ਼੍ਵੇਸ਼ = ਆਪਣੇ/

**ਅਰਥ** = (**ੳ**) ਜਦ ਰੱਬ ਨੇ ਉਨ੍ਹਾਂ ਨੂੰ ਆਪਣੇ ਖ਼ਾਸ ਲੋਕਾਂ ਵਿੱਚੋਂ (ਸਭ ਦਾ ਗੁਰੂ) ਚੁਣਿਆ ਹੈ।

(**ਅ**) ਅਤੇ ਜਦ ਰੱਬ ਨੇ ਆਪਣੇ ਪਵਿੱਤਰ (ਦਾਸਾਂ) ਤੋਂ ਭੀ ਉਨ੍ਹਾਂ ਦਾ ਸਿਰ ਉੱਚਾ ਕੀਤਾ ਹੈ।

**(ੳ) ਹਮਹ ਸਾਜਿਦਸ਼ ਦਾਂ ; ਬ-ਸਿਦਕ਼ੇ ਜ਼ਮੀਰ॥**

**(ਅ) ਚਿਹ ਆਅ਼ਲਾ ਚਿਹ ਅਦਨਾ ; ਚਿਹ ਸ਼ਾਹੋ ਫ਼ਕ਼ੀਰ॥੭੩॥**

(**ਉਚਾਰਨ** = ਆਲਾ ਇਕੱਠਾ ਤੇ ਪੋਲਾ ਬੋਲੋ)

**ਪਦ ਅਰਥ** = ਹਮਹ = ਸਾਰੇ/ਸਾਜਿਦ + ਅਸ਼ = ਉਨ੍ਹਾਂ ਨੂੰ ਸਿਜਦਾ ਕਰਨ ਵਾਲੇ/ ਦਾਂ = ਜਾਣ, ਜਾਣੇ ਜਾਂਦੇ/ਬ = ਨਾਲ/ਸਿਦਕ਼ੇ = ਸੱਚੇ/ਜ਼ਮੀਰ = ਦਿਲ/ਚਿਹ=ਕੀ/ਆਅ਼ਲਾ=ਉੱਪਰਲੇ (ਵ) ਵੱਡੇ/ਚਿਹ=ਕੀ ਅਦਨਾ = ਛੋਟੇ/ਚਿਹ = ਕੀ/ਸ਼ਾਹੋ = ਬਾਦਿਸ਼ਾਹ/ਫ਼ਕ਼ੀਰ = ਗ਼ਰੀਬ/

**ਅਰਥ** = (**ੳ**) ਤਾਂ ਹੀ ਸਾਰੇ ਸੱਚੇ ਦਿਲ ਨਾਲ; ਉਨ੍ਹਾਂ ਨੂੰ ਸਿਜਦਾ ਕਰਨ ਵਾਲੇ ਹੋ ਗਏ ਜਾਣੇ ਜਾਂਦੇ ਹਨ।

(**ਅ**) ਕੀ ਵੱਡੇ ਤੇ ਕੀ ਛੋਟੇ, ਕੀ ਬਾਦਸ਼ਾਹ ਤੇ ਕੀ ਗ਼ਰੀਬ॥ (ਸਾਰੇ ਹੀ ਉਨ੍ਹਾਂ ਨੂੰ ਸਿਜਦਾ ਕਰਨ ਵਾਲੇ ਹੋ ਗਏ ਹਨ)



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬ੍ਰਿਉਰਾ)
## ਪੰਜਵੀ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਅਰਜਨ ਦੇਵ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | : | ਸ੍ਰੀ ਗੋਇੰਦਵਾਲ ਸਾਹਿਬ ਅਵਤਾਰ ਧਾਰਿਆ। |
| **ਅਵਤਾਰ ਧਾਰਨ ਸੰਮਤ** | : | ੧੬੨੦ ਬਿ: ਵੈਸਾਖ ਵਦੀ ਸਪਤਮੀ, ਦਿਨ ਮੰਗਲਵਾਰ। ੧੪ ਅਪ੍ਰੈਲ ੧੫੬੩ ਈ: । ਨਛੱਤ੍ਰ ਰੋਹਣੀ |
| **ਮਾਤਾ ਪਿਤਾ** | : | ਮਾਤਾ ਭਾਨੀ ਜੀ, ਪਿਤਾ ਸ੍ਰੀ ਗੁਰੂ ਰਾਮਦਾਸ ਜੀ, ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ |
| **ਮਹਲ** | : | ਮਾਤਾ ਗੰਗਾ ਜੀ ਮਉ ਪਿੰਡ ਤੋਂ ਫਿਲੌਰ ਨੇੜੇ ਵਿਆਹ ੨੨ ਹਾੜ ੧੬੪੬ ਬਿ: ਸਹੁਰਾ ਕ੍ਰਿਸ਼ਨ ਚੰਦ ਸੱਸ ਧਨਵੰਤੀ |
| **ਗੱਦੀ ਸਮਾਂ** | : | ੧੬੩੮ ਬਿ: ਭਾਦਰੋਂ ਸੁਦੀ ਦੂਜ, ੧੮ ਸਤੰਬਰ ੧੫੮੧ ਈ:। ਪਾਤਿਸ਼ਾਹੀ ਚੌਥੀ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ ; ਸ੍ਰੀ ਅੰਮ੍ਰਿਤਸਰ |
| **ਜੋਤੀ ਜੋਤਿ ਸਮਾਉਣਾ** | : | ੧੬੬੩ ਬਿ: ਜੇਠ ਸੁਦੀ ਚੌਥ, ੨੫ ਮਈ ੧੬੦੫ ਈ: ਲਾਹੌਰ, ਗੁ: ਡੇਰ੍ਹਾ ਸਾਹਿਬ ਰਾਵੀ ਕਿਨਾਰੇ ਸਮਾਂ ਸਵੇਰ ਦਾ ਪਹਿਲਾ ਪਹਿਰ। |
| **ਸਪੁੱਤ੍ਰ** | : | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੫੨ ਬਿ:। |
| **ਸਾਰੀ ਅਵਸਥਾ** | : | ਬਤਾਲੀ ਬਰਸ, ਇੱਕ ਮਹੀਨਾ, ਸਤਾਈ ਦਿਨ |
| **ਗੁਰਿਆਈ ਸਮਾਂ** | : | ਚੌਵੀ ਬਰਸ, ਨੌ ਮਹੀਨੇ, ਦੋ ਦਿਨ |
| **ਹਕੂਮਤ** | : | ਅਕਬਰ ਤੇ ਜਹਾਂਗੀਰ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : | ਕਰਤਾਰਪੁਰ ੧੫੯੬ ਈ: (ਜਲੰਧਰ ਨੇੜੇ) ਗੋਬਿੰਦਪੁਰ ਤਰਨ ਤਾਰਨ ੧੫੯੦, ਛੇਹਰਟਾ ੧੫੯੫ ਈ : |
| **ਬਾਣੀ** | : | ੨੩੧੨ ਸ਼ਬਦ, ੩੦ ਰਾਗਾਂ ਵਿੱਚ ਬਾਣੀ, ਸੁਖਮਨੀ ਸਾਹਿਬ, ਬਾਰਹਮਾਹ ਮਾਝ, ਸਹਸਕ੍ਰਿਤੀ, ਬਸੰਤ ਕੀ ਵਾਰ, ਬਾਵਨ ਅੱਖਰੀ, ਜੈਤਸਰੀ ਦੀ ਵਾਰ, ਰਾਗ ਮਾਲਾ ਆਦਿਕ। |

**ਨੋਟ :-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ੧੬੬੧ ਬਿ: ਭਾਦਰੋ ਸੁਦੀ ਏਕਮ ਨੂੰ ਪ੍ਰਕਾਸ਼ ਕੀਤਾ। ਪਹਿਲੇ ਪ੍ਰਕਾਸ਼ ਵਾਲੇ ਦਿਨ ਬਾਬਾ ਬੁੱਢਾ ਜੀ ਗ੍ਰੰਥੀ ਥਾਪੇ।



Sri Satguru Jagjit Singh Ji eLibrary NamdhariElibrary@gmail.com

**ਅਰਥ** = ਹੁਣ ਭਾਈ ਸਾਹਿਬ ਜੀ ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਕਰਦੇ ਹਨ।

**(ੳ) ਸਲਤ਼ਨਤ ਪੰਜਮਸ਼ ਹੁਲੀਆ, ਆਰਾਏ ਸ਼ਵਾਰਿਕ਼ੇ ;**

**(ਅ) ਆਂ ਹਰ ਚਹਾਰ ਮਸ਼ਅ਼ਲੇ, ਹ਼ੱਕ਼ ਅਨਵਾਰ ॥**

**ਪਦ ਅਰਥ** = ਸਲਤ਼ਨਤ=ਪਾਤਿਸ਼ਾਹੀ/ਪੰਜਮ+ਅਸ਼ = ਪੰਜਵੀਂ ਉਸਦੀ /ਹੁਲੀਆ =ਸਰੂਪ/ਆਰਾਏ = ਸਜਾਉਣ ਵਾਲਾ / ਸ਼ਵਾਰਿਕ਼ੇ = ਰੋਸ਼ਨੀ, ਪ੍ਰਕਾਸ਼ /ਆਂ=ਉਨ੍ਹਾਂ/ਹਰ = ਹਰੇਕ/ਚਹਾਰ = ਚਾਰ/ਮਸ਼ਅ਼ਲੇ=ਮਸਾਲਾਂ/ ਹ਼ੱਕ਼=ਰੱਬ/ਅਨਵਾਰ =ਨੂਰ /

**ਅਰਥ** = **(ੳ)** ਉਸ ਰੱਬ ਦੀ ਪੰਜਵੀਂ ਪਾਤਿਸ਼ਾਹੀ ਦਾ ਸਰੂਪ, ਪ੍ਰਕਾਸ਼ ਨੂੰ ਸਜਾਉਣ ਵਾਲਾ ਹੈ।

**(ਅ)** (ਪ੍ਰਸ਼ਨ = ਪੰਜਵੀਂ ਪਾਤਿਸ਼ਾਹੀ ਦਾ ਸਰੂਪ ਕਿਸ ਦੇ ਪ੍ਰਕਾਸ਼ ਨੂੰ ਸਜਾਉਣ ਵਾਲਾ ਹੈ? ਉੱਤਰ = ਉਨ੍ਹਾਂ ਚਾਰ ਮਸ਼ਾਲਾਂ ਦੇ ਪ੍ਰਕਾਸ਼ ਨੂੰ, ਜੋ ਮਸ਼ਾਲਾਂ ਰੱਬੀ ਨੂਰ ਵਾਲੀਆਂ ਹਨ।

**ਅਰਥਾਤ** = ਰੱਬੀ ਨੂਰ ਵਾਲੀਆਂ ਚਾਰ ਮਸ਼ਾਲਾਂ, ਚਾਰ ਗੁਰੂ ਨਾਨਕ ਦੇਵ ਜੀ ਦੀਆਂ ਪਾਤਿਸ਼ਾਹੀਆਂ ਹਨ ਅਤੇ ਇਨ੍ਹਾਂ ਮਸ਼ਾਲਾਂ ਦਾ ਪ੍ਰਕਾਸ਼, ਸੱਚ ਦਾ ਪ੍ਰਚਾਰ ਹੈ। ਸੱਚੇ ਪ੍ਰਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਸਜਾਇਆ ਹੈ (ਵਾ) = ਵਧਾਇਆ ਹੈ।

**(ੳ) ਵ ਅਜ਼ ਰੁਤਬਹ, ਹਰ ਪੰਜ ਕ਼ੁਦਸੀ;**

**(ਅ) ਵਾਲਾ ਮੰਨਜ਼ਿਲ, ਵ ਬਲੰਦ ਇਕ਼ਤ-ਦਾਰ ॥**

**ਪਦ ਅਰਥ** = ਵ = ਅਤੇ/ਅਜ਼ = ਨਾਲ/ਰੁਤਬਹ = ਰੁਤਬੇ, ਪਦਵੀ/ਹਰ = ਸਾਰੇ; ਸਾਰੀਆਂ, ਕ੍ਰਿਆ ਵਿਸ਼ੇਸ਼ਨ/ਕ਼ੁਦਸੀ = ਪਵਿੱਤਰ/ਵਾਲਾ = ਉੱਚੀ/ ਮੰਨਜ਼ਿਲ = ਦਰਜਾ, ਠਹਰਨੇ ਦੀ ਜਗ੍ਹਾ/ਵ = ਅਤੇ/ਬਲੰਦ = ਉੱਚੀ /ਇਕ਼ਤ-ਦਾਰ=ਹਕੂਮਤ, ਸ਼ਾਨਸ਼ੌਕਤ, ਵਡਿਆਈ, ਕਬਜ਼ਾ, ਤਾਕਤ/

**ਅਰਥ** = **(ੳ)** ਅਤੇ ਪਦਵੀ ਦੇ ਲਿਹਾਜ਼ ਦੇ ਨਾਲ ਪੰਜ ਪਵਿੱਤਰ ਪਾਤਿਸ਼ਾਹੀਆਂ

**(ਅ)** ਵੱਡੀ ਮੰਜ਼ਿਲ ਤੇ ਪਹੁੰਚਣ ਵਾਲੀਆਂ (ਜਾਂ) ਪਵਿੱਤਰ ਜਗ੍ਹਾ ਤੇ ਠਹਿਰਣ ਵਾਲੀਆਂ ਹਨ ਅਤੇ ਉੱਚੀ ਵਡਿਆਈ ਵਾਲੀਆਂ ਹਨ।



Sri Satguru Jagjit Singh Ji eLibrary NamdhariElibrary@gmail.com

**(ੳ) ਹੁਕ਼ ਸ਼ਿਕੋਹ, ਵ ਹਕ਼ੀਕ਼ਤ ਪਰਵਰ ;**

**(ਅ) ਅਅ਼ਲਾ ਅਜ਼ਮਤ, ਫ਼ੈਜ਼ ਗੁਸਤਰ ॥**

(**ਉਚਾਰਨ** = ਅਅ਼ਲਾ ਨੂੰ ਗੂੜ੍ਹਾ ਕਰਕੇ ਆਲਾ ਬੋਲੋ)

**ਪਦ ਅਰਥ** = ਹੁਕ਼=ਸੱਚੇ/ਸ਼ਿਕੋਹ=ਦਬਦਬਾ (ਵ) ਰੋਬ/ਵ=ਅਤੇ/ਹਕ਼ੀਕ਼ਤ= ਸਚਾਈ ਨੂੰ/ਪਰਵਰ=ਮੰਨਣ ਵਾਲੇ; ਪਾਲਣ ਵਾਲੇ/ਅਅ਼ਲਾ= ਉੱਚਾ, ਬਲੰਦ/ਅਜ਼ਮਤ = ਸ਼ਕਤੀ, ਵਡਿਆਈ/ਫ਼ੈਜ਼ = ਮਿਹਰਾਂ/ ਗੁਸਤਰ = ਖਿਲਾਰਨ ਵਾਲੇ/

**ਅਰਥ** = (**ੳ**) ਪੰਜਵੇਂ ਸਤਿਗੁਰੂ ਸਚਾਈ ਦੇ ਦਬਦਬੇ ਵਾਲੇ ਹਨ ਅਤੇ ਸਚਿਆਈ ਨੂੰ ਪਾਲਣ ਵਾਲੇ ਅਥਵਾ = ਮੰਨਣ ਵਾਲੇ ਹਨ।

(**ਅ**) ਪੰਜਵੀ ਪਾਤਿਸ਼ਾਹੀ ਉੱਚੀ ਸ਼ਕਤੀ ਅਥਵਾ = ਵਡਿਆਈ ਵਾਲੀ ਅਤੇ ਮਿਹਰਾਂ ਦੇ ਤਾਈਂ ਖਿਲਾਰਨ ਵਾਲੀ ਹੈ।

**(ੳ) ਮਕ਼ਬੂਲੇ, ਹਜ਼ਰਤੇ ਕਿਬਰੀਯਾ ;**

**(ਅ) ਵ ਮਤ਼ਲੂਬੇ, ਬਾਰਗਾਹੇ ਬੇ-ਹਮਤਾ ॥**

**ਪਦ ਅਰਥ** = ਮਕ਼ਬੂਲੇ=ਪ੍ਰਵਾਣ ਹੋਏ/ਹਜ਼ਰਤੇ=ਦਰਬਾਰ/ਕਿਬਰੀਯਾ=ਰੱਬ/ਵ= ਅਤੇ/ਮਤ਼ਲੂਬੇ=ਚਾਹੇ ਗਏ/ਬਾਰਗਾਹੇ=ਦਰਬਾਰ/ਬੇ-ਹਮਤਾ=ਬੇ ਮਿਸਾਲ/

**ਅਰਥ** = (**ੳ**) ਪੰਜਵੀਂ ਪਾਤਿਸ਼ਾਹੀ ਰੱਬ ਦੀ ਦਰਗਾਹ ਵਿੱਚ ਪ੍ਰਵਾਣ ਹੋਈ ਹੈ।

(**ਅ**) ਅਤੇ ਪੰਜਵੀਂ ਪਾਤਿਸ਼ਾਹੀ; ਬੇ-ਮਿਸਾਲ ਰੱਬੀ ਦਰਗਾਹ ਦੇ ਵਿੱਚ; ਚਾਹੀ ਗਈ ਹੈ।

**(ੳ) ਓ ਦਰ ਹੁੱਕ਼, ਵ ਹੁੱਕ਼ ਦਰ ਜ਼ਾਤਸ਼ ;**

**(ਅ) ਵ ਅਫ਼ਜ਼ੂੰ-ਤਰ, ਅਜ਼ ਬਿਆਂ ਹਰ ਜ਼ਬਾਂ ਸਿਫ਼ਾਤਸ਼ ॥**

**ਪਦ ਅਰਥ** = ਓ = ਓਹ/ਦਰ = ਵਿੱਚ/ਹੁੱਕ਼=ਰੱਬ/ਵ = ਅਤੇ/ਹੁੱਕ਼ = ਰੱਬ/ਦਰ = ਵਿਚ/ਜ਼ਾਤਸ਼ = ਉਨ੍ਹਾਂ ਦੀ ਜ਼ਾਤ, ਹਸਤੀ/ਵ = ਅਤੇ/ਅਫ਼ਜ਼ੂੰ-ਤਰ = ਬਹੁਤ ਜ਼ਿਆਦਾ/ਅਜ਼=ਤੋਂ/ਬਿਆਂ = ਬਿਆਨ/ਜ਼ਬਾਂ = ਜ਼ਬਾਨ/ਸਿਫ਼ਾਤ + ਅਸ਼ = ਉਨ੍ਹਾਂ ਦੀ ਸਿਫ਼ਤਾਂ/

**ਅਰਥ** = (**ੳ**) ਓਹ ਰੱਬ ਦੇ ਵਿੱਚ, ਅਤੇ ਰੱਬ ਉਨ੍ਹਾਂ ਦੀ ਹਸਤੀ ਵਿੱਚ ਹੈ।

**ਯਥਾ** = **ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਯ ਹਰਿ ॥**

(ਅੰਗ ੧੪੦੯)

(**ਅ**) ਉਨ੍ਹਾਂ ਦੀਆਂ ਸਿਫ਼ਤਾਂ, ਹਰੇਕ ਜ਼ਬਾਨ ਦੇ ਬਿਆਨ ਕਰਨ ਤੋਂ (ਅਥਵਾ) ਬਚਨਾਂ ਦੁਆਰਾ ਕਥਨ ਕਰਨ ਤੋਂ ਬਹੁਤ ਹੀ



Sri Satguru Jagjit Singh Ji eLibrary NamdhariElibrary@gmail.com

ਜ਼ਿਆਦਾ ਹਨ।

**ਅਰਥਾਤ** = ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਉਸਤਤ ਹੋ ਹੀ ਨਹੀਂ ਸਕਦੀ॥

**ਯਥਾ** = **ਅੰਤੁ ਨ ਪਾਵਤ ਦੇਵ ਸਬੈ ਮੁਨਿ, ਇੰਦ੍ਰ ਮਹਾ ਸਿਵ ਜੋਗ ਕਰੀ॥**

**ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ, ਹਰਿ ਜਾਪੁ ਨ ਛਾਡ੍ਹਿਉ ਏਕ ਘਰੀ॥**

**ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ॥**

**ਰਾਮਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਅਰਜੁਨ ਮਾਹਿ ਧਰੀ॥**

(ਅੰਗ ੧੪੦੯)

**(ੳ) ਖ਼ਾਸਾਨ ਖ਼ਾਕੇ ਰਾਹਸ਼ ;**

**(ਅ) ਵ ਕੁਦਸੀਆਂ, ਦਰ ਜ਼ਿੱਲੇ ਪਨਾਹਸ਼॥**

**ਪਦ ਅਰਥ** = ਖ਼ਾਸਾਨ = ਖ਼ਾਸ ਲੋਕ/ਖ਼ਾਕੇ = ਧੂੜ/ਰਾਹ + ਅਸ਼ = ਉਨ੍ਹਾਂ ਦੇ ਰਸਤੇ/ ਵ = ਅਤੇ/ਕੁਦਸੀਆਂ = (1) ਪਵਿੱਤਰ, (2) ਜਮਦੂਤ/ਦਰ = ਵਿੱਚ /ਜ਼ਿੱਲੇ = ਛਾਂ/ਪਨਾਹ + ਅਸ਼ = ਉਨ੍ਹਾਂ ਦੀ ਸ਼ਰਨ/

**ਅਰਥ** = **(ੳ)** (ਦੁਨੀਆਂ ਦੇ ਲੋਕ ਅਤੇ) ਰੱਬ ਦੇ ਖ਼ਾਸ ਲੋਕ, (ਦੋਵੇਂ ਹੀ) ਉਨ੍ਹਾਂ ਦੇ ਰਸਤੇ ਦੀ ਧੂੜ ਹਨ।

**(ਅ) ਪਹਿਲਾ ਅਰਥ** = ਅਤੇ ਪਵਿੱਤਰ ਲੋਕ ਅਥਵਾ = ਦੇਵਤੇ ਆਦਿਕ ਵੀ ਉਨ੍ਹਾਂ ਦੀ ਸ਼ਰਨ ਦੀ ਛਾਂ ਹੇਠ ਹਨ।

**ਦੂਸਰਾ ਅਰਥ** =ਜਮਦੂਤ ਆਦਿਕ ਵੀ, ਉਨ੍ਹਾਂ ਦੀ ਸ਼ਰਨ ਦੀ ਛਾਂ ਹੇਠ ਹਨ।

**(ੳ) ਅਲਿਫ਼ੇ ਨਾਮੇ, ਅਹ਼ਦੀਯਤ ਇੰਤਿਜ਼ਾਮਸ਼ ;**

**(ਅ) ਇਆ਼-ਨਤ ਬਖ਼ਸ਼ੇ, ਹਰ ਨਾ-ਉਮੀਦ ਵ ਰਾਂਦਹ॥**

(**ਉਚਾਰਨ** = ਇਆ਼-ਨਤ ਐੜਾ ਦੱਬ ਕੇ ਇਕੱਠਾ ਬੋਲੋ)

**ਪਦ ਅਰਥ** = ਅਲਿਫ਼ੇ=ਐੜਾ/ਨਾਮੇ=ਨਾਉਂ/ਅਹ਼ਦੀਯਤ=ਏਕਤਾ/ਇੰਤਿਜ਼ਾਮ +ਅਸ਼ = ਲੜੀ ਵਿੱਚ ਪਰੋਅ ਕੇ ਰੱਖਣਾ, (ਅਸ਼)=ਉਨ੍ਹਾਂ (ਭਾਵ) ਗੁਰੂ ਅਰਜਨ ਦੇਵ ਜੀ/ਇਆ਼ਨਤ = ਮਦਦ/ਵ = ਅਤੇ/ਰਾਂਦਹ = ਭੱਜੇ ਹੋਏ, ਕੱਢੇ ਹੋਏ/

**(ੳ)** ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਨਾਮ ਦਾ, (ਸੰਸਾਰ ਨੂੰ) ਇੱਕ ਲੜੀ ਵਿੱਚ ਪਰੋਈ ਰੱਖਣ ਵਾਲਾ, ਰੱਬ ਦੀ ਏਕਤਾ ਨੂੰ ਦਰਸਾਉਣ ਵਾਲਾ; (ਪਹਿਲਾ) ਐੜਾ ਅੱਖਰ ਇਹ ਉਪਦੇਸ਼ ਦਿੰਦਾ ਹੈ।

**ਅਰਥਾਤ** = ਗੁਰੂ ਅਰਜਨ ਦੇਵ ਜੀ ਦੇ, ਏਕਤਾ ਦਾ ਇੰਤਿਜ਼ਾਮ = ਪ੍ਰਬੰਧ ਕਰਨ



Sri Satguru Jagjit Singh Ji eLibrary NamdhariElibrary@gmail.com

ਵਾਲੇ ਨਾਮ ਦਾ ਐੜਾ ਅੱਖਰ, ਇਹ ਉਪਦੇਸ਼ ਦਿੰਦਾ ਹੈ।

(ਅ) ਕਿ ਗੁਰੂ ਅਰਜਨ ਦੇਵ ਜੀ, ਹਰੇਕ ਬੇ-ਉਮੀਦ ਲੋਕਾਂ ਨੂੰ, ਅਤੇ ਜਹਾਨ ਵਿੱਚੋਂ ਭੱਜੇ ਹੋਏ ਲੋਕਾਂ ਨੂੰ, (ਅਥਵਾ) = ਜਹਾਨ ਵਿੱਚੋਂ ਕੱਢੇ ਹੋਏ ਲੋਕਾਂ ਨੂੰ, ਮਦਦ ਬਖ਼ਸ਼ਣ ਵਾਲੇ ਹਨ।

**ਅਰਥਾਤ** = ਕਵੀ ਰਾਜ ਸੰਤੋਖ ਸਿੰਘ ਜੀ ਨੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਰਾਸ ਚੌਥੀ ਅਤੇ ਅੰਸੂ ਉਨੱਤੀ ਵਿੱਚ ਲਿਖਿਆ ਹੈ ਕਿ ਦੁਨੀਆਂ ਦੇ ਬਾਦਸ਼ਾਹ ਨੇ ਖੁਸਰੋ ਨੂੰ ਧੱਕੇ ਮਾਰ ਕਰਕੇ ਆਪਣੇ ਰਾਜ ਵਿੱਚੋਂ ਬਾਹਰ ਕੱਢ ਦਿੱਤਾ ਸੀ। ਅਤੇ ਪੰਜਵੇਂ ਪਾਤਿਸ਼ਾਹ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਨੂੰ ਆਪਣੀ ਸ਼ਰਨ ਵਿੱਚ ਪਨਾਹ ਦੇ ਦਿੱਤੀ ਸੀ। ਏਸੇ ਭਾਵ ਨੂੰ ਲੈ ਕਰਕੇ ਭਾਈ ਨੰਦ ਲਾਲ ਸਾਹਿਬ ਜੀ ਉਪਰੋਕਤ ਕਥਨ ਕਰ ਰਹੇ ਹਨ।

**(ੳ) ਵਾ ਰਾਏ, ਰਾਹ਼ਤ ਅਫ਼ਜ਼ਾਇਸ਼ ;**

**(ਅ) ਰਫ਼ੀਕ਼ੇ ਹਰ ਜ਼ਲੀਲ, ਵ ਦਰਮਾਂਦਹ ॥**

**ਪਦ ਅਰਥ** = ਵਾ = ਅਤੇ/ਰਾਏ = ਰਾਰਾ/ਰਾਹ਼ਤ = ਆਰਾਮ/ਅਫ਼ਜ਼ਾਇ + ਅਸ਼ = ਵਧਾਉਣ ਵਾਲ (ਅਸ਼) = ਉਨ੍ਹਾਂ ਦੇ ਨਾਮ ਦਾ (ਭਾਵਾਰਥ) ਗੁਰੂ ਅਰਜਨ ਦੇਵ ਜੀ ਦੇ ਨਾਮ ਦਾ/ਰਫ਼ੀਕ਼ੇ = ਸਾਥਣ, ਸਾਥ, ਦੋਸਤ/ ਜ਼ਲੀਲ = ਕਮੀਨੇ, ਤੁੱਛ, (ਭਾਵਾਰਥ) = ਨਿਮਾਣੇ/ਵ = ਅਤੇ/ ਦਰਮਾਂਦਹ = ਡਿੱਗੇ ਹੋਏ (ਭਾਵਾਰਥ) = ਬਹੁਤ ਕਮਜ਼ੋਰ, ਨਿਥਾਵੇ/

**ਅਰਥ** = (ੳ) ਅਤੇ ਗੁਰੂ ਅਰਜਨ ਦੇਵ ਜੀ ਦੇ ਨਾਮ ਦਾ ਪਵਿੱਤਰ ਰਾਰਾ ਅੱਖਰ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਆਪਣੇ ਪਿਆਰਿਆਂ ਦੇ ਅਰਾਮ ਨੂੰ ਵਧਾਉਣ ਵਾਲੇ ਹਨ। (ਭਾਵ)=ਆਪਣੇ ਪਿਆਰਿਆਂ ਨੂੰ ਸਦੀਵੀਂ ਟਿਕਾਅ ਬਖ਼ਸ਼ਣ ਵਾਲੇ ਹਨ।

**ਅਰਥਾਤ** = ਅਰਾਮ ਨੂੰ ਵਧਾਉਣ ਵਾਲਾ ਰਾਰਾ ਅੱਖਰ ਇਹ ਉਪਦੇਸ ਦਿੰਦਾ ਹੈ ਕਿ:

(ਅ) ਗੁਰੂ ਅਰਜਨ ਦੇਵ ਜੀ ਹਰੇਕ ਨਿਮਾਣੇ ਅਤੇ ਨਿਥਾਵੇ ਦੇ ਸਾਥੀ ਹਨ।

**(ੳ) ਜ਼ੀਮੇ ਹ਼ੱਕ਼ ਨਸੀਮਸ਼ ; ਜਾਂ ਫ਼ਜ਼ਾਇੰਦ-ਹਏ ਇਰਾਦਤ ਗੁਜ਼ੀਨਾਂ ॥**

**(ਅ) ਵ ਨੂਨੇ ਫ਼ੈਜ਼ ਮਕ਼ - ਰੂਨਸ਼ ; ਨਵਾਜ਼ਿੰਦ - ਹਏ ਅ਼ਕ਼ੀਦਤ ਆਈਨਾਂ ॥੭੪॥**



Sri Satguru Jagjit Singh Ji eLibrary NamdhariElibrary@gmail.com

ਪਦ ਅਰਥ = ਜੀਮ਼ੇ = ਜੱਜਾ/ਹ਼ੱਕ = ਰੱਬ/ਨਸੀਮ + ਅਸ਼ = ਉਨ੍ਹਾਂ ਦਾ ਖ਼ੁਸ਼ਬੂ ਵਾਲਾ [ਨੋਟ= ਸਵੇਰੇ ਪੱਛਮ ਦੀ ਤ਼ਰਫ਼ ਤੋਂ ਜੋ ਠੰਡੀ ਖ਼ੁਸ਼ਬੂ ਵਾਲੀ ਹਵਾ ਚਲਦੀ ਹੈ ਉਸਨੂੰ ਨਸੀਮ ਕਹਿੰਦੇ ਹਨ ਅਤੇ ਜੋ ਸਵੇਰੇ ਪੂਰਬ ਤੋਂ ਖ਼ੁਸ਼ਬੂ ਵਾਲੀ ਹਵਾ ਚਲਦੀ ਹੈ ਉਸਨੂੰ ਸਬਾ ਕਹਿੰਦੇ ਹਨ।]/ ਜਾਂ=ਜਾਨ/ਫ਼ਜ਼ਾਇੰਦ-ਹਏ=ਵਧਾਉਣ ਵਾਲੇ/ਇਰਾਦਤ = ਮਾਨਯੋਗ/ ਗੁਜ਼ੀਨਾਂ - ਚੁਣਿਆ ਹੋਇਆ, ਚੁਣੀ ਹੋਈ (ਭਾਵ) ਉੱਤਮ/ਵ = ਅਤੇ/ਨੂਨੇ = ਨੰਨਾ/ਫ਼ੈਜ਼ = ਕਿਰਪਾ/ਮਕ਼ਰੂਨ + ਅਸ਼ = ਮਿਲਿਆ ਹੋਇਆ (ਅਸ਼) = ਉਨ੍ਹਾਂ (ਭਾਵ) ਗੁਰੂ ਅਰਜਨ ਦੇਵ ਜੀ/ਨਵਾਜ਼ਿੰਦ-ਹਏ=ਨਿਵਾਜਨ ਵਾਲੇ/ਅ਼ਕ਼ੀਦਤ=ਮੰਨਣਾ, ਚਾਹਤ, ਸ਼ਰਧਾ/ਆਈਨਾਂ = ਬਹੁਤ ਜ਼ਿਆਦਾ (ਭਾਵਾਰਥ) = ਬਹੁਤ ਜ਼ਿਆਦਾ ਮੰਨਣ ਵਾਲੇ, ਬਹੁਤ ਜ਼ਿਆਦਾ ਚਾਹੁਣ ਵਾਲੇ/

ਅਰਥ = (ੳ) ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਨਾਮ ਦਾ ਰੱਬੀ ਖ਼ੁਸ਼ਬੂ ਵਾਲਾ ਜੱਜਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਸਿੱਖਾਂ ਦੀ ਉੱਤਮ ਜ਼ਿੰਦਗੀ ਨੂੰ ਵਧਾਉਣ ਵਾਲੇ ਮਾਨਯੋਗ ਹਨ (ਅਥਵਾ) = ਸਤਿਕਾਰਯੋਗ ਹਨ।

(ਅ) ਗੁਰੂ ਅਰਜਨ ਦੇਵ ਜੀ ਦੇ (ਪਵਿੱਤਰ) ਨਾਮ ਦਾ, ਕਿਰਪਾ ਦੇ ਨਾਲ ਮਿਲਿਆ ਹੋਇਆ ਨੰਨਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਰੱਬ ਨੂੰ ਬਹੁਤ ਜ਼ਿਆਦਾ ਮੰਨਣ ਵਾਲੇ ਜਿਹੜੇ ਸਿੱਖ ਹਨ ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਨਿਵਾਜਨ ਵਾਲੇ ਹਨ।

**ਵਾਹਿਗੁਰੂ ਜੀਉ ਸੱਤਿ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ।**

**(ੳ) ਗੁਰੂ ਅਰਜਨ, ਆਂ ਜੁਮਲਾ ਜੂਦੋ ਫ਼ਜ਼ਾਲ ॥**

**(ਅ) ਹ਼ਕ਼ੀਕ਼ਤ ਪਯੋਹਿੰਦ-ਹਏ; ਹ਼ੱਕੇ ਜਮਾਲ ॥੭੫॥**

(ਉਚਾਰਨ = ਪਿਓਹਿੰਦ-ਹਏ ਬੋਲੋ)

ਪਦ ਅਰਥ = ਆਂ = ਉਹ (ਭਾਵ ਅਰਥ) ਗੁਰੂ ਅਰਜਨ ਦੇਵ ਜੀ/ਜੁਮਲਾ = ਸਾਰੀਆਂ/ਜੂਦੋ = ਮਿਹਰਾਂ/ਫ਼ਜ਼ਾਲ = ਬਖ਼ਸ਼ਿਸ਼ਾਂ/ ਹਕ਼ੀਕ਼ਤ਼ = ਸਚਾਈ/ਪਿਓਹਿੰਦਹਏ = ਲੱਭਣ ਵਾਲੇ, ਦੌੜ ਕੇ ਚੱਲਣ ਵਾਲੇ/ ਹ਼ੱਕੇ = ਰੱਬ, ਸਚਾਈ/ਜਮਾਲ = ਖ਼ੂਬਸੂਰਤੀ/



Sri Satguru Jagjit Singh Ji eLibrary NamdhariElibrary@gmail.com

ਅਰਥ = (ੳ) ਗੁਰੂ ਅਰਜਨ ਦੇਵ ਜੀ ਸਾਰੀਆਂ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਸਰੂਪ ਹਨ।

(ਅ) ਗੁਰੂ ਅਰਜਨ ਦੇਵ ਜੀ, ਰੱਬ ਦੀ ਖ਼ੂਬਸੂਰਤੀ ਵਾਲੀ ਸਚਾਈ ਨੂੰ; ਲੱਭਣ ਵਾਲੇ ਹਨ।

ਦੂਸਰਾ ਅਰਥ= ਰੱਬ ਵਰਗੀ ਖ਼ੂਬਸੂਰਤ ਸਚਾਈ ਦੇ ਰਸਤੇ ਉੱਪਰ ਭੱਜ ਕਰਕੇ ਚੱਲਣ ਵਾਲੇ ਹਨ।

**(ੳ) ਵਜੂਦਸ਼ ਹਮਹ, ਰਹ਼ਮਤੇ ਈਜ਼ਦੀ ॥**

**(ਅ) ਸਅ਼ਾਦਤ, ਫ਼ਜ਼ਾਇੰਦ-ਹਏ ਸਰਮਦੀ ॥੭੬॥**

(ਉਚਾਰਨ = ਸ-ਅ਼ਾਦਤ ਐੜਾ ਦੱਬ ਕੇ ਇਕੱਠਾ ਬੋਲੋ ਅਤੇ ਸਰ-ਮਦੀ ਪੋਲਾ ਤੇ ਇਕੱਠਾ ਬੋਲੋ)

ਪਦ ਅਰਥ = ਵਜੂਦ+ਅਸ਼ = ਉਨ੍ਹਾਂ ਦਾ ਵਜੂਦ/ਹਮਹ = ਸਾਰਾ/ਰਹ਼ਮਤੇ = ਕਿਰਪਾ/ਈਜ਼ਦੀ = ਰੱਬੀ/ਸਅ਼ਾਦਤ = ਨੇਕ ਭਗਤੀ/ਫ਼ਜ਼ਾਇੰਦ-ਹਏ = ਵਧਾਉਣ ਵਾਲਾ/ ਸਰਮਦੀ = ਹਮੇਸ਼ਾ ਵਾਸਤੇ।

ਅਰਥ = (ੳ) ਉਨ੍ਹਾਂ ਦਾ ਸਾਰਾ ਹੀ ਵਜੂਦ, ਰੱਬੀ ਕਿਰਪਾ ਤੋਂ ਬਣਿਆ ਹੈ ॥

(ਅ) ਹਮੇਸ਼ਾ ਵਾਸਤੇ ਗੁਰੂ ਅਰਜਨ ਦੇਵ ਜੀ ਨੇਕ ਭਗਤੀ ਨੂੰ ਵਧਾਉਣ ਵਾਲੇ ਹਨ ॥

**(ੳ) ਮੁਰੀਦਸ਼ ਦੋ ਆ਼ਲਮ ਚਿਹ, ਬਲ ਸਦ ਹਜ਼ਾਰ ॥**

**(ਅ) ਹਮਹ ਅਜ਼ ਕਰਮ-ਹਾਏ ਓ, ਜੁੱਰਆ਼ ਖ਼੍ਵਾਰ ॥੭੭॥**

(ਉਚਾਰਨ = ਖ਼੍ਵਾਰ ਦਾ ਵਾਵਾ ਸਾਈਲੈਂਟ ਕਰਕੇ ਖ਼ਾਰ ਬੋਲੋ)

ਪਦ ਅਰਥ = ਮੁਰੀਦ + ਅਸ਼ = ਉਨ੍ਹਾਂ ਦੇ ਚੇਲੇ/ਆ਼ਲਮ = ਜਹਾਨ/ਚਿਹ = ਕੀ/ ਬਲ = ਸਗੋਂ/ਸਦ=ਸੈਂਕੜੇ/ਹਜ਼ਾਰ=ਹਜ਼ਾਰਾਂ/ਹਮਹ=ਸਾਰੇ/ਅਜ਼= ਤੋਂ/ਕਰਮ-ਹਾਏ=ਮਿਹਰਬਾਨੀਆਂ/ ਓ = ਉਨ੍ਹਾਂ ਦੀਆਂ/ਜੁੱਰਆ਼ = ਘੁੱਟ/ਖ਼੍ਵਾਰ = ਚਾਹੁਣ ਵਾਲੇ/

ਅਰਥ = (ੳ) ਦੋ ਜਹਾਨ ਕੀ, ਸਗੋਂ ਲੱਖਾਂ (ਜਹਾਨ) ਉਨ੍ਹਾਂ ਦੇ ਚੇਲੇ ਹਨ।

(ਅ) ਸਾਰੇ ਉਨ੍ਹਾਂ ਤੋਂ ਬਖ਼ਸ਼ਿਸ਼ਾਂ ਰੂਪ ਘੁੱਟ ਚਾਹੁਣ ਵਾਲੇ (ਅਥਵਾ) ਘੁੱਟ ਪੀਣ ਵਾਲੇ ਹਨ।

ਅਰਥਾਤ = ਦਾਤਾਂ ਨੂੰ ਭੁੰਚਣ ਵਾਲੇ ਹਨ ॥

**(ੳ) ਅਜ਼ੋ ਨਜ਼ਮ, ਕ਼ਾਲੇ ਹ਼ੱਕ਼ ਅੰਦੇਸ਼ਹ ਰਾ ॥**

**(ਅ) ਬਦੋ ਨਸਕ਼, ਇ਼ਲਮੇ ਯਕ਼ੀਂ ਪੇਸ਼ਹ ਰਾ ॥੭੮॥**



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਅਜ਼ੋ = ਉਨ੍ਹਾਂ ਤੋਂ/ਨਜ਼ਮ = ਪ੍ਰਬੰਧ /ਕ਼ਾਲੇ = ਡਕੈਤ, ਜ਼ਮਾਨਾ, ਤਮਾਮ, ਗੱਲਾਂ, ਬਾਣੀ/ਹ਼ੱਕ਼ = ਸਚਾਈ, ਰੱਬੀ / ਅੰਦੇਸ਼ਹ = ਸੋਚਣ, ਡਰ, ਵਿਚਾਰ/ਰਾ=ਦਾ/ਬਦੋ=ਉਨ੍ਹਾਂ ਤੋਂ/ਨਸਕ਼ = ਸ਼ਾਂਤੀ ਬਿਵਸਥਾ, ਪ੍ਰਬੰਧ, ਤਰੀਕ਼ਾ/ਇ਼ਲਮੇ = ਗਿਆਨ / ਯਕ਼ੀਨ = ਭਰੋਸਾ/ਪੇਸ਼ਹ = ਕੰਮਕਾਜ / ਰਾ = ਦਾ/

**ਅਰਥ** = (ੳ) ਰੱਬੀ ਵਿਚਾਰ ਵਾਲੀ ਬਾਣੀ ਦਾ, ਉਨ੍ਹਾਂ ਤੋਂ ਹੀ ਪ੍ਰਬੰਧ ਹੋਇਆ ਹੈ।

**ਅਰਥਾਤ** = ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀ ਗੁਰਬਾਣੀ ਦੀ ਇੱਕ੍ਰਤਾ, ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੈ। ਇਸ ਲਈ ਸਾਰੀ ਰੱਬੀ ਵਿਚਾਰ ਵਾਲੀ ਬਾਣੀ ਦਾ ਪ੍ਰਬੰਧ ਗੁਰੂ ਅਰਜਨ ਦੇਵ ਜੀ ਤੋਂ ਹੀ ਹੋਇਆ ਹੈ।

(ਅ) ਰੱਬੀ ਗਿਆਨ ਅਤੇ ਸਿਦਕ਼ ਭਰੋਸੇ ਦੇ ਕੰਮਕਾਜ ਦਾ ਪ੍ਰਬੰਧ ਵੀ; ਉਨ੍ਹਾਂ ਤੋਂ ਹੀ ਹੋਇਆ ਹੈ।

**ਭਾਈ ਸਾਹਿਬ, ਉਪਰੋਕਤ ਵਿਚਾਰ ਨੂੰ ਪੱਕਿਆਂ ਕਰਨ ਵਾਸਤੇ, ਦੁਬਾਰਾ ਕਥਨ ਕਰਦੇ ਹਨ ਕਿ:-**

**(ੳ) ਜਿਲਾਏ ਮਕ਼ਾਲੇ ਹ਼ੱਕ਼; ਆਮਦ ਅਜ਼ੋ ॥**

**(ਅ) ਫ਼ਰੋਗ਼ੇ ਜਮਾਲੇ ਹ਼ੱਕ਼; ਆਮਦ ਅਜ਼ੋ ॥੭੯॥**

**ਪਦ ਅਰਥ** = ਜਿਲਾਏ = ਰੌਸ਼ਨ ਕਰਨਾ, ਚਾਨਣਾ/ਮਕ਼ਾਲੇ = ਕਲਾਮ (ਵ) ਬਾਣੀ/ਹ਼ੱਕ਼ = ਰੱਬੀ/ਆਮਦ = ਆਇਆ ਹੈ, ਆਈ ਹੈ/ ਅਜ਼ੋ = ਉਨ੍ਹਾਂ ਤੋਂ/ਫ਼ਰੋਗ਼ੇ = ਰੋਸ਼ਨੀ, ਤਰੱਕੀ, ਵਧਣਾ, ਪਾਤਿਸ਼ਾਹੀ/ ਜਮਾਲੇ = ਖ਼ੂਬਸੂਰਤ/ਹ਼ੱਕ਼ = ਸਚਾਈ ॥

**ਅਰਥ** = (ੳ) ਰੱਬੀ ਕਲਾਮ ਦਾ ਚਾਨਣਾ ਵੀ; ਉਨ੍ਹਾਂ ਤੋਂ ਹੀ ਆਇਆ ਹੈ।

(ਅ) ਸਚਾਈ ਦੀ ਖ਼ੂਬਸੂਰਤ ਰੋਸ਼ਨੀ ਵੀ ਉਨ੍ਹਾਂ ਤੋਂ ਹੀ ਆਈ ਹੈ।

**ਅਰਥਾਤ** = ਗੁਰੂ ਗ੍ਰੰਥ ਸਾਹਿਬ ਜੀ ਗੁਰੂ ਅਰਜਨ ਦੇਵ ਜੀ ਤੋਂ ਹੀ ਪ੍ਰਗਟ ਹੋਏ ਹਨ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)

## ਛੇਵੀਂ ਪਾਤਿਸ਼ਾਹੀ

**ਨਾਮ** : ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ, ਸੋਢ ਵੰਸ।

**ਅਵਤਾਰ ਧਾਰਨ ਪਿੰਡ** : ਵਡਾਲੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਛੇ ਮੀਲ ਹੈ।

**ਅਵਤਾਰ ਧਾਰਨ ਸੰਮਤ**: ੧੬੫੨ ਬਿ: ਹਾੜ ਵਦੀ ਏਕਮ, ਦਿਨ ਐਤਵਾਰ ਪੁੰਨਿਆਂ ਦੀ ਰਾਤ ਸੀ। ੬ ਜੂਨ ੧੫੯੬ ਈ: ਪੁੱਖ ਨਛੱਤ੍ਰ ਸੰਗਰਾਂਦੀ ੨੧ ਹਾੜ।

**ਮਾਤਾ ਪਿਤਾ** : ਮਾਤਾ ਗੰਗਾ ਜੀ, ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ, ਨਾਨਾ ਕ੍ਰਿਸ਼ਨ ਚੰਦ ਜੀ, ਨਾਨੀ ਧਨਵੰਤੀ ਜੀ।

**ਮਹਲ** : ਮਾਤਾ ਦਮੋਦਰੀ ਜੀ ਡੱਲੇ ਤੋਂ ਸੁਲਤਾਨਪੁਰ ਨੇੜੇ, ਭਾਈ ਪਾਰੋ ਜੀ ਦੀ ਪੋਤਰੀ। ਗੁਰੂ ਜੀ ਦੇ ਸਹੁਰਾ ਨਰੈਣ ਦਾਸ ਜੀ ਸੱਸ ਦਇਆ ਕੌਰ ਜੀ। ਮਾਤਾ ਨਾਨਕੀ ਜੀ ਬਾਬੇ ਬਕਾਲੇ ਤੋਂ ਮਾਤਾ ਮਰਵਾਹੀ ਜੀ (ਮਹਾਂਦੇਵੀ ਜੀ) ਮੰਡਿਆਲੀ ਤੋਂ, ਗੁਰੂ ਜੀ ਦੇ ਸਹੁਰਾ ਦੁਆਰਾ ਜੀ, ਸੱਸ ਭਾਗਨ ਜੀ।

**ਗੱਦੀ ਸਮਾਂ** : ੧੬੬੩ ਬਿ: ਜੇਠ ਵਦੀ ਅਸਟਮੀ, ੧੫ ਮਈ ੧੬੦੫ ਈ:। ਅੰਮ੍ਰਿਤਸਰ ਸਾਹਿਬ ਕੋਠੜੀ ਸਾਹਿਬ (ਅਕਾਲ ਤਖ਼ਤ ਸਾਹਿਬ ਉੱਪਰ)

**ਜੋਤੀ ਜੋਤਿ ਸਮਾਉਣਾ** : ੧੬੯੫ ਬਿ: ਚੇਤ ਸੁਦੀ ਪੰਚਮੀ, ੨੮ ਮਾਰਚ ੧੬੩੮ ਈ: (ਪਤਾਲਪੁਰੀ) ਕੀਰਤਪੁਰ ਸਾਹਿਬ।

**ਸਪੁੱਤ੍ਰ** : (1) ਬਾਬਾ ਗੁਰਦਿਤਾ ਜੀ, (2) ਬੀਬੀ ਵੀਰੋ ਜੀ (ਦੋਨੋਂ ਮਾਤਾ ਦਮੋਦਰੀ ਜੀ ਦੇ), (3) ਅਣੀ ਰਾਏ ਜੀ, (4) ਸ੍ਰੀ ਗੁਰੂ ਤੇਗ ਬਹਾਦਰ ਜੀ (5) ਬਾਬਾ ਅਟੱਲ ਰਾਏ ਜੀ (ਤਿੰਨੋ ਮਾਤਾ ਨਾਨਕੀ ਜੀ ਦੇ) (6) ਸੂਰਜ ਮਲ ਜੀ (ਮਾਤਾ ਮਰਵਾਹੀ ਜੀ ਦੇ)

**ਸਾਰੀ ਅਵਸਥਾ** : ਬਤਾਲੀ ਬਰਸ, ਨੌ ਮਹੀਨੇ, ਉੱਨੀ ਦਿਨ

**ਗੁਰਿਆਈ ਸਮਾਂ** : ਬੱਤੀ ਬਰਸ, ਦਸ ਮਹੀਨੇ, ਬਾਰਾਂ ਦਿਨ

**ਹਕੂਮਤ** : ਜਹਾਂਗੀਰ ਤੇ ਸ਼ਾਹਜਹਾਂ ਬਾਦਸ਼ਾਹ ਦੀ ਸੀ।



Sri Satguru Jagjit Singh Ji eLibrary NamdhariElibrary@gmail.com

ਨਗਰ ਵਸਾਇਆ : ਸ੍ਰੀ ਹਰਗੋਬਿੰਦਪੁਰ ਬਿਆਸ ਕਿਨਾਰੇ ਭਾਈ ਰੂਪਾ ੧੬੨੨ ਈ:

ਬਾਣੀ : ਬਾਣੀ ਨਹੀਂ ਉਚਾਰੀ, ੯ ਧੁਨਾਂ ਲਿਖਵਾਈਆਂ ਸ਼ਬਦ ਹਜ਼ਾਰੇ ਇਕੱਤਰ ਕੀਤੇ, ਬਾਣੀ ਦਾ ਪ੍ਰਚਾਰ ਕੀਤਾ

**ਸਲਤ੍ਨਤੇ ਸ਼ਸ਼ਮ**

**ਅਰਥ** = ਹੁਣ ਭਾਈ ਸਾਹਿਬ ਜੀ ਛੇਵੀਂ ਪਾਤਿਸ਼ਾਹੀ ਦੀ ਉਸਤਤ ਕਥਨ ਕਰਦੇ ਹਨ।

**(ੳ) ਸਲਤ੍ਨਤੇ ਸ਼ਸ਼ਮਸ਼, ਜਲਵਹ ਆਰਾਏ ਈਜ਼ਦੀ ਸ਼ਵਾਰਿਕ਼ ;**

**(ਅ) ਵ ਇੰਤਸ਼ਾਰ ਅਫ਼ਜ਼ਾਏ, ਕ਼ੁਦਸੀ ਬਵਾਰਿਕ਼ ॥**

**ਪਦ ਅਰਥ** = ਸ਼ਸ਼ਮ+ਅਸ਼ = ਉਨ੍ਹਾਂ ਦੀ ਛੇਵੀਂ/ਜਲਵਹ = ਚਮਕ/ਆਰਾਏ = ਸਜਾਉਣ ਵਾਲੀ/ਈਜ਼ਦੀ = ਰੱਬੀ/ਸ਼ਵਾਰਿਕ਼ = ਰੋਸ਼ਨੀਆਂ/ਵ = ਅਤੇ/ਇੰਤਸ਼ਾਰ = ਖਿਲਾਰਨਾ, ਬਿਖੇਰਨਾ/ਅਫ਼ਜ਼ਾਏ = (1) ਨੂਰ (2) ਕਿਰਪਾਵਾਂ, ਮਿਹਰਾਂ/ਕ਼ੁਦਸੀ = ਪਵਿੱਤਰ/ਬਵਾਰਿਕ਼ = ਬਿਜਲੀ, ਨੂਰ/

(ੳ) ਗੁਰੂ ਨਾਨਕ ਦੇਵ ਜੀ ਦੀ ਛੇਵੀਂ ਪਾਤਿਸ਼ਾਹੀ ਰੱਬੀ ਰੋਸ਼ਨੀਆਂ ਦੀ ਚਮਕ ਨੂੰ ਸਜਾਉਣ ਵਾਲੀ ਹੈ (ਅਥਵਾ) = ਦਿਖਾਉਣ ਵਾਲੀ ਹੈ।

(ਅ) ਅਤੇ ਪਵਿੱਤਰ ਬਿਜਲੀ ਵਰਗੇ ਨੂਰ ਨੂੰ ਵੱਧ ਤੋਂ ਵੱਧ ਖਿਲਾਰਣ ਵਾਲੀ ਹੈ।

**ਦੂਸਰਾ ਅਰਥ** = ਅਤੇ ਬਿਜਲੀ ਵਾਂਗ ਤੇਜ਼ੀ ਦੇ ਨਾਲ; ਵੱਧ ਤੋਂ ਵੱਧ ਮਿਹਰਾਂ, ਗੁਰਸਿੱਖਾਂ ਵਿੱਚ ਖਿਲਾਰਨ ਵਾਲੀ ਹੈ।

**(ੳ) ਸ਼ਾਰਿਕ਼-ਹਏ ਰਹ਼ਮਤਸ਼, ਆ਼ਲਮੀਆਂ ਅਫ਼ਰੋਜ਼ ;**

**(ਅ) ਵ ਬਾਰਿਕ਼-ਹਏ ਅ਼ਜ਼ਮਤਸ਼, ਜ਼ੁਲਮਤੀਆਂ ਸੋਜ਼ ॥**

(**ਉਚਾਰਨ** = ਰਹ਼-ਮਤੱਸ਼ ਅਤੇ ਅ਼ਜ਼-ਮਤੱਸ਼ ਬੋਲੋ)

**ਪਦ ਅਰਥ** = ਸ਼ਾਰਿਕ਼-ਹਏ = ਚਮਕਾਰਾ / ਰਹ਼ਮਤ + ਅਸ਼ = ਉਨ੍ਹਾਂ ਦੀ ਕਿਰਪਾ / ਆ਼ਲਮੀਆਂ= ਸੰਸਾਰੀਆਂ ਨੂੰ/ਅਫ਼ਰੋਜ਼=ਰੋਸ਼ਨ ਕਰਨ ਵਾਲਾ/ਵ= ਅਤੇ/ਬਾਰਿਕ਼-ਹਏ=ਬਿਜਲੀ/ਅ਼ਜ਼ਮਤ+ਅਸ਼ = ਉਨ੍ਹਾਂ ਦੀ ਸ਼ਕਤੀ; ਵਡਿਆਈ; ਬਜ਼ੁਰਗੀ, ਮਿਹਰਬਾਨੀ/ਜ਼ੁਲਮਤੀਆਂ=ਹਨੇਰੇ ਵਾਲਿਆਂ ਦਾ/ ਸੋਜ਼ = ਸਾੜ ਦੇਣ ਵਾਲਾ/



Sri Satguru Jagjit Singh Ji eLibrary NamdhariElibrary@gmail.com

ਅਰਥ = (ੳ) ਉਨ੍ਹਾਂ ਦੀ ਕਿਰਪਾ ਦਾ ਚਮਕਾਰਾ; ਸੰਸਾਰੀਆਂ ਨੂੰ ਰੋਸ਼ਨ ਕਰਨ ਵਾਲਾ ਹੈ।

(ਅ) ਅਤੇ ਉਨ੍ਹਾਂ ਦੀ ਸ਼ਕਤੀ ਦਾ ਬਿਜਲੀ ਵਰਗਾ ਤੇਜ਼ ਚਮਕਾਰਾ, ਹਨੇਰੇ ਵਾਲਿਆਂ ਅਗਿਆਨੀਆਂ ਦਾ, ਅਗਿਆਨ ਰੂਪ ਹਨੇਰਾ ਸਾੜ ਦੇਣ ਵਾਲਾ ਹੈ।

**(ੳ) ਤੇਗ਼ਸ਼ ਦੁਸ਼ਮਨ ਅਫ਼ਗਨ,**

**(ਅ) ਵ ਤੀਰਸ਼ ਖ਼ਾਰਾ ਸ਼ਿਕਨ ॥**

ਪਦ ਅਰਥ = ਤੇਗ਼+ਅਸ਼ = ਉਨ੍ਹਾਂ ਦੀ ਤਲਵਾਰ/ਅਫ਼ਗਨ = ਪਟਕਾਉਣ ਵਾਲੀ, ਮਾਰਨ ਵਾਲੀ/ਵ=ਅਤੇ/ਤੀਰ+ਅਸ਼ = ਉਨ੍ਹਾਂ ਦੇ ਤੀਰ/ਖ਼ਾਰਾ = ਪੱਥਰ/ਸ਼ਿਕਨ = ਤੋੜਨ ਵਾਲਾ (ਭਾਵ ਅਰਥ) = ਤੋੜਨ ਵਾਲੇ (ਅਥਵਾ) = ਖ਼ਾਰਾ = ਚੰਗੀ ਤਰ੍ਹਾਂ/ਸ਼ਿਕਨ = ਤੋੜਨ ਵਾਲਾ (ਭਾਵ ਅਰਥ) = ਤੋੜਨ ਵਾਲੇ/

ਅਰਥ = (ੳ) ਉਨ੍ਹਾਂ ਦੀ ਤਲਵਾਰ ਵੈਰੀਆਂ ਨੂੰ ਮਾਰਨ ਵਾਲੀ ਹੈ।

(ਅ) ਅਤੇ ਉਨ੍ਹਾਂ ਦੇ ਤੀਰ ਪੱਥਰਾਂ ਨੂੰ (ਅਥਵਾ) = ਚੰਗੀ ਤਰ੍ਹਾਂ ਵੈਰੀਆਂ ਨੂੰ ਤੋੜਨ ਵਾਲੇ ਹਨ।

**(ੳ) ਇਅ਼ਜਾਜ਼ੇ ਪਾਕਸ਼, ਮਿੱਨੁਲ-ਸ਼ਮਸ ਅਜ਼ ਹਰ;**

**(ਅ) ਵ ਮੰਨਜ਼ਿਲੇ ਉਲੀ-ਆਇਸ਼, ਅਜ਼ ਹਰ ਉਲਵੀ ਬਰਤਰ ॥**

(ਉਚਾਰਨ = ਇਅ਼-ਜਾਜ਼ੇ ਐੜਾ ਦੱਬ ਕਰਕੇ ਬੋਲੋ)

ਪਦ ਅਰਥ = ਇਅ਼ਜਾਜ਼ੇ = ਵਡਿਆਈ/ਪਾਕ+ਅਸ਼ = ਉਨ੍ਹਾਂ ਦੀ ਪਵਿੱਤਰ/ਮਿੱਨ + ਉਲ + ਸ਼ਮਸ = (ਮਿੱਨ) = ਤੋਂ, ਵਿੱਚੋਂ, ਉੱਪਰੋਂ (ਉਲ) = ਕ੍ਰਿਆ ਵਿਸ਼ੇਸ਼ਨ (ਸ਼ਮਸ) = ਸੂਰਜ/ਅਜ਼ = ਤੋਂ, ਕ੍ਰਿਆ ਵਿਸ਼ੇਸ਼ਨ/ਹਰ = ਹਰੇਕ/ਵ=ਅਤੇ/ਮੰਨਜ਼ਿਲੇ=ਦਰਜਾ, ਰਹਿਣ ਦੀ ਜਗ੍ਹਾ/ਉਲੀਆਇ + ਅਸ਼ = ਉਨ੍ਹਾਂ ਦਾ ਉੱਚਾ/ਉਲਵੀ = ਉੱਚੇ/ਬਰਤਰ = ਉੱਚਾ/

ਅਰਥ = (ੳ) ਉਨ੍ਹਾਂ ਦੀ ਪਵਿੱਤਰ ਵਡਿਆਈ ਹਰੇਕ ਸੂਰਜ ਤੋਂ ਵੀ (ਵਧੀਕ ਰੋਸ਼ਨ ਹੈ।)

(ਅ) ਅਤੇ ਉਨ੍ਹਾਂ ਦਾ ਉੱਚਾ ਮਰਤਬਾ (ਅਥਵਾ) ਦਰਜਾ, ਹਰੇਕ ਉੱਚੇ ਦਰਜੇ ਤੋਂ ਵੀ ਉੱਚਾ ਹੈ।

**(ੳ) ਜ਼ੇਬੇ ਹਰ, ਪੰਜ ਮਸ਼ਅ਼ਲੇ ਜਹਾਂ ਆਰਾਇ ;**

**(ਅ) ਵ ਜ਼ੀਨਤੇ ਅੰਜੁਮਨੇ, ਇਰਸ਼ਾਦ ਵ ਹੁਦਾ ॥**



Sri Satguru Jagjit Singh Ji eLibrary NamdhariElibrary@gmail.com

(ਉਚਾਰਨ = ਹੁਦਾ ਪੋਲਾ ਜਿਹਾ ਬੋਲੋ)

**ਪਦ ਅਰਥ** = ਜ਼ੇਬੇ=ਖ਼ੂਬਸੂਰਤ/ਹਰ=ਹਰੇਕ, ਕ੍ਰਿਆ ਵਿਸ਼ੇਸ਼ਨ/ਮਸ਼ਅਲੇ = ਮਸਾਲਾਂ / ਜਹਾਂ = ਜਹਾਨ/ ਆਰਾਇ = ਸਜਾਉਣ ਵਾਲੀਆਂ/ਵ = ਅਤੇ/ ਜ਼ੀਨਤੇ=ਖ਼ੂਬਸੂਰਤੀ, ਸੁੰਦਰਤਾ/ਅੰਜੁਮਨੇ=ਬੈਠਕ, ਸੰਗਤ/ਇਰਸ਼ਾਦ = ਬਚਨਾਂ/ਵ=ਅਤੇ/ਹੁਦਾ=ਹਦਾਇਤ, ਸਿੱਖਿਆ/

**ਅਰਥ** = **(ੳ)** ਜਹਾਨ ਨੂੰ ਸਜਾਉਣ ਵਾਲੀਆਂ ਪੰਜ ਮਸਾਲਾਂ (ਪੰਜ ਗੁਰੂ ਸਾਹਿਬਾਨਾਂ) ਵਿੱਚੋਂ

**(ਅ)** (ਅੰਨਵੈ ਅਰਥ) ਗੁਰੂ ਹਰਿਗੋਬਿੰਦ ਸਾਹਿਬ ਜੀ (ਜ਼ੇਬੇ)= ਖ਼ੂਬਸੂਰਤੀ ਕਰਕੇ ਅਤੇ (ਇਰਸ਼ਾਦ) = ਬਚਨਾਂ ਕਰਕੇ ਅਤੇ (ਹੁਦਾ) ਸਿੱਖਿਆ ਕਰਕੇ, ਸੰਗਤ ਦੀ ਸੁੰਦਰਤਾ ਹਨ।

**ਅਰਥਾਤ** = ਗੁਰੂ ਹਰਿਗੋਬਿੰਦ ਸਾਹਿਬ ਜੀ ਖ਼ੂਬਸੂਰਤੀ ਬਚਨਾਂ ਅਤੇ ਸਿੱਖਿਆ ਕਰਕੇ ਸੰਗਤ ਵਿੱਚ ਸੁੰਦਰਤਾ ਪ੍ਰਾਪਤ ਕਰਦੇ ਹਨ।

**(ੳ) ਹਾਏ ਨਾਮੇ, ਹੱਵੀਯਤ ਇਰ-ਤਸਾਮਸ਼, ਹਾਦੀਏ ਕੌਨੈਨ ;**

**(ਅ) ਵ ਰਾਏ, ਰਹ਼ਮਤ ਇਕ਼-ਤਜ਼ਾਇਸ਼; ਰੌਸ਼ਨੀਏ ਹਰ ਐਨ ॥**

(ਉਚਾਰਨ = ਹੱਵੀਅਤ ਬੋਲੋ)

**ਪਦ ਅਰਥ** = ਹਾਏ = ਹਾਹਾ/ਹੱਵੀਯਤ=ਅਸਲੀਅਤ/ਇਰਤਸਾਮ + ਅਸ਼ = ਠੱਪਾ ਮਾਰ ਕਰਕੇ; (ਅਸ਼)=ਉਸ, ਉਹ, ਉਨ੍ਹਾਂ (ਭਾਵ) ਗੁਰੂ ਹਰਿਗੋਬਿੰਦ ਸਾਹਿਬ ਜੀ/ਹਾਦੀਏ = ਸਿੱਖਿਆ ਦੇਣ ਵਾਲੇ, ਰਸਤਾ ਦਿਖਾਉਣ ਵਾਲਾ/ਵ =ਅਤੇ/ਰਾਏ=ਰਾਰਾ/ਰਹ਼ਮਤ=ਮਿਹਰਬਾਨੀ/ਇਕ਼ਤਜ਼ਾਇ + ਅਸ਼ = ਚਾਹੁਣ ਵਾਲੇ (ਅਸ਼) = ਉਹ/ਰੌਸ਼ਨੀਏ = ਰੋਸ਼ਨ/ਐਨ = ਅੱਖਾਂ ॥

**ਅਰਥ** = **(ੳ)** ਗੁਰੂ ਹਰਿਗੋਬਿੰਦ ਜੀ ਦੇ ਪਵਿੱਤਰ ਨਾਮ ਦਾ ਹਾਹਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਅਸਲੀਅਤ ਵਿੱਚ ਠੱਪਾ ਮਾਰ ਕਰਕੇ (ਅਥਵਾ) ਤਸੱਲੀ ਨਾਲ ਸਾਰੀ ਦੁਨੀਆਂ ਨੂੰ ਸੱਚ ਦਾ ਰਸਤਾ ਦਿਖਾਉਣ ਵਾਲੇ ਹਨ।

**(ਅ)** ਅਤੇ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਗੁਰੂ ਹਰਿਗੋਬਿੰਦ ਸਾਹਿਬ ਜੀ ਮਿਹਰਬਾਨੀ ਨੂੰ ਚਾਹੁਣ ਵਾਲੇ, ਹਰੇਕ ਆਦਮੀ ਦੀਆਂ ਅੱਖਾਂ ਵਿੱਚ, ਰੋਸ਼ਨੀ ਕਰਨ ਵਾਲੇ ਹਨ।

**ਅਰਥਾਤ** = ਹਰੇਕ ਮਿਹਰਬਾਨੀ ਚਾਹੁਣ ਵਾਲੇ ਉਪਰ; ਕਿਰਪਾ ਕਰਨ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

**(ੳ) ਕਾਫ਼ੇ ਫ਼ਾਰਸੀਅਸ਼, ਗੌਹਰੇ ਹੱਕ਼ ਜਿਲਾ ;**

**(ਅ) ਵ ਵਾਵੇ ; ਬਾਦੀ ਵਿਰਦੁਲਮਾ, ਜਾਂ ਫ਼ਿਜ਼ਾ ॥**

(**ਉਚਾਰਨ** = ਵਿਰਦੁੱਲ-ਮਾ ਬੋਲੋ ਅਤੇ ਜਿਲਾ ਪੋਲਾ ਬੋਲੋ)

**ਪਦ ਅਰਥ** = ਕਾਫ਼ੇ = ਕੱਕਾ/ਫ਼ਾਰਸੀਅਸ਼ = ਫ਼ਾਰਸੀ ਦਾ ਕੱਕਾ ਤੇ ਅ਼ਰਬੀ ਦਾ ਗੱਗਾ, ਅਸ਼=ਉਨ੍ਹਾਂ, ਉਸ/ਗੌਹਰੇ=ਮੋਤੀ/ ਹ਼ੱਕ਼ = ਸਚਾਈ / ਜਿਲਾ = ਵੱਡਾ/ ਵ = ਅਤੇ/ ਵਾਵੇ = ਹੋੜਾ/ਬਾਦੀ=ਹਵਾ, ਹੋਣਾ/ਵਿਰਦ = ਜਪਦੇ ਹਨ (ਉਲ) = ਕ੍ਰਿਆ ਵਿਸ਼ੇਸ਼ਨ (ਮਾ)=ਜੋ, ਹਮ/ਜਾਂ=ਜਾਨ /ਫ਼ਿਜ਼ਾ (ਅਫ਼ਜ਼ਾ ਦਾ ਸੰਖੇਪ ਰੂਪ) = ਵਧਾ ਲੈਂਦੇ ਹਨ।

**ਅਰਥ** = **(ੳ)** ਉਨ੍ਹਾਂ ਦੇ ਨਾਮ ਦਾ ਫ਼ਾਰਸੀ ਦਾ ਕੱਕਾ ਅਤੇ ਅ਼ਰਬੀ ਦਾ ਗੱਗਾ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਸਚਾਈ ਦੇ ਵੱਡੇ ਮੋਤੀ ਹਨ।

**(ਅ)** ਅਤੇ ਗੁਰੂ ਜੀ ਦੇ ਪਵਿੱਤਰ ਨਾਮ ਦੇ (ਗੱਗੇ ਅੱਖਰ ਉੱਪਰ ਲੱਗਾ ਹੋਇਆ) ਹੋੜਾ ਇਹ ਉਪਦੇਸ ਦਿੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਵਿੱਤਰ ਨਾਮ, ਜੋ ਹਵਾ ਵਾਂਗ ਤੇਜ਼ੀ ਦੇ ਨਾਲ ਆਪਣੀ ਜ਼ੁਬਾਨ ਉੱਪਰ ਜਪਦੇ ਹਨ ਉਹ ਆਪਣੀ ਜਾਨ ਨੂੰ ਵਧਾ ਲੈਂਦੇ ਹਨ।

**(ੳ) ਬਾਏ ਅਬਦ, ਜ਼ਿਆਇਸ਼ ਬਾਕ਼ੀ ਬਿਲ-ਹ਼ੱਕ਼;**

**(ਅ) ਵ ਸ਼ਮੀਮੇ, ਨੂਨੇ ਫ਼ੱਰੁਖ਼ ਮਜ਼-ਮੂਨਸ਼, ਨਿਅ਼ਮੇ ਜਾਵਿ-ਦਾਨੀ ਨਸਕ਼ ॥**

(**ਉਚਾਰਨ** = ਨਿਅ਼ਮੇ ਪੋਲਾ ਤੇ ਐੜਾ ਦੱਬ ਕੇ ਬੋਲੋ)

**ਪਦ ਅਰਥ** = ਬਾਏ = ਬੱਬਾ/ਅਬਦ = ਹਮੇਸ਼ਾ/(ਜ਼ਿਆਇ + ਅਸ਼) = ਰੋਸ਼ਨੀ (ਅਸ਼) = ਉਸ, ਉਨ੍ਹਾਂ, ਕ੍ਰਿਆ ਵਿਸ਼ੇਸ਼ਨ/ਬਾਕ਼ੀ=ਹਮੇਸ਼ਾ ਰਹਿਣ ਵਾਲਾ, ਪੱਕਾ, ਮਜ਼ਬੂਤ/(ਬਿ+ਅਲ+ਹ਼ੱਕ਼)=(ਬਿ) = ਕ੍ਰਿਆ ਵਿਸ਼ੇਸ਼ਨ (ਅਲ) = ਕ੍ਰਿਆ ਵਿਸ਼ੇਸ਼ਨ (ਹ਼ੱਕ਼) = ਰੱਬ/ਵ = ਅਤੇ/ਸ਼ਮੀਮੇ = ਖ਼ੁਸ਼ਬੂ/ਨੂਨੇ = ਨੰਨਾ (ਭਾਵ ਅਰਥ)= ਟਿੱਪੀ*/ਫ਼ੱਰੁਖ਼ = ਮੁਬਾਰਿਕ / ਮਜ਼ਮੂਨ+ਅਸ਼ = ਮਜਬੂਨ, ਵਿਸ਼ਾ (ਅਸ਼) = ਉਸ/ਨਿਅ਼ਮੇ = ਬਖ਼ਸ਼ਿਸ਼, ਕ਼ਾਇਦਾ, ਕਾਨੂੰਨ/ਜਾਵਿਦਾਨੀ=ਹਮੇਸ਼ਾ/ਨਸਕ਼= ਪ੍ਰਬੰਧ/

---

*ਫ਼ਾਰਸੀ ਅ਼ਰਬੀ ਭਾਸ਼ਾ ਵਿੱਚ ਟਿੱਪੀ ਦੀ ਮਾਤਰਾ ਨਹੀਂ ਹੈ। ਅਤੇ ਟਿੱਪੀ ਦੀ ਜਗ੍ਹਾ ਤੇ ਨੂਨੇ (ਵਾ) ਨੰਨੇ ਅੱਖਰ ਦੀ ਵਰਤੋਂ ਹੁੰਦੀ ਹੈ ਇਸ ਲਈ ਨੂਨੇ ਦਾ (ਭਾਵ ਅਰਥ) ਟਿੱਪੀ ਸਮਝਣਾ ਹੈ।



Sri Satguru Jagjit Singh Ji eLibrary NamdhariElibrary@gmail.com

**ਅਰਥ** =(**ੳ**) ਗੁਰੂ ਜੀ ਦੇ ਪਵਿੱਤਰ ਨਾਮ ਦਾ ਬੱਬਾ ਅੱਖਰ, ਹਮੇਸ਼ਾ ਇਹ ਉਪਦੇਸ਼ ਦਿੰਦਾ ਹੈ ਕਿ ਰੱਬ (ਅਥਵਾ) ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰੋਸ਼ਨੀ, ਹਰੇਕ ਦੇ ਦਿਲ ਵਿੱਚ ਸਦਾ ਰਹਿਣ ਵਾਲੀ ਹੈ।

**ਅਰਥਾਤ** = ਗੁਰੂ ਜੀ ਦੀ ਚੇਤਨਸੱਤਾ, ਹਰੇਕ ਦਿਲ ਵਿੱਚ ਸਦਾ ਰਹਿਣ ਵਾਲੀ ਹੈ।

(**ਅ**) (ਅੰਨਵੈ ਅਰਥ)=ਅਤੇ ਉਨ੍ਹਾਂ ਦੇ ਨਾਮ ਦਾ ਜੋ ਮੁਬਾਰਿਕ ਵਿਸ਼ਾ ਹੈ ਉਸ ਵਿਸ਼ੇ ਦੀ ਜੋ ਪਵਿੱਤਰ ਟਿੱਪੀ ਹੈ। ਉਹ ਟਿੱਪੀ ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਜੀ (ਸ਼ੁਭ ਗੁਣਾ ਦੀ) ਖ਼ੁਸ਼ਬੂ ਦਾ, (ਤੇ ਨੇਕੀ ਦੇ ਮਾਰਗ ਦਾ), ਸਦਾ ਕਾਨੂੰਨ ਬਣਾਉਣ ਵਾਲੇ, ਅਤੇ ਪ੍ਰਬੰਧ ਕਰਨ ਵਾਲੇ ਹਨ॥

**ਦੂਸਰਾ ਅਰਥ** = ਗੁਰੂ ਜੀ ਸ਼ੁਭ ਗੁਣਾ ਦੀ ਖ਼ੁਸ਼ਬੂ ਦੀ ਬਖ਼ਸ਼ਿਸ਼ ਦਾ, ਹਮੇਸ਼ਾ ਪ੍ਰਬੰਧ ਕਰਨ ਵਾਲੇ ਹਨ।

**(ੳ) ਦਾਲੇ ਆਖ਼ਿਰਸ਼, ਦਾਨਾਏ ਬਾਤ਼ਿਨ ਵ ਜ਼ਾਹਿਰ ;**

**(ਅ) ਵ ਅਸਰਾਰੇ ਗ਼ੈਬ, ਵ ਸ਼ਹੂਦ ਬਰ ਦਿਲਸ਼ ਬਾਹਿਰ ॥੯੦॥**

**ਪਦ ਅਰਥ** = ਦਾਲੇ = ਦੱਦਾ/ਆਖ਼ਿਰ+ਅਸ਼ = ਉਨ੍ਹਾਂ ਦਾ ਆਖ਼ੀਰਲਾ/ਦਾਨਾਏ = ਜਾਨਣ ਵਾਲਾ/ਬਾਤ਼ਿਨ = ਦਿਲਾਂ/ਵ = ਅਤੇ/ਜ਼ਾਹਿਰ = ਪ੍ਰਗਟ/ ਵ = ਅਤੇ /ਅਸਰਾਰੇ = ਭੇਦਾਂ/ਗ਼ੈਬ = ਛੁਪੇ ਹੋਏ (ਭਾਵ) ਗੁਪਤ/ ਵ = ਅਤੇ/ਸ਼ਹੂਦ = ਪ੍ਰਗਟ/ਬਰ=ਉੱਪਰ/(ਦਿਲ + ਅਸ਼)= ਉਨ੍ਹਾਂ ਦੇ ਦਿਲ/ਬਾਹਿਰ = ਖੁੱਲ੍ਹੇ ਹੋਏ ਹਨ/

**ਅਰਥ** =(**ੳ**) ਉਨ੍ਹਾਂ ਦੇ ਨਾਮ ਦਾ ਆਖ਼ੀਰਲਾ ਦੱਦਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਜਾਨਣ ਵਾਲੇ ਹਨ ਦਿਲਾਂ ਦੇ ਪ੍ਰਗਟ ਅਤੇ

(**ਅ**) ਗੁਪਤ ਭੇਦਾਂ ਨੂੰ ਅਤੇ (ਸਾਰੀ ਕਾਇਨਾਤ ਦੇ ਗੁਪਤ ਤੇ) ਪ੍ਰਗਟ ਭੇਦ, ਗੁਰੂ ਜੀ ਦੇ ਦਿਲ ਉੱਪਰ ਖੁੱਲ੍ਹੇ ਹੋਏ ਹਨ।

**ਅਰਥਾਤ** = ਗੁਰੂ ਜੀ ਸਾਰੀ ਕਾਇਨਾਤ ਬਾਰੇ, ਸਭ ਕੁਝ ਜਾਣਦੇ ਹਨ।

**ਦੂਸਰਾ ਅਰਥ**= ਅਤੇ ਗੁਰੂ ਜੀ ਦੇ ਦਿਲ ਉੱਪਰ ਸ਼ਹੂਦ = ਸ਼ਹੀਦਾਂ ਦੇ (ਗੁਪਤ ਭੇਦ) ਖੁੱਲ੍ਹੇ ਹੋਏ ਹਨ।

**ਅਰਥਾਤ** = ਗੁਰੂ ਜੀ ਗੁਪਤ ਰੂਹਾਂ ਦੇ ਵੀ ਸਾਰੇ ਭੇਦ ਜਾਣਦੇ ਹਨ।



Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਜੀਉ ਸੱਤ

**ਅਰਥ = ਅਕਾਲ ਪੁਰਖ ਜੀ ਦਾ ਨਾਮ ਸੱਚਾ ਹੈ।**

**(ੳ) ਗੁਰੂ ਹਰਿਗੋਬਿੰਦ ਆਂ, ਸਰਾਪਾ ਕਰਮ ॥**

**(ਅ) ਕਿ ਮਕ਼ਬੂਲ ਸ਼ੁਦ ; ਜ਼ੋ ਸ਼ਕ਼ੀ ਓ ਦਜ਼ਮ ॥੯੧॥**

(**ਉਚਾਰਨ** = ਸ਼ਕ਼ੀ ਪੋਲਾ ਬੋਲੋ)

**ਪਦ ਅਰਥ** = ਆਂ = ਉਹ / ਸਰਾ = ਸਿਰ ਤੋਂ/ਪਾ = ਪੈਰਾਂ ਤੱਕ/ਕਰਮ = ਬਖ਼ਸ਼ਿਸ਼/ ਕਿ = ਜੋ /ਮਕ਼ਬੂਲ=ਕ਼ਬੂਲ/ਸ਼ੁਦ = ਹੋ ਗਏ/ਜ਼ੋ = (ਅਜ਼+ਓ) ਉਨ੍ਹਾਂ ਤੋਂ (ਭਾਵ) ਉਨ੍ਹਾਂ ਰਾਹੀਂ / ਸ਼ਕ਼ੀ = ਬਦਬਖ਼ਤ, ਨਿਭਾਗੇ ਸ਼ੋਕਾਤੁਰ ਲੋਗ /ਓ = ਅਤੇ/ਦਜ਼ਮ = ਪਾਪੀ।

**ਅਰਥ** = (**ੳ**) ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਸਿਰ ਤੋਂ ਪੈਰਾਂ ਤੱਕ ਬਖ਼ਸ਼ਿਸ਼ਾਂ ਕਰਨ ਵਾਲੇ ਹਨ।

(**ਅ**) ਉਨ੍ਹਾਂ ਦੇ ਰਾਹੀਂ, ਜੋ ਵੱਡੇ-ਵੱਡੇ ਪਾਪੀ ਅਤੇ ਨਿਭਾਗੇ ਲੋਕ ਸਨ ਉਹ (ਰੱਬ ਦੀ ਦਰਗਾਹ) ਵਿੱਚ ਕ਼ਬੂਲ ਹੋ ਗਏ।

**(ੳ) ਫ਼ਜ਼ਾਲੋ ਕਰਾਮਸ਼, ਫ਼ਜ਼ੂੰ ਅਜ਼ ਹਿਸਾ ॥**

**(ਅ) ਸ਼ਿਕੋਹਸ਼ ਹਮਹ, ਫ਼ੱਰ-ਹਏ ਕਿਬਰੀਯਾ ॥ ੯੨॥**

(**ਉਚਾਰਨ** = ਹਿੱਸਾ ਬੋਲੋ)

**ਪਦ ਅਰਥ** = ਫ਼ਜ਼ਾਲੋ=ਮਿਹਰਾਂ/ਕਰਾਮ+ਅਸ਼ = ਉਨ੍ਹਾਂ ਦੀਆਂ ਬਖ਼ਸ਼ਿਸ਼ਾਂ /ਫ਼ਜ਼ੂੰ = ਵੱਧ/ਅਜ਼=ਤੋਂ/ਹਿਸਾ=ਗਿਣਤੀ/ਸ਼ਿਕੋਹ+ਅਸ਼=ਉਨ੍ਹਾਂ ਦਾ ਦਬਦਬਾ (ਵ) ਰੋਬ/ਹਮਹ=ਸਾਰੀ/ਫ਼ੱਰ-ਹਏ=ਖ਼ੁਸ਼ੀ/ਕਿਬਰੀਯਾ= ਰੱਬ/

**ਅਰਥ** = (**ੳ**) ਦੁਨੀਆਂ ਉੱਪਰ ਉਨ੍ਹਾਂ ਦੀਆਂ ਮਿਹਰਾਂ ਤੇ ਬਖ਼ਸ਼ਿਸ਼ਾਂ ਗਿਣਤੀ ਤੋਂ ਵੀ ਵੱਧ ਹਨ (ਭਾਵ) ਬੇਹਿਸਾਬ ਹਨ।

(**ਅ**) ਸਾਰੀ ਦੁਨੀਆਂ ਉੱਪਰ ਉਨ੍ਹਾਂ ਦਾ ਰੋਬ ਵੀ ਹੈ ਅਤੇ ਸਾਰੀ ਦੁਨੀਆਂ ਉੱਪਰ ਉਨ੍ਹਾਂ ਦੀ (ਬੇਸ਼ੁਮਾਰ ਖ਼ੁਸ਼ੀ) ਵੀ ਹੈ।

**(ੳ) ਵਜੂਦਸ਼ ਸਰਾਪਾ, ਕਰਮ-ਹਾਏ ਹੱਕ਼ ॥**

**(ਅ) ਜ਼ਿ ਖ਼੍ਵਾਸਾਂ, ਰਬਾਇੰਦਹ ਗੋਏ ਸਬਕ਼ ॥੯੩॥**

(**ਉਚਾਰਨ** = ਖ਼੍ਵਾਸਾਂ ਦਾ ਵਾਵਾ ਸਾਈਲੈਂਟ ਕਰਕੇ ਖ਼ਾਸਾਂ ਬੋਲੋ)

**ਪਦ ਅਰਥ** = ਵਜੂਦ+ਅਸ਼ = ਉਨ੍ਹਾਂ ਦਾ ਸਰੀਰ/ਕਰਮਹਾਏ = ਬਖ਼ਸ਼ਿਸ਼ਾਂ/ਹੱਕ਼= ਰੱਬੀ/ਜ਼ਿ=ਤੋਂ/ਖ਼੍ਵਾਸਾਂ=ਖ਼ਾਸਲੋਕ/ਰਬਾਇੰਦਹ=ਲੈ ਲੈਣ ਵਾਲੇ, ਉਚੱਕ ਲੈਣ ਵਾਲੇ/ਗੋਏ=ਗੇਂਦ/ਸਬਕ਼=ਜੇਤੂ, ਅੱਗੇ ਵੱਧ ਜਾਣ ਵਾਲੇ।



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਉਨ੍ਹਾਂ ਦਾ ਵਜੂਦ ਸਿਰ ਤੋਂ ਪੈਰਾਂ ਤੀਕਰ ਰੱਬੀ ਬਖ਼ਸ਼ਿਸ਼ਾਂ ਦਾ ਹੈ।

(ਅ) ਗੁਰੂ ਹਰਗੋਬਿੰਦ ਸਾਹਿਬ ਜੀ ਸਾਰੇ ਰੱਬ ਦੇ ਖ਼ਾਸ ਲੋਕਾਂ ਤੋਂ, ਰੱਬ ਦੀ ਨੇੜਤਾ ਰੂਪ ਗੇਂਦ ਨੂੰ; ਜਿੱਤ ਲੈਣ ਵਾਲੇ ਹਨ।

**ਅਰਥਾਤ** = ਇਸ ਤਰ੍ਹਾਂ ਗੁਰੂ ਜੀ ਰੱਬੀ ਲੋਕਾਂ ਤੋਂ ਅੱਗੇ ਵਧੇ ਹੋਏ ਜੇਤੂ ਹਨ।

**(ੳ) ਹਮਅਜ਼ ਫ਼ਕ਼ਰੋ, ਹਮ ਸਲਤ਼ਨਤ ਨਾਮਵਰ ॥**

**(ਅ) ਬ-ਫ਼ਰਮਾਨੇ ਊ, ਜੁਮਲਾ ਜ਼ੇਰੋ ਜ਼ਬਰ ॥੮੪॥**

(**ਉਚਾਰਨ** = ਹਮਜ਼ ਬੋਲੋ ਅਤੇ ਫ਼ੱਕ਼ਰੋ ਬੋਲੋ)

**ਪਦ ਅਰਥ** = ਹਮ=ਵੀ/ਅਜ਼ = ਤੋਂ/ਫ਼ਕ਼ਰੋ=ਗ਼ਰੀਬੀ/ਸਲਤ਼ਨਤ= ਬਾਦਿਸ਼ਾਹੀ / ਨਾਮਵਰ=ਪ੍ਰਸਿੱਧ/ਬ-ਫ਼ਰਮਾਨੇ = ਹੁਕਮ/ਊ = ਉਨ੍ਹਾਂ ਦੇ/ ਜੁਮਲਾ = ਸਾਰੇ/ਜ਼ੇਰੋ = ਹੇਠਲੇ/ਜ਼ਬਰ = ਉੱਪਰਲੇ /

**ਅਰਥ** = (ੳ) ਗ਼ਰੀਬੀ ਤੋਂ ਵੀ ਅਤੇ ਬਾਦਿਸ਼ਾਹੀ ਤੋਂ ਵੀ ਪ੍ਰਸਿੱਧ ਹਨ।

**ਅਰਥਾਤ** = ਬਾਦਿਸ਼ਾਹੀ ਤੇ ਫ਼ਕੀਰੀ ਦੋਹਾਂ ਵਿੱਚ ਹੀ ਉੱਘੇ ਹਨ।

(ਅ) ਹੇਠਲੇ ਤੇ ਉਪਰਲੇ ਸਾਰੇ ਹੀ ਉਨ੍ਹਾਂ ਦੇ ਹੁਕਮ ਹੇਠ ਹਨ।

**ਅਰਥਾਤ** = ਹੇਠਲੇ ਗ਼ਰੀਬ ਵਰਗ ਦੇ ਲੋਕ ਅਤੇ ਉਪਰਲੇ ਅਮੀਰ ਵਰਗ ਦੇ ਲੋਕ (ਜਾਂ) ਹੇਠਲੇ ਮਾਤਲੋਕ ਦੇ ਲੋਕ ਅਤੇ ਉਪਰਲੇ ਸੁਰਗ ਆਦਿਕ ਵਿੱਚ ਰਹਿਣ ਵਾਲੇ ਦੇਵਤੇ ਲੋਕ, ਸਾਰੇ ਹੀ ਉਨ੍ਹਾਂ ਦੇ ਹੁਕਮ ਹੇਠ ਹਨ।

**(ੳ) ਦੂ ਆ਼ਲਮ; ਮੁਨਵਰ ਜ਼ਿ ਅਨਵਾਰੇ ਊ ॥**

**(ਅ) ਹਮਹ ਤਿਸ਼ਨ-ਹਏ ; ਫ਼ੈਜ਼ੇ ਦੀਦਾਰੇ ਊ ॥੮੫॥**

(**ਉਚਾਰਨ** = ਮੁਨ-ਵਰ ਇਕੱਠਾ ਅਤੇ ਪੋਲਾ ਬੋਲੋ)

**ਪਦ ਅਰਥ** = ਆ਼ਲਮ=ਜਹਾਨ/ਮੁਨਵਰ=ਨੂਰ/ਜ਼ਿ=ਤੋਂ/ਅਨਵਾਰੇ= ਪ੍ਰਕਾਸ਼ਮਾਨ /ਊ = ਉਸਦੇ, ਉਨ੍ਹਾਂ ਦੇ/ਹਮਹ = ਸਾਰੇ/ਤਿਸ਼ਨਹਏ=ਪਿਆਸੇ/ ਫ਼ੈਜ਼ੇ=ਮਿਹਰ/ਦੀਦਾਰੇ = ਦਰਸ਼ਨ/ਊ= ਉਸਦੇ, ਉਨ੍ਹਾਂ ਦੇ/

**ਅਰਥ** = (ੳ) ਉਨ੍ਹਾਂ ਦੇ ਨੂਰ ਤੋਂ; ਦੋ ਜਹਾਨ ਪ੍ਰਕਾਸ਼ਮਾਨ ਹਨ।

(ਅ) ਤੇ ਸਾਰੇ ਹੀ ਉਨ੍ਹਾਂ ਦੇ ਦਰਸ਼ਨਾਂ ਅਤੇ ਮਿਹਰਾਂ ਦੇ ਤਿਹਾਏ ਹਨ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)

## ਸਤਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਹਰਿ ਰਾਇ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | : | ਕੀਰਤਪੁਰ ਸਾਹਿਬ |
| **ਅਵਤਾਰ ਧਾਰਨ ਸੰਮਤ** | : | ੧੬੮੭ ਬਿ: ਮਾਘ ਸੁਦੀ ਚੌਂਦਸ, ਦਿਨ ਐਤਵਾਰ, ੫ ਫਰਵਰੀ ੧੬੩੦ ਈ:, ਨਛੱਤ੍ਰ ਭਰਣੀ |
| **ਮਾਤਾ ਪਿਤਾ** | : | ਮਾਤਾ ਨਿਹਾਲ ਕੌਰ ਜੀ ਬਟਾਲੇ ਤੋਂ, ਨਾਨਾ ਰਾਮਾ ਜੀ ਨਾਨੀ ਸੁਖਦੇਈ ਸੀ, ਪਿਤਾ ਬਾਬਾ ਗੁਰਦਿਤਾ ਜੀ (ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸਨ। |
| **ਮਹਲ** | : | (1) ਮਾਤਾ ਕਿਰਸ਼ਨ ਕੌਰ ਜੀ, (2) ਚੰਦ ਕੌਰ ਜੀ (3) ਰਾਮ ਕੌਰ ਜੀ, (4) ਕੋਟ ਕਲਿਆਣੀ ਜੀ (5) ਤੋਖੀ ਜੀ (6) ਅਣੋਖੀ ਜੀ (7) ਲਾਡੋ ਜੀ (8) ਪਰੇਮ ਕੌਰ ਜੀ, ਸਹੁਰਾ ਰਾਜਾ ਰਾਮ ਜੀ। ਵਿਆਹ ੧੭ ਹਾੜ ੧੬੯੩ ਈ:। |
| **ਗੱਦੀ ਸਮਾਂ** | : | ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:। |
| **ਜੋਤੀ ਜੋਤਿ ਸਮਾਉਣਾ** | : | ੧੭੧੮ ਬਿ: ਕਤਕ ਵਦੀ ਨੌਮੀ, ੮ ਨਵੰਬਰ ੧੬੬੧ ਈ: ਕੀਰਤਪੁਰ ਸਾਹਿਬ ਪਤਾਲਪੁਰੀ। |
| **ਸਪੁੱਤ੍ਰ** | : | ਬਾਬਾ ਰਾਮ ਰਾਇ ਜੀ (ਮਾਤਾ ਰਾਮ ਕੌਰ ਜੀ ਤੋਂ) ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ (ਮਾਤਾ ਕ੍ਰਿਸ਼ਨ ਕੌਰ ਜੀ ਤੋਂ ਪ੍ਰਗਟੇ)। |
| **ਸਾਰੀ ਅਵਸਥਾ** | : | ਤੀਹ ਬਰਸ, ਅੱਠ ਮਹੀਨੇ, ਵੀਹ ਦਿਨ |
| **ਗੁਰਿਆਈ ਸਮਾਂ** | : | ਬਾਈ ਬਰਸ, ਛੇ ਮਹੀਨੇ, ਵੀਹ ਦਿਨ |
| **ਹਕੂਮਤ** | : | ਸ਼ਾਹਜਹਾਂ ਤੇ ਔਰੰਗਜੇਬ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : | ਕੀਰਤਪੁਰ ੧੬੨੬ ਈ: ਕੀਰਤਪੁਰ ਨੂੰ ਵਸਾਇਆ |
| **ਬਾਣੀ** | : | ਬਾਣੀ ਨਹੀਂ ਉਚਾਰੀ, ਬਾਣੀ ਦਾ ਪ੍ਰਚਾਰ ਕੀਤਾ। |

**ਨੋਟ** = ਗੜ੍ਹ ਗੰਗਾ ਦੇ ਪਾਸ ਅਨੂਪ ਪੁਰ ਦਾ ਰਾਜਾ, ਸਮੇਤ ਪ੍ਰਵਾਹ ਦੇ ਦਰਸ਼ਨ ਕਰਨ ਆਇਆ ਸੀ, ਛੇਵੀਂ ਪਾਤਿਸ਼ਾਹੀ ਜੀ ਦੀ ਆਗਿਆ ਪਾ ਕੇ ਆਪਣੀਆਂ ਅੱਠਾਂ ਲੜਕੀਆਂ ਦੀਆਂ ਸ਼ਾਦੀਆਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨਾਲ ਕੀਤੀਆਂ। ਭਾਈ ਮਨੀ ਸਿੰਘ ਜੀ ਵਾਲੇ ਗੁਰੂ ਬਿਲਾਸ ਦੀ ਉਗਾਹੀ ਹੈ।



Sri Satguru Jagjit Singh Ji eLibrary NamdhariElibrary@gmail.com

## ਸ਼ਲਤ੍ਨਤੇ ਹਫ਼ਤਮ

ਹੁਣ ਭਾਈ ਸਾਹਿਬ ਜੀ ਸੱਤਵੀਂ ਪਾਤਿਸ਼ਾਹੀ ਦੀ ਉਸਤਤ ਕਰਦੇ ਹਨ।

**(ੳ) ਸਲਤ੍ਨਤੇ ਹਫ਼ਤ-ਮਸ਼, ਅਜ਼ ਹਫ਼ਤ ਵ ਨੁਹੁ ਬਰ-ਤਰੀਂ ;**

**(ਅ) ਵ ਸਦ ਹਜ਼ਾਰਾਂ, *ਸਬਾ ਵ ਤਿਸਅ਼ ਖ਼ਾਕਿ-ਨਸ਼ੀਂ ॥**

(**ਉਚਾਰਨ** = ਤਿੱਸਾ ਬੋਲੋ ਅਤੇ ਕਈ ਫ਼ਾਰਸੀ ਦੇ ਵਿਦਵਾਨ ਤਿੱਸਅ਼ ਵੀ ਬੋਲ ਦਿੰਦੇ ਹਨ)

**ਪਦ ਅਰਥ** = ਸਲਤ੍ਨਤੇ = ਪਾਤਿਸ਼ਾਹੀ/(ਹਫ਼ਤਮ + ਅਸ਼) = ਉਨ੍ਹਾਂ ਦੀ ਸੱਤਵੀਂ/ ਅਜ਼= ਤੋਂ/ਹਫ਼ਤ = ਸਤ (ਭਾਵ) ਸੱਤ ਜ਼ਮੀਨਾਂ/ਵ = ਅਤੇ/ਨੁਹੁ = ਨੌਂ (ਭਾਵ) ਨੌਂ ਅਸਮਾਨ /ਬਰਤਰੀਨ = ਬਹੁਤ ਉੱਚੀ/ਵ = ਅਤੇ/ ਸਦ = ਸੈਂਕੜੇ/ਸਬਾ = ਸੱਤ/ਵ = ਅਤੇ/ਤਿਸਅ਼ = ਨੌਂ/ ਖ਼ਾਕਿ-ਨਸ਼ੀਨ = ਧੂੜੀ ਵਿੱਚ ਬੈਠਣ ਵਾਲੇ/

**ਅਰਥ** = (ੳ) ਗੁਰੂ ਨਾਨਕ ਦੇਵ ਜੀ ਦੀ ਸੱਤਵੀਂ ਪਾਤਿਸ਼ਾਹੀ; ਸੱਤ ਜ਼ਮੀਨਾਂ ਅਤੇ ਨੌਂ ਅਸਮਾਨਾਂ ਤੋਂ ਵੀ ਬਹੁਤ ਉੱਚੀ ਹੈ।

**ਅਰਥਾਤ** = ਧਰਤੀ ਦੇ ਵੱਡੇ ਸੱਤ ਟੁੱਕੜੇ (ਵ) ਸੱਤ ਦੀਪ ਹਨ ਅਤੇ ਕਈ ਵਿਦਵਾਨਾ ਨੇ ਸੱਤ ਅਸਮਾਨ ਮੰਨੇ ਹਨ ਉਹ ਅਰਸ਼ ਤੇ ਕੁਰਸ਼ ਨੂੰ ਨਹੀਂ ਮੰਨਦੇ ਹਨ। ਕਈ ਵਿਦਵਾਨ ਅਰਸ਼ ਤੇ ਕੁਰਸ਼ ਨੂੰ ਮੰਨ ਕਰਕੇ ਨੌਂ ਅਕਾਸ਼ ਮੰਨਦੇ ਹਨ। ਇਸ ਤਰ੍ਹਾਂ ਗੁਰੂ ਜੀ ਸੱਤ ਦੀਪਾਂ ਤੇ ਨੌਂ ਅਸਮਾਨਾਂ ਤੋਂ ਉੱਚੇ ਹਨ।

(ਅ) ਅਤੇ ਸੈਂਕੜੇ ਹਜ਼ਾਰਾਂ ਅਥਵਾ = ਲੱਖਾਂ ਹੀ ਸੱਤ ਜ਼ਮੀਨਾਂ ਤੇ ਨੌਂ ਅਕਾਸ਼ ਉਨ੍ਹਾਂ ਦੀ ਧੂੜੀ ਵਿੱਚ ਬੈਠਣ ਵਾਲੇ ਹਨ।

**ਅਰਥਾਤ** = ਉਨ੍ਹਾਂ ਦੀ ਸੇਵਾ ਵਿੱਚ ਹਾਜ਼ਿਰ ਰਹਿਣ ਵਾਲੇ ਹਨ।

**(ੳ) ਉਲਵੀ-ਆਨੇ ਕੁਦਸੀ, ਬਸਤਰ **ਕਮਰ ਬਰ ਦਰਸ਼;**

**(ਅ) ਵ ਕੁਦਸੀ-ਆਨੇ ਉਲਵੀ, ਚਾਕਰੇ ਫ਼ਰਮਾਂ-ਬਰਸ਼ ॥**

**ਪਦ ਅਰਥ** = ਉਲਵੀਆਨੇ = ਉੱਪਰ ਵਾਲੇ ਲੋਕ, ਉੱਚੇ ਲੋਕ/ਕੁਦਸੀ = ਪਵਿੱਤਰ /ਬਸਤਰ=ਬੱਧੀ, ਬੰਨ੍ਹ ਕਰਕੇ/ਕਮਰ=ਲੱਕ/ਬਰ = ਉੱਪਰ/ਦਰ+ਅਸ਼

---

*ਨੋਟ=ਹਫ਼ਤ ਅਤੇ ਨੁਹੁ ਫ਼ਾਰਸੀ ਦੇ ਲਫ਼ਜ਼ ਹਨ ਅਤੇ ਸਬਾ ਤੇ ਤਿੱਸਅ਼ ਅ਼ਰਬੀ ਦੇ ਲਫ਼ਜ਼ ਹਨ ਅਰਥ ਦੋਨਾਂ ਦਾ ਕ੍ਰਮਵਾਰ 7 ਅਤੇ 9 ਹੈ ਇਸ ਲਈ ਸੁਬਅ਼ ਲਫ਼ਜ਼ ਕਈ ਛਾਪਿਆ ਵਿੱਚ, ਸਬਾ ਦੀ ਥਾਂ ਤੇ ਆਇਆ ਹੈ ਪਰ ਅਸੁੱਧ ਹੈ ਕਿਉਂਕਿ ਸੁਬਅ਼ (ਸੁਬਾ) ਦਾ ਅਰਥ ਸਵੇਰ ਹੁੰਦਾ ਹੈ।

**ਨੋਟ=ਕਮਰਬਰ ਇਕੱਠੇ ਪਾਠ ਦਾ ਵੀ ਅਰਥ ਵਿਦਵਾਨ ਸੱਜਣ "ਲੱਕ" ਹੀ ਕਰਦੇ ਹਨ।



Sri Satguru Jagjit Singh Ji eLibrary NamdhariElibrary@gmail.com

=ਉਨ੍ਹਾਂ ਦੇ ਦਰਵਾਜੇ/ਵ਼=ਅਤੇ/ਕੁਦਸੀਆਨੇ=ਪਵਿੱਤਰ/ਉਲਵੀ =ਉੱਚੇ ਲੋਕ, ਉਪਰ ਵਾਲੇ ਲੋਕ/ਚਾਕਰੇ= ਨੌਕਰ/ਫ਼ਰਮਾਨ+ਬਰ +ਅਸ਼ = ਉਨ੍ਹਾਂ ਦਾ ਹੁਕਮ (ਬਰ)=ਮੰਨਣ ਵਾਲੇ/

**ਅਰਥ** = (**ੳ**) ਪਵਿੱਤ੍ਰ ਉੱਚੇ ਲੋਕ; ਉਨ੍ਹਾਂ ਦੇ ਦਰਵਾਜੇ ਤੇ ਲੱਕ ਬੰਨ੍ਹ ਕਰਕੇ ਖੜ੍ਹੇ ਹਨ।

(**ਅ**) ਉੱਚੇ ਪਵਿੱਤ੍ਰ ਲੋਕ, ਉਨ੍ਹਾਂ ਦੇ ਨੌਕਰ ਅਤੇ ਉਨ੍ਹਾਂ ਦਾ ਹੁਕਮ ਮੰਨਣ ਵਾਲੇ ਹਨ।

**(ੳ) ਅਜ਼ ਹਮ ਗੁਸਲ, ਕਮੰਦੇ ਮਰਗ ਵ ਹਲਾਕ ;**

**(ਅ) ਵ ਮਲਕੁਲ-ਮੌਤੇ ਸਹਮ-ਨਾਕ; ਅਜ਼ ਅ਼ਜ਼ਮਤਸ਼ ਸੀਨਹ ਚਾਕ ॥**

**ਪਦ ਅਰਥ** = ਅਜ਼=ਤੋਂ/ਹਮ=ਭੀ/ਗੁਸਲ = ਟੁੱਟਦਾ (ਭਾਵ) ਟੁੱਟ ਜਾਂਦਾ ਹੈ/ਕਮੰਦੇ =ਫਾਹਾ, ਜਾਲ/ਮਰਗ=ਮੌਤ/ਵ=ਅਤੇ/ਹਲਾਕ=ਬਰਬਾਦੀ, ਤਬਾਹੀ /ਵ=ਅਤੇ/ਮਲਕ+ਉਲ+ਮੌਤੇ=ਮੌਤ ਦਾ ਫਿਰਿਸ਼ਤਾ, ਧਰਮਰਾਜ / ਸਹਮ = ਡਰ ਨਾਲ (ਨਾਕ)=ਭਰਿਆ ਹੋਇਆ (ਭਾਵ) ਡਰਾਉਣਾ/ ਅਜ਼=ਤੋਂ/ਅ਼ਜ਼ਮਤ+ਅਸ਼=ਉਨ੍ਹਾਂ ਦੀ ਵਡਿਆਈ (ਵ) ਸ਼ਕਤੀ/ ਸੀਨਹ=ਦਿਲ/ਚਾਕ=ਪਾਟਦਾ ਹੈ, ਫਟਦਾ ਹੈ (ਭਾਵ) ਫਟ ਜਾਂਦਾ ਹੈ/

**ਅਰਥ** = (**ੳ**) ਉਨ੍ਹਾਂ ਤੋਂ; ਮੌਤ ਅਤੇ ਬਰਬਾਦੀ ਦਾ ਕਮੰਦ (ਫਾਹਾ) ਭੀ ਟੁੱਟ ਜਾਂਦਾ ਹੈ।

(**ਅ**) ਅਤੇ ਉਨ੍ਹਾਂ ਦੀ ਵਡਿਆਈ ਤੋਂ ਡਰਾਉਣੇ ਧਰਮਰਾਜ ਦਾ ਸੀਨਾ ਵੀ ਫਟ ਜਾਂਦਾ ਹੈ।

**(ੳ) ਤਖ਼ਤ-ਨਸ਼ੀਨੇ, ਸਲਤ਼ਨਤੇ ਬੇਜ਼ਵਾਲ;**

**(ਅ) ਵ ਮਕ਼ਬੂਲੇ ਦਰਗਾਹੇ, ਵਾਹਿ-ਬੁਲ-ਮੁਤਅ਼ਾਲ ॥**

(**ਉਚਾਰਨ** = ਵਾਹਿ-ਬੁੱਲ-ਮੁੱਤਅ਼ਾਲ ਬੋਲੋ)

**ਪਦ ਅਰਥ** = ਤਖ਼ਤਨਸ਼ੀਨੇ=ਤਖ਼ਤ ਉੱਪਰ ਬੈਠਣ ਵਾਲਾ/ਸਲਤ਼ਨਤੇ= ਪਾਤਿਸ਼ਾਹੀ /ਬੇ-ਜ਼ਵਾਲ = ਨਾਸ ਹੋਣ ਤੋਂ ਰਹਿਤ ਅਮਰ (ਵ) ਅਟੱਲ /ਵ = ਅਤੇ/ਮਕ਼ਬੂਲ=ਕ਼ਬੂਲਿਆ ਹੋਇਆ/ਦਰਗਾਹੇ=ਦਰਬਾਰ/ਵਾਹਿਬ +ਉਲ+ਮੁਤਅ਼ਾਲ=(ਵਾਹਿਬ)=ਦੇਣ ਵਾਲਾ, ਬਖ਼ਸ਼ਣ ਵਾਲਾ (ਮੁਤਅ਼ਾਲ) = ਬਲੰਦ।

**ਅਰਥ** = (**ੳ**) ਗੁਰੂ ਹਰਿ ਰਾਇ ਸਾਹਿਬ ਜੀ ਅਟੱਲ ਪਾਤਿਸ਼ਾਹੀ ਦੇ ਤਖ਼ਤ ਤੇ ਬੈਠਣ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

(ਅ) (ਅੰਨਵੈ ਅਰਥ) ਤੇ ਸਾਰਿਆਂ ਨੂੰ ਉੱਚਾ ਦਾਨ ਦੇਣ ਵਾਲੇ, ਰੱਬੀ ਦਰਗਾਹ ਦੇ ਕ਼ਬੂਲੇ ਹੋਏ ਹਨ।

**(ੳ) ਮੁਨਇ਼ਮੁਲ.ਫ਼ਜ਼ਾਲ, ਖ਼ੁਦ ਤ਼ਾਲਿਬਸ਼ ;**

**(ਅ) ਵ ਬਰ ਕ਼ਦਰ ਵ ਕ਼ੁਦਰਤ, ਦਸਤਗਾਹ ਗ਼ਾਲਿਬਸ਼ ॥**

(**ਉਚਾਰਨ** = ਮੁਨ - ਇ਼ - ਮੁੱਲ - ਫ਼ਜ਼ਾਲ ਬੋਲੋ)

**ਪਦ ਅਰਥ** = ਮੁਨਇ਼ਮ=ਦੇਣ ਵਾਲਾ/ਉਲ=ਕ੍ਰਿਆ ਵਿਸ਼ੇਸ਼ਨ/ਫ਼ਜ਼ਾਲ=ਮਿਹਰਬਾਨੀਆਂ /ਖ਼ੁਦ = ਆਪ ਰੱਬ/ਤ਼ਾਲਿਬਸ਼ = ਉਨ੍ਹਾਂ ਨੂੰ ਚਾਹੁਣ ਵਾਲਾ / ਵ = ਅਤੇ/ਬਰ=ਉੱਪਰ/ਕ਼ਦਰ = ਮਰਤਬਾ/ਵ = ਅਤੇ/ਦਸਤਗਾਹ =ਹੱਥ ਦੀ ਜਗ੍ਹਾ, ਹੱਥ ਦੀ ਪਹੁੰਚ (ਭਾਵ) ਹੱਥ ਦੀ ਤਾਕਤ/ ਗ਼ਾਲਿਬ + ਅਸ਼ = (ਗ਼ਾਲਿਬ) = ਭਾਰੀ ਹੈ (ਅਸ਼)= ਉਨ੍ਹਾਂ

**ਅਰਥ** = (ੳ) ਸੱਤਵੇਂ ਪਾਤਸ਼ਾਹ ਆਪਣੇ ਦਾਸਾਂ ਨੂੰ ਮਿਹਰਬਾਨੀਆਂ ਦੇਣ ਵਾਲੇ ਹਨ ਇਸ ਕਰਕੇ ਆਪ ਰੱਬ ਵੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਚਾਹੁਣ ਵਾਲਾ ਹੈ।

(ਅ) ਅਤੇ ਸਾਰਿਆਂ ਮਰਤਬਿਆਂ ਅਤੇ ਕ਼ੁਦਰਤ ਦੇ ਉੱਪਰ ਉਨ੍ਹਾਂ ਦੇ ਹੱਥਾਂ ਦੀ ਭਾਰੀ ਤਾਕਤ ਹੈ।

**(ੳ) ਅਜ਼ ਨਾਮੇ ਫ਼ੱਰੁਖ਼ਸ਼ ਕਾਫ਼ੇ ਤਾਜ਼ੀ, ਕਰਾਮਤੇ ਕਰੂੱਬੀਆਂ ;**

**(ਅ) ਵ ਰਾਏ ਹ਼ਕ਼ ਗਰਾਇਸ਼, ਰਿਆਹ਼ੇ ਕ਼ੁੱਦੂਸੀਆਂ ॥**

**ਪਦ ਅਰਥ** = ਅਜ਼ = ਤੋਂ; ਵਿੱਚੋਂ/ਫ਼ੱਰੁਖ਼ਸ਼ = ਉਨ੍ਹਾਂ ਦੇ ਪਵਿੱਤਰ/ਕਾਫ਼ੇ = ਕੱਕਾ/ ਤਾਜ਼ੀ= ਅ਼ਰਬੀ; ਅ਼ਰਬੀ ਜ਼ਬਾਨ; ਅ਼ਰਬੀ ਅੱਖਰ; ਅ਼ਰਬੀ ਘੋੜਾ, ਅ਼ਰਬੀ ਸ਼ਿਕਾਰੀ ਕੁੱਤਾ/ਕਰਾਮਤੇ=ਕਰਾਮਾਤ, ਵਡਿਆਈ/ਕਰੂੱਬੀਆਂ =ਦੇਵਤਿਆਂ/ਵ=ਅਤੇ/ਰਾਏ=ਰਾਰਾ/ਹ਼ਕ਼=ਸਚਾਈ/ਗਰਾਇ +ਅਸ਼= (ਗਰਾਇ) ਕ਼ਬੂਲ ਕਰਨ ਵਾਲੇ (ਅਸ਼)=ਉਹ; ਗੁਰੂ ਹਰਿਰਾਇ ਜੀ/ ਰਿਆਹ਼ੇ=ਹਵਾ, ਖ਼ੁਸ਼ਬੂ/ਕ਼ੁੱਦੂਸੀਆਂ=ਰੱਬ ਦੇ ਲੋਕ, ਪਵਿੱਤਰ ਲੋਕ

**ਅਰਥ** = (ੳ) ਅਤੇ ਉਨ੍ਹਾਂ ਦੇ ਮੁਬਾਰਿਕ ਨਾਮ ਵਿੱਚੋਂ ਅ਼ਰਬੀ ਦਾ ਕਾਫ਼ (ਅਤੇ ਪੰਜਾਬੀ ਦਾ ਕੱਕਾ ਅੱਖਰ) ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ ਦੇਵਤਿਆਂ ਨੂੰ ਵੀ ਵਡਿਆਈ ਦੇਣ ਵਾਲੇ ਹਨ।

(ਅ) ਅਤੇ ਉਨ੍ਹਾਂ ਦੇ ਨਾਮ ਦਾ ਪਵਿੱਤਰ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰ ਜੀ ਸਚਾਈ ਨੂੰ ਕ਼ਬੂਲ ਕਰਨ ਵਾਲੇ ਹਨ। (ਅਥਵਾ)=ਸੱਚੇ ਬੰਦਿਆਂ ਨੂੰ ਕ਼ਬੂਲ ਕਰਨ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

ਅਤੇ ਪਵਿੱਤਰ ਲੋਕਾਂ ਨੂੰ ਸ਼ੁਭ ਗੁਣਾ ਦੀ ਖ਼ੁਸ਼ਬੂ ਦੇਣ ਵਾਲੇ ਹਨ।

**(ੳ) ਤਾਏ ਬਾ-ਅਲਿਫ਼ੇ ਓ, ਤਾਬ ਦੇਹ ਪੰਜਹਏ,**
**ਤਹਮ-ਤਨਾਂਨੇ ਫ਼ਲਕ ਜ਼ੋਰ;**

**(ਅ) ਵ ਹਾਏ ਬਾ-ਰਾਇਸ਼, ਹਜ਼ੀਮਤ ਅ.ਫਗਨੇ,**
**ਫ਼ਲਕ ਹੈਬ-ਤਾਨੇ ਸਲਹ-ਸ਼ੋਰ ॥**

**ਪਦ ਅਰਥ** = ਤਾਏ = ਤੱਤਾ/ਬਾ=ਨਾਲ/ਅਲਿਫ਼ੇ = ਕੰਨਾ/ਓ = ਉਨ੍ਹਾਂ ਦੇ/ਤਾਬ= ਚਮਕ, ਸ਼ਕਤੀ, ਤਾਕਤ/ਦੇਹ=ਦੇਣ ਵਾਲੇ/ਪੰਜਹਏ = ਪੰਜੇ, ਹੱਥਾਂ/ ਤਹਮ-ਤਨਾਂਨੇ = (ਤਹਮ-ਤਨਾਂ ਦਾ ਵਿਸਤ੍ਰਿਤ ਰੂਪ) ਤਹਮ = ਰੁਸਤਮ ਪਹਿਲਵਾਨ ਦਾ ਤਖ਼ੱਲਸ (ਭਾਵ) = ਈਰਾਨ ਦੇ ਮਸ਼ਹੂਰ ਪਹਿਲਵਾਨ ਰੁਸਤਮ ਵਰਗਾ ਜਿਸਦਾ ਤਨਾਂ = ਸਰੀਰ ਹੋਵੇ (ਅਰਥਾਤ)=ਬਹਾਦਰ, ਸੂਰਬੀਰ; ਸੂਰਮਾ; ਸੂਰਮਿਆਂ/ਫ਼ਲਕ = ਅਸਮਾਨੀ/ਜ਼ੋਰ = ਤਾਕਤ/ਵ = ਅਤੇ/ਹਾਏ=ਹਾਹਾ/ਬਾ=ਨਾਲ /ਰਾਇ+ਅਸ਼ = (ਰਾਇ)= ਰਾਰਾ (ਅਸ਼)=ਉਨ੍ਹਾਂ ਦੇ/ਹਜ਼ੀਮਤ=ਹਾਰ/ ਅ.ਫਗਨੇ = ਪਟਕਾਉਣਾ, ਪਛਾੜਣਾ/ਫ਼ਲਕ=ਅਸਮਾਨ/ਹੈਬਤਾਨੇ = ਡਰਾਉਣੇ, ਭਿਅੰਕਰ /ਸਲਹ=ਹਥਿਆਰ/ਸ਼ੋਰ=ਖੜਾਕਾ, ਅਵਾਜ਼ (ਭਾਵ) ਹਥਿਆਰਾਂ ਦੀ ਅਵਾਜ਼ ਕਰਨ ਵਾਲੇ ਬਹਾਦਰ ਸੂਰਮੇ

**ਅਰਥ** = **(ੳ)** ਉਨ੍ਹਾਂ ਦੇ ਨਾਮ ਦਾ ਤੱਤਾ, ਅਤੇ ਤੱਤੇ ਨਾਲ ਮਿਲਿਆ ਹੋਇਆ ਕੰਨਾ, ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਹਰਿਰਾਇ ਸਾਹਿਬ ਜੀ ਅਸਮਾਨੀ ਜ਼ੋਰ ਵਾਲੇ ਸੂਰਮਿਆਂ ਦੇ ਹੱਥਾਂ ਨੂੰ ਇਲਾਹੀ ਤਾਕਤ ਦੇਣ ਵਾਲੇ ਹਨ। ।

**ਅਰਥਾਤ** = ਗੁਰੂ ਹਰਿਰਾਇ ਸਾਹਿਬ ਜੀ ਰੱਬੀ ਭਰੋਸਾ ਰੱਖਣ ਵਾਲਿਆਂ ਸੂਰਮਿਆਂ ਦੇ ਹੱਥਾਂ ਨੂੰ ਇਲਾਹੀ ਤਾਕਤ ਦੇਣ ਵਾਲੇ ਹਨ।

**(ਇੱਥੋਂ ਤੱਕ ਕਰਤਾ ਦਾ ਅਰਥ ਆਇਆ ਹੈ)**

**(ਅ)** ਉਨ੍ਹਾਂ ਦੇ ਨਾਮ ਦਾ ਹਾਹਾ ਅਤੇ ਹਾਹੇ ਨਾਲ ਮਿਲਿਆ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਅਸਮਾਨ ਜਿੱਡੇ ਭਿਅੰਕਰ ਅਤੇ ਸ਼ਸਤ੍ਰਾਂ ਦੀ ਅਵਾਜ਼ ਕਰਨ ਵਾਲੇ (ਅਥਵਾ) = ਭਾਰੀ ਜੰਗ ਕਰਨ ਵਾਲੇ ਬਹਾਦਰਾਂ ਨੂੰ ਹਾਰ ਦੇ ਕੇ ਪਟਕਾਉਣ ਵਾਲੇ ਹਨ (ਭਾਵ) = ਮਾਰਨ ਵਾਲੇ ਹਨ।

**(ਇਥੋਂ ਤੱਕ ਹਰਿ ਦਾ ਅਰਥ ਹਨ)**



Sri Satguru Jagjit Singh Ji eLibrary NamdhariElibrary@gmail.com

(ਭਾਵ) = ਸਤਿਗੁਰੂ ਹਰਿਰਾਇ ਸਾਹਿਬ ਜੀ ਨੇ ਪ੍ਰਤੱਖ ਕੋਈ ਜੰਗ ਨਹੀਂ ਕੀਤਾ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਖ਼ਿਰੀ ਸਮੇਂ ਦੇ ; ਗੁਰੂ ਹਰਿਰਾਇ ਸਾਹਿਬ ਜੀ ਨੂੰ ਬਚਨ ਸਨ ਕਿ ਤੁਹਾਨੂੰ ਪ੍ਰਤੱਖ ਜੰਗ ਕਰਨ ਦੀ ਕੋਈ ਲੋੜ ਨਹੀਂ ਹੈ। ਤੁਹਾਡੇ ਬਚਨਾਂ ਦੇ ਨਾਲ ਹੀ ਦੁਸ਼ਟ ਮਰ ਜਾਇਆ ਕਰਨਗੇ। ਇੰਞ ਮਹਾਰਾਜ ਜੀ ਨੇ ਪ੍ਰਤੱਖ ਕੋਈ ਵੀ ਜੰਗ ਨਹੀਂ ਕੀਤਾ ਪਰੰਤੂ ਭਾਈ ਗੌਰਾ ਜੀ ਆਦਿਕ ਗੁਰਸਿੱਖਾਂ ਵਿੱਚ ਵੱਸ ਕਰਕੇ ਆਪ ਜੀ ਨੇ ਦੁਸਮਨਾਂ ਨੂੰ ਚੰਗੀ ਕਰਾਰੀ ਹਾਰ ਦਿੱਤੀ। ਇਸ ਵੀਚਾਰ ਨੂੰ ਭਾਈ ਸਾਹਿਬ ਜੀ ਏਥੇ ਕਥਨ ਕਰ ਰਹੇ ਹਨ।

**(ੳ) ਰਾਏ ਬਾ-ਅਲਿਫ਼ਸ਼ ਰਾ, ਉਸ਼ਰ ਬਰ-ਗੁਜ਼ੀਂ ਰਾਮ;**

**(ਅ) ਵ ਯਾਏ ਆਖ਼ਿਰਸ਼, ਯਾਵਰੇ ਖ਼ਾਸੋ ਆਮ ॥੮੬॥**

**ਪਦ ਅਰਥ** = ਰਾਏ = ਰਾਰਾ/ਬਾ = ਨਾਲ/ਅਲਿਫ਼ + ਅਸ਼ = ਕੰਨਾ (ਅਸ਼) = ਉਨ੍ਹਾਂ/ਰਾ = ਦੇ/ਉਸ਼ਰ = ਟੈਕਸ (ਨੋਟ = ਕਈ ਛਾਪਿਆਂ ਵਿੱਚ ਉਸ਼ਰ ਦੀ ਥਾਂ ਤੇ ਅੁਸ਼ਰ ਪਾਠ ਭੀ ਹੈ ਪਰ ਅੁਸ਼ਰ ਦਾ ਅਰਥ 10 ਹੁੰਦਾ ਹੈ ਇਸ ਲਈ ਅੁਸ਼ਰ ਪਾਠ ਬਿਲਕੁਲ ਅਸੁੱਧ ਹੈ)/ਬਰ-ਗੁਜ਼ੀਨ = ਚੁਨਣ ਵਾਲੇ, ਲੈਣ ਵਾਲੇ/ਰਾਮ = ਵਾਹਿਗੁਰੂ ; ਆਗਿਆਕਾਰੀ, ਅਧੀਨ, ਚੰਗ ਵਾਜੇ ਦੇ ਕਰਤੇ ਦਾ ਨਾਮ, ਕਾਬੂ ਕਰਨਾ, ਅਰਾਮ ਕਰਨਾ/ਵ=ਅਤੇ/ਯਾਏ = ਏ, ਇ/ਆਖ਼ਿਰ + ਅਸ਼ = ਉਨ੍ਹਾਂ ਦੇ ਆਖ਼ਿਰੀ/ਯਾਵਰੇ=ਮਦਦ ਕਰਨ ਵਾਲੇ, ਸਹਾਇਕ/

**ਅਰਥ** = (ੳ) ਉਨ੍ਹਾਂ ਦੇ ਨਾਮ ਦਾ ਰਾਰਾ ਅਤੇ ਰਾਰੇ ਨਾਲ ਮਿਲਿਆ ਹੋਇਆ ਕੰਨਾ ਇਹ ਉਪਦੇਸ਼ ਦਿੰਦਾ ਹੈ ਕਿ (ਸਤਿਗੁਰੂ ਹਰਿ ਰਾਇ ਸਾਹਿਬ ਜੀ) ਆਗਿਆਕਾਰੀ ਭਗਤਾਂ ਦੀ ਪਰਜਾ ਤੋਂ ਨਮਸਕਾਰਾਂ ਰੂਪ ਟੈਕਸ ਲੈਂਦੇ ਹਨ (ਅਥਵਾ) = ਅੰਗੀਕਾਰ ਕਰਦੇ ਹਨ।

(ਅ) ਉਨ੍ਹਾਂ ਦੇ ਨਾਮ ਦੀ ਆਖ਼ਿਰੀ, ਫ਼ਾਰਸੀ ਦੀ ਯੇ (ਅਤੇ ਪੰਜਾਬੀ ਦੀ ਏ) ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਜੀ ਹਰੇਕ ਆਮ ਖ਼ਾਸ ਦੇ ਸਹਾਇਕ ਹਨ।

**ਨੋਟ** = ਭਾਈ ਸਾਹਿਬ ਜੀ ਨੇ ਏਥੇ ਸੱਤਵੀਂ ਪਾਤਿਸ਼ਾਹੀ ਦਾ ਨਾਮ ਗੁਰੂ ਕਰਤਾ ਹਰਿਰਾਇ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

**ਵਾਹਿਗੁਰੂ ਜੀਉ ਸੱਤਿ**

**ਅਰਥ = ਅਕਾਲ ਪੁਰਖ ਜੀ ਦਾ ਨਾਮ ਸੱਚਾ ਹੈ।**

**(ੳ) ਹੱਕ਼ ਪਰਵਰ ਹੱਕ਼ ਕੇਸ਼, ਗੁਰੂ ਕਰਤਾ ਹਰਿਰਾਇ॥**

**(ਅ) ਸੁਲਤ਼ਾਨ ਹਮ ਦਰਵੇਸ਼, ਗੁਰੂ ਕਰਤਾ ਹਰਿਰਾਇ॥੮੭॥**

**ਪਦ ਅਰਥ** = ਹੱਕ਼ = ਸਚਾਈ / ਪਰਵਰ = ਮੰਨਣ ਵਾਲੇ, ਪਾਲਣ ਵਾਲੇ/ਹੱਕ਼= ਸਚਾਈ ਦੇ/ਕੇਸ਼ = ਧਰਮ ਨੂੰ ਧਾਰਨ ਵਾਲੇ (ਨੋਟ = ਹੱਕ਼ਕੇਸ਼- ਇਕੱਠਾ ਦੂਸਰਾ ਪਾਠ ਹੈ ਅਰਥ = ਸਚਾਈ ਵਾਲੇ) / ਸੁਲਤ਼ਾਨ = ਬਾਦਸ਼ਾਹ / ਹਮ=ਭੀ/ਦਰਵੇਸ਼=ਫ਼ਕ਼ੀਰ, ਗ਼ਰੀਬ /

**ਅਰਥ** = (ੳ) ਗੁਰੂ ਕਰਤਾ ਹਰਿਰਾਇ ਜੀ ਸਚਾਈ ਨੂੰ ਪਾਲਣ ਵਾਲੇ ਅਤੇ ਸਚਾਈ ਦੇ ਧਰਮ ਨੂੰ ਧਾਰਨ ਵਾਲੇ ਹਨ

(ਅ) ਗੁਰੂ ਕਰਤਾ ਹਰਿਰਾਇ ਸਾਹਿਬ ਜੀ ਬਾਦਸ਼ਾਹ ਵੀ ਹਨ ਅਤੇ ਫ਼ਕ਼ੀਰ ਵੀ ਹਨ।

**(ੳ) ਫ਼ੱਯਾਜ਼ੁਦ-ਦਾਰੈਨ ; ਗੁਰੂ ਕਰਤਾ ਹਰਿਰਾਇ॥**

**(ਅ) ਸਰਵਰੇ ਕੌਨੈਨ ; ਗੁਰੂ ਕਰਤਾ ਹਰਿਰਾਇ॥੮੮॥**

(**ਉਚਾਰਨ** = ਫ਼ੱਈ-ਆ-ਜ਼ੁਦ + ਦਾਰੈਨ ਬੋਲੋ)

**ਪਦ ਅਰਥ** = ਫ਼ੱਯਾਜ਼ੁਦ = ਦਾਨ ਦੇਣ ਵਾਲੇ ਦਾਨੀ/ਦਾਰੈਨ=ਦੋਹਾਂ ਜਹਾਨਾਂ/ ਸਰਵਰੇ=ਮਾਲਿਕ/ਕੌਨੈਨ=ਦੋ ਜਹਾਨਾਂ /

**ਅਰਥ** = (ੳ) ਗੁਰੂ ਕਰਤਾ ਹਰਿਰਾਇ ਸਾਹਿਬ ਜੀ ਦੋਹਾਂ ਜਹਾਨਾਂ ਨੂੰ ਦਾਨ ਦੇਣ ਵਾਲੇ ਦਾਨੀ ਹਨ।

(ਅ) ਗੁਰੂ ਕਰਤਾ ਹਰਿਰਾਇ ਸਾਹਿਬ ਜੀ ਦੋ ਜਹਾਨਾਂ ਦੇ ਮਾਲਿਕ ਹਨ।

**(ੳ) ਹੱਕ਼ ਵਾਸਿਫ਼ੇ *ਇਕਰਾਮ; ਗੁਰੂ ਕਰਤਾ ਹਰਿਰਾਇ॥**

**(ਅ) ਖ਼ਾਸਾਨੇ ਹਮਾ ਬਰ ਕਾਮ, ਗੁਰੂ ਕਰਤਾ ਹਰਿਰਾਇ॥੮੯॥**

**ਪਦ ਅਰਥ** = ਹੱਕ਼=ਸੱਚੇ/ਵਾਸਿਫ਼ੇ=ਉਸਤਤ/ਇਕਰਾਮ=ਇੱਜ਼ਤ, ਵਡਿਆਈ (ਨੋਟ = ਦੂਸਰਾ ਪਾਠ ਇਕ ਰਾਮ ਵੀ ਹੈ ਅਤੇ ਰਾਮ ਦੇ ਅਰਥ=

---

*ਕਈ ਛਾਪਿਆਂ ਵਿੱਚ ਇਕਰਾਮ ਦੀ ਜਗ੍ਹਾ ਤੇ ਅਕਰਾਮ ਪਾਠ ਲਿਖ ਕਰਕੇ ਇੱਜ਼ਤ, ਵਡਿਆਈ ਅਰਥ ਵੀ ਲਿਖੇ ਹਨ। ਪਰ ਫਾਰਸੀ ਦੇ ਲਿਹਾਜ਼ ਨਾਲ ਅਕਰਾਮ ਪਾਠ ਬਿਲਕੁਲ ਅਸ਼ੁੱਧ ਹੈ। (ਮੌਲਵੀ ਸਾਹਿਬ ਜੀ)



Sri Satguru Jagjit Singh Ji eLibrary NamdhariElibrary@gmail.com

"ਰੱਬ", "ਕਾਬੂ ਕਰਨਾ"; "ਅਧੀਨ" ਆਦਿਕ ਹਨ)/ਖ਼ਾਸਾਨੇ = ਖ਼ਾਸ ਲੋਕ/ਹਮਾ=ਸਾਰੇ/ਬਰ = ਤੋਂ, ਕ੍ਰਿਆ ਵਿਸ਼ੇਸ਼ਨ/ਕਾਮ= ਗਰਜ਼ਾਂ, ਲੋੜਾਂ, ਮੁਰਾਦਾਂ, ਗਲਾ, ਹਲਕ/

**ਅਰਥ** = (ੳ) **ਪਹਿਲਾ ਅਰਥ** = ਸਚਾਈ ਦੀ ਉਸਤਤ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਇੱਜ਼ਤ ਬਖ਼ਸ਼ਦੇ ਹਨ।

**ਦੂਸਰਾ ਅਰਥ**= ਗੁਰੂ ਕਰਤਾ ਹਰਿਰਾਇ ਸਾਹਿਬ ਜੀ, ਸਿਰਫ਼ ਇੱਕ ਸੱਚੇ ਰੱਬ ਦੀ ਸਿਫ਼ਤ ਕਰਨ ਵਾਲੇ ਹਨ

**ਤੀਸਰਾ ਅਰਥ**=ਗੁਰੂ ਜੀ ਇੱਕ ਸੱਚੇ (ਰੱਬ ਦੀ) ਉਸਤਤ ਨੂੰ ਰਾਮ = ਕਾਬੂ ਕਰਨ ਵਾਲੇ ਹਨ।

**ਅਰਥਾਤ** = ਸੱਚੇ ਰੱਬ ਦੀ ਉਸਤਤ ਕਰਨ ਵਾਲੇ ਹਨ।

**ਚੌਥਾ ਅਰਥ** = ਗੁਰੂ ਕਰਤਾ ਹਰਿਰਾਇ ਜੀ ਸਿਰਫ਼ ਇੱਕ ਸੱਚੇ ਰੱਬ ਦੀ ਉਸਤਤ ਦੇ ਹੀ ਅਧੀਨ ਹਨ

**ਅਰਥਾਤ** = ਇੱਕ ਰੱਬ ਦੀ ਸਿਫ਼ਤ ਸਲਾਹ ਕਰਨ ਵਾਲੇ ਹਨ।

(ਅ) ਸਾਰੇ ਖ਼ਾਸ ਲੋਕ ਗੁਰੂ ਕਰਤਾ ਹਰਿਰਾਇ ਜੀ ਤੋਂ ਮੁਰਾਦਾਂ ਮੰਗਣ ਵਾਲੇ ਹਨ (ਅਤੇ ਗੁਰੂ ਜੀ ਉਨ੍ਹਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਲੇ ਹਨ।)

**(ੳ) ਗਰਦਨ ਜ਼ਨੇ ਸਰਕਸ਼ਾਂ ; ਗੁਰੂ ਕਰਤਾ ਹਰਿਰਾਇ ॥**

**(ਅ) ਯਾਰੇ ਮੁਤਜ਼ੱਰਆਂ ; ਗੁਰੂ ਕਰਤਾ ਹਰਿਰਾਇ ॥੯੦॥**

(**ਉਚਾਰਨ** = ਮੁੱਤਜ਼ੱਰਆ ਇਕੱਠਾ ਬੋਲੋ)

**ਪਦ ਅਰਥ** = ਗਰਦਨ=ਧੌਣਾਂ/ਜ਼ਨੇ=ਕੱਟਣ ਵਾਲੇ/ਸਰ-ਕਸ਼ਾਨ = ਸ਼ਰਾਰਤੀਆਂ /ਯਾਰੇ = ਦੋਸਤ, ਮਦਦ ਕਰਨ ਵਾਲੇ/ਮੁਤਜ਼ੱਰਆਂ = ਗਿਰ ਗਿਰ ਕਰਕੇ ਮੰਗਣ ਵਾਲੇ, ਕਮਜ਼ੋਰ॥

**ਅਰਥ** = (ੳ) ਗੁਰੂ ਕਰਤਾ ਹਰਿਰਾਇ ਸਾਹਿਬ ਜੀ ਸ਼ਰਾਰਤੀਆਂ ਦੀਆਂ ਧੌਣਾਂ ਕੱਟਣ ਵਾਲੇ ਹਨ।

(ਅ) ਗੁਰੂ ਕਰਤਾ ਹਰਿਰਾਇ ਸਾਹਿਬ ਜੀ ਕਮਜ਼ੋਰ ਲੋਕਾਂ ਦੇ ਦੋਸਤ ਹਨ।

**ਅਰਥਾਤ** = ਆਜਿਜ਼ੀ ਕਰਨ ਵਾਲਿਆਂ (ਦਿਲੀ ਨਿੰਮ੍ਰਤਾ ਵਾਲਿਆਂ) ਦੇ ਸਹਾਇਕ ਹਨ।

**(ੳ) ਸ਼ਾਹਨ-ਸ਼ਹੇ ਹੱਕ਼ ਨਸਕ਼ ; ਗੁਰੂ ਕਰਤਾ ਹਰਿਰਾਇ ॥**



Sri Satguru Jagjit Singh Ji eLibrary NamdhariElibrary@gmail.com

(ਅ) ਫ਼ਰਮਾਂ ਦਿਹੇ, ਨੁਹੁ ਤ਼ਬਕ਼ ; ਗੁਰੂ ਕਰਤਾ ਹਰਿਰਾਇ ॥੮੧॥

(ਉਚਾਰਨ = ਫ਼ਰ-ਮਾਂ ਲੰਮਕਾ ਕੇ ਬੋਲੋ)

**ਪਦ ਅਰਥ** = ਸ਼ਾਹਨਸ਼ਹੇ = ਬਾਦਸ਼ਾਹਾਂ ਦੇ ਬਾਦਸ਼ਾਹ/ਹ਼ੱਕ਼ = ਸਚਾਈ ਦਾ/ਨ਼ਸਕ਼ =ਪ੍ਰਬੰਧ/ਫ਼ਰਮਾਨ=ਹੁਕਮ/ਦਿਹੇ = ਦੇਣ ਵਾਲੇ/ਨੁਹੁ = ਨੌਂ/ਤ਼ਬਕ਼ = ਅਕਾਸ਼ਾਂ (ਵ) ਪਰਤਾਂ/

**ਅਰਥ** = **(ੳ)** ਗੁਰੂ ਕਰਤਾ ਹਰਿਰਾਇ ਜੀ ਸਚਾਈ ਦੇ ਪ੍ਰਬੰਧ ਨੂੰ ਚਲਾਉਣ ਵਿੱਚ ਬਾਦਸ਼ਾਹਾਂ ਦੇ ਬਾਦਸ਼ਾਹ ਹਨ।

**(ਅ)** ਗੁਰੂ ਕਰਤਾ ਹਰਿਰਾਇ ਜੀ ਨੌਂ ਅਕਾਸ਼ਾਂ ਦੀਆਂ ਪਰਤਾਂ ਨੂੰ ਹੁਕਮ ਦੇਣ ਵਾਲੇ ਹਨ।

**ਅਰਥਾਤ** = ਗੁਰੂ ਜੀ ਨੌਂ ਅਕਾਸ਼ਾਂ ਵਿੱਚ ਸਭ ਨੂੰ ਸਚਾਈ ਨੂੰ ਮੰਨਣ ਦਾ (ਵ) ਪਾਲਣ ਦਾ ਹੁਕਮ ਦੇਣ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)

## ਅਠਵੀਂ ਪਾਤਿਸ਼ਾਹੀ

| | |
|---|---|
| **ਨਾਮ** | : ਸਤਿਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | : ਕੀਰਤਪੁਰ ਸਾਹਿਬ |
| **ਅਵਤਾਰ ਧਾਰਨ ਸੰਮਤ** | : ੧੭੧੩ ਬਿ: ਸਾਵਣ ਵਦੀ ਨੌਵੀਂ, ਦਿਨ ਵੀਰਵਾਰ, ੧੪ ਜੁਲਾਈ ੧੬੫੬ ਈ:, ਪੁਨਰ ਵਸੀ ਨਛੱਤਰ। |
| **ਮਾਤਾ ਪਿਤਾ** | : ਮਾਤਾ ਕ੍ਰਿਸ਼ਨ ਕੌਰ ਜੀ, ਪਿਤਾ ਸਤਿਗੁਰੂ ਹਰਿ ਰਾਇ ਸਾਹਿਬ ਜੀ। ਨਾਨਾ ਰਾਜਾ ਰਾਮ ਜੀ, ਨਾਨੀ ਸੁਖਦੇਈ ਜੀ। |
| **ਗੱਦੀ ਸਮਾਂ** | : ੧੭੧੮ ਬਿ: ਕਤਕ ਵਦੀ ਨੌਮੀ, ੮ ਨਵੰਬਰ ੧੬੬੧ ਈ: ਕੀਰਤਪੁਰ ਸਾਹਿਬ। |
| **ਜੋਤੀ ਜੋਤਿ ਸਮਾਉਣਾ** | : ੧੭੨੧ ਬਿ: ਚੇਤਰ ਸੁਦੀ ਚੌਦਸ, ੬ ਅਪ੍ਰੈਲ ੧੬੬੪ ਈ: ਦਿੱਲੀ ਜਮਨਾ ਕਿਨਾਰੇ ਗੁਰਦੁਆਰਾ ਬਾਲਾ ਸਾਹਿਬ ਅਸਥਾਨ। |
| **ਸਾਰੀ ਅਵਸਥਾ** | : ਸਤ ਬਰਸ, ਅੱਠ ਮਹੀਨੇ, ਦੋ ਦਿਨ |
| **ਗੁਰਿਆਈ ਸਮਾਂ** | : ਦੋ ਬਰਸ, ਪੰਜ ਮਹੀਨੇ, ਵੀਹ ਦਿਨ |
| **ਹਕੂਮਤ** | : ਔਰੰਗਜ਼ੇਬ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : ਕੀਰਤਪੁਰ ਨੂੰ ਵਧਾਇਆ |
| **ਬਾਣੀ** | : ਬਾਣੀ ਨਹੀਂ ਉਚਾਰੀ, ਬਾਣੀ ਦਾ ਪ੍ਰਚਾਰ ਕੀਤਾ। |



Sri Satguru Jagjit Singh Ji eLibrary NamdhariElibrary@gmail.com

## ਸਲਤ੍ਨਤੇ ਹਸ਼ਤਮ

**ਪਦ ਅਰਥ** = ਅਸ਼ਤ = ਅੱਠ/ਅਮ = ਹਾਂ

**ਅਰਥ** = ਭਾਈ ਸਾਹਿਬ ਜੀ ਕਹਿੰਦੇ ਹਨ। ਕਿ ਹੁਣ ਅਸੀਂ ਅੱਠਵੀਂ ਪਾਤਿਸ਼ਾਹੀ ਗੁਰੂ ਹਰਿਕ੍ਰਿਸਨ ਜੀ ਦਾ ਜਸ ਕਹਿੰਦੇ ਹਾਂ।

**(ੳ) ਸਲਤ੍ਨਤੇ ਹਸ਼ਤ-ਮਸ਼, ਤਾਜੇ ਮਅ਼ਸੂਮਾਨੇ ਮਕ਼ਬੂਲ ;**

**(ਅ) ਵ ਮਤ੍ਅ਼ਏ, ਮੁਕ਼-ਬਿਲਾਨੇ ਮੌਸੂਲ ॥**

(**ਉਚਾਰਨ** = ਮ-ਸੂ-ਮਾਨੇ ਲੰਮਕਾ ਕੇ ਬੋਲੋ ਅਤੇ ਮਤ੍ਾਏ ਬੋਲੋ)

**ਪਦ ਅਰਥ** = ਸਲਤ੍ਨਤੇ = ਪਾਤਿਸ਼ਾਹੀ/ਹਸ਼ਤਮ+ਅਸ਼ = ਉਸ (ਵਾ)=ਗੁਰੂ ਨਾਨਕ ਦੇਵ ਜੀ ਦੀ ਅੱਠਵੀਂ/ਤਾਜੇ = ਤਾਜ, ਬਾਦਿਸ਼ਾਹ/ਮਅ਼ਸੂਮਾਨੇ = ਬੇਗੁਨਾਹਾਂ /ਮਕ਼ਬੂਲ = ਕ਼ਬੂਲ ਹੋਏ/ਵ = ਅਤੇ/ਮਤ੍ਅ਼ਏ = ਦੌਲਤ, ਪੂੰਜੀ/ਮੁਕ਼ਬਿਲਾਨੇ = ਕ਼ਬੂਲਿਆ ਹੋਇਆਂ ਦੀ/ਮੌਸੂਲ = ਮਿਲੇ ਹੋਏ, ਪ੍ਰਾਪਤ ਹੋਏ/

**ਅਰਥ** = (ੳ) ਗੁਰੂ ਨਾਨਕ ਦੇਵ ਜੀ ਦੀ ਅੱਠਵੀਂ ਪਾਤਿਸ਼ਾਹੀ (ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ) ਰੱਬੀ ਦਰਗਾਹ ਵਿੱਚ ਕ਼ਬੂਲ ਹੋਏ ਬੇਗੁਨਾਹਾਂ (ਪਵਿੱਤ੍ਰ ਪੁਰਸ਼ਾਂ) ਦੇ ਤਾਜ ਹਨ (ਭਾਵ) = ਬਾਦਸ਼ਾਹ ਹਨ।

(ਅ) ਅਤੇ ਗੁਰੂ ਹਰਿਕ੍ਰਿਸ਼ਨ ਜੀ ਰੱਬੀ ਦਰਗਾਹ ਦੇ ਵਿੱਚ ਕ਼ਬੂਲੇ ਹੋਏ ਅਤੇ ਰੱਬੀ ਦਰਗਾਹ ਨੂੰ ਮਿਲੇ ਹੋਏ ਲੋਕਾਂ ਦੀ ਦੌਲਤ ਹਨ।

**(ੳ) ਇਅ਼-ਜਾਜ਼ੇ ਕੁਦਸੀ-ਅਸ਼, ਸ਼ੁਹਰਾ ਆਫ਼ਾਕ਼ ;**

**(ਅ) ਵ ਅਨਵਾਰੇ, ਵਜੂਦੇ ਪਾਕਸ਼; ਹ਼ੱਕ਼ ਇਸ਼ਰਾਕ਼ ॥**

**ਪਦ ਅਰਥ** = ਇਅ਼ਜਾਜ਼ੇ = ਵਡਿਆਈ /ਕੁਦਸੀ-ਅਸ਼ = ਉਨ੍ਹਾਂ ਦੀ ਪਵਿੱਤਰ/ ਸ਼ੁਹਰਾ = ਮਸ਼ਹੂਰ/ਆਫ਼ਾਕ਼ = ਪੂਰੀ ਦੁਨੀਆਂ/ਵ = ਅਤੇ/ਅਨਵਾਰੇ = ਨੂਰ/ਵਜੂਦੇ = ਹੋਂਦ/ਪਾਕ + ਅਸ਼ = ਉਨ੍ਹਾਂ ਦੀ ਪਵਿੱਤਰ / ਹ਼ੱਕ਼=ਰੱਬੀ/ਇਸ਼ਰਾਕ਼=ਚਮਕ, ਚਾਨਣਾ/

**ਅਰਥ** = (ੳ) ਉਨ੍ਹਾਂ ਦੀ ਪਵਿੱਤਰ ਵਡਿਆਈ ਪੂਰੀ ਦੁਨੀਆਂ ਤੇ ਮਸ਼ਹੂਰ ਹੈ।

(ਅ) ਰੱਬੀ ਚਾਨਣਾ ਉਨ੍ਹਾਂ ਦੀ ਪਵਿੱਤਰ ਹੋਂਦ ਦਾ ਨੂਰ ਹੈ।

**(ੳ) ਖ਼ਾਸਾਂ ਕੁਰਬਾਨਸ਼,**



Sri Satguru Jagjit Singh Ji eLibrary NamdhariElibrary@gmail.com

(ਅ) ਵ ਪਾਕਾਂ, ਸਰ ਬਰ ਆਸਤਾਨਸ਼ ॥

**ਪਦ ਅਰਥ** = ਖ਼ਾਸਾਨ = ਖ਼ਾਸਲੋਕ / ਕੁਰਬਾਨ+ਅਸ਼ = ਉਨ੍ਹਾਂ ਤੋਂ ਕੁਰਬਾਨ ਹਨ / ਵ = ਅਤੇ/ਪਾਕਾਨ = ਪਵਿੱਤਰ ਲੋਕ/ਸਰ = ਸਿਰ/ਬਰ=ਉੱਪਰ / ਆਸਤਾਨ+ਅਸ਼ = ਉਨ੍ਹਾਂ ਦੇ ਦਰਵਾਜੇ /

**ਅਰਥ** = (ੳ) (ਰੱਬੀ ਦਰਗਾਹ ਦੇ) ਖ਼ਾਸ ਲੋਕ ਉਨ੍ਹਾਂ ਤੋਂ ਕੁਰਬਾਨ ਹਨ।

(ਅ) ਅਤੇ ਪਵਿੱਤ੍ਰ ਲੋਕਾਂ ਨੇ ਵੀ, ਉਨ੍ਹਾਂ ਦੇ ਦਰਵਾਜੇ ਉੱਪਰ ਸਿਰ ਰੱਖੇ ਹੋਏ ਹਨ।

**(ੳ) ਵਾਸਿਫ਼ੇ ਔਸਾਫ਼ੇ ਜਜ਼ਾਇ-ਲਸ਼ ; ਹਜ਼ਾਰਾਂ ਹਜ਼ਾਰ,**
**ਸੁਲਸ ਵ ਸੁਦਸ ਬਰ-ਗਜ਼ੀਂ;**

**(ਅ) ਵ ਰੇਜ਼ਾ ਚੀਨੇ, ਮਾਇਦ-ਹਏ ਅ਼ਲਤਾਫ਼ੇ ਜਲਾਇ-ਅਸ਼;**
**ਬੇਸ਼ ਅਜ਼ ਸ਼ੁਮਾਰ, ਤਿਸਅ਼ ਵ ਅ਼ਸ਼ਰੇ ਹ਼ਕ਼-ਨਗੀਂ ॥**

**ਪਦ ਅਰਥ** = ਵਾਸਿਫ਼ੇ = ਸਿਫ਼ਤਾਂ/ਔਸਾਫ਼ੇ=ਚੰਗੀਆਂ/ਜਜ਼ਾਇਲ+ਅਸ਼ = ਉਨ੍ਹਾਂ ਦੀ ਤਾਰੀਫ਼, ਵਡਿਆਈ, ਬਦਲਾ/ਹਜ਼ਾਰਾਂ ਹਜ਼ਾਰ = ਲੱਖਾਂ ਹੀ/ ਸੁਲਸ = ਤਿੰਨ ਦੇਵਤੇ/ਵ= ਅਤੇ/ਸੁਦਸ = ਛੇ ਸਾਸਤ੍ਰ/ਬਰ-ਗਜ਼ੀਨ = ਚੁਣਿਆਂ ਹੋਇਆ, ਪਸੰਦ ਕੀਤਾ ਹੋਇਆ ਹੈ (ਨੋਟ = ਕਈ ਛਾਪਿਆਂ ਵਿੱਚ ਗਜ਼ੀਂ ਦੀ ਜਗ੍ਹਾ ਤੇ ਗੁਜ਼ੀਂ ਲਫਜ਼ ਵੀ ਲਿਖਿਆ ਆਉਂਦਾ ਹੈ ਪਰ ਦੋਨਾਂ ਲ਼ਫਜ਼ਾਂ ਦਾ ਅਰਥ = "ਚੁਣਿਆਂ ਹੋਇਆ", "ਪਸੰਦ ਕੀਤਾ ਹੋਇਆ" ਹੀ ਹੈ)/ ਵ = ਅਤੇ/ਰੇਜ਼ਾ = ਕਣ, ਭੋਰਾ/ ਚੀਨੇ = ਚੁਨਣ ਵਾਲੇ/ਮਾਇਦ-ਹਏ = ਦਸਤਰਖਾਨ (ਨੋਟ = ਪ੍ਰਸਾਦਾ ਛਕਣ ਵੇਲੇ, ਇਸਲਾਮ ਧਰਮ ਵਾਲੇ ਹੇਠਾਂ ਜੋ ਕੱਪੜਾ ਵਿਛਾਉਂਦੇ ਅਥਵਾ = ਚੌਂਕੀ ਰੱਖਦੇ ਹਨ ਉਸਨੂੰ ਦਸਤਰਖਾਨ ਕਹਿੰਦੇ ਹਨ।) ਅ਼ਲਤਾਫ਼ੇ = ਮਿਹਰਾਂ/ਜਲਾਇ+ਅਸ਼ = ਉਨ੍ਹਾਂ ਦੀਆਂ ਬਜ਼ੁਰਗੀਆਂ, ਮਿਹਰਬਾਨੀਆਂ/ਬੇਸ਼ = ਬਹੁਤ ਜ਼ਿਆਦਾ, ਬਹੁਤੀਆਂ/ਅਜ਼ = ਤੋਂ/ ਸ਼ੁਮਾਰ = ਬੇਗਿਣਤ/ਤਿਸਅ਼ = ਨੌਂ/ਵ = ਅਤੇ/ਅ਼ਸ਼ਰੇ = ਦਸ/ਹ਼ਕ਼-ਨਗੀਨ = ਸਚਾਈ ਦੇ ਨਗੀਨੇ (ਨੋਟ = ਚਮਕੀਲੇ ਪੱਥਰ ਦੇ ਉਹ ਮੋਤੀ ਜੋ ਛਾਪ ਵਿੱਚ ਜੁੜੇ ਹੋਏ ਹੁੰਦੇ ਹਨ ਉਨ੍ਹਾਂ ਨੂੰ ਨਗੀਨੇ ਕਹਿੰਦੇ ਹਨ।)/

**ਅਰਥ** = (ੳ) ਉਨ੍ਹਾਂ ਦੀਆਂ ਚੰਗੀਆਂ (ਅਥਵਾ) = ਉੱਚੀਆਂ ਸਿਫ਼ਤਾਂ ਦੀ ਤਾਰੀਫ਼ ਕਰਨ ਵਾਲੇ ਲੱਖਾਂ ਹੀ ਤਿੰਨਾਂ ਦੇਵਤਿਆਂ, (ਵਾ) = ਤਿੰਨਾਂ ਲੋਕਾਂ ਅਤੇ ਛੇ ਸ਼ਾਸਤਰਾਂ, (ਵਾ) = ਛੇ ਦਿਸ਼ਾਵਾਂ



Sri Satguru Jagjit Singh Ji eLibrary NamdhariElibrary@gmail.com

ਨੇ ਉਨ੍ਹਾਂ ਨੂੰ ਚੁਣਿਆ ਹੋਇਆ ਹੈ (ਭਾਵ) = ਪਸੰਦ ਕੀਤਾ ਹੋਇਆ ਹੈ।

**(ਅ)** (ਅੰਨਵੈ ਅਰਥ) ਅਤੇ ਨੌ ਨਾਥ, (ਵਾ) = ਨੌ ਗ੍ਰਿਹ ਅਤੇ ਦਸ ਅਵਤਾਰ (ਇਹ ਸਾਰੇ) ਸਚਾਈ ਦੇ ਨਗੀਨੇ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਬਹੁਤੀਆਂ ਮਿਹਰਬਾਨੀਆਂ ਰੂਪ ਦਸਤਰਖਾਨ ਤੋਂ, ਮਿਹਰਾਂ ਰੂਪ ਭੋਰੇ ਚੁਣਨ ਵਾਲੇ, ਬੇਗਿਣਤ ਹੀ ਹਨ।

**ਨੋਟ :- ਨੌ ਨਾਥ =** (1) ਗੋਰਖ (2) ਮਛਿੰਦਰ (3) ਧੂਰਤੀ (4) ਚਰਪਟ (5) ਘੁੱਘੂ (6) ਪ੍ਰਾਣ (7) ਗੋਪੀ (8) ਚੰਬਾ (9) ਮੰਗਲ

**ਨੌ ਗ੍ਰਿਹ =** (1) ਸੂਰਜ, (2) ਚੰਦਰਮਾ, (3) ਸ਼ੁੱਕ੍ਰ, (4) ਸ਼ਨਿੱਸ਼ਰ, (5) ਬ੍ਰਹੱਸਪਤਿ, (6) ਮੰਗਲ, (7) ਬੁੱਧ, (8) ਰਾਹੂ, (9) ਕੇਤੂ

**ਦਸ ਅਵਤਾਰ=** (1) ਮੱਛ (2) ਕੱਛ (3) ਨਰ ਸਿੰਘ (4) ਵਰਾਹ (5) ਬੁੱਧ (6) ਵਾਮਨ (7) ਪਰਸਰਾਮ (8) ਰਾਮ (9) ਸ੍ਰੀ ਕ੍ਰਿਸਨ (10) ਕਲਕੀ॥

**(ੳ) ਹਾਏ ਨਾਮੇ ਫ਼ੱਰੁਖ਼ ਫ਼ਰਜਾਮਸ਼;**

**ਹਜ਼ੀਮਤ ਅਫ਼ਗਾਨੇ, ਦੇਵੇ ਆ਼ਲਮਗੀਰ;**

**(ਅ) ਵ ਰਾਏ, ਰਾਸਤੀ ਨੁਮਾਇਸ਼;**

**ਸਦਰ ਨਸ਼ੀਨੇ ਜਾਵਿਦਾਨੀ ਸਰੀਰ॥**

**ਪਦ ਅਰਥ** = ਹਾਏ = ਹਾਹਾ/ਫ਼ੱਰੁਖ਼=ਮੁਬਾਰਿਕ, ਪਵਿੱਤਰ/ਫ਼ਰਜਾਮ+ਅਸ਼ = ਉਨ੍ਹਾਂ ਦੇ ਬਹੁਤੇ, (ਵਾ)=ਉਨ੍ਹਾਂ ਦੇ ਬਿਹਤਰ/ਹਜ਼ੀਮਤ=ਹਾਰ / ਅਫ਼ਗਾਨੇ = ਪਟਕਾਉਣ/ਦੇਵੇ = ਭੂਤਾਂ, ਪ੍ਰੇਤਾਂ/ਆ਼ਲਮ-ਗੀਰ = (ਆ਼ਲਮ) = ਦੁਨੀਆਂ ਨੂੰ (ਗੀਰ) = ਫੜ ਲੈਣ ਵਾਲੇ / ਵ=ਅਤੇ/ਰਾਏ = ਰਾਰਾ/ ਰਾਸਤੀ = ਸਚਾਈ ਦਾ/ਨੁਮਾਇ+ਅਸ਼ = ਵਿਖਾਉਣ ਵਾਲੇ (ਅਸ਼) = ਉਹ (ਭਾਵ) ਸਤਿਗੁਰੂ ਜੀ/ਸਦਰ = ਸਭ ਤੋਂ ਵੱਡੇ, ਸਭ ਤੋਂ ਪਹਿਲਾ ਦਰਵਾਜਾ, ਪ੍ਰਧਾਨ/ਨਸ਼ੀਨੇ = ਬੈਠਣ ਵਾਲੇ/ਜਾਵਿਦਾਨੀ = ਹਮੇਸ਼ਾਂ/ਸਰੀਰ = ਤਖ਼ਤ (ਨੋਟ = ਅ਼ਰਬੀ ਦਾ ਲਫ਼ਜ਼ ਹੈ)

**ਅਰਥ** = **(ੳ) ਪਹਿਲਾ ਅਰਥ** = ਉਨ੍ਹਾਂ ਦੇ ਬਹੁਤੇ ਪਵਿੱਤਰ ਨਾਮ ਦਾ ਹਾਹਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਸਾਹਿਬ ਜੀ ਦੁਨੀਆਂ ਨੂੰ ਫੜਨ ਵਾਲੇ ਦੇਵੇ = ਧਰਮਰਾਜੇ ਨੂੰ ਹਾਰ ਦੇ ਕੇ ਪਟਕਾਉਣ


Sri Satguru Jagjit Singh Ji eLibrary NamdhariElibrary@gmail.com

ਵਾਲੇ ਹਨ।

**ਅਰਥਾਤ** = ਧਰਮਰਾਜਾ ਵੀ ਉਨ੍ਹਾਂ ਦੇ ਹੁਕਮ ਹੇਠ ਹੈ।

**ਦੂਸਰਾ ਅਰਥ**= ਉਨ੍ਹਾਂ ਦੇ ਬਹੁਤੇ ਪਵਿੱਤਰ ਨਾਮ ਦਾ ਹਾਹਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਸਾਹਿਬ ਜੀ, ਦੁਨੀਆਂ ਦੇ ਤਾਂਈਂ ਫੜਨ ਵਾਲੇ ਭੂਤਾਂ ਪ੍ਰੇਤਾਂ, ਨੂੰ ਹਾਰ ਦੇ ਕੇ ਪਟਕਾਉਣ ਵਾਲੇ ਹਨ।

(ਅ) ਉਨ੍ਹਾਂ ਦੇ (ਪਵਿੱਤਰ) ਨਾਮ ਦਾ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ (ਸਭ ਨੂੰ) ਸਚਾਈ ਦਾ ਰਸਤਾ ਵਿਖਾਉਣ ਵਾਲੇ ਹਨ ਅਤੇ ਹਮੇਸ਼ਾ ਸਭ ਤੋਂ ਵੱਡੇ (ਅਟੱਲ) ਤਖ਼ਤ ਤੇ ਬੈਠਣ ਵਾਲੇ ਹਨ।

**(ੳ) ਕਾਫ਼ੇ ਤਾਜ਼ੀਏ ਆਂ, ਕੁਸ਼ਾਇੰਦ-ਹਏ ਅਬ-ਵਾਬੇ ਕਰਮ;**

**(ਅ) ਵ ਸ਼ੀਨੇ ਸ਼ੌਕਤ ਤਜ਼ਮੀਨਸ਼; ਸਰ ਅਫ਼ਗਨੇ ਦੇਵਾਨੇ ਦੱਯਮ ॥**

**(ਉਚਾਰਨ** = ਦੱਇਅਮ ਬੋਲੋ)

**ਪਦ ਅਰਥ** = ਕਾਫ਼ੇ = ਕਾਫ਼/ਤਾਜ਼ੀਏ = ਅ਼ਰਬੀ/ਆਂ=ਉਨ੍ਹਾਂ/ਕੁਸ਼ਾਇੰਦ-ਹਏ = ਖੋਲ੍ਹਣ ਵਾਲੇ/ਅਬਵਾਬੇ = (ਬਾਬ ਦਾ ਬਹੁਵਚਨ) ਦਰਵਾਜ਼ੇ/ ਕਰਮ=ਮਿਹਰਾਂ/ਵ= ਅਤੇ/ਸ਼ੀਨੇ = ਸੱਸਾ/ਸ਼ੌਕਤ=ਦਬਦਬਾ, ਰੋਬ/ ਤਜ਼ਮੀਨ+ਅਸ਼ = ਉਨ੍ਹਾਂ ਦਾ ਵਧਾਉਣ ਵਾਲਾ/ਸਰ = ਸਿਰ/ ਅਫ਼ਗਨੇ = ਪਟਕਾਉਣ ਵਾਲਾ/ਦੇਵਾਨੇ =ਭੂਤ ਪ੍ਰੇਤ, ਦੇਵਤੇ, ਮਾਲਿਕ, ਦਰਬਾਰ, ਦਿਵਾਨ /ਦੱਯਮ = ਹਮੇਸ਼ਾ/

**ਅਰਥ** = (ੳ) ਉਨ੍ਹਾਂ ਦੇ (ਪਵਿੱਤਰ) ਨਾਮ ਦਾ ਅ਼ਰਬੀ ਭਾਸ਼ਾ ਦਾ ਕਾਫ਼ (ਅਤੇ ਪੰਜਾਬੀ ਭਾਸ਼ਾ ਦਾ ਕੱਕਾ ਅੱਖਰ) ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ (ਸਾਰਿਆਂ ਵਾਸਤੇ) ਮਿਹਰਾਂ ਦੇ ਦਰਵਾਜ਼ੇ ਨੂੰ ਖੋਲ੍ਹਣ ਵਾਲੇ ਹਨ।

**ਅਰਥਾਤ** = ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਾਰਿਆਂ ਤੇ ਮਿਹਰਾਂ ਕਰਨ ਵਾਲੇ ਹਨ।

(ਅ) ਅਤੇ ਉਨ੍ਹਾਂ ਦੇ ਨਾਮ ਦਾ, ਸਿੱਖਾਂ ਦਾ ਰੋਬ ਵਧਾਉਣ ਵਾਲਾ ਸੱਸਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ ਭੂਤ ਪ੍ਰੇਤ ਸ਼ੈਤਾਨਾਂ ਦਾ ਸਿਰ ਹਮੇਸ਼ਾ ਪਟਕਾਉਣ ਵਾਲੇ (ਅਥਵਾ) = ਤੋੜਨ ਵਾਲੇ ਹਨ।

**ਅਰਥਾਤ** = **ਯਥਾ — ਪ੍ਰਭ ਬਿਸਰਤ ਤੇ ਪ੍ਰੇਤਤਹ ॥** ਸਤਿਗੁਰੂ ਜੀ ਪ੍ਰਭੂ ਨੂੰ ਵਿਸਾਰਨ ਵਾਲੇ ਪ੍ਰੇਤਾਂ ਦਾ ਸਿਰ ਹਮੇਸ਼ਾ ਪਟਕਾਉਣ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

**(ੳ) ਨੂਨੇ ਆਖ਼ਿਰਸ਼, ਨੁਜ਼-ਹੁਤ ਅਫ਼ਜ਼ਾਏ ਹਰ ਦਿਲੋ ਜਾਨਾ;**
**(ਅ) ਵ ਨਦੀਮੇ ; ਖ਼ਾਸ ਨਿਅ਼-ਮੁਲ-ਸੁਬਹ਼ਾਂ ॥੯੨॥**

(**ਉਚਾਰਨ** = ਨੁਜ਼-ਹੁਤ ਇਕੱਠਾ ਬੋਲੋ ਅਤੇ ਨਿਅ਼-ਮੁਲ ਵੀ ਇਕੱਠਾ ਬੋਲੋ)

**ਪਦ ਅਰਥ** = ਨੂਨੇ=ਨੰਨਾ/ਆਖ਼ਿਰ+ਅਸ਼ = ਉਨ੍ਹਾਂ ਦੇ ਨਾਮ ਦਾ ਆਖ਼ਿਰੀ/ਨੁਜ਼ਹੁਤ = ਖ਼ੂਬਸੂਰਤੀ/ਅਫ਼ਜ਼ਾਏ = (ਫ਼ਜ਼ਾ ਦੀ ਜਮ੍ਹਾਂ) ਵਧਾਉਣ ਵਾਲਾ/ ਵ=ਅਤੇ/ਨਦੀਮੇ=ਨਾਲ ਬੈਠਣ ਵਾਲਾ (ਅਥਵਾ)=ਵਜ਼ੀਰ/ਨਿਅ਼ਮ =ਬਖ਼ਸ਼ਿਸ਼, ਧਨ, ਰੋਜ਼ੀ/ਉਲ=ਕ੍ਰਿਆ ਵਿਸ਼ੇਸ਼ਨ/ਸੁਬਹ਼ਾਨ = ਰੱਬ

**ਅਰਥ** = (**ੳ**) ਉਨ੍ਹਾਂ ਦੇ (ਪਵਿੱਤਰ) ਨਾਮ ਦਾ ਆਖ਼ਿਰੀ ਨੰਨਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ ਹਰੇਕ ਦਿਲ ਤੇ ਜਾਨ ਦੀ ਖ਼ੂਬਸੂਰਤੀ ਨੂੰ ਵਧਾਉਣ ਵਾਲੇ ਹਨ।

(**ਅ**) ਅਤੇ ਬਖ਼ਸ਼ਿਸ਼ਾਂ (ਦੇਣ ਵਾਲੇ) ਰੱਬ ਦੇ ਖ਼ਾਸ ਵਜ਼ੀਰ ਹਨ।

**ਵਾਹਿਗੁਰੂ ਜੀਉ ਸੱਤਿ**

**ਅਰਥ = ਅਕਾਲ ਪੁਰਖ ਜੀ ਸੱਚੇ ਹਨ।**

**(ੳ) ਗੁਰੂ ਹਰਕ੍ਰਿਸ਼ਨ ; ਆਂ ਹਮਹ ਫ਼ਜ਼ਲੋ ਜੂਦ ॥**
**(ਅ) ਹ਼ਕ਼ਸ਼, ਅਜ਼ ਹਮਹ ; ਖ਼ਾਸ-ਗਾਂ ਬਰ-ਸਤੂਦ ॥ ੯੩॥**

**ਪਦ ਅਰਥ** = ਆਂ = ਓਹ/ਹਮਹ = ਸਾਰੀ, ਸਮੂਹ/ਫ਼ਜ਼ਲੋ = ਕਿਰਪਾ/ਜੂਦ= ਮਿਹਰਬਾਨੀ/ਹ਼ਕ਼+ਅਸ਼ = ਉਨ੍ਹਾਂ ਨੂੰ ਰੱਬ ਨੇ/ਅਜ਼ = ਤੋਂ / ਹਮਹ = ਤਮਾਮ/ਖ਼ਾਸਗਾਨ = ਖ਼ਾਸ ਲੋਕਾਂ /ਬਰ-ਸਤੂਦ = ਸਲਾਹਿਆ ਹੈ।

**ਅਰਥ** = (**ੳ**) ਗੁਰੂ ਹਰਕ੍ਰਿਸ਼ਨ ਜੀ ਮਿਹਰਬਾਨੀ ਅਤੇ ਕਿਰਪਾ ਦੇ ਸਮੂਹ ਹਨ। (ਭਾਵ) = ਪੁੰਜ ਹਨ।

(**ਅ**) ਉਨ੍ਹਾਂ ਨੂੰ ਰੱਬ ਨੇ ਆਪਣੇ ਸਾਰੇ ਖ਼ਾਸ ਲੋਕਾਂ ਤੋਂ ਸਲਾਹਿਆ ਹੋਇਆ ਹੈ।

**(ੳ) ਮਿਆਨੇ ਹ਼ੱਕ਼ ਵ ਓ ; ਫ਼ਸਾਲ-ਉਲ-ਵਰੱਕ਼ ॥**
**(ਅ) ਵਜੂਦਸ਼ ਹਮਹ ; ਫ਼ਜ਼ਲੋ ਅਫ਼ਜ਼ਾਲੇ ਹ਼ੱਕ਼ ॥੯੪॥**

(**ਉਚਾਰਨ** = ਅਫ਼-ਜ਼ਾਲੇ ਇਕੱਠਾ ਬੋਲੋ)

**ਪਦ ਅਰਥ** = ਮਿਆਨੇ=ਵਿੱਚ/ਹ਼ੱਕ਼ =ਰੱਬ/ਵ = ਅਤੇ /ਓ=ਉਨ੍ਹਾਂ ਦੇ/ਫ਼ਸਾਲ = ਫ਼ਰਕ, ਅਲੱਗ ਕਰਨਾ/ਉਲ = ਕ੍ਰਿਆ ਵਿਸ਼ੇਸ਼ਨ/ਵਰੱਕ਼ = ਵਰਕੇ, ਪੇਜ਼/ਵਜੂਦਸ਼ = (ਵਜੂਦ+ਅਸ਼)=ਉਨ੍ਹਾਂ ਦਾ ਵਜੂਦ/ਹਮਹ=ਸਾਰਾ/ ਫ਼ਜ਼ਲੋ = ਮਿਹਰਬਾਨੀਆਂ/ਅਫ਼ਜ਼ਾਲੇ = ਮਿਹਰਾਂ/ਹ਼ੱਕ਼ = ਰੱਬ/



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਉਨ੍ਹਾਂ ਦੇ ਅਤੇ ਰੱਬ ਦੇ ਵਿਚਾਲੇ ਫ਼ਰਕ ਕੇਵਲ ਵਰਕੇ ਮਾਤਰ ਦਾ ਹੀ ਹੈ।

**ਅਰਥਾਤ** = ਰੱਬ ਨਿਰਗੁਨ ਸਰੂਪ ਹੈ ਅਤੇ ਸਤਿਗੁਰੂ ਜੀ ਰੱਬ ਦਾ ਸਰਗੁਨ ਸਰੂਪ ਹਨ। ਏਨਾ ਹੀ ਨਿਰਗੁਨ ਸਰਗੁਨ ਉਪਾਧੀ ਦਾ ਫ਼ਰਕ ਹੈ ਹੋਰ ਕੋਈ ਵੀ ਫ਼ਰਕ ਨਹੀਂ ਹੈ। ਕਿਉਂਕਿ:-

(ਅ) ਉਨ੍ਹਾਂ ਦਾ ਸਾਰਾ ਵਜੂਦ ਰੱਬ ਦੀਆਂ ਮਿਹਰਬਾਨੀਆਂ ਤੇ ਮਿਹਰਾਂ ਦਾ ਬਣਿਆ ਹੋਇਆ ਹੈ। (ਇਸ ਤਰ੍ਹਾਂ ਰੱਬ ਤੇ ਉਨ੍ਹਾਂ ਵਿੱਚ ਕੋਈ ਫ਼ਰਕ ਨਹੀਂ ਹੈ)

**(ੳ) ਹਮਹ ਸਾਇਲੇ ; ਲੁਤ਼ਫ਼ੇ ਹ਼ਕ਼ ਬਰ-ਦਰਸ਼ ॥**

**(ਅ) ਜ਼ਮੀਨੋ ਜ਼ਮਾਂ ; ਜੁਮਲਹ ਫ਼ਰਮਾਂ-ਬਰਸ਼ ॥ ੯੫॥**

**(ਉਚਾਰਨ** = ਜ਼-ਮਾਂ ਅਤੇ (ਫ਼ਰ-ਮਾਂ-ਬਰਸ਼) ਲੰਮਕਾ ਕੇ ਬੋਲੋ)

**ਪਦ ਅਰਥ** = ਹਮਹ = ਸਾਰੇ/ਸਾਇਲੇ = ਮੰਗਣ ਵਾਲੇ, ਜਾਚਿਕ/ਲੁਤ਼ਫ਼ੇ= ਮਿਹਰਬਾਨੀ/ਹ਼ਕ਼=ਰੱਬੀ/ਬਰ-ਦਰਸ਼=(ਬਰ-ਦਰ-ਅਸ਼)=(ਅਸ਼) =ਉਨ੍ਹਾਂ ਨੇ (ਦਰ)= ਦਰਵਾਜੇ (ਬਰ) ਉੱਪਰ/ਜ਼ਮੀਨੋ = ਧਰਤੀ/ ਜ਼ਮਾਂ = ਅਕਾਸ਼/ ਜੁਮਲਹ=ਸਾਰੇ /ਫ਼ਰਮਾਨ+ਬਰ+ਅਸ਼ = ਉਨ੍ਹਾਂ ਦੇ ਹੁਕਮਾਂ ਨੂੰ ਮੰਨਣ ਵਾਲੇ ਹਨ। [(ਅਸ਼)=ਉਨ੍ਹਾਂ ਦੇ (ਫ਼ਰਮਾਨ)=ਹੁਕਮਾਂ (ਬਰ) = ਮੰਨਣ ਵਾਲੇ; ਕ੍ਰਿਆ ਵਿਸ਼ੇਸ਼ਨ]/

**ਅਰਥ** = (ੳ) ਉਨ੍ਹਾਂ ਦੇ ਦਰਵਾਜੇ ਉਪਰ ਸਾਰੇ ਰੱਬੀ ਮਿਹਰਬਾਨੀਆਂ ਦੇ ਜਾਚਿਕ ਹਨ।

(ਅ) ਅਤੇ ਜ਼ਮੀਨ ਤੇ ਅਸਮਾਨ (ਆਦਿਕ); ਸਾਰੇ ਹੀ ਉਨ੍ਹਾਂ ਦੇ ਹੁਕਮ ਨੂੰ ਮੰਨਣ ਵਾਲੇ ਹਨ।

**(ੳ) ਤੁਫ਼ੈਲਸ਼, ਦੂ ਆ਼ਲਮ ; ਬਵਦ ਕਾਮਯਾਬ ॥**

**(ਅ) ਅਜ਼ੋ ਗਸ਼ਤਹ, ਹਰ ਜ਼ੱਰ-ਰਹ; ਖ਼ੁਰਸ਼ੀਦੇ ਤਾਬ ॥੯੬॥**

**ਪਦ ਅਰਥ** = ਤੁਫ਼ੈਲ+ਅਸ਼ = ਉਨ੍ਹਾਂ ਦੀ ਮਿਹਰਬਾਨੀ/ਆ਼ਲਮ = ਜਹਾਨ/ਬਵਦ = ਹੁੰਦਾ ਹੈ, ਹੋ ਗਏ/ਕਾਮਯਾਬ = ਕਾਮਯਾਬ, ਪੂਰੇ/ਅਜ਼ = ਉਨ੍ਹਾਂ ਤੋਂ/ ਗਸ਼ਤਹ = ਹੋ ਗਿਆ/ਹਰ = ਹਰੇਕ/ ਜ਼ੱਰਰਹ = ਜ਼ਰਰਾ/ਖ਼ੁਰਸ਼ੀਦੇ = (ਖ਼ੁਰ) = ਸੂਰਜ ਵਰਗਾ (ਸ਼ੀਦੇ) = ਚਮਕੀਲਾ (ਨੋਟ = ਕਈ ਖ਼ੁਰਸ਼ੀਦ ਨੂੰ ਖ਼ੁਰਸ਼ੈਦ ਕਰਕੇ ਵੀ ਲਿਖਦੇ ਹਨ ਅਤੇ (ਖ਼ੁਰ)=ਸੂਰਜ ਵਰਗਾ (ਸ਼ੈਦ)= ਚਮਕੀਲਾ ਅਰਥ ਕਰਦੇ ਹਨ। ਪਰ ਸ਼ੁੱਧ ਲਫ਼ਜ਼ ਖ਼ੁਰਸ਼ੀਦ



Sri Satguru Jagjit Singh Ji eLibrary NamdhariElibrary@gmail.com

ਹੀ ਹੈ।)/ਤਾਬ = ਚਮਕ, (ਭਾਵ ਅਰਥ) ਚਮਕੀਲਾ, ਪ੍ਰਕਾਸ਼ਮਾਨ॥

**ਅਰਥ** = (**ੳ**) ਉਨ੍ਹਾਂ ਦੀ ਮਿਹਰਬਾਨੀ ਨਾਲ ਦੋਨੋਂ ਜਹਾਨ ਕਾਮਯਾਬ ਹੋ ਗਏ ਹਨ।

(**ਅ**) ਅਤੇ ਉਨ੍ਹਾਂ ਦੀ ਮਿਹਰਬਾਨੀ ਤੋਂ ਹਰੇਕ ਜ਼ੱਰਰਾ ਸੂਰਜ ਵਾਂਗ ਪ੍ਰਕਾਸ਼ਮਾਨ ਹੋ ਗਿਆ ਹੈ।

**(ੳ) ਹਮਹ ਆ਼ਸੀਆਂ ਰਾ; ਕਫ਼ ਇ਼ਸਮਤਸ਼ ॥**

**(ਅ) ਸਰਾ ਤਾ ਸਮਾ ; ਜੁਮਲਹ ਫ਼ਰਮਾਂ-ਬਰਸ਼ ॥ ੯੭॥**

(**ਉਚਾਰਨ** = ਇ਼ਸਮਤੱਸ਼ ਬੋਲੋ)

**ਪਦ ਅਰਥ** = ਹਮਹ = ਸਾਰੇ/ਆ਼ਸੀਆਂ = ਗੁਨਹਗਾਰਾਂ, ਪਾਪੀਆਂ (ਨੋਟ= ਕਈ ਛਾਪਿਆਂ ਵਿੱਚ ਖ਼ਾਸਗਾਂ ਪਾਠ ਵੀ ਹੈ ਪਰ ਅਸ਼ੁੱਧ ਹੈ)।/ਰਾ=ਨੂੰ/ ਕਫ਼= ਰੋਕਣਾ, ਹਥੇਲੀ/ਇ਼ਸਮਤ+ਅਸ਼ = ਉਨ੍ਹਾਂ ਦੀ ਆਬਰੂ, ਉਨ੍ਹਾਂ ਦਾ ਸਨਮਾਨ/ਸਰਾ=(ਸੰਕੇਤੀ ਅਰਥ) ਪਤਾਲ/ਤਾ=ਤੱਕ/ਸਮਾ = ਅਕਾਸ਼/ਜੁਮਲਹ = ਸਾਰੇ/ਫ਼ਰਮਾਨ+ਬਰ+ਅਸ਼ = ਉਨ੍ਹਾਂ ਦੇ ਹੁਕਮ ਨੂੰ ਮੰਨਣ ਵਾਲੇ।

**ਅਰਥ** = (**ੳ**) ਉਨ੍ਹਾਂ ਦੀ ਆਬਰੂ, ਸਾਰੇ ਪਾਪੀਆਂ (ਦੇ ਪਾਪਾਂ) ਨੂੰ, ਰੋਕਣ ਵਾਲੀ ਹੈ (ਭਾਵ) = ਨਾਸ ਕਰਨ ਵਾਲੀ ਹੈ।

(**ਅ**) ਪਤਾਲ ਤੋਂ ਅਕਾਸ਼ ਤੱਕ; ਸਾਰੇ ਹੀ ਉਨ੍ਹਾਂ ਦੇ ਹੁਕਮ ਹੇਠ ਹਨ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)

## ਨੌਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਤੇਗ ਬਹਾਦਰ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | : | ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ। |
| **ਅਵਤਾਰ ਧਾਰਨ ਸੰਮਤ** | : | ੧੬੭੮ ਬਿ: ਵੈਸਾਖ ਵਦੀ ਪੰਚਮੀ, ਦਿਨ ਮੰਗਲਵਾਰ, ੧੨ ਅਪ੍ਰੈਲ ੧੬੨੧ ਈ:, ਵਿਸਾਖਾ ਨਛੱਤਰ। |
| **ਮਾਤਾ ਪਿਤਾ** | : | ਮਾਤਾ ਨਾਨਕੀ ਜੀ, ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| **ਮਹਲ** | : | ਮਾਤਾ ਗੂਜਰੀ ਜੀ, ਦੁਆਬੇ ਕਰਤਾਰਪੁਰ ਤੋਂ (ਪਹਿਲੇ ਲਖਨੌਰ ਸਾਹਿਬ ਦੇ ਵਸਨੀਕ ਸਨ। ਸਹੁਰਾ ਲਾਲ ਚੰਦ ਜੀ, ਸੱਸ ਕਿਸ਼ਨ ਕੌਰ ਜੀ, ਸਾਲਾ ਕਿਰਪਾਲ ਚੰਦ ਜੀ।) ਵਿਆਹ ੯ ਫੱਗਣ ੧੬੮੯ ਬਿ:। |
| **ਗੱਦੀ ਸਮਾਂ** | : | ੧੭੨੧ ਬਿ: ਚੇਤਰ ਸੁਦੀ ਚੌਦਸ, ੬ ਅਪ੍ਰੈਲ ੧੬੬੪ ਈ: ਗੁਰਤਾ ਗੱਦੀ ਦਿੱਲੀ ਤੋਂ ਭੇਜੀ ਬਾਬਾ ਬਕਾਲੇ, ਬਾਬਾ ਬੁੱਢਾ ਜੀ ਦੇ ਛੇਵੇਂ ਥਾਂ ਜੋ ਬਾਬਾ ਗੁਰਦਿੱਤਾ ਜੀ, ਤਿਸ ਦੇ ਹੱਥ ਭੇਜੀ। ਆਪ ਜੀ ਕਾਫ਼ੀ ਚਿਰ ਗੁਪਤ ਰਹੇ ਤੇ ਮੱਖਣ ਸ਼ਾਹ ਲੁਬਾਣੇ ਨੇ ਪ੍ਰਗਟ ਕੀਤੇ। |
| **ਜੋਤੀ ਜੋਤਿ ਸਮਾਉਣਾ** | : | ੧੭੩੨ ਬਿ: ਮਘਰ ਸੁਦੀ ਪੰਚਮੀ, ੧੯ ਦਸੰਬਰ ੧੬੭੫ ਈ: ਦਿੱਲੀ ਚਾਂਦਨੀ ਚੌਕ ਵਿਖੇ ਧਰਮ ਹੇਤ ਸੀਸ ਦਿੱਤਾ। |
| **ਸਪੁੱਤ੍ਰ** | : | ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। |
| **ਸਾਰੀ ਅਵਸਥਾ** | : | ਤਰਵੰਜਾ ਬਰਸ, ਸੱਤ ਮਹੀਨੇ, ਪੰਦਰਾਂ ਦਿਨ |
| **ਗੁਰਿਆਈ ਸਮਾਂ** | : | ਦਸ ਬਰਸ, ਸਤ ਮਹੀਨੇ, ਨੌਂ ਦਿਨ |
| **ਹਕੂਮਤ** | : | ਔਰੰਗਜ਼ੇਬ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : | ਅਨੰਦਪੁਰ ਸਾਹਿਬ। |
| **ਬਾਣੀ** | : | ੧੧੫ ਸ਼ਬਦ ਅਤੇ ਸਲੋਕ, ੧੬ ਰਾਗਾਂ ਵਿੱਚ ਬਾਣੀ। |



Sri Satguru Jagjit Singh Ji eLibrary NamdhariElibrary@gmail.com

## ਸਲਤਨਤੇ ਨਹੁਮ

**ਅਰਥ** = ਹੁਣ ਭਾਈ ਸਾਹਿਬ ਜੀ ਨਹੁਮ = ਨਾਵੀਂ ਪਾਤਿਸ਼ਾਹੀ ਦੀ ਉਸਤਤ ਕਰਦੇ ਹਨ।

**(ੳ) ਸਲਤ਼ਨਤੇ ਨਹੁਮਸ਼, ਨੌ ਆਈਨਿ-ਤਰ ;**

**(ਅ) ਵ ਸਰਵਰੇ ਸਰਵ-ਰਾਨੇ, ਹ਼ੱਕ਼ ਪਰਵਰ ॥**

(**ਉਚਾਰਨ** = ਨਹੁ-ਮੱਸ਼ ਇਕੱਠਾ ਅਤੇ ਆ-ਈਨਿ-ਤਰ ਇਕੱਠਾ ਬੋਲੋ)

**ਪਦ ਅਰਥ** = ਸਲਤ਼ਨਤੇ = ਪਾਤਿਸ਼ਾਹੀ/ਨਹੁਮ+ਅਸ਼ = (ਨੁਹ ਦਾ ਵਿਸਤ੍ਰਿਤ ਰੂਪ) ਉਨ੍ਹਾਂ ਦੀ ਨਾਵੀਂ/ਨੌ=ਨਵੇਂ ਨਵੀਨ/ਆਈਨਿ=ਢੰਗ, ਕਾਨੂੰਨ, ਦਸਤੂਰ, ਹਕੂਮਤ/ਤਰ=ਬਹੁਤੇ/ਵ=ਅਤੇ/ਸਰਵਰੇ=ਸਰਦਾਰੋਂ ਦੇ/ ਸਰਵਰਾਨੇ=ਸਰਦਾਰ/ਹ਼ੱਕ਼ = ਸਚਾਈ ਨੂੰ/ਪਰਵਰ=ਪਾਲਨ ਵਾਲੇ /

**ਅਰਥ** = (ੳ) ਉਨ੍ਹਾਂ ਦੀ ਨਾਵੀਂ ਪਾਤਿਸ਼ਾਹੀ (ਭਾਵ) = ਗੁਰੂ ਨਾਨਕ ਦੇਵ ਜੀ ਦੀ ਨਾਵੀਂ ਪਾਤਿਸ਼ਾਹੀ ਬਹੁਤੇ ਨਵੀਨ ਢੰਗ ਵਾਲੀ ਹੈ (ਅਥਵਾ) = ਬਹੁਤੇ ਨਵੇਂ ਕਾਨੂੰਨਾਂ ਵਾਲੀ ਹੈ।

(ਅ) ਅਤੇ (ਨਾਵੇਂ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ) ਸਚਾਈ ਨੂੰ ਪਾਲਣ ਵਾਲੇ ਸਰਦਾਰਾਂ ਦੇ ਸਰਦਾਰ ਹਨ।

**(ੳ) ਸੁਲਤ਼ਾਨੁਲ, ਦੁਨੀਆ - ਵਲ - ਆਖ਼ਿਰਤ ;**

**(ਅ) ਵ ਤਖ਼ਤ-ਆਰਾਏ; ਇਅ਼ਜਾਜ਼-ਵਲ-ਮੁਫ਼ਾ-ਖ਼ਿਰਤ ॥**

(**ਉਚਾਰਨ** = ਸੁਲਤ਼ਾਨੁੱਲ ਅਤੇ ਮੁਫ਼ਾ-ਖ਼ਿਰਤ ਲੰਮਕਾ ਕੇ ਬੋਲੋ)

**ਪਦ ਅਰਥ** = ਸੁਲਤ਼ਾਨ = ਬਾਦਸ਼ਾਹ/ਉਲ=ਕ੍ਰਿਆ ਵਿਸ਼ੇਸ਼ਨ/ਦੁਨੀਆ=ਇਸ ਦੁਨੀਆਂ/ਵ-ਅਤੇ/ਅਲ=ਕ੍ਰਿਆ ਵਿਸ਼ੇਸ਼ਨ/ਆਖ਼ਿਰਤ = ਆਖ਼ਿਰੀ ਦੁਨੀਆਂ, ਜ਼ੰਨਤ/ਵ=ਅਤੇ/ਤਖ਼ਤ-ਆਰਾਏ = ਤਖ਼ਤ ਨੂੰ ਸਜਾਉਣ ਵਾਲਾ/ਇਅ਼ਜਾਜ਼ = ਮਿਹਰਬਾਨੀਆਂ/ਵਲ=(ਵ+ਅਲ) (ਵ)=ਅਤੇ (ਅਲ)=ਕ੍ਰਿਆ ਵਿਸ਼ੇਸ਼ਨ/ਮੁਫ਼ਾਖ਼ਿਰਤ=ਵਡਿਆਈਆਂ, ਫ਼ਖ਼ਰ ਕਰਨਾ, ਆਕੜਨਾ ॥

**ਅਰਥ** = (ੳ) ਨਾਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਇਸ ਦੁਨੀਆਂ (ਮਾਤਲੋਕ) ਅਤੇ ਉਸ ਦੁਨੀਆਂ (ਪ੍ਰਲੋਕ) ਦੇ ਬਾਦਸ਼ਾਹ ਹਨ।

**ਦੂਸਰਾ ਅਰਥ**= (ਇਸ ਦੁਨੀਆਂ ਦੇ ਆਰੰਭ ਵਿੱਚ ਵੀ ਅਤੇ) ਇਸ ਦੁਨੀਆਂ ਦੇ ਉੱਪਰ (ਵਰਤਮਾਨ ਸਮੇਂ ਵਿੱਚ ਵੀ) ਅਤੇ ਇਸ ਦੁਨੀਆਂ ਦੇ (ਆਖ਼ਿਰਤ) = ਅਖ਼ੀਰ ਵਿੱਚ ਵੀ, ਗੁਰੁ ਤੇਗ ਬਹਾਦਰ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਜੀ ਇਸ ਦੁਨੀਆਂ ਦੇ ਬਾਦਸ਼ਾਹ ਹਨ।

(ਅ) ਅਤੇ (ਗੁਰੂ ਤੇਗ਼ ਬਹਾਦਰ ਸਾਹਿਬ ਜੀ) ਮਿਹਰਬਾਨੀਆਂ ਤੇ ਵਡਿਆਈਆਂ ਦਾ ਤਖ਼ਤ ਸਜਾਉਣ ਵਾਲੇ ਹਨ।

**ਅਰਥਾਤ** = ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਿਹਰਬਾਨੀਆਂ ਤੇ ਵਡਿਆਈਆਂ ਦਾ ਤਖ਼ਤ ਸਜਾ ਕਰਕੇ, ਐਸੇ ਇਲਾਹੀ ਤਖ਼ਤ ਦੇ ਉਪਰ ਬੈਠਣ ਵਾਲੇ ਹਨ।

**(ੳ) ਬਾਵਜੂਦ, ਕ਼ਦਰੇ ਕੁਦਰਤੇ ਵਾਲਾ ;**

**(ਅ) ਸਰ ਨਿਹਾਦ-ਹਏ, ਤਸਲੀਮ ਵ ਰਜ਼ਾ ॥**

**ਪਦ ਅਰਥ** = ਬਾਵਜੂਦ = ਇਸ ਤੋਂ ਇਲਾਵਾ/ਕ਼ਦਰੇ=ਪਦਵੀ, ਮਰਤਬੇ/ਕੁਦਰਤੇ= ਤਾਕਤ/ਵਾਲਾ=ਮਹਾਨ, ਵੱਡੀ/ਸਰ=ਸਿਰ/ਨਿਹਾਦ-ਹਏ =ਸੁਭਾਵ, ਖ਼ਾਨਦਾਨੀ ਤੌਰ ਤੇ, ਰੱਖਣਾ, ਨਿਵਾਉਣਾ/ਤਸਲੀਮ = ਮੰਨ ਲੈਣ ਵਾਲੇ/ਵ=ਅਤੇ/ਰਜ਼ਾ=ਹੁਕਮ, ਖ਼ੁਸ਼ੀ, ਭਾਣਾ/

**ਅਰਥ** = (ੳ) ਵੱਡੇ ਮਰਤਬੇ ਅਤੇ ਮਹਾਨ ਤਾਕਤ ਦੇ ਹੁੰਦਿਆਂ ਸੁੰਦਿਆਂ ਵੀ; ਇਸ (ਵੱਡੇ ਮਰਤਬੇ ਅਤੇ ਮਹਾਨ ਤਾਕਤ) ਤੋਂ ਇਲਾਵਾ,

(ਅ) ਰੱਬ ਦੀ ਰਜ਼ਾ ਅੱਗੇ ਸਿਰ ਨਿਹਾਦ-ਹਏ=ਨਿਵਾਉਣਾ ਅਤੇ ਰੱਬ ਦੀ ਰਜ਼ਾ ਨੂੰ ਮੰਨ ਲੈਣਾ ਉਨ੍ਹਾਂ ਦਾ ਨਿਹਾਦ-ਹਏ=ਸੁਭਾਵ ਹੈ।

**ਦੂਸਰਾ ਅਰਥ**= ਰੱਬ ਦੀ ਰਜ਼ਾ ਅੱਗੇ ਨਿਹਾਦ-ਹਏ=ਖ਼ਾਨਦਾਨੀ ਤੌਰ ਤੇ ਸਿਰ (ਝੁਕਾ ਕੇ) ਰੱਬੀ ਹੁਕਮ ਨੂੰ ਮੰਨ ਲੈਣਾ ਉਨ੍ਹਾਂ ਦਾ ਨਿਹਾਦ-ਹਏ=ਸੁਭਾਵ ਹੈ।

**ਅਰਥਾਤ** = ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਖ਼ਾਨਦਾਨ ਦੀ ਮੁੱਢ ਤੋਂ ਇਹ ਰੀਤੀ ਰਹੀ ਹੈ ਕਿ ਅਕਾਲ ਪੁਰਖ ਦੇ ਹੁਕਮ ਨੂੰ ਸਿਰ ਮੱਥੇ ਮੰਨ ਲੈਣਾ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ਵੀ, ਅਕਾਲ ਪੁਰਖ ਦਾ ਭਾਣਾ ਸਿਰ ਮੱਥੇ ਮੰਨ ਕਰਕੇ, ਤੱਤੀ ਰੇਤਾ ਸਿਰ ਵਿੱਚ ਪਵਾ ਲਈ ਸੀ। ਐਸੇ ਸ਼ਹੀਦਾਂ ਦੇ ਸਿਰਤਾਜ਼ ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਦਾਦਾ ਜੀ ਸਨ। ਇਸ ਤਰੀਕੇ ਦੇ ਨਾਲ ਰੱਬੀ ਭਾਣੇ ਨੂੰ ਸਿਰ ਮੱਥੇ ਮੰਨ ਲੈਣਾ, ਇਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਖ਼ਾਨਦਾਨੀ ਪੇਸ਼ਾ ਹੈ।

**(ੳ) ਵ ਪਿਨਹਾਂ-ਸਾਜ਼ੇ; ਅਜ਼ਮਤ ਵ ਅਜਲਾਲੇ ਕੁਬਰਾ;**

**(ਅ) ਅਜ਼ਮਾਇਸ਼ ਗਰੇ; ਇਰਾਦਤ ਗੁਜ਼ੀਨਾਨੇ ਬਾ-ਸਫ਼ਾ ॥**

(**ਉਚਾਰਨ** = ਕੁਬਰਾ ਪੋਲਾ ਬੋਲੋ)



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਵ = ਅਤੇ/ਪਿਨਹਾਂ=ਛੁਪਾ ਕੇ/ਸਾਜ਼ੇ=ਬਣਾਉਣਾ (ਨੋਟ = ਬਣਾਉਣ ਦਾ ਸੰਕੇਤੀ ਅਰਥ "ਰੱਖਣਾ" ਹੈ (ਭਾਵ) ਛੁਪਾ ਕਰਕੇ ਰੱਖਣ ਵਾਲੇ/ ਅਜ਼ਮਤ=ਸ਼ਕਤੀ/ਵ=ਅਤੇ/ਅਜਲਾਲੇ= ਦਬਦਬਾ, ਰੋਬ/ਕੁਬਰਾ = ਵੱਡੇ/ਅਜ਼ਮਾਇ+ਅਸ਼ + ਗਰੇ = ਉਨ੍ਹਾਂ ਦੀ ਪਰਖ (ਗਰੇ) = ਕਰਨ ਵਾਲੇ / ਇਰਾਦਤ = ਮਾਨ ਸਨਮਾਨ, ਸ਼ਰਧਾ। ਗੁਜ਼ੀਨਾਨੇ = ਮੰਨਣ ਵਾਲੇ /ਬਾ-ਸਫ਼ਾ = ਸਫ਼ਾਈ ਰੱਖਣ ਵਾਲੇ।

**ਅਰਥ** = **(ੳ)** ਅਤੇ ਆਪਣੀ ਵੱਡੀ ਸ਼ਕਤੀ ਅਤੇ ਵੱਡੇ ਰੋਬ, ਦਬਦਬੇ ਨੂੰ ਛੁਪਾ ਕਰਕੇ ਰੱਖਣ ਵਾਲੇ ਹਨ।

**(ਅ)** ਅਤੇ ਗੁਰੂ ਜੀ ਉਨ੍ਹਾਂ ਗੁਰਸਿੱਖਾਂ ਦੀ ਪਰਖ ਕਰਨ ਵਾਲੇ ਹਨ। ਜਿਹੜੇ ਸਿੱਖ ਮਾਨ ਸਨਮਾਨ ਵਾਲੇ ਅਤੇ ਰੱਬ ਦੇ ਹੁਕਮ ਨੂੰ ਮੰਨਣ ਵਾਲੇ ਅਤੇ ਸਫ਼ਾਈ ਰੱਖਣ ਵਾਲੇ ਹਨ।

**ਅਰਥਾਤ** = ਜਿਹੜੇ ਗੁਰਸਿੱਖ ਮਨ ਤਨ ਦੀ ਤ੍ਰਫੋਂ ਪਵਿੱਤ੍ਰਤਾ ਰੱਖਣ ਵਾਲੇ ਹਨ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਗੁਰਸਿੱਖਾਂ ਦੀ ਪਰਖ ਕਰਕੇ, ਉਨ੍ਹਾਂ ਗੁਰਸਿੱਖਾਂ ਨੂੰ ਮੁਕਤ ਹੋਣ ਦੇ ਯੋਗ ਵੇਖ ਕਰਕੇ; ਉਨ੍ਹਾਂ ਗੁਰਸਿੱਖਾਂ ਨੂੰ ਮੁਕਤ ਕਰ ਦਿੰਦੇ ਹਨ ਅਤੇ ਲੋਕ ਪ੍ਰਲੋਕ ਵਿੱਚ ਉਨ੍ਹਾਂ ਗੁਰਸਿੱਖਾਂ ਦੀ ਰੱਖਿਆ ਕਰਦੇ ਹਨ।

**(ੳ) ਵ ਜਾਂ ਪਰਵਰ, ਅਕ਼ੀਦਤ-ਆਈਨਾਨੇ ਬੇਰਿਯਾ ;**

**(ਅ) ਜਬਰੂਤੀਆਂ ਮਤ੍ਹਾਅ ; ਲਾ-ਹੂਤੀਆਂ ਇਰ-ਤਿਫ਼ਾਅ ॥**

(**ਉਚਾਰਨ** = ਬੇ-ਰਿਆ ਬੋਲੋ ਅਤੇ ਆਈ-ਨਾਨੇ ਇਕੱਠਾ ਬੋਲੋ)

**ਪਦ ਅਰਥ** = ਵ = ਅਤੇ/ਜਾਂ = ਜਾਨ/ਪਰਵਰੇ = ਪਾਲਣ ਵਾਲੇ/ਅਕ਼ੀਦਤ = ਸ਼ਰਧਾ ਨੂੰ/ਆਈਨਾਨੇ = ਸਜਾਉਣ ਵਾਲਿਆਂ (ਅਥਵਾ) = ਰੱਖਣ ਵਾਲਿਆਂ/ਬੇ= ਬਿਨਾਂ/ਰਿਆ = ਧੋਖੇ, ਛਲ (ਨੋਟ= ਰਿਆ ਤੇ ਰੀਆ ਦਾ ਅਰਥ = ਛਲ, ਧੋਖਾ ਹੀ ਹੈ) ਜਬਰੂਤੀਆਂ = ਤਾਕਤ ਵਾਲੇ, ਦੇਵਤੇ/ਮਤ੍ਹਾਅ=ਪੂੰਜੀ, ਦੌਲਤ/ਲਾਹੂਤੀਆਂ=(ਲਾ)=ਨਹੀਂ (ਹੂਤੀਆਂ) = ਹੋਵੇ (ਅਰਥਾਤ) = ਜਿੱਥੇ ਕੁਝ ਨ ਹੋਵੇ (ਭਾਵ) ਰੱਬ/ਇਰਤਿਫ਼ਾਅ = ਉੱਚਾ ਚੁੱਕਣ ਵਾਲੇ।

**ਅਰਥ** = **(ੳ)** ਅਤੇ (ਇਸ ਤਰ੍ਹਾਂ) ਗੁਰੂ ਜੀ ਧੋਖੇ ਤੋਂ ਰਹਿਤ ਸ਼ਰਧਾ ਰੱਖਣ ਵਾਲਿਆਂ ਗੁਰਸਿੱਖਾਂ ਦੀ ਜਾਨ ਨੂੰ ਪਾਲਣ ਵਾਲੇ ਹਨ।

**(ਅ)** ਗੁਰੂ ਜੀ ਦੇਵਤਿਆਂ ਦੀ ਪੂੰਜੀ ਜਮ੍ਹਾਂ ਕਰਨ ਵਾਲੇ; ਦੇਵਤਿਆਂ ਦੇ ਵੱਡੇ ਸਰਦਾਰ ਹਨ। (ਅਥਵਾ) = ਗੁਰੂ ਜੀ



Sri Satguru Jagjit Singh Ji eLibrary NamdhariElibrary@gmail.com

ਦੇਵਤਿਆਂ ਦੀ ਨਾਮ ਰੂਪੀ ਪੂੰਜੀ ਜਮ੍ਹਾਂ ਕਰਨ ਵਾਲੇ ਵੱਡੇ ਸਰਦਾਰ ਹਨ। ਅਤੇ ਰੱਬ ਵਾਲਿਆਂ ਵਾ :- ਰੱਬ ਦੇ ਪਿਆਰਿਆਂ ਨੂੰ ਉੱਚਾ ਚੁੱਕਣ ਵਾਲੇ ਹਨ।

**(ੳ) ਕ਼ਾਇਮ ਬਿਲ-ਜ਼ਾਤੇ, ਹ਼ੱਕ਼ੁਲ ਕ਼ਦੀਮ;**

**(ਅ) ਵਾ ਦਾਇਮ ਨਦੀਮੇ, ਸੁਬਹ਼ਾਨੁਲ ਅ਼ਜ਼ੀਮ ॥**

**ਪਦ ਅਰਥ** = ਕ਼ਾਇਮ = ਸਥਿਰ/ਬਿ+ਅਲ = ਕ੍ਰਿਆ ਵਿਸ਼ੇਸ਼ਨ/ਜ਼ਾਤੇ = ਹਸਤੀ/ ਹ਼ੱਕ਼= ਰੱਬ/ਉਲ = ਕ੍ਰਿਆ ਵਿਸ਼ੇਸ਼ਨ/ਕ਼ਦੀਮ = ਸਭ ਤੋਂ ਪਹਿਲਾਂ/ ਵਾ=ਅਤੇ/ਦਾਇਮ=ਹਮੇਸ਼ਾ/ਨਦੀਮੇ=ਸਾਥੀ/ਸੁਬਹ਼ਾਨ = ਪਵਿੱਤਰ/ ਉਲ = ਕ੍ਰਿਆ ਵਿਸ਼ੇਸ਼ਨ/ਅ਼ਜ਼ੀਮ = ਵੱਡਾ ॥

**ਅਰਥ** = (ੳ) ਜਗਤ ਵਿੱਚ ਸਭ ਤੋਂ ਪਹਿਲਾਂ, ਜੋ ਰੱਬ ਆਪਣੀ ਜ਼ਾਤ ਨਾਲ ਕ਼ਾਇਮ ਹੈ।

**ਅਰਥਾਤ** = ਆਪਣੇ ਆਪ ਹੀ, ਸੁਤੇ ਸਿੱਧ ਹੀ, ਜਿਹੜਾ ਰੱਬ ਕ਼ਦੀਮ ਤੋਂ ਕ਼ਾਇਮ ਹੈ।

(ਅ) ਉਸ ਪਵਿੱਤਰ ਤੇ ਮਹਾਨ ਰੱਬ ਦੇ ਹਮੇਸ਼ਾ ਹੀ ਸਾਥੀ (ਅਥਵਾ) =ਸਲਾਹਕਾਰ (ਵਜ਼ੀਰ) ਹਨ ਗੁਰੂ ਤੇਗ ਬਹਾਦਰ ਸਾਹਿਬ ਜੀ।

**(ੳ) ਅਫ਼ਸਰੇ ਬਰ ਗੁਜ਼ੀਦ-ਗਾਨੇ ਖ਼ਾਸ ;**

**(ਅ) ਵ ਤਾਜੇ ਹ਼ੱਕ਼ ਪਰਵਰਾਨੇ, ਹ਼ਕ਼ੀਕ਼ਤ ਇਖ਼-ਤਸਾਸ।**

**ਪਦ ਅਰਥ** = ਅਫ਼ਸਰੇ = ਸਰਦਾਰ/ਬਰ=ਉੱਪਰ, ਕ੍ਰਿਆ ਵਿਸੇਸ਼ਨ/ਗੁਜ਼ੀਦ-ਗਾਨੇ = ਚਾਹੁਣ ਵਾਲੇ (ਭਾਵ) = ਮੁਰੀਦ, ਚੁਨਣ ਵਾਲੇ, ਦੰਦੀ ਵੱਢਣ ਵਾਲੇ, ਮਾਨਯੋਗ / ਵ = ਅਤੇ/ਤਾਜੇ = ਸਰਦਾਰ / ਹ਼ੱਕ਼ = ਸਚਾਈ/ਪਰਵਰਾਨੇ=ਪਾਲਣ ਵਾਲੇ/ਹ਼ਕ਼ੀਕ਼ਤ=ਸਚਾਈ/ਇਖ਼ਤਸਾਸ =ਚੁਨਣ ਵਾਲੇ, ਖ਼ਾਸ ਬਣਾਉਣ ਵਾਲੇ, ਖ਼ਾਸ ਤੌਰ ਤੇ ਮੰਨਣ ਵਾਲੇ/

**ਅਰਥ** = (ੳ) ਗੁਰੂ ਤੇਗ ਬਹਾਦਰ ਸਾਹਿਬ ਜੀ ਰੱਬ ਨੂੰ ਚਾਹੁਣ ਵਾਲੇ ਬ੍ਰਹਮ ਗਿਆਨੀਆਂ ਦੇ ਵੀ ਸਰਦਾਰ ਹਨ।

(ਅ) ਗੁਰੂ ਤੇਗ ਬਹਾਦਰ ਸਾਹਿਬ ਜੀ ਸਚਾਈ ਨੂੰ ਪਾਲਣ ਵਾਲਿਆਂ ਅਤੇ ਸਚਾਈ ਨੂੰ ਖ਼ਾਸ ਤੌਰ ਤੇ ਮੰਨਣ ਵਾਲਿਆਂ ਦੇ ਸਰਦਾਰ ਹਨ।

**(ੳ) ਤਾਏਨਾਮੇ,ਮੈਮਨਤ ਇਲਤਿਯਾਮਸ਼,ਤਜ਼ਈਨੇ ਤਵੱਕੁਲ ਵ ਤਸਲੀਮ;**

**(ਅ) ਵ ਯਾਏ ਫ਼ਾਰਸੀਅਸ਼ ; ਯਕ਼ੀਨੇ ਕਾਮਿਲੁਲ ਅ਼ਜ਼ੀਮ ॥**

(**ਉਚਾਰਨ** = ਇਲ-ਤਿਆਮਸ਼ ਬੋਲੋ ਅਤੇ ਤਜ਼-ਈਨੇ ਇਕੱਠਾ ਹੀ ਬੋਲੋ)

**ਪਦ ਅਰਥ** = ਤਾਏ = ਤੱਤਾ /ਮੈਮਨਤ = ਮਿਹਰਬਾਨੀ/ਇਲਤਿਆਮ + ਅਸ਼ =



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦਾ ਭਰਿਆ ਹੋਇਆ/ਤਜ਼ਈਨੇ = ਸਜਾਉਣ ਵਾਲੇ/ਤਵੱਕੁਲ = ਭਰੋਸਾ, ਸੰਤੋਖ/ਵ=ਅਤੇ/ਤਸਲੀਮ = ਭਾਣਾ ਮੰਨਣਾ/ਵ=ਅਤੇ/ ਯਾਏ = ਯੇ, ਏ, ਲਾਂਵ ( ੇ )/ਫ਼ਾਰਸੀ-ਅਸ਼ = ਉਨ੍ਹਾਂ ਦੇ ਨਾਮ ਦੀ ਫ਼ਾਰਸੀ ਦੀ/ਯਕ਼ੀਨੇ = ਭਰੋਸਾ/ਕਾਮਿਲ=ਪੂਰਾ/ਉਲ=ਕ੍ਰਿਆ ਵਿਸ਼ੇਸ਼ਨ/ਅ਼ਜ਼ੀਮ = ਵੱਡਾ।

**ਅਰਥ** =(ੳ) ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ (ਪਵਿੱਤਰ) ਨਾਮ ਦਾ ਮਿਹਰਬਾਨੀ ਨਾਲ ਭਰਿਆ ਹੋਇਆ ਤੱਤਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਰੱਬੀ ਭਰੋਸੇ ਅਤੇ ਰੱਬੀ ਭਾਣੇ ਨੂੰ ਸਜਾਉਣ ਵਾਲੇ (**ਵਾ**) =ਮੰਨਣ ਵਾਲੇ ਹਨ।

**ਅਰਥਾਤ** = ਤੱਤਾ ਅੱਖਰ ਗੁਰਸਿੱਖਾਂ ਨੂੰ ਵੀ ਉਪਦੇਸ਼ ਦਿੰਦਾ ਹੈ ਕਿ ਰੱਬੀ ਭਰੋਸੇ ਅਤੇ ਰੱਬੀ ਭਾਣੇ ਨੂੰ ਮੰਨਣਾ ਚਾਹੀਦਾ ਹੈ। ਜੇਕਰ ਸਿੱਖ ਰੱਬੀ ਭਰੋਸੇ ਅਤੇ ਰੱਬੀ ਭਾਣੇ ਨੂੰ ਮੰਨਦੇ ਹਨ ਤਾਂ ਗੁਰੂ ਜੀ ਵੀ ਸਿੱਖਾਂ ਦੇ ਹਿਰਦੇ ਰੂਪ ਗੁਲਦਸਤੇ ਵਿੱਚ ਭਰੋਸੇ ਅਤੇ ਭਾਣਾ ਮੰਨਣ ਰੂਪ ਫੁੱਲ ਖਿੜਾ ਦਿੰਦੇ ਹਨ।

**ਅਰਥਾਤ** = ਗੁਰੂ ਜੀ ਸਿੱਖਾਂ ਦੇ ਹਿਰਦੇ ਵਿੱਚ ਹੋਰ ਦ੍ਰਿੜ ਨਿਸ਼ਚਾ ਵਧਾ ਦਿੰਦੇ ਹਨ।

(ਅ) ਗੁਰੂ ਜੀ ਦੇ (ਪਵਿੱਤਰ) ਨਾਮ ਦੀ ਫ਼ਾਰਸੀ ਦੀ ਯੇ ਅਤੇ ਪੰਜਾਬੀ ਦੀ ਏ (ਅਥਵਾ) = ਲਾਂਵ ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਜੀ ਗੁਰਸਿੱਖਾਂ ਦੇ ਹਿਰਦੇ ਵਿੱਚ ਪੂਰਾ ਅਤੇ ਵੱਡਾ ਯਕ਼ੀਨ, ਨਿਸਚਾ ਬੰਨਣ ਵਾਲੇ ਹਨ।

**(ੳ) ਕਾਫ਼ੇ ਮੁਬਾਰਿਕੇ ਅ਼ਜਮੀਅਸ਼ ; ਕਰੀਮੁਲ ਨਫ਼ਸੇ* ਸਰਾਪਾ ਹਿ਼ਲਮ ;**
**(ਅ) ਵਾ ਬਾਏ ਬਾ-ਹਾਇਸ਼; ਬਜ਼ਮ ਆਰਾਏ, ਹਦਾਇਤ ਵ ਇ਼ਲਮ ॥੯੯॥**

(**ਉਚਾਰਨ** = ਬਜ਼ਮ ਇਕੱਠਾ ਅਤੇ ਨਫ਼ਸੇ ਛੇਤੀ ਨਾਲ ਬੋਲੋ)

**ਪਦ ਅਰਥ** = ਕਾਫ਼ੇ=ਕੱਕਾ/ਮੁਬਾਰਿਕੇ=ਪਵਿੱਤਰ/ਅ਼ਜਮੀਅਸ਼ = ਅ਼ਰਬ ਦੇਸ਼ ਵਾਲੇ ਅ਼ਰਬ ਤੋਂ ਬਿਨਾਂ ਸਭ ਨੂੰ ਅ਼ਜਮੀ ਕਹਿੰਦੇ ਹਨ (ਭਾਵ) = ਅ਼ਰਬੀ ਤੋਂ ਬਿਨਾਂ ਫ਼ਾਰਸੀ, (ਅਸ਼)=ਉਨ੍ਹਾਂ ਦੇ ਫ਼ਾਰਸੀ/ਕਰੀਮ= ਮਿਹਰਬਾਨੀ

---

*ਨੋਟ=ਜਿੱਥੇ ਨਫ਼ਸ ਦਾ ਅਰਥ = "ਸਵਾਸ" ਹੋਵੇ ਉਥੇ ਨਫ਼ਸ ਦਾ ਫ਼ੱਫ਼ਾ ਪੂਰਾ ਬੋਲ ਕਰਕੇ ਹੌਲੀ ਜਿਹੀ ਉਚਾਰਨ ਕੀਤਾ ਜਾਂਦਾ ਹੈ ਅਤੇ ਜਿੱਥੇ ਨਫ਼ਸ ਦਾ ਅਰਥ "ਜ਼ਾਤ" ਹੋਵੇ ਉੱਥੇ ਨਫ਼ਸ ਦਾ ਫ਼ੱਫ਼ਾ ਅੱਧਾ ਬੋਲ ਕਰਕੇ ਉਚਾਰਨ ਛੇਤੀ ਨਾਲ ਕੀਤਾ ਜਾਂਦਾ ਹੈ।


Sri Satguru Jagjit Singh Ji eLibrary NamdhariElibrary@gmail.com

/ਉਲ = ਕ੍ਰਿਆ ਵਿਸ਼ੇਸ਼ਨ/ਨਫ਼ਸ਼ੇ = ਜ਼ਾਤ, ਹਸਤੀ /ਸਰਾਪਾ= ਪੂਰੇ/ ਹਿ਼ਲਮ = ਸਹਿਨਸ਼ੀਲਤਾ/ਵਾ = ਅਤੇ/ਬਾਏ = ਬੱਬਾ/ਬਾ=ਨਾਲ/ ਹਾਇ+ਅਸ਼ = ਉਨ੍ਹਾਂ ਦਾ ਹਾਹਾ/ਬਜ਼ਮ=ਸੰਗਤ/ਆਰਾਏ=ਸਜਾਉਣ ਵਾਲੇ/ਹਦਾਇਤ=ਸਿੱਖਿਆ/ਵ=ਅਤੇ/ਇ਼ਲਮ=ਗਿਆਨ।

**ਅਰਥ** = (ੳ) ਗੁਰੂ ਜੀ ਦੇ ਪਵਿੱਤਰ ਨਾਮ ਦਾ ਫ਼ਾਰਸੀ ਦਾ ਕੱਕਾ ਅੱਖਰ ਅਤੇ ਅ਼ਰਬੀ ਦਾ ਗੱਗਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਦੀ ਜ਼ਾਤ; ਮਿਹਰਬਾਨੀ ਦੇ ਨਾਲ ਲਬਾ ਲਬ ਭਰੀ ਹੋਈ ਹੈ ਅਤੇ ਗੁਰੂ ਜੀ ਸਿਰ ਤੋਂ ਲੈ ਕੇ ਪੈਰਾਂ ਤੱਕ ਪੂਰੇ ਸ਼ਹਿਨਸ਼ੀਲਤਾ ਦੇ (ਖ਼ਜ਼ਾਨੇ) ਹਨ।

(ਅ) ਗੁਰੂ ਤੇ਼ਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਨਾਮ ਦਾ ਬੱਬਾ ਅੱਖਰ ਅਤੇ ਬੱਬੇ ਅੱਖਰ ਨਾਲ ਮਿਲਿਆ ਹੋਇਆ ਹਾਹਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਰੱਬੀ ਗਿਆਨ ਅਤੇ ਵੈਰਾਗਮਈ ਸਿੱਖਿਆ ਦੀ ਸਭਾ ਨੂੰ ਸਜਾਉਣ ਵਾਲੇ ਹਨ।

**(ੳ) ਅਲਿਫ਼ੇ ਹ਼ੱਕ਼ ਮੁਅੱਲਿ-ਫ਼ਸ਼; ਆਰਾਇਸ਼ੇ ਹ਼ੱਕ਼ ਈਕ਼ਾਨ ॥**

**(ਅ) ਵ ਦਾਲੇ ਏਜ਼ਦੀ ਜਮਾਲਸ਼, ਦਾਵਰੇ ਕੌਨ ਵ ਮਕਾਂ ॥**

**ਪਦ ਅਰਥ** = ਅਲਿਫ਼ੇ = ਕੰਨਾਂ/ਹ਼ੱਕ਼=ਰੱਬੀ/ਮੁਅੱਲਿਫ਼+ਅਸ਼=ਉਨ੍ਹਾਂ ਦੇ ਨਾਮ ਦਾ ਕਿਰਪਾ ਵਾਲਾ/ ਆਰਾਇਸ਼ੇ = (ਆਰਾਇ+ਅਸ਼) ਉਹ ਸਜਾਉਣ ਵਾਲੇ ਹਨ/ਹ਼ੱਕ਼=ਰਬੀ/ਈਕ਼ਾਨ = ਇੱਕ, ਨਿਸ਼ਚਾ, ਯਕ਼ੀਨ/ ਵ=ਅਤੇ/ਦਾਲੇ=ਦੱਦਾ/ਏਜ਼ਦੀ = ਰੱਬੀ/ਜਮਾਲਸ਼ = ਉਨ੍ਹਾਂ ਦਾ (ਜਮਾਲ) = ਦਰਸਨ, ਰੋਬ, ਹੁਸਨ/ਦਾਵਰੇ = ਰੱਬ, ਹ਼ਾਕਿਮ/ ਕੌਨ=ਜਹਾਨ/ ਵ = ਅਤੇ/ਮਕਾਨ = ਜਹਾਨ/

**ਅਰਥ** = (ੳ) ਉਨ੍ਹਾਂ ਦੇ ਪਵਿੱਤਰ ਨਾਮ ਦਾ ; ਰੱਬੀ ਕਿਰਪਾ ਵਾਲਾ ਕੰਨਾ ; ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਤੇ਼ਗ ਬਹਾਦਰ ਜੀ ਰੱਬੀ ਨਿਸ਼ਚਾ ਸਜਾਉਣ ਵਾਲੇ (ਅਥਵਾ) ਰੱਖਣ ਵਾਲੇ ਹਨ ਅਤੇ ਸਿੱਖਾਂ ਨੂੰ ਵੀ ਰੱਬੀ ਨਿਸ਼ਚਾ ਰੱਖਣ ਦਾ ਉਪਦੇਸ਼ ਦਿੰਦੇ ਹਨ।

**ਯਥਾ** = **ਕਿਸ ਹੀ ਕੋਈ ਕੋਇ, ਮੰਞੁ ਨਿਮਾਣੀ ਇਕੁ ਤੂ ॥** (ਅੰਗ ੭੯੧)

(ਅ) ਗੁਰੂ ਜੀ ਦੇ ਨਾਮ ਦਾ, ਰੱਬੀ ਦਰਸ਼ਨ ਕਰਵਾਉਣ ਵਾਲਾ ਦੱਦਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਤੇ਼ਗ ਬਹਾਦਰ ਜੀ ਦੋਹਾਂ ਜਹਾਨਾਂ ਦੀ ਪਾਲਣਾ ਕਰਨ ਵਾਲੇ ਰੱਬ ਹਨ।



Sri Satguru Jagjit Singh Ji eLibrary NamdhariElibrary@gmail.com

**ਅਰਥਾਤ** = ਗੁਰੂ ਜੀ ਇਸ ਦੁਨੀਆਂ ਤੋਂ ਲੈ ਕੇ ਉਸ ਦੁਨੀਆਂ ਤੱਕ ਦੋਨਾਂ ਦੁਨੀਆਂ ਦੇ ਹਾਕਿਮ ਹਨ।

**(ੳ) ਰਾਏ ਆਖ਼ਿਰਸ਼, ਰਮਜ਼ ਸ਼ਨਾਸੇ ਰਾਹੇ ਤ਼ਰੀਕ਼ਤ ;**

**(ਅ) ਵ ਹ਼ੱਕ਼ ਅਸਾਸੇ, ਵਾਲਾ ਹ਼ਕ਼ੀਕ਼ਤ ॥੯੮॥**

**ਪਦ ਅਰਥ** = ਰਾਏ = ਰਾਰਾ/ਆਖ਼ਿਰ+ਅਸ਼ = ਉਨ੍ਹਾਂ ਦੇ ਨਾਮ ਦਾ ਆਖ਼ਿਰੀ/ ਰਮਜ਼ = ਇਸ਼ਾਰਾ, ਗੁਪਤ ਭੇਦ, ਰਾਜ/ਸ਼ਨਾਸੇ = ਪਛਾਨਣ ਵਾਲੇ / ਰਾਹੇ = ਰਸਤੇ/ਤ਼ਰੀਕ਼ਤ = ਸੂਫ਼ੀਆਂ ਦਾ ਮਾਰਗ, ਮਨ ਦੀ ਸੁੱਧੀ/ ਵ=ਅਤੇ/ਹ਼ੱਕ਼ = ਸੱਚੀ /ਅਸਾਸੇ = ਜੜ੍ਹ, ਬੁਨਿਆਦ, ਨੀਂਹ/ ਵਾਲਾ = ਵੱਡੀ, ਬਲੰਦ/ ਹ਼ਕ਼ੀਕ਼ਤ = ਸਚਾਈ।

**ਅਰਥ** = (ੳ) ਗੁਰੂ ਜੀ ਦੇ ਪਵਿੱਤਰ ਨਾਮ ਦਾ ਆਖ਼ਿਰੀ ਰਾਰਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਸੂਫ਼ੀਆਂ ਦੇ ਰਸਤੇ ਦੇ ਗੁਪਤ ਭੇਦਾਂ ਨੂੰ ਪਛਾਨਣ ਵਾਲੇ ਹਨ।

(ਅ) ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਉੱਚੀ ਸਚਾਈ ਦੀ ਸੱਚੀ ਨੀਂਹ ਰੱਖਣ ਵਾਲੇ ਹਨ।

**ਵਾਹਿਗੁਰੂ ਜੀਉ ਸੱਤਿ**

**ਅਰਥ = ਅਕਾਲ ਪੁਰਖ ਜੀ ਸਦਾ ਸੱਚੇ ਹਨ।**

**(ੳ) ਗੁਰੂ ਤੇਗ਼ ਬਹਾਦਰ, ਆਂ ਸਰਾਪਾ ਅਫ਼ਜ਼ਾਲ ॥**

**(ਅ) ਜ਼ੀਨਤ ਆਰਾਏ, ਮਹ਼ਫ਼ਿਲੇ ਜਾਹੋ-ਜਲਾਲ ॥੯੯॥**

**ਪਦ ਅਰਥ** = ਆਂ= ਉਹ/ਸਰਾਪਾ = ਸਿਰ ਤੋਂ ਪੈਰਾਂ ਤੱਕ/ਅਫ਼ਜ਼ਾਲ = (ਫ਼ਜ਼ਾਲ ਦੀ ਜਮ੍ਹਾਂ) ਕਿਰਪਾ/ਜ਼ੀਨਤ = ਸਜਾਵਟ/ਆਰਾਏ = ਸਜਾਵਟ/ ਮਹ਼ਫ਼ਿਲੇ = ਸੰਗਤ, ਸਭਾ/ਜਾਹੋ-ਜਲਾਲ = ਦਬਦਬਾ /

**ਅਰਥ** = (ੳ) ਗੁਰੂ ਤੇਗ਼ ਬਹਾਦਰ ਸਾਹਿਬ ਜੀ ਸਿਰ ਤੋਂ ਲੈ ਕੇ ਪੈਰਾਂ ਤੱਕ (ਰੱਬੀ) ਕਿਰਪਾ ਦੇ (ਪੁੰਜ) ਹਨ

(ਅ) ਗੁਰੂ ਤੇਗ ਬਹਾਦਰ ਸਾਹਿਬ ਜੀ ਰੱਬੀ ਦਬਦਬੇ ਵਾਲੀ ਸਭਾ ਨੂੰ ਸਜਾਉਣ ਵਾਲੇ ਹਨ।

**ਨੋਟ** = ਜ਼ੀਨਤ-ਆਰਾਏ ਦਾ ਇਕੱਠਾ ਅਰਥ = "ਸਜਾਉਣ ਵਾਲੇ" ਸਮਝਣਾ ਹੈ।

**ਦੂਸਰਾ ਅਰਥ**= ਗੁਰੂ ਤੇਗ ਬਹਾਦਰ ਸਾਹਿਬ ਜੀ ਰੱਬੀ ਦਬਦਬੇ ਵਾਲੀ ਸਭਾ ਦੀ ਜ਼ੀਨਤ = ਸਜਾਵਟ ਨੂੰ ਆਰਾਏ = ਸਜਾਉਣ ਵਾਲੇ ਹਨ।

**(ੳ) ਅਨਵਾਰੇ ਹ਼ੱਕ਼, ਅਜ਼ ਵਜੂਦੇ ਪਾਕਸ਼ ਰੌਸ਼ਨ ॥**



Sri Satguru Jagjit Singh Ji eLibrary NamdhariElibrary@gmail.com

**(ਅ) ਹਰ ਦੋ ਆਲਮ, ਜ਼ਿ ਫ਼ੈਜ਼ੇ ਫ਼ਜ਼ਲਸ਼ ਰੌਸ਼ਨ ॥੧੦੦॥**

**ਪਦ ਅਰਥ** = ਅਨਵਾਰੇ = ਨੂਰ, ਰੌਸ਼ਨੀ/ਹੱਕ਼ = ਰੱਬੀ/ਅਜ਼ = ਤੋਂ/ਵਜੂਦੇ = ਹੋਂਦ/ ਪਾਕਸ਼ = ਉਨ੍ਹਾਂ ਦੇ ਪਵਿੱਤਰ/ਆਲਮ = ਜਹਾਨ/ਜ਼ਿ = ਤੋਂ/ ਫ਼ੈਜ਼ੇ = ਕਿਰਪਾ/ਫ਼ਜ਼ਲ + ਅਸ਼ = ਉਨ੍ਹਾਂ ਦੀ ਮਿਹਰਬਾਨੀ।

**ਅਰਥ** = (ੳ) ਰੱਬੀ ਨੂਰ, ਉਨ੍ਹਾਂ ਦੇ ਪਵਿੱਤਰ ਵਜੂਦ ਤੋਂ ਰੌਸ਼ਨ ਹੈ।

(ਅ) ਦੋਵੇਂ ਜਹਾਨ ਉਨ੍ਹਾਂ ਦੀਆਂ ਮਿਹਰਬਾਨੀਆਂ ਅਤੇ ਕ੍ਰਿਪਾਲਤਾਵਾਂ ਨਾਲ ਰੌਸ਼ਨ ਹਨ।

**(ੳ) ਹਕ਼ ਅਜ਼ ਹਮਹ; ਬਰ-ਗੁਜ਼ੀਦ-ਗਾਂ ਬਿ-ਗੁਜ਼ੀਦਸ਼ ॥**

**(ਅ) ਤਸਲੀਮੋ ਰਜ਼ਾ ਰਾ; ਨਿਕੋ ਸੰਜੀਦਸ਼ ॥੧੦੧॥**

**ਪਦ ਅਰਥ** = ਹਕ਼ = ਰੱਬ/ਅਜ਼=ਕ੍ਰਿਆ ਵਿਸ਼ੇਸ਼ਨ/ਹਮਹ = ਸਮੁੱਚੇ, ਸਾਰੇ/ਬਰ = ਕ੍ਰਿਆ ਵਿਸ਼ੇਸ਼ਨ/ਗੁਜ਼ੀਦ=ਚੁਣਿਆਂ/ਗਾਨ=ਬਹੁਵਚਨ/ਬਿ-ਗੁਜ਼ੀਦ+ਅਸ਼ = ਉਨ੍ਹਾਂ ਨੂੰ ਚੁਣਿਆਂ/ਤਸਲੀਮੋ = ਮੰਨਿਆਂ/ਰਜ਼ਾ= ਭਾਣਾ ਮੰਨਣ/ਰਾ=ਨੂੰ/ਨਿਕੋ=ਚੰਗਾ/ਸੰਜੀਦ+ਅਸ਼=ਉਨ੍ਹਾਂ ਦੀ ਸਹਿਣਸ਼ੀਲਤਾ, ਤੋਲਨਾ, ਸਮਝ ਬੂਝ/

**ਅਰਥ** = (ੳ) ਰੱਬ ਨੇ (ਆਪਣੇ ਦਰਬਾਰ ਵਿੱਚ ਸਮੁੱਚੇ) ਚੁਣਿਆਂ ਹੋਇਆਂ (ਖ਼ਾਸ ਲੋਕਾਂ ਵਿੱਚੋਂ) ਗੁਰੂ ਤੇਗ਼ ਬਹਾਦਰ ਜੀ ਨੂੰ ਚੁਣਿਆ ਹੈ।

**ਅਰਥਾਤ** = ਰੱਬ ਨੇ ਸਾਰੇ ਸਤਿਕਾਰਯੋਗ ਮਹਾਪੁਰਸ਼ਾਂ ਵਿੱਚੋਂ; ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਮਾਨਯੋਗ ਮੰਨਿਆ ਹੈ।

(ਅ) ਅਤੇ ਗੁਰੂ ਦਿਆਂ ਸਿੱਖਾਂ ਨੇ ਸਹਿਣਸ਼ੀਲਤਾ ਅਤੇ ਭਾਣਾ ਮੰਨਣ ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ (ਸਭ ਤੋਂ) ਉੱਤਮ ਮੰਨਿਆ ਹੈ।

**ਦੂਸਰਾ ਅਰਥ**= ਉਨ੍ਹਾਂ ਨੇ ਵਾ = ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸਹਿਣਸ਼ੀਲਤਾ ਤੇ ਭਾਣਾ ਮੰਨਣ ਨੂੰ (ਸਭ ਤੋਂ) ਉੱਤਮ ਮੰਨਿਆ ਹੈ। ਅਤੇ ਆਪ ਵੀ ਗੁਰਾਂ ਦਾ ਭਾਣਾ ਮੰਨ ਕੇ, ਸ਼ਕਤੀ ਨਹੀਂ ਦਿਖਾਈ। ਸਗੋਂ ਆਪਣੇ ਸੀਸ ਦੀ ਕੁਰਬਾਨੀ ਦਿੱਤੀ। ਅਤੇ ਸਿੱਖਾਂ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਪ੍ਰਤੱਖ ਪ੍ਰਮਾਣ ਦਿੱਤਾ।

**(ੳ) ਬਰ ਹਰ ਮੁਕ਼ਬਿਲੇ; ਕ਼ਬੂਲੇ ਖ਼ੁਦ ਅਫ਼-ਜ਼ੂਦਸ਼ ॥**

**(ਅ) ਮਸ-ਜ਼ੂਦੁਲ ਆਲਮੀਨ ; ਜ਼ਿ ਫ਼ਜ਼ਲੇ ਖ਼ੁਦ ਫ਼ਰਮੂਦਸ਼ ॥੧੦੨॥**

**ਪਦ ਅਰਥ** = ਬਰ = ਉੱਪਰੋਂ ਕ੍ਰਿਆ ਵਿਸ਼ੇਸ਼ਨ/ਹਰ = ਹਰੇਕ/ਮੁਕ਼ਬਿਲੇ = ਕ਼ਬੂਲੇ



Sri Satguru Jagjit Singh Ji eLibrary NamdhariElibrary@gmail.com

ਹੋਇਆ/ਕ਼ਬੂਲੇ = ਕ਼ਬੂਲ / ਖ਼ੁਦ = ਆਪਣੇ / ਅਫ਼ਜ਼ੂਦ+ਅਸ਼ = ਉਨ੍ਹਾਂ ਨੂੰ ਵੱਡਾ, ਵਧਿਆ/ਮਸਜ਼ੂਦ = ਜਿਸ ਦੇ ਅੱਗੇ ਸਿਜਦਾ ਕੀਤਾ ਜਾਵੇ; ਸਿਜਦਾ ਕਰਵਾਉਣ ਵਾਲਾ / ਉਲ = ਕ੍ਰਿਆ ਵਿਸ਼ੇਸ਼ਨ/ ਆ਼ਲਮੀਨ=ਜਹਾਨ/ਜ਼ਿ=ਨਾਲ/ਫ਼ਜ਼ਲੇ=ਕਿਰਪਾ/ਖ਼ੁਦ=ਆਪਣੀ/ ਫ਼ਰਮੂਦ+ਅਸ਼ = ਉਨ੍ਹਾਂ ਨੂੰ ਫ਼ਰਮਾਇਆ ॥

**ਅਰਥ** = **(ੳ)** (ਰੱਬ ਨੇ) ਆਪਣੇ (ਦਰਬਾਰ ਵਿੱਚ) ਹਰੇਕ ਕ਼ਬੂਲ ਹੋਏ (ਪ੍ਰਵਾਣ ਹੋਏ) ਪੁਰਖ ਤੋਂ ਉਨ੍ਹਾਂ ਨੂੰ ਵੱਡਾ ਕਰਕੇ ਕ਼ਬੂਲ ਕੀਤਾ ਹੈ।

**(ਅ)** ਅਤੇ ਰੱਬ ਨੇ ਆਪਣੀ ਕ੍ਰਿਪਾਲਤਾ ਦੇ ਨਾਲ ਉਨ੍ਹਾਂ ਨੂੰ ਦੋਹਾਂ ਜਹਾਨਾਂ ਦਾ ਮਸਜੂਦ ਫ਼ਰਮਾਇਆ ਹੈ

**(ੳ) ਦਸਤੇ ਹਮ-ਗਾਂ, ਬ-ਜ਼ੈਲੇ ਅਫ਼ਜ਼ਾਲੇ-ਊ ॥**

**(ਅ) ਬਰਤਰ ਅਨਵਾਰੇ ਇ਼ਲਮ, ਹ਼ੱਕ਼ ਕ਼ਾਲੇ ਊ ॥੧੦੩॥**

**ਪਦ ਅਰਥ** = ਦਸਤੇ=ਹੱਥ, ਮਦਦ ਦੇਣਾ/ਹਮ-ਗਾਂ=ਸਾਰੇ/ਬ = ਨਾਲ/ਜ਼ੈਲੇ = ਦਾਮਨ, ਪੱਲੇ/ਅਫ਼ਜ਼ਾਲੇ = ਕਿਰਪਾ (ਨੋਟ = ਅਫ਼ਜ਼ਾਲੇ ਦੀ ਥਾਂ ਤੇ ਦੂਸਰਾ ਪਾਠ ਇਕ਼ਬਾਲੇ ਵੀ ਹੈ) ਊ = ਉਨ੍ਹਾਂ ਦੀ/ਬਰਤਰ=ਬਹੁਤ ਉੱਚੀ, ਜ਼ਿਆਦਾ ਚੰਗੀ/ਅਨਵਾਰੇ=ਨੂਰ, ਰੌਸ਼ਨੀ/ਇ਼ਲਮ = ਗਿਆਨ, ਵਿੱਦਿਆਂਵਾਂ/ਹ਼ੱਕ਼ = ਰੱਬੀ / ਕ਼ਾਲੇ = ਕਥਨੀ, ਬਾਣੀ/ ਊ = ਉਨ੍ਹਾਂ ਦੀ/

**ਅਰਥ** = **(ੳ)** ਉਨ੍ਹਾਂ ਦੇ ਕਿਰਪਾ ਰੂਪ ਪੱਲੇ ਦੇ ਨਾਲ ਸਭ ਲੋਕਾਂ ਦਾ ਹੱਥ ਹੈ।

**ਅਰਥਾਤ** = ਸਾਰੇ ਲੋਕ ਉਨ੍ਹਾਂ ਦੀ ਕਿਰਪਾ ਤੋਂ ਆਸਵੰਦ ਹਨ।

**ਦੂਸਰੇ ਪਾਠ ਦਾ ਅਰਥ** = ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੀ ਮਾੜੀ ਕਿਸਮਤ ਨਾਸ ਕਰਕੇ ; ਗੁਰਸਿੱਖਾਂ ਦੇ ਜੀਵਨ ਵਿੱਚ ; ਇਕ਼ਬਾਲੇ = ਚੰਗੀ ਕਿਸਮਤ ਦਾ ਪ੍ਰਕਾਸ਼ ਕਰ ਦਿੰਦੇ ਹਨ ਇਸ ਲਈ ਉਨ੍ਹਾਂ ਦੇ ਚੋਲੇ ਦਾ ਪੱਲਾ ਸਾਰਿਆਂ ਨੇ ਆਪਣੇ ਹੱਥ ਵਿੱਚ ਫੜਿਆ ਹੈ।

**ਅਰਥਾਤ** = ਸਾਰੇ ਸਿੱਖ ਉਨ੍ਹਾਂ ਦੀ ਕਿਰਪਾ ਨੂੰ ਚਾਹੁੰਦੇ ਹਨ।

**(ਅ)** ਉਨ੍ਹਾਂ ਦੀ (ਵੈਰਾਗਮਈ) ਰੱਬੀ ਬਾਣੀ ਸਾਰੀਆਂ ਵਿੱਦਿਆਂਵਾਂ ਦੇ ਨੂਰ ਤੋਂ ਬਹੁਤ ਉੱਚੀ ਹੈ।

**ਅਰਥਾਤ** = ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵੈਰਾਗ-ਮਈ ਬਾਣੀ, ਰੱਬੀ ਪੰਥ ਦਾ ਪ੍ਰਚਾਰ ਕਰਨ ਵਾਲੀਆਂ ਸਾਰੀਆਂ ਵਿੱਦਿਆਂਵਾਂ ਤੋਂ, ਰੱਬੀ ਪੰਥ ਦਾ ਉੱਚਾ ਪ੍ਰਚਾਰ ਕਰਨ ਵਾਲੀ ਹੈ।



Sri Satguru Jagjit Singh Ji eLibrary NamdhariElibrary@gmail.com

## (ਜੀਵਨ ਬਿਉਰਾ)
## ਦਸਵੀਂ ਪਾਤਿਸ਼ਾਹੀ

| | | |
|---|---|---|
| **ਨਾਮ** | : | ਸਤਿਗੁਰੂ ਗੋਬਿੰਦ ਸਾਹਿਬ ਜੀ, ਸੋਢ ਵੰਸ। |
| **ਅਵਤਾਰ ਧਾਰਨ ਪਿੰਡ** | : | ਸ੍ਰੀ ਪਟਨਾ ਸਾਹਿਬ (ਬਿਹਾਰ ਪ੍ਰਾਂਤ)। |
| **ਅਵਤਾਰ ਧਾਰਨ ਸੰਮਤ** | : | ੧੭੨੩ ਬਿ: ਪੋਹ ਸੁਦੀ ਸਪਤਮੀ, ਦਿਨ ਐਤਵਾਰ, ਧਨਿਸ਼ਟਾ ਨਛੱਤ੍ਰ ਸੀ। ੧ ਜਨਵਰੀ ੧੬੬੬ ਈ: ਸੰਕ੍ਰਾਂਤੀ, ੨੩ ਪੋਹ ਸੀ। |
| **ਮਾਤਾ ਪਿਤਾ** | : | ਮਾਤਾ ਗੂਜਰੀ ਜੀ, ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ |
| **ਮਹਲ** | : | ਮਾਤਾ ਅਜੀਤ ਕੌਰ ਜੀ, ਮਾਤਾ ਜੀ ਦੇ ਪਿਤਾ ਦਾ ਨਾਮ ਹਰਜਸ ਜੀ ਸੀ। ਮਾਤਾ ਸੁੰਦਰ ਕੌਰ ਜੀ, ਮਾਤਾ ਜੀ ਦੇ ਪੇਕੇ ਪਿੰਡ ਬਜਵਾੜਾ, ਜ਼ਿਲ੍ਹਾ ਹੁਸ਼ਿਆਰਪੁਰ। ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ, ਮਾਤਾ ਜੀ ਦੇ ਪਿਤਾ ਦਾ ਨਾਮ ਰਾਵਾ ਖੱਤਰੀ ਜੀ ਸੀ। ਮਾਤਾ ਜੀ ਦੇ ਪੇਕੇ ਰੁਹਤਾਸ ਜ਼ਿਲ੍ਹਾ ਜੇਹਲਮ, ਪੰਜਾ ਸਾਹਿਬ ਦੇ ਨੇੜੇ, ੭ ਮੀਲ ਸਟੇਸ਼ਨ ਦੀਨਾਂ (ਨੇੜੇ ਟਿਲਾ ਬਾਲ ਗੁੰਦਾਈ)। |
| **ਗੱਦੀ ਸਮਾਂ** | : | ੧੭੩੨ ਬਿ: ਮੱਘਰ ਸੁਦੀ ਤੀਜ ੧੭ ਨਵੰਬਰ ੧੬੭੫ ਈ:, ਸ੍ਰੀ ਅਨੰਦਪੁਰ ਸਾਹਿਬ ਦਿੱਲੀ ਤੋਂ ਭੇਜੀ। |
| **ਜੋਤੀ ਜੋਤਿ ਸਮਾਉਣਾ** | : | ੧੭੬੫ ਬਿ: ਕੱਤਕ ਸੁਦੀ ਪੰਚਮੀ, ੧੯ ਦਸੰਬਰ ੧੭੦੮ ਈ: ਸ੍ਰੀ ਹਜ਼ੂਰ ਸਾਹਿਬ ਨੰਦੇੜ ਹੈਦਰਾਬਾਦ, ਸਵਾ ਪਹਿਰ ਰਾਤ ਰਹਿੰਦੀ ਤੇ। |
| **ਸਪੁੱਤ੍ਰ** | : | ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਬਾਬਾ ਫ਼ਤਹ ਸਿੰਘ |
| **ਸਾਰੀ ਅਵਸਥਾ** | : | ਇਕਤਾਲੀ ਬਰਸ, ਨੌ ਮਹੀਨੇ, ਅਠਾਈ ਦਿਨ |
| **ਗੁਰਿਆਈ ਸਮਾਂ** | : | ਬੱਤੀ ਬਰਸ, ਗਿਆਰਾਂ ਮਹੀਨੇ, ਦੋ ਦਿਨ |
| **ਹਕੂਮਤ** | : | ਔਰੰਗਜ਼ੇਬ ਤੇ ਬਹਾਦਰ ਸ਼ਾਹ ਬਾਦਸ਼ਾਹ ਦੀ ਸੀ। |
| **ਨਗਰ ਵਸਾਇਆ** | : | ਗੁਰੂ ਦਾ ਲਾਹੌਰ ਪਾਉਂਟਾ ਸਾਹਿਬ। |
| **ਬਾਣੀ** | : | ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸੌ ਸਾਖੀਆਂ ਆਦਿ। |


Sri Satguru Jagjit Singh Ji eLibrary NamdhariElibrary@gmail.com

## ਸਲਤਨਤੇ ਦਹੁਮ

(**ਉਚਾਰਨ** = ਦਹੁਮ ਪੋਲਾ ਹੀ ਬੋਲੋ)

**ਪਦ ਅਰਥ** = ਦਹੁ + ਅਮ = ਮੈਂ ਦਸਵੀ

**ਅਰਥ** = ਭਾਈ ਸਾਹਿਬ ਜੀ ਕਹਿੰਦੇ ਹਨ ਕਿ ਹੁਣ ਮੈਂ ਦਸਵੇਂ ਪਾਤਸ਼ਾਹ ਦੀ ਉਸਤਤ ਕਹਿੰਦਾ ਹਾਂ।

**(ੳ) ਸਲਤ਼ਨਤੇ ਦਹੁਮਸ਼, ਦਸਤ ਪੇਚੇ ਦੇਵਾਨੇ ਦੌਰਗੀਰ ;**

**(ਅ) ਵ ਜ਼ੇਬੋ ਆਰਾਇਸ਼ੇ, ਜਾਵਿਦਾਨੀ ਸਰੀਰ ॥**

**ਪਦ ਅਰਥ** = ਸਲਤ਼ਨਤੇ = ਪਾਤਿਸ਼ਾਹੀ/ਦਹੁਮ + ਅਸ਼ = ਉਨ੍ਹਾਂ ਦੀ ਦਸਵੀਂ/ ਦਸਤ = ਹੱਥ/ਪੇਚੇ=ਮਰੋੜਨ ਵਾਲੀ/ਦੇਵਾਨੇ=ਸ਼ੈਤਾਨਾਂ ਨੂੰ/ਦੌਰਗੀਰ =ਪਕੜਨ ਵਾਲੇ ਪਾਤਿਸ਼ਾਹ; ਪਕੜਨ ਵਾਲੀ ਪਾਤਿਸ਼ਾਹੀ/ਵ= ਅਤੇ/ਜ਼ੇਬੋ=ਸਜ਼ਾਵਟ/ਆਰਾਇਸ਼ੇ=ਸਜਾਉਣ ਵਾਲੀ/ਜਾਵਿਦਾਨੀ =ਹਮੇਸ਼ਾ/ਸਰੀਰ = ਤਖ਼ਤ /

**ਅਰਥ** = (ੳ) ਗੁਰੂ ਨਾਨਕ ਜੀ ਦੀ ਦਸਵੀਂ ਪਾਤਿਸ਼ਾਹੀ, ਸ਼ੈਤਾਨਾਂ ਨੂੰ ਪਕੜ ਕਰਕੇ ਉਨ੍ਹਾਂ ਦੇ ਹੱਥ ਮਰੋੜਨ ਵਾਲੀ ਹੈ।

**ਅਥਵਾ** = ਸ਼ੈਤਾਨਾਂ ਨੂੰ ਪਕੜ ਕਰਕੇ ਸ਼ੈਤਾਨਾਂ ਨੂੰ ਮਾਰਨ ਵਾਲੀ ਸੁਤੰਤਰ ਪਾਤਿਸ਼ਾਹੀ ਹੈ।

**ਅਰਥਾਤ** = ਪ੍ਰਤੱਖ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਸਾਹਿਬੋਂ ਕਾਣਾ ਦੇਉ ਕੱਢਿਆ ਸੀ।

(ਅ) ਦਸਵੀਂ ਪਾਤਿਸ਼ਾਹੀ, ਹਮੇਸ਼ਾਂ ਅਟੱਲ ਤਖ਼ਤ ਨੂੰ ਸਜਾਵਟ ਦੇ ਨਾਲ ਸਜਾਉਣ ਵਾਲੀ ਹੈ।

**(ੳ) ਜਲਵਹ ਆਰਾਏ, ਆਂ ਨੁਹ ਮਸ਼ਅ਼ਲੇ, ਹੁੱਕ਼ ਫ਼ਰੋਗ਼ ;**

**(ਅ) ਵ ਜ਼ੁਲਮਤ-ਜ਼ਦਾਏ ਸ਼ਬੇ, ਕਿਜ਼ਬ ਵ ਦਰੋਗ਼ ॥**

**ਪਦ ਅਰਥ** = ਜਲਵਹ=ਨੂਰ/ਆਰਾਏ = ਸਜਾਉਣ ਵਾਲੀ (ਭਾਵ) ਚਮਕਾਉਣ ਵਾਲੀ/ਆਂ=ਉਨ੍ਹਾਂ/ਨੁਹ = ਨੌਂ/ਮਸ਼ਅ਼ਲੇ=ਮਸ਼ਾਲਾਂ/ਹੁੱਕ਼=ਸਚਾਈ / ਫ਼ਰੋਗ਼=ਰੋਸ਼ਨ ਕਰਨ ਵਾਲੇ/ਵ = ਅਤੇ/ਜ਼ੁਲਮਤ = ਅੰਧੇਰੀ ਰਾਤ/ ਜ਼ਦਾਏ = ਪਏ ਹੋਏ ਹਨ, ਮਾਰਨਾ, ਕੁੱਟਣਾ ਆਦਿਕ/ਸ਼ਬੇ=ਰਾਤ/ ਕਿਜ਼ਬ = ਝੂਠ (ਨੋਟ=ਅ਼ਰਬੀ ਦਾ ਲਫ਼ਜ਼ ਹੈ)/ਦਰੋਗ਼ = ਝੂਠ (ਫ਼ਾਰਸੀ ਦਾ ਲਫ਼ਜ਼ ਹੈ)

**ਅਰਥ** = (ੳ) ਦਸਵੀਂ ਪਾਤਿਸ਼ਾਹੀ ਸਚਾਈ ਨੂੰ ਰੌਸ਼ਨ ਕਰਨ ਵਾਲੀਆਂ;



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੌਂ ਮਿਸ਼ਾਲਾਂ (ਨੌਂ ਪਾਤਿਸ਼ਾਹੀਆਂ) ਦੇ ਨੂਰ ਨੂੰ, ਚਮਕਾਉਣ ਵਾਲੀ ਹੈ। (ਜਿਹੜੀਆਂ ਨੌਂ ਮਸ਼ਾਲਾਂ ਨੇ, ਹਮੇਸ਼ਾਂ ਇਸ ਦੁਨੀਆਂ ਦੇ ਭਲੇ ਵਾਸਤੇ, ਇਸ ਦੁਨੀਆਂ ਦੇ ਉੱਪਰ, ਰੱਬੀ ਗੁਰਬਾਣੀ ਦਾ ਪ੍ਰਚਾਰ ਕੀਤਾ ਹੈ।)

(ਅ) ਜਿਹੜੇ ਬਹੁਤੇ ਝੂਠ (ਅਤੇ ਅਗਿਆਨ ਰੂਪ) ਅੰਧੇਰੀ ਰਾਤ ਵਿੱਚ ਪਏ ਹੋਏ ਹਨ (ਦਸਵੀਂ ਪਾਤਿਸ਼ਾਹੀ ਉਨ੍ਹਾਂ ਨੂੰ ਅੰਧੇਰੀ ਅਗਿਆਨ ਦੀ ਰਾਤ ਵਿੱਚੋਂ ਕੱਢਣ ਵਾਲੀ ਹੈ।)

**(ੳ) ਸੁਲਤ਼ਾਨਉਲ, ਅੱਵਲ ਵਲ ਆਖ਼ਿਰ ;**

**(ਅ) ਵ ਬਾਸਿਰ ਉਲ, ਬਾਤ਼ਿਨ ਵੱਲ ਜ਼ਾਹਿਰ ॥**

**ਪਦ ਅਰਥ** = ਸੁਲਤ਼ਾਨ = ਪਾਤਿਸ਼ਾਹ/ਉਲ=ਕ੍ਰਿਆ ਵਿਸ਼ੇਸ਼ਨ/ਅੱਵਲ = ਪਹਿਲਾ /ਵ+ਅਲ = (ਵ)=ਅਤੇ/(ਅਲ) = ਕ੍ਰਿਆ ਵਿਸ਼ੇਸ਼ਨ / ਬਾਸਿਰ = ਬਾਹਿਰੀ ਦੇਖਣ ਵਾਲੇ, ਪ੍ਰਤੱਖ/ਬਾਤ਼ਿਨ=ਅੰਦਰਲੇ ਗੁਪਤ/ਵੱਲ = ਅਤੇ/ਜ਼ਾਹਿਰ = ਪ੍ਰਗਟ/

(ੳ) ਗੁਰੂ ਗੋਬਿੰਦ ਸਿੰਘ ਜੀ ਮੁੱਢ ਤੋਂ ਲੈ ਕੇ ਅੰਤ ਤੱਕ ਜਗਤ ਦੇ ਪਾਤਿਸ਼ਾਹ ਹਨ।

(ਅ) ਅਤੇ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਗੁਪਤ ਅਤੇ ਪ੍ਰਗਟ ਭੇਦ; ਪ੍ਰਗਟ ਕਰਨ ਵਾਲੇ ਹਨ

**(ੳ) ਮੁਸ਼-ਤਹਿਰ ਸਾਜ਼ੇ, ਕੁਦਸੀ ਇਅ਼-ਜਾਜ਼ ;**

**(ਅ) ਵ ਅਜ਼ ਹਰ ਤ਼ਾਅ਼ਤ, ਵ ਖ਼ਿਦਮਤ ਬੇ-ਨਿਆਜ਼ ॥**

(**ਉਚਾਰਨ** = ਤ਼ਾ-ਅ਼ਤ ਇਕੱਠਾ ਬੋਲੋ)

**ਪਦ ਅਰਥ** = ਮੁਸ਼ਤਹਿਰ=ਮਸ਼ਹੂਰ/ਸਾਜ਼ੇ = ਬਨਾਉਣ ਵਾਲਾ/ਕੁਦਸੀ = ਪਵਿੱਤਰ /ਇਅ਼ਜਾਜ਼ = ਕਰਾਮਾਤਾਂ, ਵਡਿਆਈਆਂ/ਵ=ਅਤੇ/ਅਜ਼= ਤੋਂ/ ਤ਼ਾਅ਼ਤ = ਤਾਬਿਆਦਾਰੀ, ਬੰਦਗੀ/ਵ = ਅਤੇ/ਖ਼ਿਦਮਤ=ਸੇਵਾ/ ਬੇਨਿਆਜ਼ = ਬੇਮੁਥਾਜ਼।

**ਅਰਥ** = (ੳ) ਗੁਰੂ ਗੋਬਿੰਦ ਸਿੰਘ ਜੀ (ਰੱਬੀ) ਪਵਿੱਤਰ ਵਡਿਆਈਆਂ ਨੂੰ ਬਨਾਉਣ ਵਾਲੇ ਅਤੇ ਮਸ਼ਹੂਰ ਕਰਨ ਵਾਲੇ ਹਨ।

(ਅ) ਅਤੇ ਗੁਰੂ ਗੋਬਿੰਦ ਸਿੰਘ ਜੀ ਹਰੇਕ ਕਿਸੇ ਦੀ ਤਾਬਿਆਦਾਰੀ ਅਤੇ ਸੇਵਾ ਤੋਂ ਬੇਮੁਥਾਜ਼ ਹਨ।

**ਅਰਥਾਤ** = ਗੁਰੂ ਜੀ ਕਿਸੇ ਦੇ ਤਾਬਿਆਦਾਰ ਨਹੀਂ। ਸਗੋਂ ਵੱਡੇ-ਵੱਡੇ ਰਾਜੇ,


Sri Satguru Jagjit Singh Ji eLibrary NamdhariElibrary@gmail.com

ਸ਼ਾਹੂਕਾਰ, ਦੇਵੀ ਦੇਵਤੇ ਗੁਰੂ ਜੀ ਦੇ ਤਾਬਿਆਦਾਰ ਹਨ ਗੁਰੂ ਜੀ ਬੇਮੁਥਾਜ਼ ਹਨ।

**(ੳ) ਸ਼ੇਰਾਨੇ ਅਫ਼ਵਾਜ਼ੇ, ਮਨਸੂਰਹ ਅਸ਼, ਯੱਕਾ-ਤਾਜ਼ ;**

**(ਅ) ਵ ਲਿਵਾਇ ਆਲਮ ਕੁਸ਼ਾਇਸ਼, ਨੁਸਰਤ-ਤੁਰਾਜ਼ ॥**

**ਪਦ ਅਰਥ** = ਸ਼ੇਰਾਨੇ = ਸ਼ੇਰ, ਸਿੰਘ/ਅਫ਼ਵਾਜ਼ੇ = ਫ਼ੌਜਾਂ/ਮਨਸੂਰਹ=ਕਾਮਯਾਬ ਹੋਣ ਵਾਲੇ/ਅਸ਼ = ਉਨ੍ਹਾਂ ਦੇ/ਯੱਕਾ-ਤਾਜ਼ = ਇਕੱਲਾ ਜੂਝਣ ਵਾਲਾ, ਇਕੱਲੇ-ਇਕੱਲੇ ਜੂਝਣ ਵਾਲੇ/ਵ=ਅਤੇ/ਲਿਵਾਏ = ਝੰਡਾ/ ਆਲਮ=ਦੁਨੀਆਂ/ਕੁਸ਼ਾਇ+ ਅਸ਼ = ਉਨ੍ਹਾਂ ਦਾ ਝੂਲ ਰਿਹਾ ਹੈ / ਨੁਸਰਤ = ਮਦਦ ਕਰਨ/ਤੁਰਾਜ਼ = ਵਾਲਾ /

**ਅਰਥ** = (ੳ) ਉਨ੍ਹਾਂ ਦੀਆਂ ਫ਼ੌਜਾਂ ਦੇ ਸਿੰਘ ਇਕੱਲੇ-ਇਕੱਲੇ ਜੂਝਣ ਵਾਲੇ ਹਨ ਅਤੇ ਜੰਗ ਦੇ ਮੈਦਾਨ ਵਿੱਚ ਕਾਮਯਾਬੀ ਨੂੰ ਪ੍ਰਾਪਤ ਕਰਨ ਵਾਲੇ ਹਨ।

**ਅਰਥਾਤ** = ਗੁਰੂ ਕੇ ਸਿੰਘ ਇਕੱਲੇ-ਇਕੱਲੇ ਸਵਾ ਲੱਖ ਤੇ ਭਾਰੂ ਹੋਣ ਵਾਲੇ ਹਨ ਅਤੇ ਜੰਗ ਨੂੰ ਜਿੱਤਣ ਵਾਲੇ ਹਨ।

(ਅ) ਅਤੇ ਉਨ੍ਹਾਂ ਦਾ ਗ਼ਰੀਬਾਂ ਦੀ ਮਦਦ ਕਰਨ ਵਾਲਾ ਝੰਡਾ ਸਾਰੇ ਜਹਾਨ ਤੇ ਝੂੱਲ ਰਿਹਾ ਹੈ।

**ਅਰਥਾਤ** = ਗ਼ਰੀਬਾਂ ਦੀ ਮਦਦ ਕਰਨ ਦਾ, ਆਪ ਜੀ ਦਾ ਸੁਭਾਵ ਜਗਤ-ਪ੍ਰਸਿੱਧ ਹੈ।

**(ੳ) ਕਾਫ਼ੇ ਫ਼ਾਰਸੀ, ਅਜ਼ ਨਾਮੇ ਹੱਕ਼ ਇਖ਼-ਤਿਤਾਮਸ਼, ਗੇਤੀ ਸਿਤਾਂ ;**

**(ਅ) ਵ ਵਾਵੇ ਬਾਦੀ, ਵਾਸਿਤ਼ਾਏ ਕ਼ਿਆਮੇ ਜ਼ਮੀਨੋਂ ਜ਼ਮਾਂ ॥**

**ਪਦ ਅਰਥ** = ਕਾਫ਼ੇ=ਕੱਕਾ/ਫ਼ਾਰਸੀ=ਫ਼ਾਰਸੀ ਦਾ/ਹੱਕ਼= ਸਚਾਈ/ਇਖ਼ਤਿਤਾਮ + ਅਸ਼ = ਉਨ੍ਹਾਂ ਦਾ ਅਖ਼ੀਰਲਾ, ਅੰਤ / ਗੇਤੀ-ਸਿਤਾਨ = (ਗੇਤੀ) = ਦੁਨੀਆਂ ਨੂੰ (ਸਿਤਾਨ) ਲੈ ਲੈਣ ਵਾਲਾ (ਭਾਵ) ਦੁਨੀਆਂ ਤੇ ਕਬਜ਼ਾ ਕਰ ਲੈਣ ਵਾਲਾ / ਵ=ਅਤੇ/ਵਾਵੇ = ਹੋੜਾ/ਬਾਦੀ = ਹਵਾ, ਖ਼ੁਸ਼ਬੂ, ਪਹਿਲਾ/ਵਾਸਿਤ਼ਾਏ = ਤਰੀਕਾ ; ਜ਼ਰੀਆ; ਵਿਚੋਲਾ, ਰਾਂਹੀਂ, ਮਤਲਬ, ਦੋਸਤੀ/ ਕ਼ਿਆਮੇ = ਕ਼ਾਇਮ/ਜ਼ਮੀਨੋ = ਧਰਤੀ/ ਜ਼ਮਾਂ= ਅਕਾਸ਼/

**ਅਰਥ** = (ੳ) ਉਨ੍ਹਾਂ ਦੇ ਨਾਮ ਦਾ, ਸਚਾਈ ਦਾ ਅੰਤ ਜਾਨਣ ਵਾਲਾ, ਫ਼ਾਰਸੀ ਦਾ ਕੱਕਾ ਅਤੇ ਅਰਬੀ ਦਾ ਗੱਗਾ ਅੱਖਰ ਇਹ



Sri Satguru Jagjit Singh Ji eLibrary NamdhariElibrary@gmail.com

ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ, ਸਾਰੀ ਦੁਨੀਆਂ ਦੇ ਉੱਪਰ ਕਬਜ਼ਾ ਕਰ ਲੈਣ ਵਾਲੇ ਹਨ।

**(ਅ)** ਉਨ੍ਹਾਂ ਦੇ ਨਾਮ ਦਾ ਪਵਿੱਤਰ ਖ਼ੁਸ਼ਬੂ ਵਾਲਾ ਹੋੜਾ ਇਹ ਉਪਦੇਸ਼ ਦਿੰਦਾ ਹੈ ਕਿ ਖ਼ੁਦਾ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਰਾਹੀਂ; ਧਰਤੀ ਅਤੇ ਅਕਾਸ਼ ਕ਼ਾਇਮ ਹੋਏ ਹਨ।

**ਅਰਥਾਤ** = ਸਤਿਗੁਰੂ ਜੀ ਧਰਤੀ ਅਤੇ ਅਕਾਸ਼ ਨੂੰ ਕ਼ਾਇਮ ਕਰਨ ਦਾ ਜ਼ਰੀਆ ਹਨ।

**ਦੂਸਰਾ ਅਰਥ**= ਉਨ੍ਹਾਂ ਦੇ ਨਾਮ ਵਿੱਚ ਲੱਗਣ ਵਾਲੀਆਂ ਮਾਤਰਾਂਵਾਂ ਵਿੱਚੋਂ ਪਹਿਲਾ ਹੋੜਾ ਇਹ ਉਪਦੇਸ਼ ਦਿੰਦਾ ਹੈ ਕਿ ਸਤਿਗੁਰੂ ਜੀ ਜ਼ਮੀਨ ਅਤੇ ਆਸਮਾਨ ਨੂੰ ਕ਼ਾਇਮ ਕਰਨ ਦਾ ਜ਼ਰੀਆ ਹਨ।

**(ੳ) ਬਾਏ ਅਬਦ ਬਕ਼ਾਇਸ਼, ਬਖ਼ਸ਼ਿੰਦ-ਹਏ ਪਨਾਹਿੰਦ-ਗਾਂ ;**

**(ਅ) ਵ ਸ਼ਮੀਮੇ, ਨੂਨੇ ਹੁਮਾਯੂਨਸ਼ ; ਨਵਾਜ਼ਿੰਦ-ਹਏ ਪ੍ਰਿਸਤੰਦ-ਗਾਂ ॥**

(**ਉਚਾਰਨ** = ਹੁਮਾ-ਯੂਨੱਸ਼ ਦਾ ਯੱਈਆ ਪੂਰਾ ਬੋਲੋ)

**ਪਦ ਅਰਥ** = ਬਾਏ=ਬੇ, ਬਿ/ਅਬਦ=ਹਮੇਸ਼ਾ/ਬਕ਼ਾਇ+ਅਸ਼=ਬਾਕ਼ੀ ਰਹਿਣ ਵਾਲੀ (ਅਸ਼) = ਉਨ੍ਹਾਂ ਦੇ/ਬਖ਼ਸ਼ਿੰਦਹਏ = ਬਖ਼ਸ਼ਣ ਵਾਲੀ/ਪਨਾਹਿੰਦਗਾਂ= ਸ਼ਰਨਾਗਤਾਂ/ਵ=ਅਤੇ/ਸ਼ਮੀਮੇ = ਖ਼ੁਸ਼ਬੂ/ਨੂਨੇ = ਟਿੱਪੀ*/ਹੁਮਾਯੂਨ - ਅਸ਼ = ਉਨ੍ਹਾਂ ਦੇ ਮੁਬਾਰਿਕ/ਨਵਾਜ਼ਿੰਦਹਏ = ਬਖ਼ਸਣੇ ਵਾਲੇ/ ਪ੍ਰਿਸਤੰਦਗਾਂ=ਪੂਜਨ ਵਾਲੇ ਭਗਤਾਂ (ਵਾ) ਪੂਜਨ ਵਾਲੇ ਗੁਰਸਿੱਖਾਂ

**ਅਰਥ** = **(ੳ)** ਉਨ੍ਹਾਂ ਦੇ ਨਾਮ ਦੀ ਸਦਾ ਬਾਕ਼ੀ ਰਹਿਣ ਵਾਲੀ "ਬਿ"; (ਅਥਵਾ) = ਨਾ ਘਟਣ ਵਾਲੀ (ਭਾਵ) = ਸਦਾ ਹੀ ਵਧਣ ਵਾਲੀ "ਬਿ" ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਜੀ ਸ਼ਰਨ ਵਿੱਚ ਆਏ ਹੋਏ ਸ਼ਰਨਾਗਤਾਂ ਨੂੰ ਸ਼ਰਣ ਬਖ਼ਸ਼ਣ ਵਾਲੇ ਹਨ।

**(ਅ)** ਉਨ੍ਹਾਂ ਦੇ ਨਾਮ ਦੀ ਖ਼ੁਸ਼ਬੂਦਾਰ ਅਤੇ ਮੁਬਾਰਿਕ ਟਿੱਪੀ ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ, (ਇੱਕ ਅਕਾਲ ਪੁਰਖ ਨੂੰ) ਪੂਜਨ ਵਾਲੇ ਗੁਰਸਿੱਖਾਂ (ਦੇ ਉੱਪਰ, ਬਖਸ਼ਿਸ਼ਾਂ ਕਰਕੇ, ਗੁਰਸਿੱਖਾਂ ਨੂੰ) ਬਖ਼ਸ਼ਣ ਵਾਲੇ ਹਨ।

---

*ਫ਼ਾਰਸੀ ਅ਼ਰਬੀ ਭਾਸ਼ਾ ਵਿੱਚ ਟਿੱਪੀ ਦੀ ਮਾਤਰਾ ਨਹੀਂ ਹੈ। ਅਤੇ ਟਿੱਪੀ ਦੀ ਜਗ੍ਹਾ ਤੇ ਨੂਨੇ (ਵਾ) ਨੰਨੇ ਅੱਖਰ ਦੀ ਵਰਤੋਂ ਹੁੰਦੀ ਹੈ ਇਸ ਲਈ ਨੂਨੇ ਦਾ (ਭਾਵ ਅਰਥ) ਟਿੱਪੀ ਸਮਝਣਾ ਹੈ।



Sri Satguru Jagjit Singh Ji eLibrary NamdhariElibrary@gmail.com

**(ੳ) ਦਾਲੇ ਸਰਾਪਾ, ਅ਼ਜ਼ਮਤ ਵ ਇਜਲਾਲਸ਼, ਦਾਮ ਗੁਸਲੇ ਮਰਗ ;**
**(ਅ) ਵ ਸੀਨੇ, ਸਰਾਪਾ ਵਾਲਾ ਤਮਕੀਨਸ਼ ;**
**ਸਰਮਾਇ-ਆਏ, ਹਰ ਸਾਜ਼ ਵ ਬਰਗ ॥**

**ਪਦ ਅਰਥ** = ਦਾਲੇ=ਦਦਾ/ਸਰਾਪਾ=ਸਿਰ ਤੋਂ ਪੈਰਾਂ ਤੱਕ/ਅ਼ਜ਼ਮਤ = ਵਡਿਆਈ /ਵ=ਅਤੇ/ਇਜਲਾਲ+ਅਸ਼ = ਉਨ੍ਹਾਂ ਦੇ ਦਬਦਬੇ/ਦਾਮ = ਜਾਲ, ਫਾਹੀ/ਗੁਸਲੇ=ਕਟਣ ਵਾਲੀ, ਤੋੜਨ ਵਾਲੀ/ਮਰਗ=ਮੌਤ/ ਵ=ਅਤੇ/ਸੀਨੇ=ਸੱਸਾ, (ਸਿ) ਸੱਸੇ ਸਿਹਾਰੀ/ਵਾਲਾ=ਵੱਡਾ/ਤਮਕੀਨ -ਅਸ਼=ਉਨ੍ਹਾਂ ਦੀ ਬਜ਼ੁਰਗੀ/ਸਰਮਾਇ = ਪੂੰਜੀ, ਧਨ/ਆਏ = ਬਹੁਵਚਨ ਸ਼ਬਦ/ਸਾਜ਼ =ਸਾਜ਼ੋ/ਬਰਗ = ਸਮਾਨ /

**ਅਰਥ** = (ੳ) ਉਨ੍ਹਾਂ ਦੇ ਨਾਮ ਦਾ ਸਿਰ ਤੋਂ ਲੈ ਕੇ ਪੈਰਾਂ ਤੱਕ ਵਡਿਆਈ ਅਤੇ ਦਬਦਬੇ ਨਾਲ ਭਰਿਆ ਦੱਦਾ ਅੱਖਰ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੀ ਮੌਤ ਦੀ ਫਾਹੀ ਨੂੰ ਤੋੜਨ ਵਾਲੇ ਹਨ।

**ਅਰਥਾਤ** = ਗੁਰਸਿੱਖਾਂ ਦੇ ਹਿਰਦੇ ਵਿੱਚੋਂ ਧਰਮਰਾਜ ਦਾ ਡਰ ਨਾਸ ਕਰਨ ਵਾਲੇ ਹਨ।

(ਅ) ਉਨ੍ਹਾਂ ਦੇ ਨਾਮ ਦਾ ਸਿਰ ਤੋਂ ਲੈ ਕੇ ਪੈਰਾਂ ਤੱਕ ਵੱਡੀ ਬਜ਼ੁਰਗੀ ਨਾਲ ਭਰਿਆ ਸੱਸਾ (ਅਤੇ ਸੱਸੇ ਦੀ ਸਿਹਾਰੀ) ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਜੀ ਹਰੇਕ ਸਾਜ਼ੋ ਸਮਾਨ (ਅਥਵਾ): ਦੁਨੀਆਂ ਦੀ ਪੂੰਜੀ ਹਨ।

**(ੳ) ਬੂਏ ਨੂਨੇ, ਦਾਇਮਾ ਨਦੀਮੇ ਸੁਬਹ਼ਾਨੀ ;**
**(ਅ) ਵ ਸਾਨੀ, ਕਾਫ਼ੇ ਅ਼ਜਮੀਯਸ਼ ਜਾਂ-ਗੁਜ਼ਾਏ;**
**ਬਾਦੀਆ ਪੈਮਾਯਾਂਨੇ ਬੇਫ਼ਰਮਾਨੀ ॥**

(**ਉਚਾਰਨ** = ਪੈਮਾਇ-ਆਂਨੇ ਬੋਲੋ)

**ਪਦ ਅਰਥ** = ਬੂਏ = ਖ਼ੁਸ਼ਬੂਦਾਰ/ਨੂਨੇ = ਟਿੱਪੀ/ਦਾਇਮਾ=ਹਮੇਸ਼ਾ/ਨਦੀਮੇ= ਸਾਥੀ, ਵਜ਼ੀਰ/ਸੁਬਹ਼ਾਨੀ = ਰੱਬ/ਵ=ਅਤੇ/ਸਾਨੀ=ਦੂਸਰਾ/ਕਾਫ਼ੇ=ਕੱਕਾ/ ਅ਼ਜਮੀ+ ਅਸ਼ = ਅ਼ਰਬ ਦੇਸ਼ ਵਾਲੇ, ਅ਼ਰਬ ਦੇਸ਼ ਤੋਂ ਬਿਨਾਂ ਸਭ ਨੂੰ ਅ਼ਜਮ ਕਹਿੰਦੇ ਹਨ ਏਥੇ ਅ਼ਜਮੀ ਦਾ ਅਰਥ=ਫ਼ਾਰਸੀ ਭਾਸ਼ਾ ਦਾ ਕੱਕਾ ਹੈ/ਜਾਂ-ਗੁਜ਼ਾਏ = ਜਾਨ ਨੂੰ ਕੱਢਣ ਵਾਲੇ, ਜਾਨ ਨੂੰ ਖ਼ਸਾਉਣ ਵਾਲੇ/ਬਾਦੀਆ = ਜੰਗਲ ਮੈਦਾਨ/ਪੈਮਾਯਾਂਨੇ = ਮਿਣਨ ਵਾਲੇ/


Sri Satguru Jagjit Singh Ji eLibrary NamdhariElibrary@gmail.com

ਬੇਫ਼ਰਮਾਨੀ = ਹੁਕਮ ਨਾ ਮੰਨਣ ਵਾਲੇ।

**ਅਰਥਾਤ** = (**ੳ**) ਉਨ੍ਹਾਂ ਦੇ ਨਾਮ ਦੀ ਖ਼ੁਸ਼ਬੂਦਾਰ ਟਿੱਪੀ ਇਹ ਉਪਦੇਸ਼ ਦਿੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਹਮੇਸ਼ਾ ਰੱਬ ਦੇ ਸਾਥੀ (ਅਥਵਾ) = ਵਜ਼ੀਰ ਹਨ।

(**ਅ**) ਅਤੇ ਉਨ੍ਹਾਂ ਦੇ ਨਾਮ ਵਿੱਚ ਫ਼ਾਰਸੀ ਦਾ ਦੂਸਰਾ ਕੱਕਾ ਅਤੇ ਅ਼ਰਬੀ* ਦਾ ਗੱਗਾ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਬੇਫ਼ਰਮਾਨੀਆਂ ਦੀ ਜਾਨ ਕੱਢ ਲੈਂਦੇ ਹਨ ਜਿਹੜੇ ਲੋਕ, ਪ੍ਰਭੂ ਦੇ ਹੁਕਮ ਤੋਂ ਬਿਨਾਂ, ਦਲੀਲਾਂ (ਵਾ):- ਸੰਕਲਪਾਂ ਵਿਕਲਪਾਂ ਰੂਪ ਜੰਗਲ ਨੂੰ ਮਿਣਦੇ ਰਹਿੰਦੇ ਹਨ।

**ਅਰਥਾਤ** = ਜਿਹੜੇ ਲੋਕ ਸੰਕਲਪਾਂ ਵਿਕਲਪਾਂ ਵਿੱਚ ਫਸੇ ਰਹਿੰਦੇ ਹਨ ਅਤੇ ਪ੍ਰਭੂ ਦੇ ਹੁਕਮ ਤੋਂ ਬਿਨਾਂ ਦਲੀਲਾਂ ਦੇ ਦੇ ਕਰਕੇ ਝਗੜੇ ਕਰਦੇ ਰਹਿੰਦੇ ਹਨ।

**(ੳ) ਹਾਏ ਆਖ਼ਿਰੀਨ ਬਾਦੀ ; ਹਾਦੀ-ਉਲ ਕੌਨੈਨੇ ਬਰ ਹੱਕ਼ ॥**

**(ਅ) ਵ ਕੌਸੇ, ਹਦਾਯਤ ਵ ਇਰਸ਼ਾਦਸ਼ ; ਬਰ ਨੁਹ ਤਬਕ਼ ॥**

(**ਉਚਾਰਨ** = ਹਦਾਇਤ ਬੋਲੋ)

**ਪਦ ਅਰਥ** = ਹਾਏ = ਹਾਹਾ/ਆਖ਼ਿਰੀਨ = ਆਖ਼ਿਰੀ / ਬਾਦੀ = ਹਵਾ, ਖ਼ੁਸ਼ਬੂਦਾਰ /ਹਾਦੀ = ਰਸਤਾ ਦਿਖਾਉਣ ਵਾਲੇ/ਕੌਨੈਨੇ = ਜਹਾਨ/ਬਰ= ਉੱਪਰ /ਹੱਕ਼ = ਸਚਾਈ/ਵ= ਅਤੇ/ਕੌਸੇ = ਡੰਕਾ, ਨਗਾਰਾ/ਹਦਾਯਤ = ਸਿੱਖਿਆ/ਵ= ਅਤੇ/ਇਰਸ਼ਾਦ+ਅਸ਼ = ਉਨ੍ਹਾਂ ਦੇ ਹੁਕਮਾਂ/ਬਰ= ਉੱਪਰ, ਕ੍ਰਿਆ ਵਿਸ਼ੇਸ਼ਨ/ਨੁਹ = ਨੌਂ/ਤਬਕ਼ = ਅਕਾਸ਼।

**ਅਰਥ** = (**ੳ**) ਉਨ੍ਹਾਂ ਦੇ ਨਾਮ ਦਾ ਆਖ਼ਿਰੀ ਖ਼ੁਸ਼ਬੂਦਾਰ ਹਾਹਾ ਇਹ ਉਪਦੇਸ਼ ਦਿੰਦਾ ਹੈ ਕਿ ਗੁਰੂ ਜੀ ਦੋਹਾਂ ਜਹਾਨਾਂ ਨੂੰ ਸੱਚ ਦਾ ਰਸਤਾ ਦਿਖਾਉਣ ਵਾਲੇ ਹਨ।

**ਨੋਟ** = **ਏਥੋਂ ਤੱਕ ਗੋਬਿੰਦ ਸਿੰਗਹ (ਸਿੰਘ) ਦੇ ਅਰਥ ਪੂਰੇ ਹੋ ਗਏ ਹਨ।**

(**ਅ**) ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਹੁਕਮਾਂ ਦਾ ਡੰਕਾ ਨੌਂ ਤਬਕਾਂ ਵਿੱਚ ਵੱਜ ਰਿਹਾ ਹੈ।

---

*ਨੋਟ = ਅ਼ਰਬੀ ਵਿੱਚ ਗਾਫ਼ (ਗੱਗਾ) ਅੱਖਰ ਨਹੀਂ ਹੈ। ਅ਼ਰਬੀ ਵਿੱਚ ਗਾਫ਼ ਦੀ ਜਗ੍ਹਾ ਤੇ ਕਾਫ਼ = ਕੱਕੇ ਅੱਖਰ ਦੀ ਹੀ ਵਰਤੋਂ ਹੁੰਦੀ ਹੈ ਅਤੇ ਫ਼ਾਰਸੀ ਦੇ ਵਿਦਿਵਾਨ ਫ਼ਾਰਸੀ ਦੀ ਕਾਫ਼ ਨੂੰ ਅ਼ਰਬੀ ਵਿੱਚ ਗਾਫ਼ ਮੰਨਦੇ ਹਨ ਇਸ ਕਰਕੇ ਫ਼ਾਰਸੀ ਦੀ ਕਾਫ਼ ਅਤੇ ਅ਼ਰਬੀ ਦੀ ਗਾਫ਼ ਭਾਈ ਸਾਹਿਬ ਨੇ ਏਥੇ ਲਿਖੀ ਹੈ।



Sri Satguru Jagjit Singh Ji eLibrary NamdhariElibrary@gmail.com

**(ੳ) ਸਦ ਹਜ਼ਾਰਾਂ ; ਸੁਲਸ ਵ ਸੁਦਸ, ਖ਼ਿਦਮਤ-ਗੁਜ਼ੀਂ ;**

**(ਅ) ਵ ਸੁਦਸ ਹਜ਼ਾਰਾਂ; ਰੁਬਅ਼ ਵ ਤਿਸਅ਼, ਖ਼ਾਕਿ-ਨਸ਼ੀਂ ॥**

**ਪਦ ਅਰਥ** = ਸਦ ਹਜ਼ਾਰਾਂ = ਲੱਖਾਂ/ਸੁਲਸ = ਤਿੰਨ ਦੇਵਤੇ/ਸੁਦਸ = ਛੇ ਸ਼ਾਸਤ੍ਰ/ ਖ਼ਿਦਮਤ = ਸੇਵਾ/ਗੁਜ਼ੀਨ = ਪਸੰਦ ਕਰਨ ਵਾਲੇ/ਵ=ਅਤੇ/ ਰੁੱਬਅ਼ = ਚਾਰ ਵੇਦ/ਤਿੱਸਅ਼=9 ਖੰਡ, ਨੌਂ ਨਾਥ/ ਖ਼ਾਕਿ-ਨਸ਼ੀਨ = ਉਨ੍ਹਾਂ ਦੀ ਧੂੜੀ ਵਿੱਚ ਬੈਠਣ ਵਾਲੇ ਹਨ।

**ਅਰਥ** = **(ੳ)** ਲੱਖਾਂ ਹੀ ਤਿੰਨ ਦੇਵਤੇ ਅਤੇ ਛੇ ਸ਼ਾਸਤ੍ਰ ਉਨ੍ਹਾਂ ਦੀ ਸੇਵਾ ਨੂੰ ਪਸੰਦ ਕਰਨ ਵਾਲੇ ਹਨ।

**(ਅ)** ਅਤੇ ਲੱਖਾਂ ਹੀ ਚਾਰ ਵੇਦ ਅਤੇ ਨੌਂ ਅਸਮਾਨ (ਵਾ) = ਨੌਂ ਖੰਡ ਉਨ੍ਹਾਂ ਦੀ ਚਰਨ ਧੂੜੀ ਵਿੱਚ ਬੈਠਣ ਵਾਲੇ ਹਨ।

**(ੳ) ਸਦ ਹਜ਼ਾਰਾਂ, ਅ਼ਸ਼ਰ ਵ ਸੁਲਸ, ਵ ਸਲਾਸੂਨ;**
**ਸਤਾਇੰਦ-ਹਏ ਬਾਰਗਾਹਸ਼ ;**

**(ਅ) ਸਦ ਹਜ਼ਾਰਾਂ, ਈਸ਼ਰ ਵ ਬ੍ਰਹਮਾਂ, ਵ ਅ਼ਰਸ਼ ਵ ਕੁਰਸੀ ;**
**ਖ਼ਾਹਿੰਦ-ਹਏ ਪਨਾਹਸ਼ ॥**

**ਪਦ ਅਰਥ** = ਅ਼ਸ਼ਰ = ਦਸ (ਭਾਵ) ਯੂਨਾਨ ਦੇ ਧਰਮ ਅਨੁਸਾਰ ਸੰਸਾਰ ਨੂੰ ਪ੍ਰਗਟ ਕਰਨ ਵਾਲੇ ਦਸ ਦੇਵਤੇ, ਦਸ ਦਿਸ਼ਾਵਾਂ, ਦਸ ਅਵਤਾਰ/ ਵ = ਅਤੇ/ਸੁਲਸ = ਤਿੰਨ (ਭਾਵ) ਤਿੰਨ ਦੇਵਤੇ/ਸਲਾਸੂਨ = ਤੀਹ (ਭਾਵ) 30 ਦਿਨ, 30 ਰੋਜ਼ੇ/ਸਤਾਇੰਦਹਏ = ਤਾਰੀਫ਼ ਕਰਨ ਵਾਲੇ/ਬਾਰਗਾਹ+ਅਸ਼ = ਉਨ੍ਹਾਂ ਦੇ ਦਰਬਾਰ/ਈਸ਼ਰ = ਸ਼ਿਵ/ਅ਼ਰਸ਼ = ਨੌਂ ਅਕਾਸ਼ਾਂ ਵਿੱਚੋਂ ਇੱਕ ਅਕਾਸ਼ ਦਾ ਨਾਮ/ਕੁਰਸੀ = ਅਕਾਸ਼ ਦਾ ਨਾਮ/ਖ਼ਾਹਿੰਦ-ਹਏ=ਚਾਹੁਣ ਵਾਲੇ/ਪਨਾਹ + ਅਸ਼ = ਉਨ੍ਹਾਂ ਦੀ ਪਨਾਹ, ਸ਼ਰਣ।

**ਅਰਥ** = **(ੳ)** ਲੱਖਾਂ ਹੀ ਦਸ ਅਵਤਾਰ ਅਤੇ ਤਿੰਨ ਦੇਵਤੇ ਤੇ ਤੀਹ ਰੋਜ਼ੇ ਰੱਖਣ ਵਾਲੇ (ਪੱਕੇ ਮੁਸਲਮਾਨ) ਉਨ੍ਹਾਂ ਦੇ ਦਰਬਾਰ ਨੂੰ ਸਲਾਹੁਣ ਵਾਲੇ ਹਨ।

**(ਅ)** ਲੱਖਾਂ ਹੀ ਈਸ਼ਰ ਅਤੇ ਬ੍ਰਹਮਾਂ ਤੇ ਅ਼ਰਸ਼ ਦੇ ਵਾਸੀ ਅਤੇ ਕੁਰਸ ਦੇ ਵਾਸੀ ਉਨ੍ਹਾਂ ਦੀ ਪਨਾਹ, ਸ਼ਰਣ ਨੂੰ ਚਾਹੁਣ ਵਾਲੇ ਹਨ।

**(ੳ) ਵ ਸਦ ਹਜ਼ਾਰਾਂ, ਆਸਮਾਨ ਵ ਜ਼ਮੀਨ ;**
**ਹ਼ਲਕ਼ਹ ਬ-ਗੋਸ਼ੇ ਆਂ-ਨਸਤ ;**



Sri Satguru Jagjit Singh Ji eLibrary NamdhariElibrary@gmail.com

**(ਅ) ਵ ਸਦ ਹਜ਼ਾਰਾਂ, ਆਫ਼ਤਾਬ ਵ ਮਾਹ ;**

**ਖ਼ਿਲਅਤ ਪੋਸ਼ੇ ਆਂ-ਨਸਤ ॥**

(**ਉਚਾਰਨ** = ਖ਼ਿਲ-ਅਤ ਇਕੱਠਾ ਬੋਲੋ)

**ਪਦ ਅਰਥ** = ਹਲਕਹ = ਕੁੰਡਲ/ਬ-ਗੋਸ਼ੇ=ਕੰਨਾਂ ਦੇ/ਆਂਨ=ਉਹ/ਅਸਤ=ਹੈ/ ਆਫ਼ਤਾਬ = ਸੂਰਜ /ਮਾਹ = ਚੰਦਰਮਾ/ਖ਼ਿਲਅਤ = ਇਨਾਮੀ ਕੱਪੜਾ, ਸਿਰੋਪਾ/ਪੋਸ਼ੇ=ਪਵਾਉਣ ਵਾਲੇ/

**ਅਰਥ** = (**ੳ**) ਲੱਖਾਂ ਹੀ ਅਸਮਾਨ ਤੇ ਜ਼ਮੀਨਾਂ; ਉਨ੍ਹਾਂ ਦੇ ਕੰਨਾਂ ਦੇ ਕੁੰਡਲ (ਭਾਵ) ਦਾਸ ਹਨ।

(**ਅ**) ਅਤੇ ਲੱਖਾਂ ਹੀ ਸੂਰਜ ਤੇ ਚੰਦਰਮੇ ਉਨ੍ਹਾਂ ਤੋਂ ਸਿਰੋਪਾਉ ਪਵਾਉਣ ਵਾਲੇ (ਅਥਵਾ) = ਪ੍ਰਾਪਤ ਕਰਨ ਵਾਲੇ ਹਨ।

**(ੳ) ਸਦ ਹਜ਼ਾਰਾਂ, ਅ਼ਰਸ਼ ਵ ਕੁਰਸੀ;**

**ਦਾਗ਼ਦਾਰ ਵ ਗ਼ੁਲਾਮੇ ਨਾਮਸ਼ ;**

**(ਅ) ਵ ਸਦ ਹਜ਼ਾਰਾਂ, ਰਾਮ ਵ ਰਾਜਾ;**

**ਵ ਕਾਨ੍ਹ ਵ ਕ੍ਰਿਸ਼ਨ, ਖ਼ਾਕਿ ਬੋਸੇ ਅਕ਼-ਦਾਮਸ਼ ॥**

**ਪਦ ਅਰਥ** = ਦਾਗ਼ਦਾਰ = ਜਿਸ ਵਿੱਚ ਦਾਗ਼ ਹੋਵੇ/ਵ = ਅਤੇ/ਗ਼ੁਲਾਮੇ = ਨੌਕਰ /ਨਾਮ+ਅਸ਼=ਉਨ੍ਹਾਂ ਦੇ ਨਾਮ ਦੇ/ਕਾਨ੍ਹ=ਸ੍ਰੀ ਕ੍ਰਿਸ਼ਨ ਜੀ ਦਾ ਉਪਨਾਮ / ਖ਼ਾਕਿ = ਧੂੜੀ/ਬੋਸੇ = ਚੁੰਮਣ ਵਾਲੇ/ਅਕ਼ਦਾਮਸ਼ = ਅੱਗੇ ਵੱਧ ਕਰਕੇ, ਪਹਿਲ ਕਰਕੇ (ਅਸ਼)=ਉਨ੍ਹਾਂ ਦੀ /

**ਅਰਥ** = (**ੳ**) ਲੱਖਾਂ ਹੀ ਅ਼ਰਸ਼ ਅਤੇ ਕੁਰਸ ਦੇ ਵਾਸੀ; ਉਨ੍ਹਾਂ ਦੇ ਨਾਉਂ ਦੇ ਦਾਗ਼ੇ ਹੋਏ, ਉਨ੍ਹਾਂ ਦੇ ਦਾਸ ਹਨ।

**ਅਰਥਾਤ** = ਉਨ੍ਹਾਂ ਦਾ ਨਾਮ ਅ਼ਰਸ਼, ਕੁਰਸ ਅਕਾਸ਼ਾਂ (ਅਥਵਾ) : ਨੌਵਾਂ ਅਕਾਸ਼ਾਂ ਤੇ ਕ਼ਾਇਮ ਹੈ।

(**ਅ**) ਅਤੇ ਲੱਖਾਂ ਹੀ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਤੇ ਹੋਰ ਬੇਅੰਤ ਚੱਕਰਵਰਤੀ ਰਾਜੇ, ਅੱਗੇ ਵੱਧ ਕਰਕੇ; ਉਨ੍ਹਾਂ ਦੇ ਚਰਨਾਂ ਦੀ ਧੂੜੀ ਨੂੰ, ਚੁੰਮਣ ਵਾਲੇ ਹਨ।

**(ੳ) ਸਦ ਹਜ਼ਾਰਾਂ; ਮੁਕ਼ਬਿਲੇ ਖ਼ਾਸੇ ਹ਼ਮਦੀਯਤ, ਸਤਾਇਸ਼-ਗਰਸ਼ ;**

**(ਅ) ਵ ਸਦ ਹਜ਼ਾਰਾਂ, ਨਦੀਮ ਬਾਰਗਾਹੇ ਅਹ਼ਦੀਯਤ;**

**ਚਾਕਰੇ ਫ਼ਰਮਾਂ-ਬਰਸ਼ ॥**

**ਪਦ ਅਰਥ** = ਸਦ ਹਜ਼ਾਰਾਂ = ਲੱਖਾਂ/ਮੁਕ਼ਬਿਲੇ = ਕ਼ਬੂਲ ਹੋਏ/ਖ਼ਾਸੇ = ਖ਼ਾਸ ਲੋਕ/



Sri Satguru Jagjit Singh Ji eLibrary NamdhariElibrary@gmail.com

ਹ਼ਮਦੀਯਤ = ਅੱਲਾ ਦੀ ਤਾਰੀਫ਼ ਕਰਨ ਵਾਲੇ/ਸਤਾਇਸ਼+ਗਰਸ਼ = (ਅਸ਼) = ਉਨ੍ਹਾਂ ਦੀ (ਸਤਾਇ)=ਤਾਰੀਫ਼ (ਗਰ) = ਕਰਨ ਵਾਲੇ (ਅਸ਼) = ਕ੍ਰਿਆ ਵਿਸ਼ੇਸ਼ਨ/ਵ = ਅਤੇ/ਨਦੀਮ = ਸਾਥੀ/ਬਾਰਗਾਹੇ =ਦਰਬਾਰ, ਦਰਗਾਹ/ਅਹ਼ਦੀਯਤ=ਰੱਬੀ/ ਚਾਕਰੇ=ਨੌਕਰ/ ਫ਼ਰਮਾਨ = ਹੁਕਮ ਨੂੰ (ਬਰ) = ਮੰਨਣ ਵਾਲੇ (ਅਸ਼) = ਉਸਦੇ/

**ਅਰਥ** = (**ੳ**) ਲੱਖਾਂ ਕ਼ਬੂਲ ਹੋਏ ਖ਼ਾਸ ਲੋਕ; ਅੱਲਾ ਦੀ ਤਾਰੀਫ਼ ਕਰਨ ਵਾਲੇ; ਉਨ੍ਹਾਂ ਦੀ ਸਿਫ਼ਤ-ਸਲਾਹ ਕਰਨ ਵਾਲੇ ਹਨ।

(**ਅ**) ਅਤੇ ਰੱਬੀ ਦਰਗਾਹ ਦੇ ਲੱਖਾਂ ਸਾਥੀ (ਅਥਵਾ) = ਮੁਸਾਹਿਬ, ਉਨ੍ਹਾਂ ਦੇ ਹੁਕਮ ਨੂੰ ਮੰਨਣ ਵਾਲੇ ਚਾਕਰ ਹਨ।

**(ੳ) ਵ ਸਦ ਹਜ਼ਾਰਾਂ, ਇੰਦਰ ਵ ਮਾਰੇ ; ਹਜ਼ਾਰ ਜ਼ਬਾਨਸ਼ ॥**

**(ਅ) ਸਦ ਹਜ਼ਾਰਾਂ, ਈਸ਼ਰ ਵ ਬ੍ਰਹਮਾਂ; ਅ਼ਕ਼ੀਦਤ ਪਯੋਹਸ਼ ॥**

(**ਉਚਾਰਨ** = ਪਿਓਹਸ਼ ਬੋਲੋ)

**ਪਦ ਅਰਥ** = ਮਾਰੇ = ਸੱਪ / ਜ਼ਬਾਨ+ਅਸ਼ = ਜ਼ਬਾਨਾਂ (ਅਸ਼) = ਉਨ੍ਹਾਂ ਦੀ/ ਅ਼ਕ਼ੀਦਤ = ਸਰਧਾ / ਪਿਓਹ = ਹਨ/ਅਸ਼ = ਉਸ (ਵਾ)-ਉਨ੍ਹਾਂ /

**ਅਰਥ** = (**ੳ**) ਲੱਖਾਂ ਹੀ ਇੰਦਰ ਤੇ ਹਜ਼ਾਰਾਂ ਜ਼ਬਾਨਾਂ ਵਾਲੇ ਸੱਪ (ਸ਼ੇਸ਼ਨਾਗ) ਵੀ; ਉਨ੍ਹਾਂ ਦੀ ਸਿਫ਼ਤ ਕਰਨ ਵਾਲੇ ਹਨ।

(**ਅ**) ਲੱਖਾਂ ਹੀ ਈਸ਼ਵਰ (ਸ਼ਿਵ) ਤੇ ਬ੍ਰਹਮਾਂ ; ਉਨ੍ਹਾਂ ਤੇ ਸਰਧਾ ਰੱਖਣ ਵਾਲੇ ਹੈ।

**(ੳ) ਵ ਸਦ ਹਜ਼ਾਰਾਂ, ਉੱਮੇ ਕੁ਼ਦਸੀ ; ਦਰ ਖ਼ਿਦਮਤਸ਼ ॥**

**(ਅ) ਵ ਸਦ ਹਜ਼ਾਰਾਂ, ਕ਼ਦਰ ਵ ਕੁ਼ਦਰਤ ; ਪਜ਼ੀਰਸ਼-ਗਰੇ ਤ਼ਾਅ਼ਤਸ਼ ॥**

(**ਉਚਾਰਨ** = ਖ਼ਿਦਮਤੱਸ਼ ਅਤੇ ਤ਼ਾ-ਅ਼ਤੱਸ਼ ਇਕੱਠਾ ਬੋਲੋ)

**ਪਦ ਅਰਥ** = ਉੱਮੇ=ਮਾਤਾ, ਦੇਵੀਆਂ/ਕੁ਼ਦਸੀ = ਪਵਿੱਤਰ/ਦਰ = ਵਿੱਚ/ਖ਼ਿਦਮਤ -ਅਸ਼ = ਉਨ੍ਹਾਂ ਦੀ ਸੇਵਾ/ਕ਼ਦਰ = ਮਰਤਬਿਆਂ ਵਾਲੇ/ਕੁ਼ਦਰਤ = ਤਾਕਤ ਵਾਲੇ/ਪਜ਼ੀਰ = ਕ਼ਬੂਲ (ਗਰੇ) = ਕਰਨ ਵਾਲੇ (ਅਸ਼) = ਕ੍ਰਿਆ ਵਿਸ਼ੇਸ਼ਨ/ਤ਼ਾਅ਼ਤ+ਅਸ਼ = ਉਨ੍ਹਾਂ ਦੀ ਬੰਦਗੀ /

**ਅਰਥ** = (**ੳ**) ਲੱਖਾਂ ਹੀ ਪਵਿੱਤ੍ਰ ਦੇਵੀਆਂ; ਉਨ੍ਹਾਂ ਦੀ ਟਹਿਲ ਵਿੱਚ ਹਨ।

(**ਅ**) ਲੱਖਾਂ ਹੀ ਮਰਤਬਿਆਂ ਵਾਲੇ ਅਤੇ ਤਾਕਤਾਂ ਵਾਲੇ; ਉਨ੍ਹਾਂ ਦੀ ਬੰਦਗੀ ਨੂੰ ਕ਼ਬੂਲ ਕਰਨ ਵਾਲੇ ਹਨ।

**ਅਰਥਾਤ** = ਬੰਦਗੀ, ਇਬਾਦਤ ਕਰਨ ਵਾਲੇ ਹਨ।



Sri Satguru Jagjit Singh Ji eLibrary NamdhariElibrary@gmail.com

**ਵਾਹਿਗੁਰੂ ਜੀਉ ਸੱਤਿ**

**ਅਰਥ = ਅਕਾਲ ਪੁਰਖ ਜੀ (ਦਾ ਨਾਮ) ਸੱਚਾ ਹੈ।**

**(ੳ) ਨਾਸਿਰੋ ਮਨਸੂਰ ; ਗੁਰ ਗੋਬਿੰਦ ਸਿੰਘ ॥**

**(ਅ) ਏਜ਼ਦੀ ਮਨਜ਼ੂਰ ; ਗੁਰ ਗੋਬਿੰਦ ਸਿੰਘ ॥੧੦੫॥**

**ਪਦ ਅਰਥ** = ਨਾਸਿਰੋ = ਮਦਦ ਕਰਨ ਵਾਲਾ / ਮਨਸੂਰ = ਜਿਸ ਦੀ ਮਦਦ ਹੋਵੇ/ ਏਜ਼ਦੀ = ਰੱਬ/ਮਨਜ਼ੂਰ = ਪ੍ਰਮਾਣਨੀਕ, ਕ਼ਬੂਲ ਕੀਤਾ ਹੋਇਆ।

**ਅਰਥ** = (ੳ) ਮਦਦ ਕਰਨ ਵਾਲੇ ਵੀ ਅਤੇ ਮਦਦ ਕਰਵਾਉਣ ਵਾਲੇ ਵੀ, ਆਪ ਹੀ ਹਨ ਗੁਰੂ ਗੋਬਿੰਦ ਸਿੰਘ ਜੀ

(ਅ) ਰੱਬ ਵੱਲੋਂ ਪ੍ਰਮਾਣਨੀਕ ਹਨ ਗੁਰੂ ਗੋਬਿੰਦ ਸਿੰਘ ॥

**(ੳ) ਹ਼ੱਕ਼ ਰਾ ਗੰਜੂਰ ; ਗੁਰ ਗੋਬਿੰਦ ਸਿੰਘ ॥**

**(ਅ) ਜੁਮਲਹ ਫ਼ੈਜ਼ੇ ਨੂਰ ; ਗੁਰ ਗੋਬਿੰਦ ਸਿੰਘ ॥੧੦੬॥**

**ਪਦ ਅਰਥ** = ਹ਼ੱਕ਼ = ਰੱਬ/ਰਾ = ਦਾ / ਗੰਜੂਰ = ਖ਼ਜਾਨਚੀ / ਜੁਮਲਹ = ਤਮਾਮ/ ਫ਼ੇਜ਼ੈ = ਮਿਹਰਾਂ/

**ਅਰਥ** = (ੳ) ਰੱਬ ਦੇ ਖ਼ਜਾਨਚੀ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਤਮਾਮ ਮਿਹਰਾਂ ਦੇ ਨੂਰ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਹ਼ੱਕ਼ ਹ਼ੱਕ਼ ਆਗਾਹ ; ਗੁਰ ਗੋਬਿੰਦ ਸਿੰਘ ॥**

**(ਅ) ਸ਼ਾਹੇ ਸ਼ਾਹਨਸ਼ਾਹ ; ਗੁਰ ਗੋਬਿੰਦ ਸਿੰਘ ॥੧੦੭॥**

**ਪਦ ਅਰਥ** = ਹ਼ੱਕ਼ = ਸੱਚੇ/ਹ਼ੱਕ਼ = ਰੱਬ/ਆਗਾਹ = ਜਾਨਣ ਵਾਲੇ

**ਅਰਥ** = (ੳ) ਸੱਚੇ ਰੱਬ ਨੂੰ ਜਾਨਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ

(ਅ) ਬਾਦਸ਼ਾਹਾਂ ਦੇ ਬਾਦਸ਼ਾਹ ਹਨ ਗੁਰੂ ਗੋਬਿੰਦ ਸਿੰਘ ਜੀ

**(ੳ) ਬਰ ਦੋ ਆ਼ਲਮ ਸ਼ਾਹ ; ਗੁਰ ਗੋਬਿੰਦ ਸਿੰਘ ॥**

**(ਅ) ਖ਼ਸਮ ਰਾ ਜਾਂ-ਕਾਹ ; ਗੁਰ ਗੋਬਿੰਦ ਸਿੰਘ ॥੧੦੮॥**

**ਪਦ ਅਰਥ** = ਬਰ = ਉੱਪਰ / ਆ਼ਲਮ = ਜਹਾਨਾਂ/ਸ਼ਾਹ = ਬਾਦਸ਼ਾਹ / ਖ਼ਸਮ = ਦੁਸ਼ਮਨਾਂ (ਨੋਟ= ਅ਼ਰਬੀ ਅਨੁਸਾਰ ਖ਼ਸਮ ਦਾ ਅਰਥ "ਦੁਸ਼ਮਨ" ਬਣਦਾ ਹੈ। ਅਤੇ ਆਮ ਪੰਜਾਬੀ ਅਨੁਸਾਰ "ਮਾਲਿਕ" ਅਰਥ ਬਣਦਾ ਹੈ ਜੇਕਰ ਪਾਠ ਖ਼ਸ਼ਮ ਹੋਵੇ ਤਾਂ ਅਰਥ "ਗੁੱਸਾ" ਬਣ ਜਾਂਦਾ ਹੈ)/ਜਾਂ = ਜਾਨ ਨੂੰ ਕਾਹ = ਘਟਾਉਣ ਵਾਲੇ, (ਵਾ) = ਜਾਨ ਨੂੰ ਕਾਹ = ਘਾਹ ਸਮਝਣ ਵਾਲੇ।



Sri Satguru Jagjit Singh Ji eLibrary NamdhariElibrary@gmail.com

**ਅਰਥ** =(ੳ) ਦੋਹਾਂ ਜਹਾਨਾਂ ਉੱਪਰ ਬਾਦਸ਼ਾਹ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) **ਪਹਿਲਾ ਅਰਥ** = ਦੁਸ਼ਮਨਾਂ ਦੀ ਜਾਨ ਨੂੰ ਘਟਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**ਦੂਸਰਾ ਅਰਥ**= ਦੁਸ਼ਮਨਾਂ ਦੀ ਜਾਨ ਨੂੰ, ਘਾਹ ਦੇ ਤੁੱਲ ਸਮਝਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**ਅਰਥਾਤ** = ਦੁਸ਼ਮਨਾਂ ਨੂੰ ਮਾਰਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ

**ਤੀਸਰਾ ਅਰਥ**=ਜਾਨ ਘਟਾਉਣ ਵਾਲੇ (ਧਰਮਰਾਜੇ ਦੇ) ਵੀ ਮਾਲਿਕ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਫ਼ਾਇ-ਜ਼ੁਲ - ਅਨਵਾਰ ; ਗੁਰ ਗੋਬਿੰਦ ਸਿੰਘ ॥**

**(ਅ) ਕਾਸ਼ਿਫ਼ ਉਲ ਅਸਰਾਰ ; ਗੁਰ ਗੋਬਿੰਦ ਸਿੰਘ ਜੀ ॥੧੦੯॥**

(**ਉਚਾਰਨ** = ਕਾਸ਼ਿ-ਫੁੱਲ-ਅਸਰਾਰ ਬੋਲੋ)

**ਪਦ ਅਰਥ** = ਫ਼ਾਇਜ਼ = ਕਿਰਪਾ/ਉਲ = ਕ੍ਰਿਆ ਵਿਸ਼ੇਸ਼ਨ/ਅਨਵਾਰ=ਨੂਰ/ ਕਾਸ਼ਿਫ਼ = ਖੋਲ੍ਹਣ ਵਾਲਾ / ਉਲ = ਕ੍ਰਿਆ ਵਿਸ਼ੇਸ਼ਨ/ਅਸਰਾਰ = ਭੇਤਾਂ /

**ਅਰਥ** = (ੳ) **ਪਹਿਲਾ ਅਰਥ** = ਕਿਰਪਾ ਕਰਨ ਵਾਲੇ ਨੂਰ ਹਨ ਗੁਰੂ ਗੋਬਿੰਦ ਸਿੰਘ ਜੀ।

**ਦੂਸਰਾ ਅਰਥ**= (ਆਪਣੇ ਪਿਆਰਿਆਂ ਨੂੰ) ਨੂਰਾਂ ਦਾ ਫ਼ੈਜ਼ (ਅਥਵਾ)= ਨੂਰਾਂ ਦੀ ਕਿਰਪਾ ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਗੁਪਤ ਭੇਤਾਂ ਨੂੰ ਖੋਲ੍ਹਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

## ਤੌਸੀਫ਼ ਗੋਯਸ਼

(**ਉਚਾਰਨ** = ਗੋਇਸ਼ ਬੋਲੋ)

**ਪਦ ਅਰਥ** = ਤੌਸੀਫ਼ = ਉਸਤਤ/ਗੋਇ = ਕਹਿੰਦੇ ਹਨ/ਅਸ਼ = ਉਨ੍ਹਾਂ ਦੀ/ਨੋਟ = ਗੋਇਆ ਭਾਈ ਸਾਹਿਬ ਜੀ ਦਾ ਤਖੱਲਸ ਵੀ ਹੈ।

**ਅਰਥ** = ਭਾਈ ਨੰਦਲਾਲ ਜੀ ਕਲਗੀਧਰ ਜੀ ਦੀ ਉਸਤਤ ਕਹਿੰਦੇ ਹਨ (ਅਰਥਾਤ) = ਕਰਦੇ ਹਨ।

**(ੳ) ਆਲਮ - ਉਲ - ਅਸਤਾਰ ; ਗੁਰ ਗੋਬਿੰਦ ਸਿੰਘ।**

**(ਅ) ਅਬਰੇ ਰਹ਼ਮਤ ਬਾਰ ; ਗੁਰ ਗੋਬਿੰਦ ਸਿੰਘ ॥੧੧੦॥**



Sri Satguru Jagjit Singh Ji eLibrary NamdhariElibrary@gmail.com

(ਉਚਾਰਨ = ਆ਼ਲ-ਮੁੱਲ-ਅਸਤਾਰ ਬੋਲੋ)

**ਪਦ ਅਰਥ** = ਆ਼ਲਮ = ਸੰਸਾਰ/ਉਲ=ਕ੍ਰਿਆ ਵਿਸ਼ੇਸ਼ਨ/ਅਸਤਾਰ = ਛੁਪੀਆਂ ਗੱਲਾਂ, ਗੁਪਤ ਗੱਲਾਂ/ਅਬਰੇ = ਬੱਦਲਾਂ/ਰਹ਼ਮਤ = ਮਿਹਰਬਾਨੀਆਂ/ ਬਾਰ = ਵਰਸਾਉਣ ਵਾਲੇ/

**ਅਰਥ** = (ੳ) ਸੰਸਾਰ ਦੀਆਂ ਗੁਪਤ ਗੱਲਾਂ ਨੂੰ ਜਾਨਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਮਿਹਰਬਾਨੀਆਂ ਦੇ ਬੱਦਲਾਂ ਤੋਂ, ਮਿਹਰਬਾਨੀਆਂ ਵਰਸਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਮੁਕ਼ਬਿਲੋ ਮਕ਼ਬੂਲ ; ਗੁਰ ਗੋਬਿੰਦ ਸਿੰਘ ॥**

**(ਅ) ਵਾਸਿਲੋ ਮੌਸੂਲ ; ਗੁਰ ਗੋਬਿੰਦ ਸਿੰਘ ॥੧੧੧॥**

**ਪਦ ਅਰਥ** = ਮੁਕ਼ਬਿਲੋ = ਕ਼ਬੂਲ ਹੋਣ ਵਾਲਾ/ਮਕ਼ਬੂਲ = ਕ਼ਬੂਲ ਹੋਇਆ, ਕ਼ਬੂਲ ਹੋਏ/ਵਾਸਿਲੋ = ਮਿਲਾਪ ਹੋਣ ਵਾਲਾ, ਪਹੁੰਚਣ ਵਾਲਾ/ ਮੌਸੂਲ = ਮਿਲਾਪ ਹੋਇਆ, ਪਹੁੰਚਿਆ ਹੋਇਆ॥

**ਅਰਥ** = (ੳ) ਕ਼ਬੂਲ ਹੋਣ ਵਾਲਾ ਅਤੇ ਕ਼ਬੂਲ ਹੋਏ ਆਪ ਹੀ ਹਨ ਗੁਰੂ ਗੋਬਿੰਦ ਸਿੰਘ ਜੀ॥

(ਅ) ਰੱਬ ਤੱਕ ਪਹੁੰਚਣ ਵਾਲੇ ਅਤੇ ਰੱਬ ਤੱਕ ਪਹੁੰਚੇ ਹੋਏ ਆਪ ਹੀ ਹਨ ਗੁਰੂ ਗੋਬਿੰਦ ਸਿੰਘ ਜੀ॥

**(ੳ) ਜਾਂ ਫ਼ਰੋਜ਼ੇ ਦਹਰ ; ਗੁਰ ਗੋਬਿੰਦ ਸਿੰਘ ॥**

**(ਅ) ਫ਼ੈਜ਼ੇ ਹ਼ੱਕ਼ ਰਾ ਬਹਰ ; ਗੁਰ ਗੋਬਿੰਦ ਸਿੰਘ ॥੧੧੨॥**

**ਪਦ ਅਰਥ** = ਜਾਂ=ਜਾਨ/ਫ਼ਰੋਜ਼ੇ=ਰੋਸ਼ਨ ਕਰਨ ਵਾਲਾ/ਦਹਰ=ਸੰਸਾਰ, ਦੁਨੀਆਂ /ਫ਼ੈਜ਼ੇ = ਕਿਰਪਾ/ਹ਼ੱਕ਼=ਸਚਾਈ, ਰੱਬ/ਰਾ=ਦਾ/ਬਹਰ=ਸਮੁੰਦਰ/

**ਅਰਥ** = (ੳ) ਦੁਨੀਆਂ ਵਿੱਚ ਸਾਰੇ ਲੋਕਾਂ ਦੀ ਜਾਨ ਨੂੰ ਰੋਸ਼ਨ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ॥

(ਅ) ਸਚਾਈ ਅਤੇ ਕਿਰਪਾ ਦੇ ਸਮੁੰਦਰ ਹਨ (ਅਥਵਾ) = ਰੱਬੀ ਫ਼ੈਜ਼ ਦੇ ਸਮੁੰਦਰ ਹਨ ਗੁਰੂ ਗੋਬਿੰਦ ਸਿੰਘ ਜੀ॥

**(ੳ) ਹ਼ੱਕ਼ ਰਾ ਮਹ਼ਬੂਬ ; ਗੁਰ ਗੋਬਿੰਦ ਸਿੰਘ ॥**

**(ਅ) ਤ਼ਾਲਿਬੋ ਮਤ਼ਲੂਬ ; ਗੁਰ ਗੋਬਿੰਦ ਸਿੰਘ ॥੧੧੩॥**

**ਪਦ ਅਰਥ** = ਹ਼ੱਕ਼=ਰੱਬ/ਰਾ=ਦਾ/ਮਹ਼ਬੂਬ=ਪਿਆਰਾ/ਤ਼ਾਲਿਬੋ = ਚਾਹੁਣ ਵਾਲਾ/ ਮਤ਼ਲੂਬ=ਜਿਸ ਨੂੰ ਚਾਹਿਆ ਜਾਵੇ, ਚਾਹਿਆ ਗਿਆ, ਚਾਹੇ ਗਏ।



Sri Satguru Jagjit Singh Ji eLibrary NamdhariElibrary@gmail.com

ਅਰਥ = (ੳ) ਰੱਬ ਦੇ ਪਿਆਰੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) (ਰੱਬ ਨੂੰ) ਚਾਹੁਣ ਵਾਲੇ ਅਤੇ (ਰੱਬ ਦੇ ਪਿਆਰਿਆਂ ਦੇ) ਚਾਹੇ ਗਏ (ਆਪ ਹੀ) ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਤੇਗ਼ ਰਾ ਫ਼ੱਤਾਹ਼ ; ਗੁਰ ਗੋਬਿੰਦ ਸਿੰਘ ॥**

**(ਅ) ਜਾਨੋ ਦਿਲ ਰਾ ਰਾਹ ; ਗੁਰ ਗੋਬਿੰਦ ਸਿੰਘ ॥੧੧੪॥**

ਪਦ ਅਰਥ = ਤੇਗ਼=ਤਲਵਾਰ/ਰਾ=ਦਾ, ਨੂੰ/ਫ਼ੱਤਾਹ਼=ਖੋਲ੍ਹਣ ਵਾਲੇ, ਲਹਰਾਉਣ ਵਾਲੇ, ਬਲੰਦ ਕਰਨ ਵਾਲੇ/ਜਾਨੋ=ਜਾਨ/ ਰਾ = ਦਾ, ਨੂੰ/ਰਾਹ = ਰਸਤਾ, ਰਾਹਤ, ਸੁੱਖ

ਅਰਥ = (ੳ) ਤਲਵਾਰ ਨੂੰ ਜੰਗ ਦੇ ਮੈਦਾਨ ਵਿੱਚ ਲਹਿਰਾਉਣ ਵਾਲੇ ਵਿਜਈ ਜੋਧੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਜਾਨ ਤੇ ਦਿਲ ਨੂੰ ਨੇਕੀ ਦਾ ਰਸਤਾ ਦਿਖਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

ਦੂਸਰਾ ਅਰਥ= ਆਪਣੇ ਪਿਆਰਿਆਂ ਦੀ ਜਾਨ ਤੇ ਦਿਲ ਨੂੰ ਸੁੱਖ ਦੇਣ ਵਾਲੇ ਹਨ। ਗੁਰੂ ਗੋਬਿੰਦ ਸਿੰਘ ਜੀ।

**(ੳ) ਸਾਹ਼ਿਬੇ ਅਕਲੀਲ ; ਗੁਰ ਗੋਬਿੰਦ ਸਿੰਘ ॥**

**(ਅ) ਜ਼ਿੱਲੇ ਹ਼ੱਕ਼ ਤਜ਼-ਲੀਲ; ਗੁਰ ਗੋਬਿੰਦ ਸਿੰਘ ਜੀ ॥੧੧੫॥**

(ਉਚਾਰਨ = ਤਜ਼-ਲੀਲ ਇਕੱਠਾ ਬੋਲੋ)

ਪਦ ਅਰਥ = ਸਾਹ਼ਿਬੇ = ਮਾਲਿਕ/ਅਕਲੀਲ=ਤਾਜ/ਜ਼ਿੱਲੇ=ਛਾਂ/ਹ਼ੱਕ਼=ਰੱਬ/ ਤਜ਼ਲੀਲ= ਛਾਉਣ ਵਾਲੇ।

ਅਰਥ = (ੳ) ਸਾਰਿਆਂ ਤਾਜਾਂ ਦੇ ਮਾਲਿਕ ਹਨ।

ਅਰਥਾਤ = ਸਾਰੀਆਂ ਬਾਦਿਸ਼ਾਹੀਆਂ ਦੇ ਮਾਲਿਕ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਰੱਬ ਦੀ ਛਾਂ ਛਾਉਣ ਵਾਲੇ ਹਨ।

ਅਰਥਾਤ = ਰੱਬੀ ਬਾਣੀ ਦਾ ਪ੍ਰਚਾਰ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ। ਰੱਬ ਦੀ ਛਾਂ = ਰੱਬੀ ਬਾਣੀ ਹੈ ਜਿਸ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਸਾਹਿਬ ਕੀਤਾ ਅਤੇ ਬਾਬਾ ਦੀਪ ਸਿੰਘ ਜੀ ਤੇ ਭਾਈ ਮਨੀ ਸਿੰਘ ਜੀ ਦੀਆਂ ਦੋ ਅਰਥਾਂ ਦੀਆਂ ਟਕਸਾਲਾਂ ਕ਼ਾਇਮ ਕੀਤੀਆਂ

ਕਈ ਵਿਦਵਾਨ ਰੱਬ ਦੀ ਛਾਂ ਦਾ ਅਰਥ ਮਾਇਆ ਵੀ ਕਰਦੇ ਹਨ।

ਯਥਾ = **ਮਾਇਆ ਛਾਇਆ ਏਕ ਸੀ ਵਿਰਲਾ ਬੂਝੈ ਕੋਇ ॥**



Sri Satguru Jagjit Singh Ji eLibrary NamdhariElibrary@gmail.com

ਕਿ ਰੱਬ ਦੀ ਛਾਇਆ ਮਾਇਆ ਹੈ। ਅਤੇ ਇਸ ਤੋਂ ਦੋ ਤੱਥ ਲੈਂਦੇ ਹਨ, ਛਾਇਆ ਝੂਠੀ ਹੁੰਦੀ ਹੈ ਇਸ ਲਈ ਮਾਇਆ ਝੂਠੀ ਹੈ। ਅਤੇ ਰੱਬ ਦੀ ਛਾਇਆ ਹੈ ਤੇ ਰੱਬ ਸੱਚਾ ਹੈ ਇਸ ਲਈ ਮਾਇਆ ਵੀ ਸੱਚੀ ਹੈ। ਸੋ ਇਸ ਤਰ੍ਹਾਂ ਕਈ ਵਿਦਵਾਨਾਂ ਨੇ ਰੱਬ ਦੀ ਛਾਂ ਦਾ ਅਰਥ ਮਾਇਆ ਵੀ ਕੀਤਾ ਹੈ

**ਦੂਸਰਾ ਅਰਥ**= ਮਾਇਕੀ ਪਦਾਰਥਾਂ ਦੀ ਬਣਾਵਟ, ਕਲਗ਼ੀ ਘੋੜੇ ਆਦਿਕ ਰਾਜਸੀ ਲਿਬਾਸ ਨੂੰ, ਛਾਉਣ ਵਾਲੇ (ਅਥਵਾ) = ਪਹਿਨਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**ਪ੍ਰਿੰਸੀਪਲ ਗੰਡਾ ਸਿੰਘ ਜੀ ਨੇ ਜ਼ਿੱਲੇ ਦਾ ਛਾਇਆ ਅਰਥ ਮੰਨ ਕੇ ਅਤੇ ਤਜ਼ਲੀਲ ਦਾ ਪਰਛਾਵਾਂ ਅਰਥ ਮੰਨ ਕਰਕੇ ; ਇਸ ਤਰ੍ਹਾਂ ਵੀ ਅਰਥ ਕੀਤਾ ਹੈ।**

**ਤੀਸਰਾ ਅਰਥ**=ਗੁਰੂ ਗੋਬਿੰਦ ਸਿੰਘ ਜੀ ਰੱਬ ਦੀ ਛਾਇਆ ਦੇ ਪਰਛਾਵੇਂ ਹਨ

**(ੳ) ਖ਼ਾਜ਼ਨੇ ਹਰ ਗੰਜ ; ਗੁਰ ਗੋਬਿੰਦ ਸਿੰਘ ॥**

**(ਅ) ਮਰ-ਹਮੇ ਹਰ ਰੰਜ ; ਗੁਰ ਗੋਬਿੰਦ ਸਿੰਘ ॥੧੧੬॥**

(**ਉਚਾਰਨ** = ਮਰ-ਹਮੇ ਇਕੱਠਾ ਬੋਲੋ)

**ਪਦ ਅਰਥ** = ਖ਼ਾਜ਼ਨੇ = ਖ਼ਜ਼ਾਨਚੀ/ਹਰ=ਹਰੇਕ/ਗੰਜ = ਖ਼ਜ਼ਾਨੇ/ਮਰਹਮੇ = ਮਲ੍ਹਮ /ਹਰ = ਹਰੇਕ/ਰੰਜ = ਦੁੱਖ /

**ਅਰਥ** = (ੳ) ਖ਼ਜ਼ਾਨਚੀ ਹਨ ਹਰੇਕ ਖ਼ਜ਼ਾਨੇ ਦੇ ਗੁਰੂ ਗੋਬਿੰਦ ਸਿੰਘ ਜੀ॥

**(ਅ)** ਮਲ੍ਹਮ ਹਨ ਹਰੇਕ ਪੀੜ੍ਹ ਦੀ ਗੁਰੂ ਗੋਬਿੰਦ ਸਿੰਘ ਜੀ॥

**(ੳ) ਦਾਵਰੇ ਆਫ਼ਾਕ਼ ; ਗੁਰ ਗੋਬਿੰਦ ਸਿੰਘ ॥**

**(ਅ) ਦਰ ਦੋ ਆ਼ਲਮ ਤ਼ਾਕ਼, ਗੁਰ ਗੋਬਿੰਦ ਸਿੰਘ ॥੧੧੭॥**

**ਪਦ ਅਰਥ** = ਦਾਵਰੇ = ਰੱਬ, ਬਾਦਸ਼ਾਹ/ਆਫ਼ਾਕ਼ = ਜਦੋਂ ਕੋਈ ਖੜਾ ਹੋ ਕੇ ਇੱਕ ਪਾਸੇ ਦੇਖੇ ਜਿੱਥੇ ਅਸਮਾਨ ਤੇ ਜ਼ਮੀਨ ਮਿਲਦੀ ਹੈ ਉਸ ਨੂੰ ਉਫ਼ੂ ਕਹਿੰਦੇ ਹਨ। ਜਦੋਂ ਚਾਰ ਚੁਫ਼ੇਰੇ ਦੇਖੇ ਤਾਂ ਸਾਰੇ ਪਾਸੇ ਜਿੱਥੇ ਅਸਮਾਨ ਤੇ ਜ਼ਮੀਨ ਮਿਲਦੀ ਦਿਖਾਈ ਦੇਵੇ ਉਸਨੂੰ ਆਫ਼ਾਕ ਕਹਿੰਦੇ ਹਨ। (ਭਾਵਾਰਥ) = ਜ਼ਮੀਨ ਤੇ ਆਸਮਾਨ (ਭਾਵ) = ਸਾਰੀ ਦੁਨੀਆਂ/ ਦਰ = ਵਿੱਚ/ਤ਼ਾਕ਼ = ਇੱਕ, ਅਦੁਤੀ, ਲਹਿੰਦੀ ਪੰਜਾਬੀ ਅਨੁਸਾਰ ਤ਼ਾਕ਼ ਦਾ ਅਰਥ=ਨਿਪੁੰਨ ਅਤੇ ਹੁਸ਼ਿਆਰ ਵੀ ਹੈ (ਨੋਟ=ਤ਼ਾਕ਼ ਪਾਠ ਸ਼ੁੱਧ ਹੈ ਕਿਉਂਕਿ ਤਾਕ ਦਾ ਅਰਥ ਅੰਗੂਰਾਂ ਦੀ ਵੇਲ ਹੁੰਦਾ ਹੈ।)/



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਜ਼ਮੀਨ ਅਤੇ ਆਸਮਾਨ (ਭਾਵ) = ਸਾਰੀ ਦੁਨੀਆਂ ਦੇ ਬਾਦਸ਼ਾਹ ਹਨ ਗੁਰੂ ਗੋਬਿੰਦ ਸਿੰਘ ਜੀ

(ਅ) ਦੋਹਾਂ ਜਹਾਨਾਂ ਵਿੱਚ ਇੱਕ ਅਦੁੱਤੀ ਹਨ ਗੁਰੂ ਗੋਬਿੰਦ ਸਿੰਘ ਜੀ।

**ਅਰਥਾਤ** = ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਹੋਰ ਦੁਨੀਆਂ ਵਿੱਚ ਕੋਈ ਵੀ ਨਹੀਂ ਹੈ।

**ਦੂਸਰਾ ਅਰਥ**= ਦੋਹਾਂ ਜਹਾਨਾਂ ਵਿੱਚ (ਵਿਚਰਨ ਵਾਸਤੇ) ਹੁਸ਼ਿਆਰ (ਵਾ) ਨਿਪੁੰਨ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਹੱਕ਼ ਖ਼ੁਦ ਵੱਸਾਫ਼ੇ, ਗੁਰ ਗੋਬਿੰਦ ਸਿੰਘ ॥**

**(ਅ) ਬਰ-ਤਰੀਂ ਔਸਾਫ਼ੇ ; ਗੁਰ ਗੋਬਿੰਦ ਸਿੰਘ ॥੧੧੮॥**

**ਪਦ ਅਰਥ** = ਹੱਕ਼=ਰੱਬ/ਖ਼ੁਦ=ਆਪ/ਵੱਸਾਫ਼ੇ = ਸਿਫ਼ਤ ਕਰਨ ਵਾਲੇ/ਬਰਤਰੀਨ = ਉੱਚੀਆਂ/ਔਸਾਫ਼ੇ = ਸਿਫਤਾਂ /

**ਅਰਥ** = (ੳ) ਰੱਬ ਆਪ ਸਿਫ਼ਤ ਕਰਨ ਵਾਲਾ ਹੈ ਗੁਰੂ ਗੋਬਿੰਦ ਸਿੰਘ ਜੀ ਦੀ।

(ਅ) ਅਤੇ ਉੱਚੀਆਂ ਸਿਫ਼ਤਾਂ ਹਨ ਗੁਰੂ ਗੋਬਿੰਦ ਸਿੰਘ ਜੀ ਦੀਆਂ

**(ੳ) ਖ਼ਾਸ-ਗਾਂ ਦਰ ਪਾਏ ; ਗੁਰ ਗੋਬਿੰਦ ਸਿੰਘ ॥**

**(ਅ) ਕ਼ੁਦਸੀਆਂ ਬਾ-ਰਾਏ ; ਗੁਰ ਗੋਬਿੰਦ ਸਿੰਘ ॥੧੧੯॥**

**ਪਦ ਅਰਥ** = ਖ਼ਾਸਗਾਨ = ਖ਼ਾਸ ਲੋਕ/ਦਰ=ਵਿੱਚ/ਪਾਏ = ਪੈਰਾਂ/ਕ਼ੁਦਸੀਆਂ = ਪਵਿੱਤ੍ਰ /ਬਾ =ਨਾਲ/ਰਾਏ = ਸਲਾਹ (ਨੋਟ = ਦੂਸਰਾ ਪਾਠ ਇਕੱਠਾ ਬਾਰਾਏ ਵੀ ਹੈ ਅਰਥ "ਵਾਸਤੇ" ਹੈ)

**ਅਰਥ** = (ੳ) (ਰੱਬੀ ਦਰਗਾਹ ਦੇ) ਖ਼ਾਸ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਹਨ।

(ਅ) (ਰੱਬੀ ਦਰਗਾਹ ਦੇ) ਪਵਿੱਤ੍ਰ ਲੋਕਾਂ ਦੇ ਨਾਲ ਸਲਾਹ ਹੈ ਗੁਰੂ ਗੋਬਿੰਦ ਸਿੰਘ ਜੀ ਦੀ

**ਦੂਸਰਾ ਅਰਥ**= ਪਵਿੱਤ੍ਰ ਲੋਕਾਂ ਦੀ ਇੱਜ਼ਤ, ਆਬਰੂ ਵਾਸਤੇ ਪੈਦਾ ਹੋਏ ਹਨ ਗੁਰੂ ਗੋਬਿੰਦ ਸਿੰਘ ਜੀ

**(ੳ) ਮੁਕ਼ਬਿਲਾਂ ਮੱਦਾਹ ; ਗੁਰ ਗੋਬਿੰਦ ਸਿੰਘ ॥**

**(ਅ) ਜਾਨੋ ਦਿਲ ਰਾ ਰਾਹ ; ਗੁਰ ਗੋਬਿੰਦ ਸਿੰਘ ॥੧੨੦॥**

(**ਉਚਾਰਨ** = ਮੁਕ਼-ਬਿਲਾਂ ਇਕੱਠਾ ਬੋਲੋ)



Sri Satguru Jagjit Singh Ji eLibrary NamdhariElibrary@gmail.com

ਪਦ ਅਰਥ = ਮੁਕ਼ਬਿਲਾਂ = ਕ਼ਬੂਲ ਹੋਏ/ਮੱਦਾਹ਼ = ਸਲਾਹੁਣੇ ਵਾਲੇ, ਤਾਰੀਫ਼ ਕਰਨ ਵਾਲੇ /ਰਾ = ਨੂੰ/ਰਾਹ = ਰਸਤਾ, ਰਾਹਤ, ਸੁੱਖ /

ਅਰਥ = (ੳ) ਕ਼ਬੂਲ ਹੋਏ ਲੋਕ ਸਲਾਹੁਣੇ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ ਨੂੰ।

(ਅ) ਦਿਲ ਤੇ ਜਾਨ ਨੂੰ ਨੇਕੀ ਦਾ ਰਸਤਾ ਦਿਖਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

ਦੂਸਰਾ ਅਰਥ= ਆਪਣੇ ਪਿਆਰਿਆਂ ਦੀ ਜਾਨ ਤੇ ਦਿਲ ਨੂੰ ਸੁਖ ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਲਾ-ਮਕਾਂ ਪਾ-ਬੋਸਿ, ਗੁਰ ਗੋਬਿੰਦ ਸਿੰਘ॥**

**(ਅ) ਬਰ ਦੋ ਆ਼ਲਮ ਕੋਸਿ ; ਗੁਰ ਗੋਬਿੰਦ ਸਿੰਘ॥੧੨੧॥**

ਪਦ ਅਰਥ = ਲਾ-ਮਕਾਨ=ਜਿਸ ਦਾ ਘਰ ਨਹੀਂ, ਘਰ ਤੋਂ ਬਿਨਾਂ (ਭਾਵ) = ਰੱਬ/ ਪਾ=ਚਰਨ/ਬੋਸਿ=ਚੁੰਮਦਾ/ਆ਼ਲਮ=ਜਹਾਨ/ਕੋਸਿ = ਨਗਾਰਾ/

(ੳ) ਰੱਬ ਵੀ ਪੈਰ ਚੁੰਮਦਾ ਹੈ ਗੁਰੂ ਗੋਬਿੰਦ ਸਿੰਘ ਜੀ ਦੇ।

(ਅ) ਦੋਹਾਂ ਜਹਾਨਾਂ ਉੱਪਰ ਨਗਾਰਾ ਵੱਜਦਾ ਹੈ ਗੁਰੂ ਗੋਬਿੰਦ ਸਿੰਘ ਜੀ ਦਾ।

**(ੳ) ਸੁਲਸ ਹਮ ਮਹ਼ਕੂਮਿ, ਗੁਰ ਗੋਬਿੰਦ ਸਿੰਘ॥**

**(ਅ) ਰੁਬਅ਼ ਹਮ ਮਖ਼ਤੂਮਿ, ਗੁਰ ਗੋਬਿੰਦ ਸਿੰਘ॥੧੨੨॥**

(ਉਚਾਰਨ = ਰੁੱਬਾ ਬੋਲੋ ਅਤੇ ਫ਼ਾਰਸੀ ਦੇ ਕਈ ਵਿਦਵਾਨ ਰੁੱਬਅ਼ ਵੀ ਉਚਾਰਨ ਕਰ ਲੈਂਦੇ ਹਨ।)

ਪਦ ਅਰਥ = ਸੁਲਸ=ਤਿੰਨ/ਹਮ=ਭੀ/ਮਹ਼ਕੂਮਿ=ਪਰਜਾ, ਤਾਬਿਆਦਾਰ, ਆਗਿਆਕਾਰ / ਰੁਬਅ਼ = ਚਾਰ/ਹਮ=ਭੀ/ਮਖ਼ਤੂਮਿ = ਮੋਹਰ /

ਅਰਥ = (ੳ) ਤਿੰਨ ਦੇਵਤੇ ਵੀ ਤਾਬਿਆਦਾਰ ਹਨ। ਗੁਰੂ ਗੋਬਿੰਦ ਸਿੰਘ ਜੀ ਦੇ।

(ਅ) ਚਾਰ ਵੇਦਾਂ ਉੱਪਰ ਵੀ ਮੋਹਰ ਹੈ ਗੁਰੂ ਗੋਬਿੰਦ ਸਿੰਘ ਜੀ ਦੀ।

**(ੳ) ਸੁਦਸ ਹ਼ਲਕ਼ਹ ਬ-ਗੋਸ਼ਿ ; ਗੁਰ ਗੋਬਿੰਦ ਸਿੰਘ॥**

**(ਅ) ਦੁਸ਼ਮਨ ਅਫ਼ਗਨ ਜੋਸ਼ਿ ; ਗੁਰ ਗੋਬਿੰਦ ਸਿੰਘ॥੧੨੩॥**

ਪਦ ਅਰਥ = ਸੁਦਸ=ਛੇ/ਹ਼ਲਕ਼ਹ = ਕੁੰਡਲ/ਬ-ਗੋਸ਼ਿ = ਕੰਨਾਂ/ਦੁਸ਼ਮਨ = ਵੈਰੀਆਂ ਨੂੰ/ਅਫ਼ਗਨ = ਪਛਾੜਣੇ ਵਾਲਾ, ਪਟਕਾਉਣ ਵਾਲਾ।



Sri Satguru Jagjit Singh Ji eLibrary NamdhariElibrary@gmail.com

**ਅਰਥ** = (ੳ) ਛੇ ਸਾਸਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ ਕੰਨਾਂ ਦੇ ਕੁੰਡਲ ਹਨ।

**ਅਰਥਾਤ** = ਛੇ ਸ਼ਾਸਤ੍ਰ ਵੀ ਗੁਰੂ ਜੀ ਦੇ ਦਾਸ ਹਨ।

(**ਅ**) ਗੁਰੂ ਗੋਬਿੰਦ ਸਿੰਘ ਜੀ ਦਾ ਜੋਸ਼ (ਅਥਵਾ) = ਬੀਰ ਰਸ ਦੁਸ਼ਮਨਾਂ ਨੂੰ ਗਿਰੌਣ ਵਾਲਾ ਹੈ।

**(ੳ) ਖ਼ਾਲਿਸੋ ਬੇ-ਕੀਨਹ ; ਗੁਰ ਗੋਬਿੰਦ ਸਿੰਘ।**

**(ਅ) ਹ਼ੱਕ਼ ਹ਼ੱਕ਼ ਆਈਨਹ ; ਗੁਰ ਗੋਬਿੰਦ ਸਿੰਘ ॥੧੨੪॥**

**ਪਦ ਅਰਥ** = ਖ਼ਾਲਿਸੋ = ਸ਼ੁੱਧ/ਬੇ=ਰਹਿਤ/ਕੀਨਹ = ਕਪਟ/ਹ਼ੱਕ਼ = ਸੱਚੇ/ਹ਼ੱਕ਼ = ਰੱਬ/ਆਈਨਹ = ਸ਼ੀਸ਼ਾ, ਜੈਸਾ, ਵਰਗੇ /

**ਅਰਥ** = (**ੳ**) ਗੁਰੂ ਗੋਬਿੰਦ ਸਿੰਘ ਜੀ ਕਪਟ ਤੋਂ ਰਹਿਤ ਹਨ। ਐਸਾ ਸਤਿਗੁਰਾਂ ਦਾ ਸ਼ੁੱਧ ਸਰੂਪ ਹੈ।

**ਦੂਸਰਾ ਅਰਥ**= ਗੁਰੂ ਗੋਬਿੰਦ ਸਿੰਘ ਜੀ ਤੋਂ ਉਤਪੰਨ ਕੀਤਾ ਹੋਇਆ ਖ਼ਾਲਿਸਾ ਪੰਥ ਕਪਟ ਤੋਂ ਰਹਿਤ ਹੈ।

(**ਅ**) ਗੁਰੂ ਗੋਬਿੰਦ ਸਿੰਘ ਜੀ ਸੱਚੇ ਰੱਬ ਦਾ ਸ਼ੀਸ਼ਾ ਹਨ।

**ਅਰਥਾਤ** = ਗੁਰੂ ਗੋਬਿੰਦ ਸਿੰਘ ਜੀ ਸੱਚੇ ਰੱਬ ਵਰਗੇ ਹਨ

**(ੳ) ਹ਼ੱਕ਼ ਹ਼ੱਕ਼ ਅੰਦੇਸ਼ ; ਗੁਰ ਗੋਬਿੰਦ ਸਿੰਘ ॥**

**(ਅ) ਬਾਦਸ਼ਾਹ ਦਰਵੇਸ਼ ; ਗੁਰ ਗੋਬਿੰਦ ਸਿੰਘ ॥੧੨੫॥**

**ਪਦ ਅਰਥ** = ਹ਼ੱਕ਼ = ਸੱਚੇ/ਹ਼ੱਕ਼ = ਰੱਬ/ਅੰਦੇਸ਼ = ਚਿੰਤਨ ਕਰਨ ਵਾਲੇ, ਸੋਚਨ ਵਾਲੇ/ਦਰਵੇਸ਼ = ਫ਼ਕ਼ੀਰ /

**ਅਰਥ** = (**ੳ**) ਸੱਚੇ ਰੱਬ ਦਾ ਚਿੰਤਨ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ

(**ਅ**) ਬਾਦਸ਼ਾਹ ਵੀ ਹਨ ਤੇ ਫ਼ਕੀਰ ਵੀ ਹਨ ਗੁਰੂ ਗੋਬਿੰਦ ਸਿੰਘ ਜੀ।

**ਨੋਟ** = **ਵਿਦਵਾਨਾਂ ਨੇ ਫ਼ਕ਼ੀਰ ਪਦ ਦੇ ਅਰਥ ਇੰਝ ਕੀਤੇ ਹਨ।**

ਉਰਦੂ ਵਿੱਚ ਫ਼ਕ਼ੀਰ ਸ਼ਬਦ ਵਿੱਚ ਚਾਰ ਅੱਖਰ ਹਨ। ਫ਼ੇ, ਕ਼ਾਫ਼, ਯੇ ਅਤੇ ਰੇ।

**ਫ਼ੇ ਦਾ ਅਰਥ ਹੈ ਫ਼ਖ਼ਰ** / ਫ਼ਕ਼ੀਰ ਨੂੰ ਆਪਣੇ ਖ਼ੁਦਾ ਤੇ ਮਾਨ ਹੁੰਦਾ ਹੈ ਕਿ ਮੇਰਾ ਖ਼ੁਦਾ ਮੇਰਾ ਸਹਾਈ ਹੋਵੇਗਾ।

**ਕ਼ਾਫ਼ ਦਾ ਅਰਥ ਹੈ ਕ਼ੁਦਰਤ**/ਫ਼ਕ਼ੀਰ ਦੇ ਸਾਹਮਣੇ ਪ੍ਰਭੂ ਦੀ ਮਨ ਮੋਹਨੀ ਮਾਇਆ, ਕ਼ੁਦਰਤ ਵੀ ਹਰ ਵਕਤ ਸੇਵਾ ਅਤੇ ਹੁਕਮ ਮੰਨਣ



Sri Satguru Jagjit Singh Ji eLibrary NamdhariElibrary@gmail.com

ਦੀ ਉਡੀਕ ਵਿੱਚ ਖੜੀ ਰਹਿੰਦੀ ਹੈ। ਪਰ ਫ਼ਕੀਰ ਮਾਇਆ ਮੋਹਣੀ ਨੂੰ ਆਪਣੀ ਵਰਤੋਂ ਵਿੱਚ ਨਹੀਂ ਲਿਆਉਂਦਾ। ਕਿਉਂਕਿ ਵਰਤੋਂ ਵਿੱਚ ਲਿਆਉਣ ਨਾਲ ਉਸਦੇ ਖ਼ੁਦਾ ਦੇ ਇਸ਼ਕ ਦਾ ਭੇਤ ਪ੍ਰਗਟ ਹੋ ਜਾਂਦਾ ਹੈ।

**ਯੇ ਦਾ ਅਰਥ ਹੈ ਯਾਦ** / ਫ਼ਕੀਰ ਦਾ ਜੀਵਨ ਤਾਂ ਸਦਾ ਹੀ ਆਪਣੇ ਪਿਆਰੇ ਦੀ ਯਾਦ ਵਿੱਚ ਹੈ

**ਰੇ ਦਾ ਅਰਥ ਹੈ ਰਹ਼ਮ** / ਫ਼ਕੀਰ ਦੀ ਦਇਆ ਦ੍ਰਿਸ਼ਟੀ ਦੀ ਸੀਤਲ ਧਾਰਾ ਹਰ ਪ੍ਰਾਣੀ ਦੀ ਸ਼ਾਂਤੀ ਲਈ ਵਰਸਦੀ ਹੈ।

**ਨੋਟ** = **ਮਹਾਨ ਕੋਸ਼ਕਾਰ ਨੇ ਫ਼ਕੀਰ ਦਾ ਅਰਥ = ਕੰਗਾਲ, ਦਰਵੇਸ਼, ਸਾਧੂ ਲਿਖਿਆ ਹੈ।**

**ਅਰਥਾਤ** = ਮੁਹੰਮਦ ਸ਼ਾਹ (ਮੁਹੰਮਦ ਲਤੀਫ਼) ਇੱਕ ਸ਼ਾਇਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਲਿਖਿਆ ਹੈ। ਉਹ ਗ੍ਰੰਥ ਦੇ ਆਰੰਭ ਵਿੱਚ ਲਿਖਦਾ ਹੈ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਗੁਰੂ ਜੀ ਦਾ ਜੀਵਨ ਕਿਹੜੇ ਪੱਖ ਤੋਂ ਲਿਖਣਾ ਆਰੰਭ ਕਰਾਂ ਜੇਕਰ ਗੁਰੂ ਅੰਮ੍ਰਿਤ ਦੀ ਦਾਤ ਦਿੰਦੇ ਹਨ ਤਾਂ ਵੱਡੇ ਦਾਤੇ ਜਾਪਦੇ ਹਨ ਜੇਕਰ ਅੰਮ੍ਰਿਤ ਦੀ ਦਾਤ ਪੰਜਾਂ ਪਿਆਰਿਆਂ ਤੋਂ ਲੈਂਦੇ ਹਨ ਤਾਂ ਵੱਡੇ ਫ਼ਕੀਰ ਜਾਪਦੇ ਹਨ। ਏਹੀ ਭਾਵ ਭਾਈ ਨੰਦ ਲਾਲ ਜੀ ਨੇ ਏਥੇ ਲਿਖਿਆ ਹੈ।

**(ੳ) ਮੁਕੱਰਮ - ਉਲ - ਫ਼ਜ਼ਾਲ, ਗੁਰ ਗੋਬਿੰਦ ਸਿੰਘ ॥**

**(ਅ) ਮੁਨਇਮ - ਉਲ - ਮੁਤਆ਼ਲ, ਗੁਰ ਗੋਬਿੰਦ ਸਿੰਘ ॥੧੨੬॥**

(**ਉਚਾਰਨ** = ਮੁਕੱਰ-ਮੁੱਲ - ਫ਼ੱਜ਼ਾਲ ਅਤੇ ਮੁੱਨ-ਇ-ਮੁੱਲ-ਮੁੱਤਆ਼ਲ ਬੋਲੋ)

**ਪਦ ਅਰਥ** = ਮੁਕੱਰਮ = ਇੱਜ਼ਤ ਪਾਉਣ ਵਾਲਾ/ਉਲ = ਕ੍ਰਿਆ ਵਿਸ਼ੇਸ਼ਨ/ ਫ਼ੱਜ਼ਾਲ = ਕਿਰਪਾ/ਮੁਨਇ਼ਮ = ਇਨਾਮ ਦੇਣ ਵਾਲਾ/ਅਲ= ਕ੍ਰਿਆ ਵਿਸ਼ੇਸ਼ਨ/ਮੁੱਤਆ਼ਲ = ਬਲੰਦ, ਉੱਚਾ।

**ਅਰਥ** = (ੳ) ਗੁਰਸਿੱਖਾਂ ਦੇ ਪਾਸੋਂ ਇੱਜ਼ਤ ਪਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰਸਿੱਖਾਂ ਤੇ ਕਿਰਪਾ ਕਰਨ ਵਾਲੇ ਹਨ।

(ਅ) ਗੁਰਸਿੱਖਾਂ ਨੂੰ ਉੱਚਾ ਇ਼ਨਾਮ ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਕਾਰਿਮ-ਅਲ-ਕੱਰਾਮ; ਗੁਰ ਗੋਬਿੰਦ ਸਿੰਘ ॥**

**(ਅ) ਰਾਹ਼ਿਮ - ਉਲ - ਰੱਹ਼ਾਮ ; ਗੁਰ ਗੋਬਿੰਦ ਸਿੰਘ ॥੧੨੭॥**



Sri Satguru Jagjit Singh Ji eLibrary NamdhariElibrary@gmail.com

(ਉਚਾਰਨ = ਕਾਰਿ+ਮੁੱਲ+ਕੱਰਾਮ ਅਤੇ ਰਾਹਿ-ਮੁੱਲ-ਰੱਹਾਮ ਬੋਲੋ)

**ਪਦ ਅਰਥ** = ਕਾਰਿਮ = ਮਿਹਰ ਕਰਨ ਵਾਲਿਆਂ ਦਾਤਿਆਂ ਦੇ/ਕੱਰਾਮ = ਮਿਹਰ ਕਰਨ ਵਾਲੇ ਦਾਤੇ ਹਨ /ਅਲ = ਕ੍ਰਿਆ ਵਿਸ਼ੇਸ਼ਨ/ ਰਾਹਿਮ = ਕਿਰਪਾ ਕਰਨ ਵਾਲਿਆਂ ਤੇ /ਰੱਹਾਮ=ਕਿਰਪਾ ਕਰਨ ਵਾਲੇ ਹਨ।

**ਅਰਥ** = (ੳ) ਮਿਹਰ ਕਰਨ ਵਾਲਿਆਂ ਦਾਤਿਆਂ ਦੇ ਉੱਪਰ ਮਿਹਰ ਕਰਨ ਵਾਲੇ ਦਾਤੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) (ਜਗਤ ਦੇ ਉੱਪਰ) ਕਿਰਪਾ ਕਰਨ ਵਾਲਿਆਂ (ਬਾਬਾ ਬੁੱਢਾ ਜੀ ਆਦਿਕ ਗੁਰਸਿੱਖਾਂ) ਦੇ ਉੱਪਰ ਕਿਰਪਾ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਨਾਇਮ-ਅਲ-ਮੁਨਆਮ ; ਗੁਰ ਗੋਬਿੰਦ ਸਿੰਘ ॥**

**(ਅ) ਫ਼ਾਹਿਮ=ਉਲ-ਫ਼ੱਹਾਮ ; ਗੁਰ ਗੋਬਿੰਦ ਸਿੰਘ ॥੧੨੮॥**

(ਉਚਾਰਨ = ਨਾ-ਇ-ਮੁੱਲ-ਮੁੱਨਆਮ ਅਤੇ ਫਾਹਿ-ਮੁੱਲ-ਫ਼ੱਹਾਮ ਬੋਲੋ)

**ਪਦ ਅਰਥ** = ਨਾਇਮ = ਇਨਾਮ ਦੇਣ ਵਾਲਾ, ਸੌਣ ਵਾਲਾ/ਮੁਨਆਮ = ਵੱਡਾ, ਵੱਡੀਆਂ, ਵੱਡੀ, ਖ਼ੂਬ/ਫ਼ਾਹਿਮ = ਸਮਝਣ ਵਾਲਾ / ਫ਼ੱਹਾਮ = ਸਮਝਿਆ ਹੋਇਆ /

**ਅਰਥ** = (ੳ) ਗੁਰਸਿੱਖਾਂ ਨੂੰ ਵੱਡੀਆਂ ਬਖ਼ਸ਼ਿਸ਼ਾਂ ਦਾ ਇਨਾਮ ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**ਦੂਸਰਾ ਅਰਥ**= ਕੁੰਭਕਰਣਾਂ ਆਦਿਕਾਂ ਵਿੱਚੋਂ ਵੱਡੀ ਨੀਂਦ ਨੂੰ ਧਾਰਣ ਵਾਲੇ ਹਨ ਗੁਰੂ ਗੋਬਿੰਦ ਸਿੰਘ।

**ਅਰਥਾਤ** = ਗਿਆਨ ਰੂਪੀ (ਨੀਂਦ) ਅਨੰਦ ਨੂੰ ਧਾਰਨ ਵਾਲੇ ਹਨ (ਭਾਵ) ਵੇਦਾਂਤੀ ਮੰਨਦੇ ਹਨ ਕਿ ਵਾਹਿਗੁਰੂ ਪ੍ਰਲੈ ਤੋਂ ਬਾਅਦ ਸ੍ਰਿਸ਼ਟੀ ਦੀ ਰਚਨਾ ਕਰਕੇ ; ਗੂੜੀ ਨੀਂਦ ਵਿੱਚ ਬੈਠ ਕੇ, ਲੰਮੇ ਸਮੇਂ ਤੱਕ ਅਨੰਦ ਮਾਣਦਾ ਹੈ। ਅਤੇ ਵਾਹਿਗੁਰੂ ਸੰਸਾਰ ਦਾ ਵਿਵਹਾਰ ਚਲਾਉਣ ਦੀ ਡਿਊਟੀ ਈਸ਼ਵਰ ਦੀ ਲਗਾ ਦਿੰਦਾ ਹੈ। ਆਪ ਅਨੰਦ ਮਾਣਦਾ ਹੈ। ਓਹੀ ਗੱਲ ਭਾਈ ਸਾਹਿਬ ਏਥੇ ਫ਼ਰਮਾਨ ਕਰਦੇ ਹਨ।

(ਅ) ਸਮਝਣ ਵਾਲਿਆਂ ਵਿੱਚੋਂ ਸਮਝਦਾਰ (ਅਥਵਾ)-ਸਿਆਣਿਆਂ ਵਿੱਚੋਂ ਸਿਆਣੇ ਹਨ ਗੁਰੂ ਗੋਬਿੰਦ ਸਿੰਘ।

**(ੳ) ਦਾਇਮੋ ਪਾਇੰਦਹ ; ਗੁਰ ਗੋਬਿੰਦ ਸਿੰਘ ॥**

**(ਅ) ਫ਼ੱਰੁਖ਼ੋ ਫ਼ਰਖ਼ੁੰਦਹ ; ਗੁਰ ਗੋਬਿੰਦ ਸਿੰਘ ॥੧੨੯॥**



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਦਾਇਮੋ = ਸਦਾ / ਪਾਇੰਦਹ = ਰਹਿਣ ਵਾਲੇ/ਫ਼ੱਰੁਖ਼ੋ=.ਮੁਬਾਰਿਕ, ਸੁੰਦਰ / ਫ਼ਰਖ਼ੁੰਦਹ = ਪਵਿੱਤਰ।

**ਅਰਥ** = (ੳ) ਸਦਾ ਰਹਿਣ ਵਾਲੇ ਹਨ ਗੁਰੂ ਗੋਬਿੰਦ ਸਿੰਘ।

(ਅ) ਸੁੰਦਰ ਅਤੇ ਪਵਿੱਤਰ ਹਨ ਗੁਰੂ ਗੋਬਿੰਦ ਸਿੰਘ।

**(ੳ) ਫ਼ੈਜ਼ੇ ਸੁਬਹ਼ਾਂ ਜ਼ਾਤੇ ; ਗੁਰ ਗੋਬਿੰਦ ਸਿੰਘ ॥**

**(ਅ) ਨੂਰੇ ਹ਼ੱਕ਼ ਲਮਅ਼ਾਤੇ ; ਗੁਰ ਗੋਬਿੰਦ ਸਿੰਘ ॥੧੩੦॥**

(**ਉਚਾਰਨ** = ਲੱਮਅ਼ਾਤੇ ਬੋਲੋ)

**ਪਦ ਅਰਥ** = ਫ਼ੈਜ਼ੇ = ਕਿਰਪਾ/ਸੁਬਹ਼ਾਨ = ਰੱਬੀ/ਜ਼ਾਤੇ = ਜਾਤ/ਹ਼ੱਕ਼= ਰੱਬੀ / ਲਮਅ਼ਾਤੇ = ਚਮਕਾਰੇ ਵਾਲਾ, ਰੌਸ਼ਨੀ ਵਾਲਾ /

**ਅਰਥ** = (ੳ) ਰੱਬੀ ਕਿਰਪਾ ਵਾਲੀ ਹਸਤੀ ਹੈ ਗੁਰੂ ਗੋਬਿੰਦ ਸਿੰਘ ਜੀ ਦੀ।

(ਅ) ਰੱਬ ਦੇ ਚਮਕਾਰੇ ਵਾਲਾ ਨੂਰ ਹੈ ਗੁਰੂ ਗੋਬਿੰਦ ਸਿੰਘ ਜੀ ਦਾ।

**(ੳ) ਸਾਮਿਅ਼ਾਨੇ ਨਾਮ ; ਗੁਰ ਗੋਬਿੰਦ ਸਿੰਘ ॥**

**(ਅ) ਹ਼ੱਕ਼ ਬੀਂ ਜ਼ਿ ਇ਼ਨਅ਼ਾਮ ; ਗੁਰ ਗੋਬਿੰਦ ਸਿੰਘ ॥੧੩੧॥**

(**ਉਚਾਰਨ** = ਸਾਮਿ-ਅ਼ਾਨੇ ਅਤੇ ਇੱਨਅ਼ਾਮ ਐੜਾ ਦੱਬ ਕੇ ਇਕੱਠਾ ਇ਼ਨਾਮ ਵਾਂਗ ਬੋਲੋ)

**ਪਦ ਅਰਥ** = ਸਾਮਿਅ਼ਾਨੇ = ਸੁਣਨ ਵਾਲਾ / ਹ਼ੱਕ਼=ਰੱਬ/ਬੀਂ=ਵੇਖਣ ਵਾਲੇ/ ਜ਼ਿ=ਨਾਲ/ ਇ਼ਨਅ਼ਾਮ = ਇਨਾਮ, ਬਖ਼ਸ਼ਿਸ /

**ਅਰਥ** = (ੳ) ਰੱਬ ਦਾ ਨਾਮ ਸੁਣਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਦੇ ਨਾਲ, (ਕਈ ਜਗਿਆਸੂ) ਰੱਬ ਨੂੰ ਵੇਖਣ ਵਾਲੇ ਹੋ ਗਏ।

**(ੳ) ਵਾਸਿਫ਼ਾਨੇ ਜ਼ਾਤਿ ; ਗੁਰ ਗੋਬਿੰਦ ਸਿੰਘ ॥**

**(ਅ) ਵਸਲ ਅਜ਼ ਬਰਕਾਤਿ ; ਗੁਰ ਗੋਬਿੰਦ ਸਿੰਘ ॥੧੩੨॥**

(**ਉਚਾਰਨ** = ਵਾਸਿਫ਼ਾਨੇ ਇਕੱਠਾ ਬੋਲੋ)

**ਪਦ ਅਰਥ** = ਵਾਸਿਫ਼ਾਨੇ = ਤਾਰੀਫ਼ ਕਰਨ ਵਾਲੇ, ਉਸਤਤ ਕਰਨ ਵਾਲੇ/ ਜ਼ਾਤਿ = ਹਸਤੀ, ਜ਼ਾਤ/ਵਸਲ=ਪ੍ਰਾਪਤ ਕਰਦੇ ਹਨ, ਮਿਲਾਪ ਕਰਦੇ ਹਨ / ਅਜ਼ = ਤੋਂ/ਬਰਕਾਤਿ = ਬਰਕਤਾਂ /

**ਅਰਥ** = (ੳ) ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਦੀ, ਉਸਤਤ ਕਰਨ ਵਾਲੇ, ਕਈ ਜਗਿਆਸੂ ;

(ਅ) ਗੁਰੂ ਗੋਬਿੰਦ ਸਿੰਘ ਜੀ ਤੋਂ ਬਰਕਤਾਂ ਪ੍ਰਾਪਤ ਕਰਦੇ ਹਨ।



Sri Satguru Jagjit Singh Ji eLibrary NamdhariElibrary@gmail.com

(ੳ) ਰਾਕ਼ਿਮਾਨੇ ਵਸਫ਼ਿ ; ਗੁਰ ਗੋਬਿੰਦ ਸਿੰਘ ॥

(ਅ) ਨਾਮਵਰ ਅਜ਼ ਲੁਤ਼ਫ਼ਿ ; ਗੁਰ ਗੋਬਿੰਦ ਸਿੰਘ ॥੧੩੩॥

(ਉਚਾਰਨ = ਰਾਕਿ-ਮਾਨੇ ਇਕੱਠਾ ਅਤੇ ਲੁੱਤ਼ਫ਼ਿ ਬੋਲੋ)

**ਪਦ ਅਰਥ** = ਰਾਕ਼ਿਮਾਨੇ = ਲਿਖਣ ਵਾਲੇ/ਵਸਫ਼ਿ = ਉਸਤਤ/ਨਾਮਵਰ = ਪ੍ਰਸਿੱਧ/ਅਜ਼ = ਨਾਲ / ਲੁਤ਼ਫ਼ਿ = ਕ੍ਰਿਪਾਲਤਾ/

**ਅਰਥ** = (ੳ) **ਪਹਿਲਾ ਅਰਥ** = ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਲਿਖਣ ਵਾਲੇ ਕਈ ਲਿਖਾਰੀ (ਕੰਕਨ, ਭਾਈ ਜੈਤਾ, ਟਹਿਕਣ)-ਆਦਿਕ;

(ਅ) ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਲਤਾ ਨਾਲ ਪ੍ਰਸਿੱਧ ਹੋ ਗਏ।

**ਦੂਸਰਾ ਅਰਥ**= (ੳ) ਭਾਈ ਨੰਦਲਾਲ ਜੀ ਕਹਿੰਦੇ ਹਨ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਲਿਖਣ ਵਾਲਾ

(ਅ) ਗੁਰੂ ਜੀ ਦੀ ਕ੍ਰਿਪਾਲਤਾ ਨਾਲ "ਜਗਤ ਪ੍ਰਸਿੱਧ" ਹੋ ਗਿਆ।

**ਤੀਸਰਾ ਅਰਥ**=(ੳ) ਗੁਰੂ ਗੋਬਿੰਦ ਸਿੰਘ ਜੀ ਰੱਬ ਦੀ ਉਸਤਤ ਲਿਖਣ ਵਾਲੇ ਵੱਡੇ ਲਿਖਾਰੀ ਹਨ

(ਅ) ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਲਤਾ ਦੇ ਨਾਲ, ਗੁਰੂ ਜੀ ਦੇ ੫੨ ਕਵੀ ਵੀ "ਜਗਤ ਪ੍ਰਸਿੱਧ" ਹੋ ਗਏ।

**ਅਰਥਾਤ** = ਗੁਰੂ ਗੋਬਿੰਦ ਸਿੰਘ ਜੀ, ਜਗਤ ਵਿੱਚ ਵੱਡੇ ਲਿਖਾਰੀ ਹਨ ਗੁਰੂ ਜੀ ਨੇ ਸ੍ਰੀ ਦਸਮ ਗੁਰੂ ਗ੍ਰੰਥ ਅਤੇ ਸ੍ਰੀ ਸਰਬਲੋਹ ਗੁਰੂ ਗ੍ਰੰਥ ਲਿਖੇ, ਜਿੰਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਸੁਣਨ ਤੇ ਗੁਰੂ ਜੀ ਦੀ ਲਿਖਣ ਵਿੱਚ, ਉੱਚੀ ਮੁਹਾਰਤ ਦਾ ਪਤਾ ਚੱਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਰਬਲੋਹ ਗੁਰੂ ਗ੍ਰੰਥ ਸਾਹਿਬ ਜੀ ੩੦੦ ਰਾਗਾਂ ਵਿੱਚ ਅਤੇ ੫੨ ਭਾਸ਼ਾਵਾਂ ਵਿੱਚ ਲਿਖਿਆ ਹੈ। ਐਸੀ ਪੂਰੇ ਹਿੰਦੋਸਤਾਨ ਵਿੱਚ ਕੋਈ ਵੀ ਕਿਤਾਬ ਨਹੀਂ ਜੋ ੩੦੦ ਰਾਗਾਂ ਅਤੇ ੫੨ ਭਾਸ਼ਾਵਾਂ ਵਿੱਚ ਲਿਖੀ ਹੋਵੇ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਲਿਖਣ ਦੀ ਮੁਹਾਰਤ ਸਿੱਧ ਹੁੰਦੀ ਹੈ।

(ੳ) ਨਾਜ਼ਿਰਾਨੇ ਰੂਇ ; ਗੁਰ ਗੋਬਿੰਦ ਸਿੰਘ ॥

(ਅ) ਮਸਤੇ ਹੱਕ਼ ਦਰ ਕੂਇ ; ਗੁਰ ਗੋਬਿੰਦ ਸਿੰਘ ॥੧੩੪॥

**ਪਦ ਅਰਥ** = ਨਾਜ਼ਿਰਾਨੇ = ਦਰਸ਼ਨ ਕਰਨ ਵਾਲਾ/ਰੂਇ=ਚਿਹਰੇ/ਮਸਤੇ= ਮਸਤ,



Sri Satguru Jagjit Singh Ji eLibrary NamdhariElibrary@gmail.com

ਮਸਤਾਨੇ/ਹੱਕ = ਰੱਬ / ਦਰ = ਵਿੱਚ/ਕੂਇ = ਗਲੀ।

**ਅਰਥ** = (ੳ) **ਪਹਿਲਾ ਅਰਥ** = ਕਈ ਜਗਿਆਸੂ ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਦਾ ਦਰਸ਼ਨ ਕਰਨ ਵਾਲੇ ਹਨ।

(ਅ) ਕਈ ਜਗਿਆਸੂ ਗੁਰੂ ਗੋਬਿੰਦ ਸਿੰਘ ਜੀ ਦੀ ਗਲੀ ਵਿੱਚ, ਰੱਬ ਦੀ ਪ੍ਰਾਪਤੀ ਕਰਕੇ, ਆਤਮ ਅਨੰਦ ਵਿੱਚ ਮਸਤ ਹੋ ਗਏ ਹਨ।

**ਦੂਸਰਾ ਅਰਥ**= (ੳ) ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਦਾ ਦਰਸ਼ਨ ਕਰਨ ਵਾਲਾ ਹਾਂ।

(ਅ) ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਗਲੀ ਵਿੱਚ, ਰੱਬ ਦੀ ਪ੍ਰਾਪਤੀ ਕਰਕੇ, ਆਤਮ ਅਨੰਦ ਵਿੱਚ ਮਸਤ ਹੋ ਗਿਆ ਹਾਂ।

**ਅਰਥਾਤ** = ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਉੱਚੇ ਖ਼ਾਲਸੇ ਪੰਥ ਵਿੱਚ ਰਲ ਕਰਕੇ, ਰਬ ਦੀ ਪ੍ਰਾਪਤੀ ਕਰਕੇ, ਆਤਮ ਅਨੰਦ ਵਿੱਚ ਮਸਤ ਹੋ ਗਿਆ ਹਾਂ ਕਿਉਂਕਿ ਖ਼ਾਲਿਸੇ ਦਾ ਅਰਥ ਹੀ ਇਹ ਹੈ ਕਿ ਆਤਮ ਰਸ ਨੂੰ ਜਾਨਣਾ।

**ਯਥਾ** = **ਆਤਮਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ ॥**
**ਮੋ ਮੈਂ ਪ੍ਰਭ ਮੈਂ ਤਾਸ ਮੈਂ, ਰੰਚਕ ਨਾਹਿਨ ਭੇਵ ॥**

(ਸ੍ਰੀ ਸਰਬਲੋਹ ਗੁਰੂ ਗ੍ਰੰਥ ਸਾਹਿਬ ਜੀ)

**(ੳ) ਖ਼ਾਕਿ - ਬੋਸੇ ਪਾਏ ; ਗੁਰ ਗੋਬਿੰਦ ਸਿੰਘ ॥**

**(ਅ) ਮੁਕ਼ਬਿਲ ਅਜ਼ ਆਲਾਏ ; ਗੁਰ ਗੋਬਿੰਦ ਸਿੰਘ ॥੧੩੫॥**

**ਪਦ ਅਰਥ** = ਖ਼ਾਕਿ = ਧੂੜੀ / ਬੋਸੇ = ਚੁੰਬਨ ਵਾਲੇ/ਪਾਏ=ਪੈਰਾਂ ਦੀ/ਮੁਕ਼ਬਿਲ = ਕ਼ਬੂਲ ਹੋ ਗਏ/ਅਜ਼=ਤੋਂ/ਆਲਾਏ=ਨਿਅ਼ਾਮਤਾਂ, ਵਡਿਆਈਆਂ/

**ਅਰਥ** = (ੳ) ਕਈ ਜਗਿਆਸੂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਧੂੜੀ ਨੂੰ ਚੁੰਬਨ ਵਾਲੇ ਹਨ।

(ਅ) ਕਈ ਜਗਿਆਸੂ ਗੁਰੂ ਗੋਬਿੰਦ ਸਿੰਘ ਜੀ ਦੀਆਂ ਵਡਿਆਈਆਂ ਪ੍ਰਾਪਤ ਕਰਨ ਤੋਂ ਰੱਬੀ ਦਰਗਾਹ ਵਿੱਚ ਕ਼ਬੂਲ ਹੋ ਗਏ ਹਨ।

**(ੳ) ਕ਼ਾਦਿਰੇ ਹਰ ਕਾਰ ; ਗੁਰੂ ਗੋਬਿੰਦ ਸਿੰਘ ॥**

**(ਅ) ਬੇ-ਕਸਾਂ ਰਾ ਯਾਰ ; ਗੁਰੂ ਗੋਬਿੰਦ ਸਿੰਘ ॥੧੩੬॥**

**ਪਦ ਅਰਥ** = ਕ਼ਾਦਿਰੇ = ਕ਼ੁਦਰਤ ਵਾਲਾ (ਕਰਤਾਰ)/ਹਰ = ਹਰੇਕ/ਕਾਰ=ਕੰਮ /



Sri Satguru Jagjit Singh Ji eLibrary NamdhariElibrary@gmail.com

ਬੇਕਸਾਂ = ਕਮਜ਼ੋਰ/ਰਾ = ਦੇ / ਯਾਰ = ਦੋਸਤ, ਸਹਾਇਕ।

**ਅਰਥ** = (ੳ) ਹਰੇਕ ਕੰਮ ਦੇ ਕਰਤਾਰ ਹਨ ਗੁਰੂ ਗੋਬਿੰਦ ਸਿੰਘ ਜੀ।

**ਅਰਥਾਤ** = ਹਰੇਕ ਕੰਮ ਨੂੰ ਕਰਨ ਵਿੱਚ ਨਿਪੁੰਨ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਕਮਜ਼ੋਰਾਂ (ਅਥਵਾ)= ਨਿਤਾਣਿਆਂ ਦੇ ਸਹਾਇਕ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਸਾਜਿਦੋ ਮਸਜੂਦ ; ਗੁਰ ਗੋਬਿੰਦ ਸਿੰਘ॥**

**(ਅ) ਜੁਮਲਹ ਫ਼ੈਜ਼ੋ ਜੂਦ ; ਗੁਰ ਗੋਬਿੰਦ ਸਿੰਘ ॥੧੩੭॥**

**ਪਦ ਅਰਥ** = ਸਾਜਿਦੋ = ਸਿਜਦਾ ਕਰਨ ਵਾਲੇ/ਮਸਜੂਦ = ਸਿਜਦਾ ਕਰਵਾਉਣ ਵਾਲੇ/ਜੁਮਲਹ=ਸਾਰੇ/ਫ਼ੈਜ਼ੋ = ਕਿਰਪਾਵਾਂ/ਜੂਦ=ਮਿਹਰਬਾਨੀਆਂ।

**ਅਰਥ** = (ੳ) (ਰੱਬ ਅੱਗੇ) ਸਿਜਦਾ ਕਰਨ ਵਾਲੇ ਅਤੇ (ਸ੍ਰਿਸਟੀ ਤੋਂ) ਸਿਜਦਾ ਕਰਵਾਉਣ ਵਾਲੇ ਆਪ ਹੀ ਹਨ ਗੁਰੂ ਗੋਬਿੰਦ ਸਿੰਘ ਜੀ।

**ਦੂਸਰਾ ਅਰਥ**= ਪੰਜ ਪਿਆਰੇ ਗੁਰੂ ਖ਼ਾਲਿਸੇ ਤੋਂ ਅੰਮ੍ਰਿਤ ਦੀ ਦਾਤ ਲੈਣ ਸਮੇਂ ਖ਼ਾਲਿਸੇ ਨੂੰ ਸਿਜਦਾ ਕਰਨ ਵਾਲੇ ਅਤੇ ਖ਼ਾਲਿਸੇ ਨੂੰ ਅੰਮ੍ਰਿਤ ਦੀ ਦਾਤ ਦੇਣ ਸਮੇਂ ਖ਼ਾਲਿਸੇ ਕੋਲੋਂ ਸਿਜਦਾ ਕਰਵਾਉਣ ਵਾਲੇ ਆਪ ਹੀ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਸਾਰੀਆਂ ਕਿਰਪਾਵਾਂ ਤੇ ਬਖ਼ਸ਼ਿਸ਼ਾਂ ਦੇ (ਪੁੰਜ) ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਸਰਵਰਾਂ ਰਾ ਤਾਜ ; ਗੁਰ ਗੋਬਿੰਦ ਸਿੰਘ।**

**(ਅ) ਬਰ-ਤਰੀਂ ਮਿਅ਼-ਰਾਜ ; ਗੁਰ ਗੋਬਿੰਦ ਸਿੰਘ ॥੧੩੮॥**

(**ਉਚਾਰਨ** = ਮਿਅ਼-ਰਾਜ ਐੜਾ ਦੱਬ ਕੇ ਇਕੱਠਾ ਬੋਲੋ)

**ਪਦ ਅਰਥ** = ਸਰਵਰਾਂ = ਸਰਦਾਰ/ਰਾ=ਦੇ/ਤਾਜ = ਛਤਰ/ਬਰਤਰੀਨ = ਬਹੁਤ ਜ਼ਿਆਦਾ/ਮਿਅ਼ਰਾਜ = ਉੱਪਰ ਚੜ੍ਹਨ ਵਾਲੇ।

(ੳ) ਸਰਦਾਰਾਂ ਦੇ ਸਰਦਾਰ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਅਤੇ ਬਹੁਤ ਜ਼ਿਆਦਾ ਉੱਪਰ ਚੜ੍ਹਨ ਵਾਲੇ ਹਨ।

**ਅਰਥਾਤ** = ਉੱਚੇ ਤੋਂ ਉੱਚੇ ਮਰਤਬੇ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਅ਼ਸ਼ਰ ਕੁਦਸੀ ਰਾਮਿ ; ਗੁਰ ਗੋਬਿੰਦ ਸਿੰਘ।**

**(ਅ) ਵਾਸਿਫ਼ੇ ਇਕਰਾਮਿ ; ਗੁਰ ਗੋਬਿੰਦ ਸਿੰਘ ॥੧੩੯॥**

**ਪਦ ਅਰਥ** = ਅ਼ਸ਼ਰ = ਦਸ (ਅਰਥਾਤ) = (1) ਅ਼ਸ਼ਰ ਅਕੂਲ ਯੂਨਾਨੀ ਹਕੀਮਾਂ ਦੇ ਮਜ਼ਹਬ ਵਿੱਚ ਦਸ ਦੇਵਤਿਆਂ ਦੇ ਨਾਉਂ ਹਨ ਤੇ ਕਿਹਾ ਜਾਂਦਾ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਰੱਬ ਦੇ ਹੁਕਮ ਨਾਲ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਤੇ ਸਾਰਾ ਪ੍ਰਬੰਧ ਕੀਤਾ (੨) ਹਿੰਦੂ ਧਰਮ ਅਨੁਸਾਰ ਪ੍ਰਮੁੱਖ ਦਸ ਅਵਤਾਰ/ਕੁਦਸੀ = ਪਵਿੱਤਰ/ਗਾਮਿ = ਕਾਬੂ ਵਿੱਚ/ਵਾਸਿਫ਼ੇ = ਸਿਫ਼ਤ/ਇਕਰਾਮਿ = ਇੱਜ਼ਤ ਦੇਣ ਵਾਲੇ/

**ਅਰਥ** = (ੳ) ਅਕੂਲ ਅਸ਼ਰਾ ਗੁਰੂ ਗੋਬਿੰਦ ਸਿੰਘ ਜੀ ਦੇ ਕਾਬੂ ਵਿੱਚ ਹਨ। (ਅਥਵਾ) = ਤਾਬਿਆਦਾਰ ਹਨ।

(ਅ) ਅਕੂਲ ਅਸ਼ਰਾ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਕੇ, ਗੁਰੂ ਜੀ ਨੂੰ, ਇੱਜ਼ਤ ਦੇਣ ਵਾਲੇ ਹਨ

**(ੳ) ਉੱਮਿ ਕੁਦਸ ਬ-ਕਾਰਿ ; ਗੁਰ ਗੋਬਿੰਦ ਸਿੰਘ ॥**

**(ਅ) ਗ਼ਾਸ਼ੀਆਂ ਬਰਦਾਰਿ ; ਗੁਰ ਗੋਬਿੰਦ ਸਿੰਘ ॥੧੪੦॥**

**ਪਦ ਅਰਥ** = ਉੱਮਿ=ਮਾਈਆਂ, ਦੇਵੀਆਂ/ਕੁਦਸ = ਪਵਿੱਤ੍ਰ/ਬ-ਕਾਰਿ = ਕੰਮ/ ਗ਼ਾਸ਼ੀਆਂ =ਨੌਕਰ/ਬਰ=ਕ੍ਰਿਆ ਵਿਸ਼ੇਸ਼ਨ/ਦਾਰ = ਰੱਖਣ ਵਾਲੇ /

**ਅਰਥ** = (ੳ) ਪਵਿੱਤ੍ਰ ਮਾਈਆਂ (ਦੇਵੀਆਂ) ਗੁਰੂ ਗੋਬਿੰਦ ਸਿੰਘ ਜੀ ਦੇ ਕੰਮ ਕਰਨ ਵਾਲੀਆਂ ਹਨ ਅਥਵਾ = ਹੁਕਮ ਵਿੱਚ ਹਨ।

(ਅ) ਸੇਵਾਵਾਂ ਕਰਨ ਵਾਲੇ ਬਹੁਤ ਸਾਰੇ ਨੌਕਰਾਂ ਨੂੰ (ਪ੍ਰੇਮ ਦੇ ਨਾਲ ਆਪਣੀ ਸ਼ਰਨ ਵਿੱਚ) ਰੱਖਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਕ਼ਦਰੋ ਕੁਦਰਤ ਪੇਸ਼ਿ, ਗੁਰ ਗੋਬਿੰਦ ਸਿੰਘ ॥**

**(ਅ) ਇਨ-ਕ਼ਿਯਾਦ ਅੰਦੇਸ਼ਿ ; ਗੁਰ ਗੋਬਿੰਦ ਸਿੰਘ ॥੧੪੧॥**

(**ਉਚਾਰਨ** = ਇਨ-ਕ਼ਿਆਦ ਬੋਲੋ)

**ਪਦ ਅਰਥ** = ਕ਼ਦਰੋ = ਮਰਤਬੇ/ਕੁਦਰਤ = ਤਾਕਤ, ਮਾਇਆ/ਪੇਸ਼ਿ = ਸਾਹਮਣੇ /ਇਨਕ਼ਿਯਾਦ = ਹੁਕਮ ਮੰਨਣ ਵਾਲੇ/ਅੰਦੇਸ਼ਿ = ਚਿੰਤਨ ਕਰਨ ਵਾਲੇ।

**ਅਰਥ** = (ੳ) ਸਾਰੇ ਮਰਤਬੇ ਅਤੇ ਸਾਰੀਆਂ ਤਾਕਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ (ਹੱਥ ਜੋੜੀ ਖੜੀਆਂ) ਹਨ।

(ਅ) ਸਾਰੇ ਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨਣ ਵਾਲੇ ਅਤੇ ਚਿੰਤਨ ਕਰਨ ਵਾਲੇ ਹਨ।

**(ੳ) ਤਿੱਸਅ਼ ਉਲਵੀ ਖ਼ਾਕਿ, ਗੁਰ ਗੋਬਿੰਦ ਸਿੰਘ ॥**

**(ਅ) ਚਾਕਰੇ ਚਾਲਾਕ ; ਗੁਰ ਗੋਬਿੰਦ ਸਿੰਘ ॥੧੪੨॥**



Sri Satguru Jagjit Singh Ji eLibrary NamdhariElibrary@gmail.com

**ਪਦ ਅਰਥ** = ਤਿੱਸਅ = ਨੌ/ਉਲਵੀ = ਦੇਵਤੇ/ਖ਼ਾਕਿ= ਧੂੜੀ/ਚਾਕਰੇ = ਨੌਕਰ, ਸੇਵਕ /ਚਾਲਾਕ = ਹੁਸ਼ਿਆਰ /

**ਅਰਥ** = (ੳ) ਨੌ ਖੰਡ ਅਤੇ ਸਾਰੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਧੂੜੀ ਹਨ।

(ਅ) ਸਾਰੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਆਣੇ ਸੇਵਕ ਹਨ।

**(ੳ) ਤਖ਼ਤ ਬਾਲਾ ਜ਼ੇਰਿ ; ਗੁਰ ਗੋਬਿੰਦ ਸਿੰਘ ॥**

**(ਅ) ਲਾ-ਮਕਾਨ ਸੈਰ ; ਗੁਰ ਗੋਬਿੰਦ ਸਿੰਘ ॥੧੪੩॥**

**ਪਦ ਅਰਥ** = ਬਾਲਾ = ਉੱਪਰ ਵਾਲੇ/ਜ਼ੇਰਿ = ਹੇਠਾਂ ਵਾਲੇ/ਲਾ=ਮਕਾਨ = ਜਿਸ ਦਾ ਕੋਈ ਘਰ ਨਹੀਂ (ਭਾਵ) ਰੱਬ/ਸੈਰ=ਸੈਰ ਕਰਨ ਵਾਲੇ, ਚੱਲਣ ਵਾਲੇ /

**ਅਰਥ** = (ੳ) ਸਾਰੇ ਉੱਪਰ ਵਾਲੇ ਨੌ ਅਕਾਸ਼ ਅਤੇ ਹੇਠਾਂ ਵਾਲੇ ਪਤਾਲ ਆਦਿਕ, ਗੁਰੂ ਗੋਬਿੰਦ ਸਿੰਘ ਜੀ ਦੇ ਬੈਠਣ ਵਾਸਤੇ ਤਖ਼ਤ ਹਨ।

(ਅ) ਰੱਬੀ ਦਰਗਾਹ ਦੀ ਸੈਰ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਬਰਤਰ ਅਜ਼ ਹਰ ਕ਼ਦਰ ; ਗੁਰ ਗੋਬਿੰਦ ਸਿੰਘ ॥**

**(ਅ) ਜਾਵਿਦਾਨੀ ਸਦਰ ; ਗੁਰ ਗੋਬਿੰਦ ਸਿੰਘ ॥੧੪੪॥**

**ਪਦ ਅਰਥ** = ਬਰਤਰ = ਬਹੁਤ ਉੱਚਾ/ਅਜ਼ = ਤੋਂ/ਹਰ = ਹਰੇਕ/ਕ਼ਦਰ= ਮਰਤਬੇ, ਪਦਵੀ/ਜਾਵਿਦਾਨੀ=ਸਦਾ/ਸਦਰ=ਪ੍ਰਧਾਨ, ਸਭ ਤੋਂ ਪਹਿਲਾਂ ਦਰਵਾਜ਼ਾ /

(ੳ) ਹਰੇਕ ਮਰਤਬੇ ਤੋਂ ਬਹੁਤ ਉੱਚੇ ਹਨ ਗੁਰੂ ਗੋਬਿੰਦ ਸਿੰਘ ਜੀ

(ਅ) ਲੋਕ ਪ੍ਰਲੋਕ ਵਿੱਚ ਸਦਾ ਹੀ ਪ੍ਰਧਾਨ ਹਨ ਗੁਰੂ ਗੋਬਿੰਦ ਸਿੰਘ ਜੀ।

**ਦੂਸਰਾ ਅਰਥ**= ਸਦਾ ਹੀ ਦੁਨੀਆਂ ਰੂਪ ਕੋਠੇ ਦਾ ਸਭ ਤੋਂ ਪਹਿਲਾ ਦਰਵਾਜ਼ਾ ਖੋਲ੍ਹਣ ਵਾਲੇ ਹਨ।

**ਅਰਥਾਤ** = ਸਦਾ ਹੀ ਦੁਨੀਆਂ ਨੂੰ ਸਾਜਣ ਵਾਲੇ (ਵਾ) = ਆਰੰਭ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਆ਼ਲਮੇ ਰੌਸ਼ਨ ਜ਼ਿ ; ਗੁਰ ਗੋਬਿੰਦ ਸਿੰਘ ॥**

**(ਅ) ਜਾਨੋ ਦਿਲ ਗੁਲਸ਼ਨ ਜ਼ਿ, ਗੁਰ ਗੋਬਿੰਦ ਸਿੰਘ ॥੧੪੫॥**

**ਪਦ ਅਰਥ** = ਆ਼ਲਮੇ=ਜਹਾਨ/ਰੌਸ਼ਨ=ਚਾਨਣ/ਜ਼ਿ=ਤੋਂ/ਗੁਲਸ਼ਨ=ਫੁਲਵਾੜੀ/



Sri Satguru Jagjit Singh Ji eLibrary NamdhariElibrary@gmail.com

ਅਰਥ = (ੳ) ਜਹਾਨ ਰੋਸ਼ਨ ਹੈ ਗੁਰੂ ਗੋਬਿੰਦ ਸਿੰਘ ਜੀ ਤੋਂ।

(ਅ) ਹਰੇਕ ਜਾਨ ਤੇ ਦਿਲ ਦੀ ਫੁਲਵਾੜੀ (ਖਿੜੀ ਹੈ) ਗੁਰੂ ਗੋਬਿੰਦ ਸਿੰਘ ਜੀ (ਦੇ ਦਰਸ਼ਨਾਂ) ਤੋਂ।

**(ੳ) ਰੋਜ਼ ਅਫ਼ਜ਼ੂੰ ਜਾਹ ; ਗੁਰ ਗੋਬਿੰਦ ਸਿੰਘ ॥**

**(ਅ) ਜ਼ੇਬੋ ਤਖ਼ਤੋ ਗਾਹ ; ਗੁਰ ਗੋਬਿੰਦ ਸਿੰਘ ॥੧੪੬॥**

ਪਦ ਅਰਥ = ਰੋਜ਼=ਦਿਨ/ਅਫ਼ਜ਼ੂੰ=ਵਧਣ ਵਾਲਾ/ਜਾਹ = ਮਰਤਬਾ/ਜ਼ੇਬੋ= ਸਜਾਉਣ ਵਾਲਾ / ਤਖ਼ਤੋਂ = ਸਿੰਘਾਸਨ / ਗਾਹ = ਜਗ੍ਹਾ/

ਅਰਥ = (ੳ) ਹਰ ਰੋਜ਼ ਮਰਤਬਾ ਵਧਣ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ।

(ਅ) ਹਰੇਕ ਜਗ੍ਹਾ ਦੇ ਹਰੇਕ ਤਖ਼ਤ ਨੂੰ ਸਜਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

ਅਰਥਾਤ = ਹਰੇਕ ਤਖ਼ਤ ਉੱਪਰ ਬੈਠਣ ਵਾਲੇ ਹਨ ਗੁਰੂ ਗੋਬਿੰਦ ਸਿੰਘ।

ਦੂਸਰਾ ਅਰਥ= ਕਈ ਵਿਦਵਾਨਾਂ ਨੇ ਤਖ਼ਤੋਗਾਹ ਇਕੱਠਾ ਪਾਠ ਮੰਨ ਕਰਕੇ ਗਾਹ ਨੂੰ ਕ੍ਰਿਆ ਵਿਸ਼ੇਸ਼ਨ ਮੰਨਿਆ ਹੈ ਅਤੇ ਅਰਥ ਕੀਤਾ ਹੈ ਕਿ = ਗੁਰੂ ਗੋਬਿੰਦ ਸਿੰਘ ਜੀ ਬਾਦਿਸ਼ਾਹੀ-ਤਖ਼ਤ ਨੂੰ ਸਜਾਉਣ ਵਾਲੇ ਹਨ।

ਅਰਥਾਤ = ਬਾਦਿਸ਼ਾਹੀ-ਤਖ਼ਤ ਤੇ ਬੈਠਣ ਵਾਲੇ ਹਨ।

**(ੳ) ਮੁਰਸ਼ਿਦਉਲ ਦਾਰੈਨ ; ਗੁਰ ਗੋਬਿੰਦ ਸਿੰਘ ॥**

**(ਅ) ਬੀਨਿਸ਼ੇ ਹਰ ਐਨ ; ਗੁਰ ਗੋਬਿੰਦ ਸਿੰਘ ॥੧੪੭॥**

(ਉਚਾਰਨ = ਮੁਰਸ਼ਿ-ਦੁੱਲ - ਦਾਰੈਨ ਬੋਲੋ)

ਪਦ ਅਰਥ = ਮੁਰਸ਼ਿਦ=ਗੁਰੂ/ਦਾਰੈਨ=ਦੋਹਾਂ ਜਹਾਨਾਂ/ਬੀਨਿਸ਼ੇ=ਨਜ਼ਰ/ਐਨ=ਅੱਖ/

ਅਰਥ = (ੳ) ਦੋਹਾਂ ਜਹਾਨਾਂ ਦੇ ਗੁਰੂ ਹਨ ਗੁਰੂ ਗੋਬਿੰਦ ਸਿੰਘ ਜੀ ॥

(ਅ) ਹਰ ਅੱਖ ਦੀ ਨਜ਼ਰ ਹਨ ਗੁਰੂ ਗੋਬਿੰਦ ਸਿੰਘ ਜੀ ॥

**(ੳ) ਜੁਮਲਹ ਦਰ ਫ਼ਰਮਾਨੇ ; ਗੁਰ ਗੋਬਿੰਦ ਸਿੰਘ ॥**

**(ਅ) ਬਰ-ਤਰਾਮਦ ਸ਼ਾਨੇ ; ਗੁਰ ਗੋਬਿੰਦ ਸਿੰਘ ॥੧੪੮॥**

(ਉਚਾਰਨ = ਬਰ-ਤਰਾਮਦ ਇਕੱਠਾ ਬੋਲੋ)

ਪਦ ਅਰਥ = ਜੁਮਲਹ=ਸਾਰੇ, ਤਮਾਮ/ਦਰ=ਵਿੱਚ/ਫ਼ਰਮਾਨੇ = ਹੁਕਮ, ਆਗਿਆ /ਬਰਤਰ = ਬਹੁਤ ਉੱਚੀ/ਆਮਦ = ਆਈ ਹੈ/ਸ਼ਾਨੇ = ਸ਼ਾਨ /

ਅਰਥ = (ੳ) ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਵਿੱਚ ਹਨ।

(ਅ) ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ (ਦਰਗਾਹ ਵਿੱਚੋਂ) ਸਭ



Sri Satguru Jagjit Singh Ji eLibrary NamdhariElibrary@gmail.com

ਤੋਂ ਉੱਚੀ (ਜਗਤ ਵਿੱਚ ਆਈ) ਹੈ.।

**(ੳ) ਹਰ ਦੋ ਆ਼ਲਮ ਖ਼ੈਲਿ ; ਗੁਰ ਗੋਬਿੰਦ ਸਿੰਘ ॥**

**(ਅ) ਜੁਮਲਾ ਅੰਦਰ ਜ਼ੈਲਿ ; ਗੁਰ ਗੋਬਿੰਦ ਸਿੰਘ ॥੧੪੯॥**

**ਪਦ ਅਰਥ** = ਆ਼ਲਮ = ਜਹਾਨ / ਖ਼ੈਲਿ = (1) "ਘੋੜਾ", ਨੋਟ = ਘੋੜੇ ਤੋਂ (ਭਾਵ ਅਰਥ) = "ਸੈਨਾ" ਦਾ ਲੈਂਦੇ ਹਨ)। (2) ਖ਼ਾਨਦਾਨ / ਜੁਮਲਾ = ਸਾਰੇ/ਜ਼ੈਲਿ = ਪੱਲੇ।

**ਅਰਥ** = (ੳ) ਦੋਵੇਂ ਜਹਾਨ ਸੈਨਾ ਹਨ ਗੁਰੂ ਗੋਬਿੰਦ ਸਿੰਘ ਜੀ ਦੀ।

**ਦੂਸਰਾ ਅਰਥ**= ਦੋਵੇਂ ਜਹਾਨ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਨਦਾਨ ਵਿੱਚੋਂ ਹਨ।

**ਅਰਥਾਤ** = ਦੋਵੇਂ ਜਹਾਨ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਪ੍ਰਗਟ ਹੋਏ ਹਨ।

(ਅ) ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਪੱਲੇ ਦੀ ਸ਼ਰਨ ਵਿੱਚ ਹਨ।

**ਅਰਥਾਤ** = ਸਾਰੇ ਮਦਦ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦਾ ਪੱਲਾ ਪਕੜਨ ਵਾਲੇ ਹਨ।

**(ੳ) ਵਾਹਿਬ-ਉਲ-ਵੱਹਾਬ ; ਗੁਰ ਗੋਬਿੰਦ ਸਿੰਘ ॥**

**(ਅ) ਫ਼ਾਤਿਹੇ ਹਰ ਬਾਬ ; ਗੁਰ ਗੋਬਿੰਦ ਸਿੰਘ ॥੧੫੦॥**

(**ਉਚਾਰਨ** = ਵਾਹਿ-ਬੁੱਲ-ਵੱਹਾਬ ਬੋਲੋ)

**ਪਦ ਅਰਥ** = ਵਾਹਿਬ = ਦੇਣ ਵਾਲਿਆਂ ਦਾਤਿਆਂ ਦੇ/ਵੱਹਾਬ = ਦੇਣ ਵਾਲੇ ਦਾਤੇ/ਫ਼ਾਤਿਹੇ = ਖੋਲ੍ਹਣ ਵਾਲੇ/ਹਰ = ਹਰੇਕ/ਬਾਬ = ਦਰਵਾਜ਼ੇ /

**ਅਰਥ** = (ੳ) ਦਾਤਿਆਂ ਦੇ ਦਾਤੇ ਹਨ ਗੁਰੂ ਗੋਬਿੰਦ ਸਿੰਘ।

(ਅ) ਹਰੇਕ ਦਰਵਾਜ਼ੇ ਨੂੰ ਖੋਲ੍ਹਣ ਵਾਲੇ ਹਨ।

**ਅਰਥਾਤ** = ਹਰੇਕ ਪੱਖ ਤੋਂ ਵਿਜਈ ਹਨ ਗੁਰੂ ਗੋਬਿੰਦ ਸਿੰਘ।

**(ੳ) ਸ਼ਾਮਿਲ-ਉਲ-ਅਸ਼ਫ਼ਾਕ਼ ; ਗੁਰ ਗੋਬਿੰਦ ਸਿੰਘ ॥**

**(ਅ) ਕਾਮਿਲ-ਉਲ-ਅਖ਼ਲਾਕ਼ ; ਗੁਰ ਗੋਬਿੰਦ ਸਿੰਘ ॥੧੫੧॥**

(**ਉਚਾਰਨ** = ਸ਼ਾਮਿ-ਲੁੱਲ-ਅਸ਼ਫ਼ਾਕ਼ ਅਤੇ ਕਾਮਿ-ਲੁੱਲ-ਅਖ਼ਲਾਕ਼ ਬੋਲੋ)

**ਪਦ ਅਰਥ** = ਸ਼ਾਮਿਲ=ਸ਼ਾਮਿਲ ਹੋਣ ਵਾਲਾ, ਮਿਲਣ ਵਾਲਾ/ਉਲ=ਕ੍ਰਿਆ ਵਿਸ਼ੇਸ਼ਨ/ਅਸ਼ਫ਼ਾਕ਼ = ਬਖ਼ਸ਼ਿਸ਼, ਮਿਹਰਬਾਨੀ/ਕਾਮਿਲ = ਪੂਰਾ/ ਅਖ਼ਲਾਕ਼=ਇਖ਼ਲਾਕ਼,ਚੰਗੀ ਆਦਤ ਵਾਲਾ, ਸ਼ੁਭ ਆਚਾਰ ਵਾਲਾ/

**ਅਰਥ** = (ੳ) ਬਖ਼ਸ਼ਿਸ਼ਾਂ ਨਾਲ ਮਿਲੇ ਹੋਏ ਹਨ (ਅਥਵਾ) = ਬਖ਼ਸ਼ਿਸ਼ਾਂ ਨਾਲ ਭਰਪੂਰ ਹਨ ਗੁਰੂ ਗੋਬਿੰਦ ਸਿੰਘ ਜੀ।


Sri Satguru Jagjit Singh Ji eLibrary NamdhariElibrary@gmail.com

(ਅ) ਸ਼ੁਭ ਅਚਾਰ ਵਿੱਚ ਪੂਰੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਰੂਹ਼ ਦਰ ਹਰ ਜਿਸਮ ; ਗੁਰ ਗੋਬਿੰਦ ਸਿੰਘ ॥**

**(ਅ) ਨੂਰ ਦਰ ਹਰ ਚਸ਼ਮ ; ਗੁਰ ਗੋਬਿੰਦ ਸਿੰਘ ॥੧੫੨॥**

**ਪਦ ਅਰਥ** = ਰੂਹ਼ = ਆਤਮਾ/ਦਰ = ਵਿੱਚ/ਹਰ = ਹਰੇਕ/ਜਿਸਮ = ਸਰੀਰ/ਨੂਰ= ਰੋਸ਼ਨੀ, ਪ੍ਰਕਾਸ਼/ਦਰ = ਵਿੱਚ/ਹਰ = ਹਰੇਕ/ਚਸ਼ਮ = ਅੱਖ

**ਅਰਥ** = (ੳ) ਹਰੇਕ ਸਰੀਰ ਦੇ ਵਿੱਚ ਆਤਮਾ ਸਰੂਪ ਹਨ ਗੁਰੂ ਗੋਬਿੰਦ ਸਿੰਘ ਜੀ।

(ਅ) ਹਰੇਕ ਅੱਖ ਦੇ ਵਿੱਚ ਪ੍ਰਕਾਸ਼ ਸਰੂਪ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਜੁਮਲਹ ਰੋਜ਼ੀ ਖ਼੍ਵਾਰੇ ; ਗੁਰ ਗੋਬਿੰਦ ਸਿੰਘ ॥**

**(ਅ) ਫ਼ੈਜ਼ੇ ਹ਼ੱਕ਼ ਅਮਤ਼ਾਰੇ ; ਗੁਰ ਗੋਬਿੰਦ ਸਿੰਘ ॥੧੫੩॥**

(**ਉਚਾਰਨ** = ਖ਼੍ਵਾਰੇ ਦਾ ਵਾਵਾ ਸਾਈਲੈਂਟ ਕਰਕੇ ਖ਼ਾਰੇ ਬੋਲੋ)

**ਪਦ ਅਰਥ** = ਜੁਮਲਹ = ਸਾਰੇ / ਰੋਜ਼ੀ=ਰੋਜ਼ੀ/ਖ਼੍ਵਾਰੇ = ਖਾਣ ਵਾਲੇ / ਫ਼ੈਜ਼ੇ = ਕਿਰਪਾ/ ਹ਼ੱਕ਼ = ਰੱਬੀ/ਅਮਤ਼ਾਰੇ = ਵਰਖਾ।

**ਅਰਥ** = (ੳ) ਸਾਰਿਆਂ ਨੂੰ ਖਾਣ ਵਾਸਤੇ ਰੋਜ਼ੀ ਰੋਟੀ ਦੇਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**ਯਥਾ** = **ਜਾਨ ਕੋ ਦੇਤ ਅਜਾਨ ਕੋ ਦੇਤ; ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥**
**ਕਾਹੇ ਕੋ ਡੋਲਤ ਹੈ ਤੁਮਰੀ ਸੁਧ; ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥**

(ਦੀਨਨ ਕੇ ਸਵੱਯੇ ਪਾਤਿਸ਼ਾਹੀ ੧੦)

**ਦੂਸਰਾ ਅਰਥ**= ਸਾਰੇ ਹੀ ਰੋਜ਼ੀ ਰੋਟੀ ਖਾਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ ਤੋਂ।

(ਅ) ਰੱਬੀ ਕਿਰਪਾ ਦੀ ਵਰਖਾ ਕਰਨ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ।

**(ੳ) ਬਿਸਤੋ ਹ਼ਫ਼ਤ ਗਦਾਏ ; ਗੁਰ ਗੋਬਿੰਦ ਸਿੰਘ ॥**

**(ਅ) ਖ਼ਾਕਿ-ਰੋਬ ਸਰਾਏ ; ਗੁਰ ਗੋਬਿੰਦ ਸਿੰਘ ॥੧੫੪॥**

(**ਉਚਾਰਨ** = ਖ਼ਾਕਿ-ਰੋਬ ਇਕੱਠਾ ਬੋਲੋ)

**ਪਦ ਅਰਥ** = ਬਿਸਤੋ = 20/ਹ਼ਫ਼ਤ=7/ਗਦਾਏ = ਮੰਗਤੇ/ਖ਼ਾਕਿ-ਰੋਬ = ਝਾੜੂ ਦੇਣ ਵਾਲੇ/ਸਰਾਏ = ਮੰਦਰ /

**ਅਰਥ** = (ੳ) ਸਤਾਈ ਸਿੰਮ੍ਰਤੀਆਂ (ਅਥਵਾ) ਸਤਾਈ ਨਛੱਤਰ ਮੰਗਤੇ ਹਨ ਗੁਰੂ ਗੋਬਿੰਦ ਸਿੰਘ ਜੀ ਦੇ।


Sri Satguru Jagjit Singh Ji eLibrary NamdhariElibrary@gmail.com

(ਅ) ਅਤੇ ਸਤਾਈ ਨਛੱਤਰ ਆਦਿਕ ਗੁਰੂ ਗੋਬਿੰਦ ਸਿੰਘ ਜੀ ਦੇ ਮੰਦਰ ਅੱਗੇ ਝਾੜੂ ਦੇਣ ਵਾਲੇ ਹਨ।

**(ੳ) ਖ਼ੁਮਸ ਵਸਫ਼ਿ-ਪੈਰਾਏ ; ਗੁਰ ਗੋਬਿੰਦ ਸਿੰਘ ॥**

**(ਅ) ਹਫ਼ਤ ਹਮ ਸ਼ੈਦਾਏ ; ਗੁਰ ਗੋਬਿੰਦ ਸਿੰਘ ॥੧੫੫॥**

**ਪਦ ਅਰਥ** = ਖ਼ੁਮਸ = ਪੰਜ/ਵਸਫ਼ਿ = ਉਸਤਤ/ਪੈਰਾਏ = ਕਰਨ ਵਾਲੇ, ਗਾਉਣ ਵਾਲੇ/ਹਫ਼ਤ = ਸੱਤ/ਹਮ = ਭੀ/ਸ਼ੈਦਾਏ = ਆਸ਼ਿਕ।

**ਅਰਥ** = (ੳ) ਪੰਜ ਤੱਤ (ਵਾ) = ਪੰਜ ਪ੍ਰਾਣ (ਅਥਵਾ) = ਪੰਜ ਕੋਸ਼; ਉਸਤਤੀ ਗਾਉਣ ਵਾਲੇ ਹਨ ਗੁਰੂ ਗੋਬਿੰਦ ਸਿੰਘ ਜੀ ਦੀ।

**ਪੰਜ ਤੱਤ** = (1) ਅਕਾਸ਼ (2) ਵਾਯੂ (3) ਅਗਨੀ (4) ਜਲ (5) ਪ੍ਰਿਥਵੀ

**ਪੰਜ ਕੋਸ਼** = (1) ਅੰਨਮਯ ਕੋਸ਼ (2) ਪ੍ਰਾਣਮਯ ਕੋਸ਼ (3) ਮਨੋਮਯ ਕੋਸ਼ (4) ਵਿਗਿਆਨਮਯ ਕੋਸ਼ (5) ਅਨੰਦਮਯ ਕੋਸ਼

**ਪੰਜ ਪ੍ਰਾਣ** = (1) ਪ੍ਰਾਣ (2) ਅਪਾਨ (3) ਉਦਾਨ (4) ਸਮਾਨ (5) ਬਿਆਨ

(ਅ) ਸੱਤ ਦੀਪ, ਸਤ ਸਮੁੰਦਰ ਭੀ ਆਸ਼ਿਕ ਹਨ ਗੁਰੂ ਗੋਬਿੰਦ ਸਿੰਘ ਜੀ ਦੇ।

**(ੳ) ਬਰ ਦੋ ਆਲਮ ਦਸਤ ; ਗੁਰ ਗੋਬਿੰਦ ਸਿੰਘ ॥**

**(ਅ) ਜੁਮਲਹ ਉਲਵੀ ਪਸਤ ; ਗੁਰ ਗੋਬਿੰਦ ਸਿੰਘ ॥੧੫੬॥**

**ਪਦ ਅਰਥ** = ਬਰ=ਉੱਪਰ/ਆਲਮ=ਜਹਾਨ/ਦਸਤ=ਹੱਥ/ਜੁਮਲਹ=ਸਾਰੇ ਉਲਵੀ = ਫ਼ਰਿਸ਼ਤੇ, ਦੇਵਤੇ/ਪਸਤ=ਨੀਵੇਂ /

**ਅਰਥ** = (ੳ) ਦੋਹਾਂ ਜਹਾਨਾਂ ਉੱਪਰ ਹੱਥ ਹੈ ਗੁਰੂ ਗੋਬਿੰਦ ਸਿੰਘ ਜੀ ਦਾ।

(ਅ) ਸਾਰੇ (ਉੱਚੇ) ਦੇਵਤੇ ਵੀ ਨੀਵੇਂ ਹਨ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ।

**ਅਥਵਾ** = ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਸਾਰੇ ਦੇਵਤੇ ਨਿਮ੍ਰਤਾ ਦੇ ਸਹਿਤ ਹਨ।

**(ੳ) ਲਾਲ ਸਗੇ ਗ਼ੁਲਾਮੇ ; ਗੁਰ ਗੋਬਿੰਦ ਸਿੰਘ ॥**

**(ਅ) ਦਾਗ਼ਦਾਰੇ ਨਾਮੇ ; ਗੁਰ ਗੋਬਿੰਦ ਸਿੰਘ ॥੧੫੭॥**

**ਪਦ ਅਰਥ** = ਲਾਲ=ਭਾਈ ਨੰਦਲਾਲ ਜੀ/ਸਗੇ = ਕੂਕਰ/ਗ਼ੁਲਾਮੇ = ਦਾਸ/ ਦਾਗ਼ਦਾਰੇ = ਧੱਬੇ ਵਾਲਾ, ਨਿਸ਼ਾਨ ਵਾਲਾ/ਨਾਮੇ = ਨਾਮ /

**ਅਰਥ** = (ੳ) ਨੰਦ ਲਾਲ ਤੁਹਾਡਾ ਸੇਵਕ ਅਤੇ ਕੁੱਤਾ ਹੈ ਹੇ ਗੁਰੂ ਗੋਬਿੰਦ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

(ਅ) ਹੇ ਗੁਰੂ ਗੋਬਿੰਦ ਸਿੰਘ ਜੀ ਮੈਂ ਤੁਹਾਡੇ ਨਾਮ ਦੇ ਨਿਸ਼ਾਨ ਵਾਲਾ (ਭਾਵ) ਤੁਹਾਡਾ ਨਾਮ ਧਾਰੀਕ ਹਾਂ।

**ਉਥਾਨਕਾ** = ਇੱਕ ਵਾਰ ਕਲਗੀਧਰ ਜੀ ਪ੍ਰਸ਼ਾਦਾ ਛਕ ਰਹੇ ਸਨ। ਪਾਸ ਇੱਕ ਕੂਕਰ ਬੈਠਾ ਸੀ। ਕਲਗੀਧਰ ਜੀ ਨੇ ਉਸ ਕੁੱਤੇ ਨੂੰ ਇੱਕ ਬੁਰਕੀ ਪਾ ਦਿੱਤੀ। ਇਹ ਸਾਰਾ ਨਜ਼ਾਰਾ ਭਾਈ ਸਾਹਿਬ ਜੀ ਤੱਕ ਰਹੇ ਸਨ। ਭਾਈ ਸਾਹਿਬ ਨੇ ਵੀ ਕਲਗੀਧਰ ਜੀ ਤੋਂ ਬੁਰਕੀ ਦੀ ਮੰਗ ਕੀਤੀ ਤਾਂ ਕਲਗੀਧਰ ਜੀ ਕਹਿਣ ਲੱਗੇ ਪਹਿਲਾਂ ਕੁੱਤੇ ਵਰਗੇ ਸਬਰੀ ਤੇ ਸੰਤੋਖੀ ਬਣੋ (ਅਥਵਾ) = ਸਬਰ ਸੰਤੋਖ ਰੱਖੋ। ਕੁੱਤੇ ਨੇ ਬੁਰਕੀ ਮੰਗੀ ਨਹੀਂ ਅਸੀਂ ਖ਼ੁਸ਼ੀ ਨਾਲ ਕੁੱਤੇ ਨੂੰ ਬੁਰਕੀ ਪਾਈ ਹੈ ਤਾਂ ਭਾਈ ਸਾਹਿਬ ਜੀ ਉਚਾਰਨ ਲੱਗੇ।

**(ੳ) ਕਮਤਰੀਂ ਜ਼ਿ ਸਗਾਂਨੇ ; ਗੁਰ ਗੋਬਿੰਦ ਸਿੰਘ ॥**

**(ਅ) ਰੇਜ਼ਹ ਚੀਨੇ ਖ਼੍ਵਾਨੇ, ਗੁਰ ਗੋਬਿੰਦ ਸਿੰਘ ॥੧੫੮॥**

(**ਉਚਾਰਨ** = ਖ਼੍ਵਾਨੇ ਦਾ ਵਾਵਾ ਸਾਈਲੈਂਟ ਕਰਕੇ ਖ਼ਾਨੇ ਬੋਲੋ)

**ਪਦ ਅਰਥ** = ਕਮਤਰੀਨ=ਬਹੁਤ ਨੀਵਾਂ/ਜ਼ਿ=ਤੋਂ/ਸਗਾਂਨੇ = ਕੁੱਤਿਆਂ/ਰੇਜ਼ਹ = ਟੁਕੜੇ/ਚੀਨੇ = ਚੁਣੇ ਹੋਏ, ਚੁਣ ਕਰਕੇ/ ਖ਼੍ਵਾਨੇ = ਖਾਣ ਵਾਲੇ

**ਅਰਥ** = (ੳ) ਨਹੀਂ ਨਹੀਂ ! ਗੁਰੂ ਗੋਬਿੰਦ ਸਿੰਘ ਜੀ ਦੇ ਕੁੱਤਿਆਂ ਤੋਂ (ਵੀ ਨੰਦ ਲਾਲ) ਬਹੁਤ ਹੀ ਨੀਵਾਂ ਹੈ।

(ਅ) ਕਿਉਂ ਕਿ ਕੁੱਤੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਨਾਲ ਚੁਣੇ ਹੋਏ ਪ੍ਰਸ਼ਾਦੇ ਦੇ ਟੁੱਕੜੇ ਖਾਣ ਵਾਲੇ ਹਨ।

**ਅਥਵਾ** = ਹੱਥ ਨਾਲ ਟੁੱਟੀ ਬੁਰਕੀ ਖਾਣ ਵਾਲੇ ਹਨ। ਨੰਦਲਾਲ ਨੂੰ ਤੇ ਉਹ ਵੀ ਨਸੀਬ ਨਹੀਂ।

**ਦੂਸਰਾ ਅਰਥ**= ਕਿਉਂ ਕਿ ਕੁੱਤੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਰਖਾਨ (ਪ੍ਰਸ਼ਾਦਾ ਛੱਕਣ ਦੇ ਥਾਂ) ਤੋਂ ਭੋਰੇ (ਟੁਕੜੇ) ਚੁਣ ਕੇ ਖਾਣ ਵਾਲੇ ਹਨ। ਨੰਦ ਲਾਲ ਨੂੰ ਤੇ ਉਹ ਟੁਕੜੇ ਵੀ ਨਸੀਬ ਨਹੀਂ।

**(ੳ) ਸਾਇਲ ਅਜ਼ ਇਨਆਮੇ ; ਗੁਰ ਗੋਬਿੰਦ ਸਿੰਘ ॥**

**(ਅ) ਖ਼ਾਕਿ-ਪਾਕ ਅਕ਼ਦਾਮੇ ; ਗੁਰ ਗੋਬਿੰਦ ਸਿੰਘ ॥੧੫੯॥**

(**ਉਚਾਰਨ** = ਇੱਨਆਮੇ ਐੜਾ ਦੱਬ ਕਰਕੇ ਇਕੱਠਾ ਬੋਲੋ)

**ਪਦ ਅਰਥ** = ਸਾਇਲ = ਮੰਗਤਾ, ਸਵਾਲੀ/ਅਜ਼ = ਤੋਂ/ਇਨਆਮੇ = ਇਨਾਮ /



Sri Satguru Jagjit Singh Ji eLibrary NamdhariElibrary@gmail.com

ਖ਼ਾਕਿ = ਧੂੜੀ/ਪਾਕ = ਪਵਿੱਤਰ/ਅਕ਼ਦਾਮੇ = ਅੱਗੇ ਵੱਧ ਕਰਕੇ।

**ਅਰਥ** =(**ੳ**) ਭਾਈ ਸਾਹਿਬ ਕਹਿੰਦੇ ਹਨ ਕਿ ਇਹ (ਨੰਦ ਲਾਲ) ਗੁਰੂ ਗੋਬਿੰਦ ਸਿੰਘ ਜੀ ਤੋਂ ਇੱਕ ਇਨਾਮ ਦਾ ਜਾਚਿਕ ਹੈ।

(**ਅ**) (ਕਿਹੜਾ ਇਨਾਮ ?) ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤ੍ਰ ਚਰਨਾਂ ਤੋਂ ਅੱਗੇ ਵੱਧ ਕੇ ਧੂੜੀ ਗ੍ਰਹਿਣ ਕਰਨ ਦਾ ਇਨਾਮ।

**(ੳ) ਬਾਦ ਜਾਨਸ਼ ਫ਼ਿਦਾਏ ; ਗੁਰ ਗੋਬਿੰਦ ਸਿੰਘ ॥**

**(ਅ) ਫ਼ਰਕ਼ੇ ਓ ਬਰ ਪਾਏ ; ਗੁਰ ਗੋਬਿੰਦ ਸਿੰਘ ॥੧੬੦॥**

**ਪਦ ਅਰਥ** = ਬਾਦ=ਹੋਵੇ / ਜਾਨ + ਅਸ਼ = ਜਾਨ ਉਨ੍ਹਾਂ ਤੋਂ/ਫ਼ਿਦਾਏ = ਕੁਰਬਾਨ ਖੋਪੜੀ/ਫ਼ਰਕ਼ੇ=ਖੋਖੜੀ, ਸੀਸ/ਓ=ਉਸ/ਬਰ=ਉੱਪਰ/ਪਾਏ=ਚਰਨਾਂ।

**ਅਰਥ** =(**ੳ**) (ਹੇ ਵਾਹਿਗੁਰੂ) ਇਸ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ

(**ਅ**) ਨੰਦਲਾਲ ਦੀ ਏਹੀ ਬੇਨਤੀ ਹੈ ਕਿ ਨੰਦਲਾਲ ਦਾ ਸਿਰ ਸਦਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਉੱਪਰ ਰਹੇ।

**ਤਮਾਮ ਸ਼ੁਦ ਗੰਜ ਨਾਮਹ ॥**

**ਪਦ ਅਰਥ** = ਤਮਾਮ = ਸਾਰਾ / ਸ਼ੁਦ = ਹੋਇਆ

**ਅਰਥ** = ਗੰਜ ਨਾਮਹ ਗ੍ਰੰਥ ਪੂਰਾ ਹੋਇਆ

**ਅਰਥਾਤ** = ਸਮਾਪਤ ਹੋ ਗਿਆ

**ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥**

**॥ ਸ੍ਰੀ ਅਕਾਲ ਜੀ ਸਹਾਇ ॥**



Sri Satguru Jagjit Singh Ji eLibrary NamdhariElibrary@gmail.com

# ਧੰਨਵਾਦ ਅਤੇ ਸਨਿਮ੍ਰ ਬੇਨਤੀ

ਦਾਸ ਸਭ ਤੋਂ ਪਹਿਲਾਂ ਦਮਦਮੀ ਟਕਸਾਲ ਅਤੇ ਦਮਦਮੀ ਟਕਸਾਲ ਦੇ ਸਾਰੇ ਮੁਖੀਆਂ ਅਤੇ ਆਪਣੇ ਵਿੱਦਿਆ ਗੁਰੂਆਂ ਅਤੇ ਉਨ੍ਹਾਂ ਵਿਦਵਾਨਾਂ ਸੱਜਣਾਂ ਦਾ ਧੰਨਵਾਦ ਕਰਨ ਚਾਹੁੰਦਾ ਹੈ ਜਿਨ੍ਹਾਂ ਤੋਂ ਦਾਸ ਨੂੰ ਇਸ ਹੱਥਲੀ ਪੁਸਤਕ ਲਿਖਣ ਦੀ ਪ੍ਰੇਰਨਾ ਅਤੇ ਉਤਸ਼ਾਹ ਮਿਲਿਆ। ਅਤੇ ਜਿਨ੍ਹਾਂ ਦੀ ਕਿਰਪਾ ਅਤੇ ਸਹਿਯੋਗ ਦੇ ਨਾਲ ਇਹ ਗ੍ਰੰਥ ਨਿਰਵਿਘਨ ਸੰਪੂਰਨ ਹੋਇਆ ਹੈ। ਦਾਸ ਕੋਈ ਵਿਦਵਾਨ (ਜਾਂ) ਲੇਖਕ ਨਹੀਂ ਹੈ ਅਤੇ ਨਾ ਹੀ ਦਾਸ ਨੇ ਪਹਿਲੇ ਕੋਈ ਪੁਸਤਕ ਲਿਖੀ ਹੈ। ਇਹ ਗ੍ਰੰਥ ਲਿਖਣਾ ਅਤੇ ਇਹ ਗ੍ਰੰਥ ਸੰਪੂਰਨ ਹੋਣਾ ਇਹ ਸਾਰੀ ਅਕਾਲ ਪੁਰਖ ਦੀ ਕਿਰਪਾ ਬਖ਼ਸ਼ਿਸ਼ ਹੈ ਜੋ ਅਕਾਲ ਪੁਰਖ ਜੀ ਵਿੱਦਿਆ ਗੁਰੂ ਜਨਾਂ, ਵਿਦਵਾਨ ਸੱਜਣਾਂ ਦੇ ਹਿਰਦੇ ਵਿੱਚ ਬਸੇ। ਅਤੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਗ੍ਰੰਥ ਸੰਪੂਰਨ ਹੋਇਆ ਹੈ।

**ਯਥਾ = ਜਿਸ ਕਾ ਕਾਰਜੁ ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ ਰਾਮ ॥**

(ਅੰਗ ੭੮੪)

ਅਤੇ ਦਾਸ ਭਾਈ ਚਤਰ ਸਿੰਘ ਅਤੇ ਭਾਈ ਜੀਵਨ ਸਿੰਘ ਜੀ ਦੀ ਫ਼ਰਮ ਦਾ ਵੀ ਆਭਾਰੀ ਹੈ ਜਿਨ੍ਹਾਂ ਦੀ ਕਿਰਪਾ ਦੇ ਨਾਲ ਇਹ ਗ੍ਰੰਥ ਪਹਿਲੀ ਵਾਰ ਛਪ ਸਕਿਆ ਹੈ।

ਸੋ ਦਾਸ ਗੁਰੂ ਨਾਨਕ ਲੇਵਾ ਸਮੁੱਚੇ ਪੰਥ ਦੇ ਚਰਨਾਂ ਵਿੱਚ ਬੇਨਤੀ ਕਰਦਾ ਹੈ ਕਿ ਕੋਈ ਵੀ, ਭਾਵੇਂ ਕਿੱਡਾ ਵੀ ਵੱਡਾ ਵਿਦਵਾਨ ਹੋਵੇ ਉਹ ਇਸ ਗੱਲ ਦਾ ਮਾਣ ਨਹੀਂ ਕਰ ਸਕਦਾ ਕਿ ਮੈਂ ਗੁਰ ਕੀ ਬਾਣੀ (ਜਾਂ) ਗੁਰੂ ਕੇ ਪਿਆਰਿਆਂ ਦੀ ਬਾਣੀ ਦੇ ਅਰਥ ਬਿਲਕੁਲ ਠੀਕ ਅਤੇ ਸ਼ੁੱਧ ਕੀਤੇ ਹਨ ਜਿਵੇਂ ਪੰਛੀ ਅਕਾਸ਼ ਵਿੱਚ ਉੱਚੀ ਤੋਂ ਉੱਚੀ ਉਡਾਰੀ ਮਾਰ ਕੇ ਅਨੰਦ ਤਾਂ ਮਾਣ ਸਕਦਾ ਹੈ ਪਰ ਅਕਾਸ਼ ਦਾ ਅੰਤ ਨਹੀਂ ਪਾ ਸਕਦਾ। ਜਿਵੇਂ ਮੱਛੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ। ਇੰਝ ਹੀ ਦਾਸ ਵੀ ਤੁੱਛ ਬੁੱਧੀ ਵਾਲਾ ਭਾਈ ਨੰਦਲਾਲ ਸਾਹਿਬ ਜੀ ਦੀ ਬਾਣੀ ਦੇ ਸੰਪੂਰਨ ਗੁੱਝੇ ਭੇਦਾਂ ਨੂੰ ਸਮਝ ਨਹੀਂ ਸਕਦਾ ਏਹ ਤੇ ਸਤਿਗੁਰਾਂ ਦੀ ਬਖਸ਼ਿਸ਼ ਅਤੇ ਤਰਸ ਹੀ ਹੈ।

**ਯਥਾ = ਹਉ ਮੂਰਖ ਕਾਰੈ ਲਾਈਆ ; ਨਾਨਕ ਹਰਿ ਕੰਮੇ ॥**
**ਹਉ ਢਾਢੀ ਵੇਕਾਰ; ਕਾਰੈ ਲਾਇਆ ॥**

ਸੋ ਦਾਸ ਦੀ ਬੁੱਧੀ ਤੁੱਛ ਹੋਣ ਕਰਕੇ ਇਸ ਪੁਸਤਕ ਵਿੱਚ ਬਹੁਤ ਸਾਰੀਆਂ


Sri Satguru Jagjit Singh Ji eLibrary NamdhariElibrary@gmail.com

ਤਰੁੱਟੀਆਂ ਰਹਿਣੀਆਂ ਸੁਭਾਵਕ ਹੀ ਹਨ। ਆਪ ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਬਖ਼ਸ਼ਣ ਯੋਗ ਹੋ, ਕਿਰਪਾ ਕਰਕੇ ਬਖ਼ਸ਼ ਲੈਣਾ।

**ਯਥਾ = ਲੇਖੈ ਕਤਹਿ ਨ ਛੂਟੀਐ ; ਖਿਨੁ ਖਿਨੁ ਭੂਲਨਹਾਰਿ ॥**
**ਬਖਸਨਹਾਰ ਬਖਸਿ ਲੈ ; ਨਾਨਕ ਪਾਰਿ ਉਤਾਰ ॥ (ਅੰਗ ੨੬੧)**

**ਤਥਾ = ਭੁਲਣ ਅੰਦਰ ਸਭੁ ਕੋ ; ਅਭੁਲ ਗੁਰੂ ਕਰਤਾਰ ॥ (ਅੰਗ ੬੧)**

ਸਤਿਗੁਰੂ ਜੀ ਦੀ ਸੰਗਤ ਦਾ ਬਖ਼ਸ਼ਿੰਦ ਬਿਰਦ ਹੈ ਜਿੱਥੇ-ਜਿੱਥੇ ਕੋਈ ਤਰੁਟੀ ਜਾਂ ਗ਼ਲਤੀ ਵੇਖੋ ਉੱਥੇ ਖਿਮਾ ਕਰਨੀ ਅਤੇ ਕਿਰਪਾ ਕਰਕੇ ਆਪਣੀ ਵਡਮੁੱਲੀ ਰਾਇ ਲਿਖ ਕਰਕੇ ਦਾਸ ਨੂੰ ਸੂਚਿਤ ਕਰਕੇ ਕ੍ਰਿਤਾਰਥ ਕਰਨਾ ਤਾਂ ਜੋ ਅਗਲੀ ਐਡੀਸ਼ਨ ਵਿੱਚ ਸੋਧ ਹੋ ਸਕੇ।


ਗੁਰੂ ਪੰਥ ਦਾ ਦਾਸ
**ਗੁਰਵਿੰਦਰ ਸਿੰਘ (ਨੰਗਲੀ)**
(ਵਿਦਿਆਰਥੀ ਦਮਦਮੀ ਟਕਸਾਲ)





Sri Satguru Jagjit Singh Ji eLibrary NamdhariElibrary@gmail.com

# ਦਾਸ ਵੱਲੋਂ ਸਮੁੱਚੇ ਪੰਥ ਦੇ ਨਾਂ ਇੱਕ ਜਰੂਰੀ ਬੇਨਤੀ

ਦਾਸ ਦੀ ਆਪ ਗੁਰੂ ਨਾਨਕ ਨਾਮਲੇਵਾ ਸਭ ਸੰਗਤਾਂ ਨੂੰ ਇੱਕ ਹੋਰ ਜਰੂਰੀ ਬੇਨਤੀ ਹੈ ਕਿ ਕਿਸੇ ਵੀ ਕੌਮ ਦੇ ਸ਼ਹੀਦ; ਉਸ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦਾਂ ਦੀ ਸ਼ਹਾਦਤ ਸਦਾ ਵਾਸਤੇ ਕੌਮ ਵਿੱਚ ਇੱਕ ਨਵੀਂ ਰੂਹ ਫੂਕਦੀ ਹੈ। ਸਿੱਖ ਪੰਥ ਮਹਾਨ ਹੈ। ਜਿਸ ਪੰਥ ਦਾ ਇਤਿਹਾਸ ਹੀ ਸ਼ਹੀਦਾਂ ਦੇ ਖ਼ੂਨ ਦੇ ਕ਼ਤਰਿਆਂ ਨਾਲ ਲਿਖਿਆ ਗਿਆ ਹੈ। ਜਦ ਜਦ ਜ਼ਾਲਿਮਾਨੇ ਗ਼ਰੀਬਾਂ ਦੇ ਉੱਪਰ ਕਹਿਰ ਢਾਹਿਆ ਹੈ ਤਦ ਤਦ ਹੀ ਸਿੱਖ ਪੰਥ ਵਿੱਚ ਸ਼ਹੀਦਾਂ ਦੀਆਂ ਸ਼ਹਾਦਤਾਂ ਹੋਈਆਂ ਹਨ। ਸੰਨ 1984 ਦੇ ਇਰਦ ਗਿਰਦ ਦੇ ਸਮੇਂ ਦੌਰਾਨ ; ਜਦ ਜ਼ਾਲਿਮਾਂ ਨੇ, ਮਜ਼ਲੂਮਾਂ ਅਤੇ ਗ਼ਰੀਬਾਂ ਦੀ ਆਬਰੂ ਨੂੰ ਝੰਝੋਲਿਆ। ਤਦ ਵੀ ਸਿੱਖ ਪੰਥ ਦੇ ਸ਼ਹੀਦਾਂ ਨੇ ਅੱਗੇ ਵੱਧ ਕਰਕੇ ਸ਼ਹਾਦਤਾਂ ਦਿੱਤੀਆਂ ਅਤੇ ਗ਼ਰੀਬਾਂ ਦੀ ਰੱਖਿਆ ਕਰਦਿਆਂ ਹੋਇਆਂ ਆਪਣਿਆਂ ਖ਼ੂਨ ਦੇ ਕ਼ਤਰਿਆਂ ਦੇ ਨਾਲ ਗ਼ਰੀਬਾਂ ਦੀ ਆਬਰੂ ਤੇ ਲੱਗਿਆਂ ਹੋਇਆਂ ਦਾਗਾਂ ਨੂੰ ਧੌਣਾ ਕੀਤਾ ਐਸੇ ਸਿੱਖ ਪੰਥ ਦੇ ਸ਼ਹੀਦ ਸਿੰਘਾਂ ਦੀਆਂ ਯਾਦਗਰਾਂ, ਸਿੱਖ ਪੰਥ ਦੀ ਅਜੋਕੀ ਪੀੜ੍ਹੀ ਵਾਸਤੇ ਪ੍ਰੇਰਨਾ ਦਾ ਸ੍ਰੋਤ ਹੋਇਆ ਕਰਦੀਆਂ ਹਨ। ਅਜਿਹੀ ਸੋਚ ਨੂੰ ਆਪਣੇ ਮਨ ਵਿੱਚ ਰੱਖ ਕਰਕੇ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ (ਮੌਜੂਦਾ ਮੁਖੀ ਦਮਦਮੀ ਟਕਸਾਲ) ਨੇ ਬਹੁਤ ਵੱਡਾ ਅਤੇ ਉੱਤਮ, ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਐਸੇ ਸ਼ਲਾਘਾਯੋਗ ਉਪਰਾਲੇ ਉਹੀ ਕਰ ਸਕਦਾ ਹੈ ਜਿਸ ਦੇ ਸਿਰ ਉੱਪਰ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਅਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਵਰਗਿਆਂ ਮਹਾਂਪੁਰਖਾਂ ਦਾ ਹੱਥ ਹੋਵੇ।

ਸੋ ਆਪ ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਸਰਬੱਤ ਸੰਗਤਾਂ ਆਪਣੇ ਮਨ ਦੇ ਨਿੱਜੀ ਰੋਸ ਛੱਡ ਕਰਕੇ, ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਮਨ ਤਨ ਧਨ ਕਰਕੇ ਸਹਿਯੋਗ ਦਿਉ ਅਤੇ ਸੰਨ 1984 ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦਗਾਰ ਦੀ ਸੇਵਾ ਵਿੱਚ, ਆਪਣਾ ਵਡਮੁੱਲਾ ਹਿੱਸਾ ਪਾ ਕਰਕੇ, ਸੰਨ 1984 ਦੇ ਸਮੂਹ ਸ਼ਹੀਦਾਂ ਸਿੰਘਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

ਗੁਰੂ ਪੰਥ ਦਾ ਦਾਸ
**ਗੁਰਵਿੰਦਰ ਸਿੰਘ (ਨੰਗਲੀ)**
(ਵਿਦਿਆਰਥੀ ਦਮਦਮੀ ਟਕਸਾਲ)



Sri Satguru Jagjit Singh Ji eLibrary NamdhariElibrary@gmail.com

## ਸਹਾਇਕ ਸੋਮੇ


(1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
(2) ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ
(3) ਸ੍ਰੀ ਸਰਬਲੋਹ ਗੁਰੂ ਗ੍ਰੰਥ ਸਾਹਿਬ ਜੀ
(4) ਵਾਰਾਂ ਭਾਈ ਗੁਰਦਾਸ ਜੀ ਦੀਆਂ
(5) ਨਾਨਕ ਪ੍ਰਕਾਸ਼, ਕਵੀ ਸੰਤੋਖ ਸਿੰਘ
(6) ਗੰਜ ਨਾਮਹ ਟੀਕਾ, ਭਾਈ ਵੀਰ ਸਿੰਘ ਜੀ
(7) ਗੰਜ ਨਾਮਹ ਟੀਕਾ, ਪ੍ਰਿੰਸੀਪਲ ਗੰਡਾ ਸਿੰਘ
(8) ਦੀਵਾਨੇ ਗੋਯਾ ਸਟੀਕ ਪ੍ਰਿੰਸੀਪਲ ਹਰਭਜਨ ਸਿੰਘ
(9) ਦੀਵਾਨੇ ਗੋਯਾ ਸਟੀਕ, ਪੰਡਿਤ ਨਰੈਣ ਸਿੰਘ
(10) ਤਸ਼ਨੀਫ਼ੋ ਗੋਯਾ (ਗਿਆਨੀ ਮਹਾਂ ਸਿੰਘ ਜੀ)
(11) ਮਹਾਨ ਕੋਸ਼, ਭਾਈ ਕਾਨ ਸਿੰਘ ਨਾਭਾ
(12) ਅ਼ਰਬੀ ਫ਼ਾਰਸੀ ਚੋਂ ਉਤਪੰਨ ਪੰਜਾਬੀ ਸ਼ਬਦਾਵਲੀ, ਡਾ. ਅਮਰਵੰਤ ਸਿੰਘ
(13) ਫ਼ਾਰਸੀ ਪੰਜਾਬੀ ਕੋਸ਼, ਡਾ.ਜੀਤ ਸਿੰਘ ਸੀਤਲ
(14) ਛੱਤੀਸ ਗਿਆਨ, ਗਿਆਨੀ ਗੁਰਨਾਮ ਸਿੰਘ ਅੰਬਾਲਵੀ


## ਏਸੇ ਕਲਮ ਤੋਂ ਛਪਾਈ ਅਧੀਨ

1. ਜ਼ਿੰਦਗੀ ਨਾਮਹ
2. ਜੋਤ ਬਿਗਾਸ (ਪੰਜਾਬੀ ਅਤੇ ਫ਼ਾਰਸੀ)
3. ਦੀਵਾਨ ਗੋਯਾ
4. ਖ਼ਾਤਮਾਹ
5. ਤੌਂਸੀਫ਼ੋ ਸਨਹ



Sri Satguru Jagjit Singh Ji eLibrary NamdhariElibrary@gmail.com